**Reo-Bankowned Properties**

From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 15, April 9, 2011
20451 N Plum Grove Rd. Palatine, IL 60074
Ph:847-359-0746, Fax:847-705-9388


# ਕ੍ਰਿਕਟ:ਭਾਰਤ ਨੇ ਜੱਗ ਜਿੱਤਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਨੇ 28 ਵਰ੍ਹਿਆਂ ਬਾਅਦ ਵਿਸ਼ਵ ਕ੍ਰਿਕਟ ਕੱਪ ਜਿੱਤਣ ਦਾ ਸੁਪਨਾ ਸਾਕਾਰ ਕੀਤਾ ਹੈ। ਕਪਤਾਨ ਮਹਿੰਦਰ ਸਿੰਘ ਧੋਨੀ ਦੀ ਟੀਮ ਪਿਛਲੇ ਤਿੰਨ ਸਾਲਾਂ ਦੌਰਾਨ ਕ੍ਰਿਕਟ ਜਗਤ ਦੀਆਂ ਸਾਰੀਆਂ ਸ਼ਕਤੀਸ਼ਾਲੀ ਟੀਮਾਂ ਨੂੰ ਹਰਾ ਚੁੱਕੀ ਹੈ ਜਿਸ ਕਰਕੇ ਪਹਿਲਾਂ ਹੀ ਉਸ ਨੂੰ ਵਿਸ਼ਵ ਕੱਪ ਦੀ ਸਭ ਤੋਂ ਵੱਡੀ ਖ਼ਿਤਾਬੀ ਦਾਅਵੇਦਾਰ ਮੰਨਿਆ ਜਾ ਰਿਹਾ ਸੀ। ਮੁੰਬਈ ਦੇ ਵਾਨਖੇੜੇ ਸਟੇਡੀਅਮ 'ਚ ਦੋ ਅਪਰੈਲ ਨੂੰ ਫਾਈਨਲ ਮੈਚ 'ਚ ਸ੍ਰੀਲੰਕਾ ਨੂੰ 6 ਵਿਕਟਾਂ ਨਾਲ ਹਰਾ ਕੇ ਭਾਰਤ ਵਿਸ਼ਵ ਚੈਂਪੀਅਨ ਬਣ ਗਿਆ ਹੈ। ਆਸਟਰੇਲੀਆ ਤੇ ਵੈਸਟ ਇੰਡੀਜ਼ ਤੋਂ ਬਾਅਦ ਹੁਣ ਭਾਰਤ ਦੁਨੀਆਂ ਦਾ ਤੀਜਾ ਤੇ ਏਸ਼ੀਆ ਦਾ ਪਹਿਲਾ ਦੇਸ਼ ਬਣ ਗਿਆ ਜਿਸ ਨੇ ਦੋ ਵਾਰ ਵਿਸ਼ਵ ਕੱਪ ਜਿੱਤਿਆ ਹੈ। ਇਸ ਤੋਂ ਪਹਿਲਾਂ 1983 ਵਿਚ ਕਪਿਲ ਦੇਵ ਦੀ ਅਗਵਾਈ ਹੇਠ ਭਾਰਤੀ ਟੀਮ ਨੇ ਲਾਰਡਜ਼ (ਇੰਗਲੈਂਡ) ਵਿਚ ਵਿਸ਼ਵ ਕੱਪ ਜਿੱਤਿਆ ਸੀ। ਭਾਰਤ ਨੇ ਉਸ ਵੇਲੇ ਪਿਛਲੇ ਦੋ ਵਿਸ਼ਵ ਕੱਪ ਦੇ ਵਿਜੇਤਾ ਵੈਸਟ ਇੰਡੀਜ਼ ਨੂੰ ਹਰਾਇਆ ਸੀ।

ਇਸ ਵਿਸ਼ਵ ਕੱਪ ਵਿਚ ਕੀਨੀਆ, ਜ਼ਿੰਬਾਬਵੇ, ਹਾਲੈਂਡ, ਆਇਰਲੈਂਡ, ਕੈਨੇਡਾ ਤੇ ਬੰਗਲਾਦੇਸ਼ ਦੀਆਂ ਟੀਮਾਂ ਚਾਰ-ਚਾਰ ਹਾਰਾਂ ਨਾਲ ਝੰਬੀਆਂ ਗਈਆਂ। ਹਾਲੈਂਡ ਤੇ ਕੀਨੀਆ ਦੀਆਂ ਟੀਮਾਂ ਨੂੰ ਟੂਰਨਾਮੈਂਟ 'ਚ ਸਭ ਤੋਂ ਵੱਡੀ ਮਾਰ ਪਈ। ਸਾਰੀਆਂ ਕਮਜ਼ੋਰ ਟੀਮਾਂ ਕੀਨੀਆ, ਜ਼ਿੰਬਾਬਵੇ, ਹਾਲੈਂਡ, ਆਇਰਲੈਂਡ, ਕੈਨੇਡਾ ਤੇ ਬੰਗਲਾਦੇਸ਼ ਪਹਿਲੇ ਹੀ ਦੌਰ ਵਿਚੋਂ ਬਾਹਰ ਹੋ ਗਈਆਂ। ਬੰਗਾਲਦੇਸ਼ ਤੇ ਆਇਰਲੈਂਡ ਦੇ ਉਲਟਫੇਰ ਵੀ ਉਨ੍ਹਾਂ ਦੇ ਕੰਮ ਨਾ ਆਏ। ਵਿਸ਼ਵ ਦੀਆਂ ਚੋਟੀ ਦੀਆਂ ਅੱਠ ਟੀਮਾਂ ਹੀ ਕੁਆਰਟਰ ਫਾਈਨਲ ਵਿਚ ਪਹੁੰਚੀਆਂ।

(ਬਾਕੀ ਸਫਾ 6 'ਤੇ)



*ਜੇਤੂ ਵਿਸ਼ਵ ਕੱਪ ਟਰਾਫੀ ਲੈ ਕੇ ਖੁਸ਼ੀ ਵਿਚ ਬਾਗੋਬਾਗ ਭਾਰਤੀ ਖਿਡਾਰੀ ਸਚਿਨ ਤੇਂਦੁਲਕਰ, ਸ੍ਰੀਸ਼ਾਂਤ, ਹਰਭਜਨ ਸਿੰਘ ਤੇ ਸੁਰੇਸ਼ ਰੈਨਾ।*

## ਸੜਕ ਹਾਦਸੇ 'ਚ ਟਰੱਕ ਡਰਾਈਵਰ ਹਲਾਕ

**ਬੇਕਰਜ਼ਫੀਲਡ (ਮਾਨ ਮਨਦੀਪ):** ਬੇਕਰਜ਼ਫੀਲਡ ਦੇ ਪੰਜਾਬੀ ਭਾਈਚਾਰੇ ਵਿਚ ਉਸ ਸਮੇਂ ਸੋਗ ਦੀ ਲਹਿਰ ਦੌੜ ਗਈ ਜਦੋਂ ਇਥੇ ਦੇ ਇਕ 23 ਸਾਲਾ ਨੌਜਵਾਨ ਪਰਮਿੰਦਰ ਸਿੰਘ ਢੰਡ ਦੀ ਸੜਕ ਹਾਦਸੇ ਵਿਚ ਮੌਤ ਦੀ ਖਬਰ ਪਹੁੰਚੀ। ਕੋਈ ਇਸ ਖਬਰ ਤੇ ਯਕੀਨ ਕਰਨ ਨੂੰ ਤਿਆਰ



ਨਹੀਂ ਸੀ ਪਰ ਭਾਣਾ ਵਰਤ ਚੁਕਾ ਸੀ। ਪਰਮਿੰਦਰ ਇਥੋਂ ਦੀ ਗਾਜਰਾਂ ਦੀ ਇਕ ਫੈਕਟਰੀ ਵਿਚੋਂ ਆਪਣੇ ਟਰੱਕ ਦਾ ਲੋਡ ਲੈ ਕੇ ਐਰੀਜ਼ੋਨਾ ਸਟੇਟ ਵਿਚ ਜਾ ਰਿਹਾ ਸੀ ਕਿ ਉਸਦੇ ਅਗੇ ਜਾ ਰਹੇ ਇਕ ਟਰੱਕ ਦੇ ਡਰਾਈਵਰ ਨੇ ਅਚਾਨਕ ਬਰੇਕ ਮਾਰੀ। ਪਰਮਿੰਦਰ ਨੂੰ ਵੀ ਇਕਦਮ ਬਰੇਕ ਲਗਾਉਣੀ ਪਈ ਪਰ ਉਸਦਾ ਟਰੱਕ ਬੇਕਾਬੂ ਹੋ ਕੇ ਫਰੀ ਵੇਅ ਉਤੇ ਉਲਟ ਗਿਆ। ਇਸ ਜਬਰਦਸਤ ਧੱਕੇ ਵਿਚ ਪਰਮਿੰਦਰ ਟਰੱਕ ਤੋਂ ਬਾਹਰ ਡਿਗ ਪਿਆ ਤੇ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ। ਪੁਲਿਸ ਅਨੁਸਾਰ ਪਰਮਿੰਦਰ ਨੇ ਸੀਟ ਬੈਲਟ ਨਹੀਂ ਸੀ ਲਾਈ ਹੋਈ ਜਿਸ ਕਰਕੇ ਉਹ ਟਰੱਕ ਵਿਚੋਂ ਬਾਹਰ ਡਿਗ ਪਿਆ।

ਪਰਮਿੰਦਰ ਮਾਂ ਪਰਮਜੀਤ ਕੌਰ ਅਤੇ ਪਿਤਾ ਜਗਤਾਰ ਸਿੰਘ ਦਾ ਇਕੋ-ਇਕ ਪੁਤਰ ਸੀ। ਵਿਧੀ

(ਬਾਕੀ ਸਫਾ 11 'ਤੇ)

## ਖਾਲਸਾ ਕਾਲਜ ਦੇ ਮੁੱਦੇ 'ਤੇ ਪੰਜਾਬ ਸਰਕਾਰ ਕਸੂਤੀ ਫਸੀ

**ਅੰਮ੍ਰਿਤਸਰ:** ਇਤਿਹਾਸਕ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਵਿਚ ਤਬਦੀਲ ਕਰਨ ਦੇ ਮਾਮਲੇ 'ਚ ਪੰਜਾਬ ਸਰਕਾਰ ਕਸੂਤੀ ਫਸ ਗਈ ਹੈ। ਵੱਖ-ਵੱਖ ਵਰਗਾਂ ਵੱਲੋਂ ਪ੍ਰਗਟਾਏ ਜਾ ਰਹੇ ਰੋਸ ਕਰਕੇ ਸਰਕਾਰ ਵੱਲੋਂ ਇਸ ਯੋਜਨਾ ਨੂੰ ਪ੍ਰਵਾਨਗੀ ਦੇਣ ਦੇ ਮਾਮਲੇ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਬਾਰੇ ਆਪਣੀ ਸੁਰ ਬਦਲਦਿਆਂ ਕਿਹਾ ਹੈ ਕਿ ਸਰਕਾਰ ਅਜਿਹਾ ਕੋਈ ਫੈਸਲਾ ਨਹੀਂ ਲਵੇਗੀ ਜੋ ਲੋਕ ਹਿੱਤ ਵਿਚ ਨਾ ਹੋਏ। ਉਨ੍ਹਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਖਾਲਸਾ ਕਾਲਜ ਪ੍ਰਬੰਧਕ ਕਮੇਟੀ ਤੇ ਅਧਿਆਪਕਾਂ ਵਿਚਾਲੇ ਚਲ ਰਹੇ ਝਗੜੇ ਨੂੰ ਹੱਲ ਕਰਨ ਲਈ ਕਿਹਾ ਹੈ। ਉਧਰ ਸਰਕਾਰ ਦੇ ਇਸ ਫ਼ੈਸਲੇ ਤੋਂ ਬਾਅਦ ਸੰਘਰਸ਼ ਕਰ ਰਹੀਆਂ ਧਿਰਾਂ ਵੀ ਸ਼ਾਂਤ ਹੋ ਗਈਆਂ ਹਨ।

ਉਂਜ ਮੁੱਖ ਮੰਤਰੀ ਨੇ ਸੰਕੇਤ ਦਿੱਤਾ ਹੈ ਕਿ ਸਰਕਾਰ ਵੱਲੋਂ ਇਸ ਮਾਮਲੇ ਵਿਚ ਕੋਈ ਕਾਹਲੀ ਨਹੀਂ ਕੀਤੀ ਜਾਵੇਗੀ ਸਗੋਂ ਸਿੱਖ ਵਿਦਵਾਨਾਂ ਤੇ ਜ਼ਮੀਨ ਦੇਣ ਵਾਲਿਆਂ ਦੀਆਂ ਭਾਵਨਾਵਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਇਸ ਮਾਮਲੇ ਵਿਚ ਅਧਿਆਪਕਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ ਤੇ ਖਾਲਸਾ ਕਾਲਜ ਸਮੂਹ ਵਿਖੇ ਉਨ੍ਹਾਂ ਨੂੰ ਰਹਿਣ ਲਈ ਦਿੱਤੇ ਗਏ ਘਰ ਖਾਲੀ ਕਰਵਾਉਣ ਵਾਸਤੇ ਦਬਾਅ ਨਹੀਂ ਪਾਇਆ ਜਾਵੇਗਾ। ਇਸ ਤੋਂ ਪਹਿਲਾਂ 31 ਮਾਰਚ ਨੂੰ ਸੰਘਰਸ਼ ਕਰ ਰਹੇ ਅਧਿਆਪਕਾਂ 'ਤੇ ਦਬਾਅ ਵਧਾਉਣ ਲਈ ਤਕਰੀਬਨ 20 ਪ੍ਰੋਫੈਸਰਾਂ ਖ਼ਿਲਾਫ਼ ਮਾਮਲਾ ਦਰਜ ਕਰਵਾ ਦਿੱਤਾ ਗਿਆ ਸੀ।

ਇਸੇ ਦੌਰਾਨ ਖਾਲਸਾ ਕਾਲਜ ਦੇ ਸਾਬਕਾ ਪ੍ਰਿੰਸੀਪਲ ਤੇ ਕਾਲਜ ਗਵਰਨਿੰਗ ਕੌਂਸਲ ਦੇ ਮੈਂਬਰ

(ਬਾਕੀ ਸਫਾ 26 'ਤੇ)


**Mann Tax Services**
Individual, Trucking or Business Taxes
CTEC California Tax Education Council Approved Tax Preparer
IRS e-file
For Fast Refund:
For Appointments.
Gurdawar S. Mann
Ph:(510) 487-1000
(510) 468-9381
Email: manntaxservices@gmail.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
**Raja SWEETS & CATERING**
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਨਵੀਂ ਇਮਾਰਤ ਮੁਕੰਮਲ ਹੋਣ 'ਤੇ ਅਕਾਲ ਪੁਰਖ ਦਾ ਕੋਟਾਨਿ ਕੋਟਿ ਸ਼ੁਕਰਾਨਾ ਅਤੇ ਸੰਗਤਾਂ ਨੂੰ

## ਲੱਖ ਲੱਖ ਵਧਾਈ

ਆਓ, ਇਸ ਮੌਕੇ ਸਾਰੇ ਗੁਰੂ ਦੇ ਲੜ ਲੱਗਣ ਅਤੇ ਗੁਰਮਤਿ ਜੀਵਨ ਦੇ ਧਾਰਨੀ ਬਣਨ ਦਾ ਪ੍ਰਣ ਲਈਏ।



ਹਰਪ੍ਰਕਾਸ਼ ਸਿੰਘ ਢਿੱਲੋਂ ਅਤੇ ਇੰਦਰਦੀਪ ਕੌਰ ਢਿੱਲੋਂ

**ਸੰਗਤਾਂ ਦੇ ਦਾਸ:ਹਰਪ੍ਰਕਾਸ਼ ਸਿੰਘ ਢਿੱਲੋਂ ਤੇ ਇੰਦਰਦੀਪ ਕੌਰ ਢਿੱਲੋਂ**

---

# ਖਾਲਸਾ ਜੀ ਦੇ ਸਿਰਜਣਾ ਦਿਹਾੜੇ ਦੀ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈ

ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ 'ਤੇ ਸੇਵਾ ਸਿਮਰਨ ਸੁਸਾਇਟੀ ਯੂਬਾ ਸਿਟੀ ਵਲੋਂ ਵਿਸ਼ੇਸ਼ ਸਮਾਗਮ ਗੁਰਦੁਆਰਾ ਬੋਗ ਰੋਡ, ਯੂਬਾ ਸਿਟੀ ਵਿਖੇ ਹੋਣਗੇ। ਇਸ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਅਰੰਭ ਮੰਗਲਵਾਰ 12 ਅਪਰੈਲ ਨੂੰ ਹੋਵੇਗਾ ਅਤੇ ਭੋਗ ਵੀਰਵਾਰ 14 ਅਪਰੈਲ ਨੂੰ ਪਵੇਗਾ। ਭਾਈ ਬਲਦੇਵ ਸਿੰਘ ਬਡਾਲਾ (ਹਜ਼ੂਰੀ ਰਾਗੀ ਸ੍ਰੀ ਹਰਿਮੰਦਰ ਸਾਹਿਬ) ਦਾ ਰਾਗੀ ਜਥਾ ਸ਼ਬਦ ਕੀਰਤਨ ਰਾਹੀਂ ਅਤੇ ਭਾਈ ਸੁਖਵਿੰਦਰ ਸਿੰਘ ਗਰੇਵਾਲ ਦਾ ਢਾਡੀ ਜਥਾ ਢਾਡੀ ਵਾਰਾਂ ਰਾਹੀਂ ਗੁਰੂ ਕੀਆਂ ਸੰਗਤਾਂ ਨੂੰ ਨਿਹਾਲ ਕਰਨਗੇ।

ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ।




ਸੇਵਾ ਸਿਮਰਨ ਸੁਸਾਇਟੀ ਯੂਬਾ ਸਿਟੀ ਦੇ ਸੇਵਾਦਾਰ

ਜਾਰੀ ਕਰਤਾ: ਹਰਵਿੰਦਰ ਸਿੰਘ, ਫੋਨ:530-713-9202

**ਸਮੂਹ ਸੇਵਾਦਰ, ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ (ਕੈਲੀਫੋਰਨੀਆ)**

# ਖ਼ੂਬਸੂਰਤ ਪਹਾੜੀਆਂ 'ਚ ਘਿਰਿਆ ਸੈਨ ਹੋਜ਼ੇ ਦਾ ਸ਼ਾਨਦਾਰ ਗੁਰੂ ਘਰ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਗੋਲਡਨ ਸਟੇਟ ਕੈਲੀਫੋਰਨੀਆ ਵਿਚ ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਸ਼ਹਿਰ ਸੈਨ ਹੋਜ਼ੇ ਦੇ ਗੁਰੂ ਘਰ ਵੱਲ ਤੱਕਦਿਆਂ ਢਾਡੀ ਅਮਰ ਸਿੰਘ ਸ਼ੌਂਕੀ ਦੀਆਂ ਗਾਈਆਂ ਇਹ ਸਤਰਾਂ ਆਪ ਮੁਹਾਰੇ ਬੁੱਲਾਂ ਉਤੇ ਆ ਜਾਂਦੀਆਂ ਹਨ:

ਵਿਚ ਪਹਾੜਾਂ ਸਤਿਗੁਰਾਂ
ਇਕ ਕੀਤੀ ਪੁਰੀ ਤਿਆਰ,
ਉਹਦਾ ਨਾਂ ਰੱਖਿਆ ਅਨੰਦਪੁਰ...
ਉਹਨੂੰ ਰੀਝਾਂ ਨਾਲ ਸ਼ਿੰਗਾਰਿਆ
ਸਤਿਗੁਰੂ ਕਲਗੀਧਰ।

ਬੇਸ਼ਕ ਇਹ ਸਤਰਾਂ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਸ਼ਾਨ ਵਿਚ ਲਿਖੀਆਂ ਹੋਈਆਂ ਹਨ ਪਰ ਸਿੱਖ ਸੰਗਤਾਂ ਲਈ ਹਰ ਗੁਰੂ ਘਰ ਅਨੰਦ ਦਾ ਘਰ ਹੁੰਦਾ ਹੈ। ਸੈਨ ਹੋਜ਼ੇ ਦੇ ਗੁਰੂ ਘਰ ਨੂੰ ਤੱਕਦਿਆਂ ਇਹ ਪੰਕਤੀਆਂ ਇਸ ਲਈ ਵੀ ਚੇਤੇ ਆ ਜਾਂਦੀਆਂ ਹਨ ਕਿ ਜਿਵੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ਼ਿਵਾਲਿਕ ਦੀਆਂ ਪਹਾੜੀਆਂ ਉਤੇ ਸੁਸ਼ੋਭਿਤ ਹੈ, ਇਸੇ ਤਰ੍ਹਾਂ ਗੁਰਦੁਆਰਾ ਸੈਨ ਹੋਜ਼ੇ ਵੀ ਸ਼ਿਵਾਲਿਕ ਦੀਆਂ ਪਹਾੜੀਆਂ ਜਹੀਆਂ ਹੀ ਪਹਾੜੀਆਂ ਉਤੇ ਸਥਿਤ ਹੈ। ਗੁਰੂ ਘਰ ਵੱਲ ਆਉਂਦੀਆਂ ਸੜਕਾਂ ਉਤੇ ਸਫਰ ਕਰਦਿਆਂ ਦੂਰੋਂ ਹੀ ਕੇਸਰੀ ਫਰੇਰਾ ਝੂਲ ਰਿਹਾ ਦਿਸ ਆਉਂਦਾ ਹੈ, ਨਾਲ ਹੀ ਗੁਰੂ ਘਰ ਦੇ ਸੁਨਹਿਰੀ ਗੁੰਬਦ ਨਜ਼ਰੀਂ ਪੈਂਦੇ ਹਨ। ਸੱਪ ਵਾਂਗ ਵਲ ਖਾਂਦੀਆਂ ਘਾਟੀਆਂ ਚੜ੍ਹ ਕੇ ਜਦੋਂ ਸ਼ਰਧਾਲੂ ਗੁਰੂ ਘਰ ਦੀ ਆਲੀਸ਼ਾਨ ਇਮਾਰਤ ਦੇ ਸਨਮੁਖ ਹੁੰਦੇ ਹਨ ਤਾਂ ਮਹਾਨ ਗੁਰਵਾਕ ਚੇਤੇ ਆਉਂਦਾ ਹੈ:

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥

ਰੰਗ ਬਰੰਗੀਆਂ ਰੋਸ਼ਨੀਆਂ ਬਿਖੇਰਦੇ ਪਾਣੀ ਦੇ ਝਰਨੇ ਅਤੇ ਹਰੇ ਕਚੂਚ ਦਰਖਤਾਂ ਵਿਚ ਬਿਰਾਜਮਾਨ ਗੁਰੂ ਦਰਬਾਰ ਤੋਂ ਉਠਦੀਆਂ ਇਲਾਹੀ ਬਾਣੀ ਦੀਆਂ ਧੁਨਾਂ ਇਨ੍ਹਾਂ ਕੁਦਰਤੀ ਵਾਦੀਆਂ ਵਿਚ ਇਲਾਹੀ ਰਸ ਘੋਲਦੀਆਂ ਹਨ ਅਤੇ ਦਰਸ਼ਨ ਅਭਿਲਾਸ਼ੀ ਸੰਗਤਾਂ ਦਾ ਤਨ ਮਨ ਨਿਹਾਲ ਕਰ ਦਿੰਦੀਆਂ ਹਨ। ਗੁਰੂ ਨਾਨਕ ਨਾਮ ਲੇਵਾ ਹੀ ਨਹੀਂ, ਇਥੇ ਜੋ ਵੀ ਸ਼ਰਧਾਲੂ ਨਤਮਸਤਕ ਹੁੰਦਾ ਹੈ, ਉਹ ਰੂਹਾਨੀਅਤ ਦੇ ਜਜ਼ਬੇ ਨਾਲ ਸਰਸ਼ਾਰ ਹੋ ਨਿਹਾਲ ਹੁੰਦਾ ਹੈ। ਧਾਰਮਿਕ ਸ਼ਬਦਾਵਲੀ ਵਿਚ 36 ਪਦਾਰਥਾਂ ਦੀ ਵੱਡੀ ਮਹਾਨਤਾ ਹੈ। ਇਸ ਨੂੰ ਸਬੱਬ ਕਹੋ ਜਾਂ ਕੁਝ ਹੋਰ ਕਿ ਇਸ ਗੁਰੂ ਘਰ ਨੂੰ ਸਿਟੀ ਵਲੋਂ ਦਿੱਤਾ ਗਿਆ ਨੰਬਰ ਵੀ 36 ਦੇ ਅੰਕ ਨਾਲ ਸ਼ੁਰੂ ਹੁੰਦਾ ਹੈ ਅਤੇ 36 'ਤੇ ਹੀ ਸਮਾਪਤ ਹੁੰਦਾ ਹੈ।



ਖ਼ੂਬਸੂਰਤ ਪਹਾੜੀਆਂ ਉਪਰ ਕਰੀਬ 40 ਏਕੜ ਰਕਬੇ ਵਿਚ ਸੁਭਾਇਮਾਨ ਇਸ ਗੁਰੂ ਘਰ ਦੀ ਨਵੀਂ ਇਮਾਰਤ ਬਣ ਕੇ ਤਿਆਰ ਹੋ ਚੁਕੀ ਹੈ। ਆਉਂਦੀ 10 ਅਪਰੈਲ ਦਾ ਦਿਨ ਇਸ ਗੁਰੂ ਘਰ ਦੇ ਇਤਿਹਾਸ ਵਿਚ ਅਤਿ ਮਹੱਤਵਪੂਰਨ ਹੋ ਨਿਬੜੇਗਾ ਜਦੋਂ ਇਸ ਨਵੀਂ ਇਮਾਰਤ ਵਿਚ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪਾਵਨ ਪ੍ਰਕਾਸ਼ ਹੋਵੇਗਾ। ਖਾਲਸਾਈ ਜਾਹੋ ਜਲਾਲ ਨਾਲ ਗੁਰਬਾਣੀ ਦਾ ਜਾਪ ਕਰਦੀਆਂ ਸੰਗਤਾਂ ਜੁਗੋ ਜੁਗੋ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਇਕ ਨਗਰ ਕੀਰਤਨ ਦੇ ਰੂਪ ਵਿਚ ਲੈ ਕੇ ਇਸ ਨਵੀਂ ਇਮਾਰਤ ਅੰਦਰ ਪ੍ਰਵੇਸ਼ ਕਰਨਗੀਆਂ। ਇਨ੍ਹਾਂ ਸਮਾਗਮਾਂ ਸਬੰਧੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੀ ਲੜੀ ਨਿਰੰਤਰ ਚੱਲ ਰਹੀ ਹੈ। 10 ਅਪਰੈਲ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਪੰਥ ਪ੍ਰਸਿਧ ਰਾਗੀ, ਢਾਡੀ ਜਥੇ ਅਤੇ ਵਿਆਖਿਆਕਾਰ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਇਹ ਵੀ ਗੱਲ ਅਹਿਮ ਹੈ ਕਿ ਕੈਲੀਫੋਰਨੀਆ ਦੇ ਗਵਰਨਰ ਸ੍ਰੀ ਜੈਰੀ ਬਰਾਊਨ ਸਿੱਖ ਭਾਈਚਾਰੇ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋਣ ਲਈ ਇਸ ਮੌਕੇ ਉਚੇਚੇ ਪਹੁੰਚ ਰਹੇ ਹਨ। ਸੈਨ ਹੋਜੇ ਸਿਟੀ ਦੇ ਮੇਅਰ ਚੱਕ ਰੀਡ ਅਤੇ ਹੋਰ ਕੌਂਸਲ ਮੈਂਬਰ ਵੀ ਇਨ੍ਹਾਂ ਸਮਾਗਮਾਂ ਵਿਚ ਹਾਜਰੀ ਭਰਨਗੇ। ਪੰਜਾਬ ਦੇ ਐਨ ਆਰ ਆਈ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਵੀ ਇਸ ਮੌਕੇ ਸੰਗਤਾਂ ਦੇ ਦਰਸ਼ਨ ਕਰਨਗੇ।



*ਉਪਰ ਗੁਰੂ ਘਰ ਦਾ ਨੇੜਿਓਂ ਦ੍ਰਿਸ਼ ਅਤੇ ਹੇਠਾਂ ਉਪਰੋਂ ਇਕ ਦ੍ਰਿਸ਼*

ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਇਸ ਗੱਲ ਲਈ ਵਧਾਈ ਦੀ ਹੱਕਦਾਰ ਹੈ ਕਿ ਇਸ ਨੇ ਗੁਰੂ ਦੀ ਅਪਾਰ ਕਿਰਪਾ ਦਾ ਓਟ ਆਸਰਾ ਤੱਕਦਿਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਇਸ ਗੁਰੂ ਘਰ ਦੇ ਵੱਡ ਅਕਾਰੀ ਉਸਾਰੀ ਪ੍ਰਾਜੈਕਟ ਨੂੰ ਮੁਕੰਮਲ ਕੀਤਾ। ਗੁਰੂ ਘਰ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਕਿਹਾ ਕਿ ਕੈਲੀਫੋਰਨੀਆ ਅਤੇ ਅਮਰੀਕਾ ਭਰ ਦੇ ਮਾੜੇ ਅਰਥਚਾਰੇ ਕਰਕੇ ਮਾਇਆ ਦੀਆਂ ਤੰਗੀਆਂ ਆਈਆਂ, ਹੋਰ ਵੀ ਮੁਸ਼ਕਲਾਂ ਪੇਸ਼ ਆਈਆਂ ਪਰ ਗੁਰੂ ਦੀ ਕਿਰਪਾ ਸਦਕਾ ਸਾਰੇ ਕੰਮ ਨਿਰਵਿਘਨ ਨੇਪਰੇ ਚੜ੍ਹੇ। ਉਨ੍ਹਾਂ ਕਿਹਾ ਕਿ ਸਮੁਚੀ ਪ੍ਰਬੰਧਕ ਕਮੇਟੀ ਮੈਂਬਰ ਇਸ ਸਭ ਕਾਸੇ ਲਈ ਗੁਰੂ ਰੂਪ ਸੰਗਤਾਂ ਅਤੇ ਗੁਰੂ ਮਹਾਰਾਜ ਦੇ ਬਹੁਤ ਰਿਣੀ ਹਨ।


ਭਾਈ ਢਿੱਲੋਂ ਨੇ ਦੱਸਿਆ ਕਿ ਆਕਾਰ ਪੱਖੋਂ ਇਹ ਗੁਰੂ ਘਰ ਵਿਦੇਸ਼ਾਂ ਵਿਚਲੇ ਗੁਰੂ ਘਰਾਂ ਵਿਚੋਂ ਸਭ ਤੋਂ ਵੱਡਾ ਗੁਰੂ ਘਰ ਮੰਨਿਆ ਜਾ ਰਿਹਾ ਹੈ। ਇਸ ਵਿਚ 140 ਜਰਬ 150 ਫੁੱਟ ਦਾ ਦਰਬਾਰ ਹਾਲ ਹੋਵੇਗਾ ਜਿਸ ਵਿਚ ਸਿਟੀ ਦੀ ਪ੍ਰਵਾਨਗੀ ਅਨੁਸਾਰ ਕਰੀਬ 4000 ਸੰਗਤਾਂ ਬਹਿ ਕੇ ਗੁਰੂ ਕੀ ਗੋਦ ਦਾ ਆਨੰਦ ਮਾਣ ਸਕਣਗੀਆਂ। ਲੰਗਰ ਹਾਲ 150 ਜਰਬ 100 ਫੁੱਟ ਦਾ ਹੈ ਜਿਸ ਵਿਚ ਦੋ ਬਹੁਤ ਵੱਡੀਆਂ ਰਸੋਈਆਂ, ਕੂਲਰ ਰੂਮ, ਰਸਦ ਰੱਖਣ ਲਈ 4 ਕਮਰੇ, ਭਾਂਡੇ ਧੋਣ ਵਾਲੀ ਮਸ਼ੀਨ ਅਤੇ ਪ੍ਰਸ਼ਾਦੇ ਬਣਾਉਣ ਵਾਲੀ ਮਸ਼ੀਨ ਹੋਵੇਗੀ। ਇਸ ਤੋਂ ਇਲਾਵਾ ਹੈਡ ਗ੍ਰੰਥੀ ਅਤੇ ਸਹਾਇਕ ਗ੍ਰੰਥੀ ਲਈ ਦੋ 3-3 ਬੈਡਰੂਮ ਦੇ ਘਰ, ਕੀਰਤਨੀ ਜਥਿਆਂ ਲਈ 6 ਕਮਰੇ, ਯਾਤਰੂਆਂ ਲਈ 2 ਕਮਰੇ, ਆਮ ਵਰਤੋਂ ਲਈ 3 ਕਮਰੇ, ਵਿਆਹ/ਸ਼ਾਦੀ ਸਮੇਂ ਲੜਕੀ/ਲੜਕੇ ਦੇ ਤਿਆਰ ਹੋਣ ਲਈ 2 ਕਮਰੇ, ਖਾਲਸਾ ਸਕੂਲ ਲਈ 11 ਕਮਰੇ ਅਤੇ 2 ਦਫਤਰ, ਲਾਇਬਰੇਰੀ ਅਤੇ ਕਮੇਟੀ ਲਈ ਕਮਰੇ ਅਤੇ ਮੀਟਿੰਗ ਰੂਮ ਵਗੈਰਾ ਤਿਆਰ ਹੋ ਰਹੇ ਹਨ। ਭਾਈ ਢਿਲੋਂ ਅਨੁਸਾਰ ਦੂਜੇ ਪੜਾਅ ਦੇ ਇਸ ਪ੍ਰਾਜੈਕਟ ਉਤੇ ਕਰੀਬ 20 ਮਿਲੀਅਨ ਡਾਲਰ ਦਾ ਖਰਚਾ ਆਇਆ ਹੈ ਜਿਸ ਲਈ ਕੋਈ 13.5 ਮਿਲੀਅਨ ਡਾਲਰ ਦਾ ਲੋਨ ਲਿਆ ਗਿਆ ਹੈ। ਸ. ਢਿਲੋਂ ਨੇ ਆਖਿਆ ਕਿ ਕੁਝ ਹਲਕਿਆਂ ਵਲੋਂ ਇਸ ਪ੍ਰਾਜੈਕਟ ਦਾ ਖਰਚਾ ਬਹੁਤ ਵਡਾ ਦੱਸੇ ਜਾਣ ਦੇ ਬਾਵਜੂਦ ਗੁਰੂ ਕਿਰਪਾ ਅਤੇ ਸੰਗਤ ਦੇ ਸਹਿਯੋਗ ਨਾਲ ਕਮੇਟੀ ਇਹ ਪ੍ਰਾਜੈਕਟ ਕਾਫੀ ਘੱਟ ਰਕਮ ਵਿਚ ਨੇਪਰੇ ਚਾੜ੍ਹ ਸਕੀ ਹੈ।

ਉਨ੍ਹਾਂ ਕਿਹਾ ਕਿ ਸੈਨ ਹੋਜ਼ੇ ਗੁਰੂ ਘਰ ਦੁਨੀਆਂ ਭਰ 'ਚ ਪਹਿਲਾ ਗੁਰੂ ਘਰ ਹੈ ਜਿਸ ਨੂੰ ਗਰੀਨ ਗੁਰਦੁਆਰਾ ਸਾਹਿਬ ਦਾ ਦਰਜਾ ਪ੍ਰਾਪਤ ਹੈ। ਇਸ ਗੁਰੂ ਘਰ ਵਿਚ ਸਾਰੀ ਵਰਤੋਂ ਲਈ ਬਿਜਲੀ ਸੋਲਰ ਪੈਨਲ ਨਾਲ ਤਿਆਰ ਹੋਵੇਗੀ। ਲੰਗਰ ਵਾਸਤੇ ਸਟੀਲ ਦੇ ਬਰਤਨਾਂ ਦਾ ਇੰਤਜ਼ਾਮ ਕੀਤਾ ਗਿਆ ਹੈ ਤਾਂ ਜੋ ਫੋਮ ਦੀਆਂ ਪਲੇਟਾਂ ਨਾਲ ਵਾਤਾਵਰਣ ਦੂਸ਼ਿਤ ਨਾ ਹੋਵੇ।

ਇਸੇ ਦੌਰਾਨ ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਗੁਰਦੁਆਰਾ ਸੈਨ ਹੋਜੇ ਦੀ ਨਵੀਂ ਇਮਾਰਤ ਦੀ ਸੰਪੂਰਨਤਾ ਉਤੇ ਸਮੂਹ ਸਿੱਖ ਸੰਗਤਾਂ ਨੂੰ ਵਧਾਈ ਦਿੰਦਿਆਂ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਹੈ ਜਿਸ ਦੇ ਅਣਥਕ ਯਤਨਾਂ ਸਦਕਾ ਇਹ ਵਿਸ਼ਾਲ ਪ੍ਰਾਜੈਕਟ ਗੁਰੂ ਕਿਰਪਾ ਨਾਲ ਨੇਪਰੇ ਚੜ੍ਹ ਸਕਿਆ। ਸ. ਗਾਖਲ ਨੇ ਸੰਗਤਾਂ ਨੂੰ 10 ਅਪਰੈਲ ਦੇ ਸਮਾਗਮਾਂ ਵਿਚ ਹੁਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਹੈ।

## ਗਵਰਨਰ ਜੈਰੀ ਬਰਾਊਨ ਸੈਨ ਹੋਜੇ ਗੁਰੂਘਰ ਪਹੁੰਚਣਗੇ

**ਸੈਨ ਹੋਜੇ (ਸਵੱਦੀ):** ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਗੁਰਦੁਆਰਾ ਸੈਨ ਹੋਜ਼ੇ ਦੀ ਨਵੀਂ ਇਮਾਰਤ ਦੇ 10 ਅਪਰੈਲ ਨੂੰ ਹੋ ਰਹੇ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਣ



ਲਈ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਸਿੱਖ ਕੌਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੈਲੀਫੋਰਨੀਆ ਦੇ ਗਵਰਨਰ ਰਾਜ ਵਿਚ ਕਿਸੇ ਗੁਰਦੁਆਰਾ ਸਾਹਿਬ ਦੇ ਉਦਘਾਟਨੀ ਸਮਾਰੋਹ ਵਿਚ ਸ਼ਾਮਲ ਹੋਣ ਲਈ ਪਹੁੰਚ ਰਹੇ ਹਨ।

ਇਥੇ ਜ਼ਿਕਰਯੋਗ ਹੈ ਕਿ ਕੋਈ 20 ਮਿਲੀਅਨ ਡਾਲਰ ਦੇ ਖਰਚੇ ਨਾਲ ਤਿਆਰ ਹੋਈ ਨਵੀਂ ਇਮਾਰਤ ਆਉਂਦੀ 10 ਅਪਰੈਲ ਨੂੰ ਗੁਰੂ ਅਰਪਣ ਕੀਤੀ ਜਾ ਰਹੀ ਹੈ।


G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

## Matrimonials

### ਕੰਨਿਆ ਦੀ ਲੋੜ

Wanted US citizen girl for Kamboj Sikh boy, 25, 5’5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5’11”, ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ ‘ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6’1”, engineer (BSc. Engg.) boy, manager in a top US corporation. Educated, respected family, no demands. Contact: Sikh5family@gmail.com

Self-employed, handsome Sikh Khatri 48/5’7", living In bay area California, never married, looking for a life-partner. Divorcee also be considered, caste no bar. Contact : 408-714-3454.

Seeking Jatt Sikh alliance for 27/5'-6" B.E, M.S girl. Placed with Bank of America, Contact:704-930-1734, ppsd32@gmail.com.

### ਵਰ ਦੀ ਲੋੜ

ਖੂਬਸੂਰਤ ਕੰਬੋਜ਼ ਸਿੱਖ ਉਮਰ 24 ਸਾਲ ਕੱਦ 5’6" ਸਟੂਡੈਂਟ ਵੀਜ਼ੇ ‘ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਫੋਨ: 780-200-8082, 91-98146-47417

Sikh match for Parjapat Sikh female, 30, 5’- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com

# ਪੰਜਾਬੀ ‘ਚ ਕ੍ਰਿਕਟ ਕੁਮੈਂਟਰੀ ਦੇ ਕੇ ਪੰਜਾਬੀ ਰੇਡੀਓ ਯੂ ਐਸ ਏ ਨੇ ਕੀਤੀ ਪਹਿਲ

**ਸੈਨ ਹੋਜ਼ੇ:** ਪੰਜਾਬੀ ਮੀਡੀਆ ਦੇ ਇਤਿਹਾਸ ਵਿਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਜਦੋਂ ਕਿਸੇ ਪੰਜਾਬੀ ਰੇਡੀਓ ਨੇ ਕ੍ਰਿਕਟ ਮੈਚਾਂ ਦੀ ਨਾਲੋ ਨਾਲ ਕੁਮੈਂਟਰੀ ਪੰਜਾਬੀ ਵਿਚ ਕੀਤੀ। ਇਹ ਉਪਰਾਲਾ ਪੰਜਾਬੀ ਰੇਡੀਓ ਯੂ ਐਸ ਏ ਨੇ ਕੀਤਾ।

ਪੰਜਾਬੀ ਰੇਡੀਓ ਯੂ ਐਸ ਏ ਵਲੋਂ ਜਾਰੀ ਇਕ ਬਿਆਨ ਅਨੁਸਾਰ ਵਿਸ਼ਵ ਕ੍ਰਿਕਟ ਕੱਪ ਦੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਹੋਏ ਸੈਮੀ ਫਾਈਨਲ ਅਤੇ ਸ੍ਰੀਲੰਕਾ ਅਤੇ ਭਾਰਤ ਵਿਚਾਲੇ ਹੋਏ ਫਾਈਨਲ ਮੈਚ ਦੀ ਕੁਮੈਂਟਰੀ ਕੈਲੀਫੋਰਨੀਆ ਸਮੇਂ ਦੇ ਅਨੁਸਾਰ ਰਾਤ 2 ਵਜੇ ਸ਼ੁਰੂ ਹੋਈ ਅਤੇ ਇਸ ਨੇ ਦੋਵੇਂ ਦਿਨ ਕ੍ਰਿਕਟ ਵਿਚ ਦਿਲਚਸਪੀ ਰੱਖਣ ਵਾਲੇ ਪੰਜਾਬੀ ਸਰੋਤਿਆਂ ਨੂੰ ਸੌਣ ਨਹੀਂ ਦਿੱਤਾ। ਭਾਵੇਂ ਕੋਈ ਇੰਟਰਨੈਟ ‘ਤੇ ਸੁਣ ਰਿਹਾ ਸੀ ਜਾਂ ਆਈ ਫੋਨ ‘ਤੇ, ਹਰ ਸਰੋਤਾ ਪੰਜਾਬੀ ਵਿਚ ਕੀਤੀ ਜਾ ਰਹੀ ਇਸ ਕੁਮੈਂਟਰੀ ਤੋਂ ਖੁਸ਼ ਸੀ। ਰੇਡੀਓ ਅਨੁਸਾਰ ਇਸ ਨੂੰ ਇੰਗਲੈਂਡ, ਸਪੇਨ, ਇਟਲੀ, ਜਰਮਨੀ, ਪਾਕਿਸਤਾਨ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਤੋਂ ਲਗਾਤਾਰ ਸਰੋਤਿਆਂ ਦੇ ਫੋਨ ਆਉਂਦੇ ਰਹੇ। ਦਿਲਚਸਪ ਗੱਲ ਇਹ ਵੀ ਸੀ ਕਿ ਮੈਚਾਂ ਦਾ ਅੱਖੀਂ ਡਿੱਠਾ ਹਾਲ ਇਕ ਜੋੜਾ ਲਾਹੌਰ, ਪਾਕਿਸਤਾਨ ਵਿਚ ਸੁਣਾ ਰਿਹਾ ਸੀ ਅਤੇ ਦੂਜਾ ਜੋੜਾ ਸੈਨ ਹੋਜ਼ੇ, ਕੈਲੀਫੋਰਨੀਆ ਵਿਚ। ਜਦੋਂਕਿ ਮੈਚ ਇੰਡੀਆ ਵਿਚ ਹੋ ਰਹੇ ਸਨ।

ਰੇਡੀਓ ਵਲੋਂ ਜਾਰੀ ਬਿਆਨ ਅਨੁਸਾਰ ਇਸ ਵਲੋਂ ਇਕ ਹੋਰ ਪਹਿਲ ਨਨਕਾਣਾ ਸਾਹਿਬ ਪਾਕਿਸਤਾਨ ਤੋਂ ਵਿਸਾਖੀ ਦੇ ਪ੍ਰੋਗਰਾਮ ਦੀ ਨਾਲੋ ਨਾਲ ਕੁਮੈਂਟਰੀ ਕਰਨ ਦੀ ਕੀਤੀ ਜਾ ਰਹੀ ਹੈ। ਇਹ ਕੁਮੈਂਟਰੀ ਕਰਨਗੇ ਪੰਜਾਬੀ ਰੇਡੀਓ ਯੂ ਐਸ ਏ ਦੇ ਸਹਿਯੋਗੀ ਮਸੂਦ ਮੱਲ੍ਹੀ। ਰੇਡੀਓ ਵਲੋਂ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਆਈ ਫੋਨ ਐਪਲੀਕੇਸ਼ਨ ਮੁਹੱਈਆ ਕੀਤੇ ਜਾਣ ਦੇ ਇਕ ਹਫਤੇ ਦੇ ਅੰਦਰ ਅੰਦਰ ਹੀ ਇਸ ਦੇ 3000 ਤੋਂ ਵੱਧ ਡਾਊਨਲੋਡ ਹੋ ਚੁਕੇ ਹਨ ਅਤੇ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਬਿਆਨ ਅਨੁਸਾਰ ਰੇਡੀਓ ਵਲੋਂ ਦਸਤਾਰ ਸਬੰਧੀ ਚੇਤਨਾ ਵਧਾਉਣ ਲਈ ਕਰਵਾਏ ਜਾ ਰਹੇ ਮੁਕਾਬਲੇ ਨੂੰ ਵੀ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਮੁਕਾਬਲੇ ਵਿਚ ਭਾਗ ਲੈਣ ਵਾਲਿਆਂ ਦੀ ਗਿਣਤੀ 50 ਤੋਂ ਵਧ ਚੁਕੀ ਹੈ। ਇਸ ਮੁਕਾਬਲੇ ਦਾ ਨਤੀਜਾ 13 ਅਪਰੈਲ ਨੂੰ ਐਲਾਨਿਆ ਜਾਏਗਾ। ਇਹ ਰੇਡੀਓ ਇੰਟਰਨੈਟ ਜ਼ਰੀਏ www.punjabiradiousa.com ‘ਤੇ ਜਾ ਕੇ ਜਾਂ ਆਈ ਫੋਨ ਰਾਹੀਂ ਵੀ ਸੁਣਿਆ ਜਾ ਸਕਦਾ ਹੈ। ਕੈਲੀਫੋਰਨੀਆ ਅਤੇ ਨੇਵਾਡਾ ਵਿਚ ਰੇਡੀਓ ਸੈਟ ਖਰੀਦਣ ਲਈ ਜਾਂ ਕੋਈ ਵੀ ਹੋਰ ਜਾਣਕਾਰੀ ਲਈ ਰੇਡੀਓ ਨਾਲ ਫੋਨ 408-722-7698 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## Public Notice

### Name change

I, Rashpal Kaur Bains W/O late S. Jasbir Singh Bains resident of village Talwandi Aryain, P.O. Adampur, tehsil & Distt. Jalandhar, Punjab, India, currently residing at 1202 Oak Ave Fowler, CA 93625 USA, have changed my name from Rashpal Kaur Bains to Rashpal Kaur. All concerned please note.

## ਲੋਡਾਈ ਵਿਚ ਵਿਸਾਖੀ ਮੇਲਾ 9 ਅਪਰੈਲ ਨੂੰ

**ਲੋਡਾਈ:** ਪੰਜਾਬੀ ਕਲਚਰਲ ਸੁਸਾਇਟੀ ਲੋਡਾਈਅ ਤੇ ਸਟਾਕਟਨ ਵਲੋਂ ਵਿਸਾਖੀ ਮੇਲਾ 9 ਅਪਰੈਲ ਨੂੰ ਸ਼ਾਮ 6 ਵਜੇ ਤੋਂ 9 ਵਜੇ ਤਕ ਇਥੇ ਹਾਚਿਨ ਸਟਰੀਟ ਉਤੇ ਪਰਫਾਰਮਿੰਗ ਆਰਟਸ ਥੀਏਟਰ ਵਿਚ ਕਰਵਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਜਨਰਲ ਸਕੱਤਰ ਜਗਤਾਰ ਸਿੰਘ ਪ੍ਰੀਤ ਨੇ ਦੱਸਿਆ ਕਿ ਮੇਲੇ ਵਿਚ ਗੀਤ-ਸੰਗੀਤ ਅਤੇ ਭੰਗੜੇ ਦੀਆਂ 20 ਦਿਲਕਸ਼ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਭੰਗੜਾ ਕਿੰਗ ਭਿੰਦਾ ਜੱਟ, ਪ੍ਰੀਤਮ ਸੋਹੀ ਅਤੇ ਲੋਕ ਗਾਇਕਾ ਸੁਖਵੰਤ ਸੁੱਖੀ ਆਪਣੀ ਕਲਾ ਦੇ ਜੌਹਰ ਦਿਖਾਉਣਗੇ। ਪ੍ਰੋਗਰਾਮ ਪੂਰੀ ਤਰ੍ਹਾਂ ਪਰਿਵਾਰਕ ਹੋਵੇਗਾ। ਹਾਲ ਵਿਚ ਖਾਣ-ਪੀਣ ਦੀਆਂ ਚੀਜ਼ਾਂ ਲੈ ਕੇ ਜਾਣ ਦੀ ਮਨਾਹੀ ਹੋਵੇਗੀ। ਇਕ ਰੈਫਲ ਵੀ ਕੱਢੀ ਜਾਏਗੀ ਜਿਸ ਵਿਚ 32 ਇੰਚ ਟੀਵੀ ਅਤੇ ਆਈ ਪੌਡ ਸਮੇਤ ਕਈ ਇਨਾਮ ਹੋਣਗੇ।

# ਭ੍ਰਿਸ਼ਟਾਚਾਰ ਠੱਲ੍ਹਣ ਲਈ ਅੰਨਾ ਹਜ਼ਾਰੇ ਮਰਨ ਵਰਤ ‘ਤੇ ਬੈਠੇ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਪੀਲ ਨੂੰ ਨਜ਼ਰਅੰਦਾਜ਼ ਕਰਦਿਆਂ ਸਮਾਜ ਸੇਵੀ ਅੰਨਾ ਹਜ਼ਾਰੇ ਨੇ ਇੱਥੇ ਮਰਨ ਵਰਤ ਸ਼ੁਰੂ ਕਰ ਦਿੱਤਾ। ਉਹ ਭ੍ਰਿਸ਼ਟਾਚਾਰ ਨੂੰ ਕਾਬੂ ਕਰਨ ਲਈ ਉਚ-ਤਾਕਤ ਵਾਲੇ ਜਨ ਲੋਕਪਾਲ ਬਿੱਲ ਦੀ ਮੰਗ ਕਰ ਰਹੇ ਹਨ।

ਉਘੇ ਸਮਾਜ ਸੁਧਾਰਕ ਸਵਾਮੀ ਅਗਨੀਵੇਸ਼, ਸਾਬਕਾ ਆਈ.ਪੀ.ਐਸ. ਅਫ਼ਸਰ ਕਿਰਨ ਬੇਦੀ, ਮੈਗਸਾਸੇ ਪੁਰਸਕਾਰ ਜੇਤੂ ਸੰਦੀਪ ਪਾਂਡੇ ਸਮੇਤ ਵੱਡੀ ਤਦਾਦ ਵਿਚ ਲੋਕਾਂ ਦੀ ਸ਼ਮੂਲੀਅਤ ਨਾਲ 72 ਸਾਲਾ ਅੰਨਾ ਹਜ਼ਾਰੇ ਨੇ ਰਾਜਘਾਟ ਵਿਖੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕਰਨ ਮਗਰੋਂ ਮਰਨ ਵਰਤ ਸ਼ੁਰੂ ਕਰ ਦਿੱਤਾ।

ਇਸ ਤੋਂ ਪਹਿਲਾਂ ਉਹ ਖੁੱਲ੍ਹੀ ਜੀਪ ਰਾਹੀਂ ਇੰਡੀਆ ਗੇਟ ਵੱਲ ਗਏ ਜਿਥੇ ਰਾਹ ਵਿਚ ਤਿਰੰਗਾ ਚੁੱਕੀ ਲੋਕਾਂ ਅਤੇ ਵਿਦਿਆਰਥੀਆਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਅਪੀਲ ਦੇ ਬਾਵਜੂਦ ਉਨ੍ਹਾਂ ਵੱਲੋਂ ਇਉਂ ਅੰਦੋਲਨ ਸ਼ੁਰੂ ਕਰਨ ‘ਤੇ ਪ੍ਰਧਾਨ ਮੰਤਰੀ ਦੇ ਦਫ਼ਤਰ ਨੇ ਨਿਰਾਸ਼ਾ ਪ੍ਰਗਟਾਈ ਹੈ। ਦਫ਼ਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਹਜ਼ਾਰੇ ਅਤੇ ਉਨ੍ਹਾਂ ਦੇ ਮਿਸ਼ਨ ਦਾ ਸਤਿਕਾਰ ਕਰਦੇ ਹਨ ਪਰ ਉਨ੍ਹਾਂ ਦੇ ਮਰਨ ਵਰਤ ਦੇ ਫੈਸਲੇ ਤੋਂ ਨਾਖੁਸ਼ ਹਨ।

ਉਧਰ ਸ੍ਰੀ ਹਜ਼ਾਰੇ ਨੇ ਕਿਹਾ, “ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਉਹ ਮੇਰੇ ਉਪਰ ਭਰੋਸਾ ਕਰਦੇ ਹਨ, ਸਤਿਕਾਰ ਕਰਦੇ ਹਨ ਪਰ ਫੇਰ ਉਹ ਪਿਛਲੇ ਮਹੀਨੇ ਹੋਈ ਮੀਟਿੰਗ ਤੋਂ ਬਾਅਦ ਇਕ ਵਾਰ ਵੀ ਸਾਡੇ ਨਾਲ ਨਹੀਂ ਆਏ।” ਉਨ੍ਹਾਂ ਕਿਹਾ ਕਿ ਜੁਆਇੰਟ ਕਮੇਟੀ ਵੱਲੋਂ ਉਨ੍ਹਾਂ ਦੀ ਮੰਗ ਰੱਦ ਕੀਤੇ ਜਾਣ ਕਾਰਨ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ। ਜੇ ਸਰਕਾਰ ਇਕੱਲੀ ਹੀ ਬਿੱਲ ਦਾ ਖਰੜਾ ਤਿਆਰ ਕਰਦੀ ਹੈ ਤਾਂ ਇਹ ਆਪਹੁਦਰਾਪਣ ਹੋਵੇਗਾ ਅਤੇ ਇਸ ਨਾਲ ਜਮਹੂਰੀਅਤ ਦਾ ਵੀ ਘਾਣ ਹੋਵੇਗਾ। ਉਨ੍ਹਾਂ ਸਰਕਾਰ ਦੀ ਤਿੱਖੀ ਨੁਕਤਾਚੀਨੀ ਕੀਤੀ ਅਤੇ ਕਿਹਾ ਕਿ ਜਸਟਿਸ (ਸੇਵਾਮੁਕਤ) ਸੰਤੋਸ਼ ਹੈਗੜੇ, ਵਕੀਲ ਪ੍ਰਸ਼ਾਂਤ ਭੂਸ਼ਣ ਅਤੇ ਅਗਨੀਵੇਸ਼ ਵਰਗੀਆਂ ਉਘੀਆਂ ਸ਼ਖ਼ਸੀਅਤਾਂ ਸਰਕਾਰ ਨੂੰ ਵਿਚਾਰ ਲਈ ਅਹਿਮ ਨਹੀਂ ਲੱਗਦੀਆਂ। ਇਸ ਮੌਕੇ ਹਾਜ਼ਰ ਜਨਤਾ ਦਲ (ਯੂ) ਦੇ ਮੁਖੀ ਸ਼ਰਦ ਯਾਦਵ ਨੇ ਕਿਹਾ ਕਿ ਉਹ ਇਸ ਜਨ ਲੋਕ ਬਿੱਲ ਦੇ ਹੱਕ ਵਿਚ ਹਨ ਕਿਉਂਕਿ ਦੇਸ਼ ਵਿਚ ਵੱਡੇ ਪੱਧਰ ‘ਤੇ ਫੈਲੇ ਭ੍ਰਿਸ਼ਟਾਚਾਰ ਨੂੰ ਠੱਲ੍ਹਣ ਲਈ ਇਸ ਦੀ ਲੋੜ ਹੈ।

## ਯੁਧਵੀਰ ਮਾਣਕ ਦੀ ਤੰਦਰੁਸਤੀ ਲਈ ਅਰਦਾਸਾਂ

**ਫਰਿਜ਼ਨੋ:** ਪੰਜਾਬ ਦੇ ਯੁਗ ਗਾਇਕ ਅਤੇ ਲੋਕ ਗਾਥਾਵਾਂ ਦੇ ਬਾਦਸ਼ਾਹ ਕਰ ਕੇ ਜਾਣੇ ਜਾਂਦੇ ਕੁਲਦੀਪ ਮਾਣਕ ਦੇ ਸਪੁਤਰ ਗਾਇਕ ਯੁਧਵੀਰ ਮਾਣਕ, ਜੋ ਬਰੇਨ ਹੈਮਰੇਜ ਹੋਣ ਪਿਛੋਂ ਇਸ ਵੇਲੇ ਲੁਧਿਆਣਾ ਦੇ ਦਯਾਨੰਦ ਮੈਡੀਕਲ ਹਸਪਤਾਲ ਵਿਚ ਦਾਖਲ ਹੈ, ਦੀ ਤੰਦਰੁਸਤੀ ਲਈ ਦੁਨੀਆਂ ਭਰ ਵਿਚ ਮਾਣਕ ਦੇ ਲੱਖਾਂ ਪ੍ਰਸ਼ੰਸਕਾਂ ਵਲੋਂ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ। ਹਾਲ ਹੀ ਵਿਚ ਇਥੇ ਹੋਏ ਜਸਵਿੰਦਰ ਭੱਲਾ ਅਤੇ ਗੁਰਚੇਤ ਚਿੱਤਰਕਾਰ ਦੇ ਸ਼ੋਅ ‘ਨਾਟੀ ਬਾਬਾ ਇਨ ਟਾਉਨ’ ਦੀ ਸਮਾਪਤੀ ਉਤੇ ਸਭ ਸਰੋਤਿਆਂ ਵਲੋਂ ਯੁਧਵੀਰ ਦੀ ਸਿਹਤਯਾਬੀ ਲਈ ਪਰਮਾਤਮਾ ਅਗੇ ਅਰਦਾਸ ਕੀਤੀ ਗਈ। ਇਸੇ ਤਰ੍ਹਾਂ ਲੰਘੇ ਸੋਮਵਾਰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਵਿਖੇ ਕੁਲਦੀਪ ਮਾਣਕ ਦੇ ਸਭ ਤੋਂ ਕਰੀਬੀ ਮਿੱਤਰ ਐਸ ਅਸ਼ੋਕ ਭੌਰਾ, ਲੋਕ ਗਾਇਕ ਅਤੇ ਮਾਣਕ ਦੇ ਸ਼ਾਗਿਰਦ ਸੁਖਵਿੰਦਰ ਪੰਛੀ, ਟਰਾਂਸਪੋਟਰ ਅਮੋਲਕ ਸਿੰਘ ਭੋਲਾ, ਗਾਇਕ ਰਾਜ ਬਰਾੜ, ਸੰਗੀਤਕਾਰ ਪੱਪੀ ਭਦੌੜ ਵਾਲਾ ਅਤੇ ਮੱਖਣ ਸਿੰਘ ਸੋਢੀ ਸਮੇਤ ਮਾਣਕ ਦੇ ਬਹੁਤ ਸਾਰੇ ਪ੍ਰਸ਼ੰਸਕਾਂ ਨੇ ਗੁਰੂ ਗ੍ਰੰਥ ਸਾਹਿਬ ਅਗੇ ਯੁਧਵੀਰ ਦੀ ਸਿਹਤਯਾਬੀ ਲਈ ਅਰਦਾਸ ਕੀਤੀ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
We Also Offer Notary Service



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

## ਐਨ ਆਰ ਆਈ ਸਭਾ ਦੀ ਮੀਟਿੰਗ 9 ਅਪਰੈਲ ਨੂੰ ਸੈਨ ਹੋਜ਼ੇ ਵਿਚ

**ਬੇਕਰਜ਼ੀਫਲਡ (ਮਾਨ ਮਨਦੀਪ):** ਐਨ ਆਰ ਆਈ ਸਭਾ, ਅਮਰੀਕਾ ਦੀ ਇਕ ਵਿਸ਼ੇਸ਼ ਮੀਟਿੰਗ 9 ਅਪਰੈਲ ਨੂੰ ਸ਼ਾਮ 5 ਵਜੇ ਸੈਨ ਹੋਜ਼ੇ ਵਿਚ ਰੋਜ਼ ਵਾਟਰ ਹਾਲ ਵਿਚ ਹੋ ਰਹੀ ਹੈ। ਇਸ ਮੀਟਿੰਗ ਵਿਚ ਪੰਜਾਬ ਦੇ ਐਨ ਆਰ ਆਈ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਣਗੇ ਅਤੇ ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਤੇ ਪ੍ਰਧਾਨ ਜਸਪ੍ਰੀਤ ਸਿੰਘ ਅਟਾਰਨੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਣਗੇ।

ਇਸ ਮੀਟਿੰਗ ਵਿਚ ਪੰਜਾਬੀ ਐਨ ਆਰ ਆਈ ਭਰਾਵਾਂ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਚਰਚਾ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਹੱਲ ਲਈ ਕੈਪਟਨ ਬਾਠ ਨੂੰ ਠੋਸ ਕਦਮ ਚੁੱਕਣ ਲਈ ਬੇਨਤੀ ਕੀਤੀ ਜਾਏਗੀ। ਸਭਾ ਦੀ ਅਮਰੀਕਾ ਇਕਾਈ ਦੇ ਵਾਈਸ ਚੇਅਰਮੈਨ ਸ. ਪ੍ਰੀਤਮ ਸਿੰਘ ਗਰੇਵਾਲ ਨੇ ਸਮੂਹ ਪਰਵਾਸੀ ਪੰਜਾਬੀਆਂ ਨੂੰ ਇਸ ਮੌਕੇ ਪਹੁੰਚਣ ਦੀ ਬੇਨਤੀ ਕੀਤੀ ਹੈ ਤਾਂ ਜੋ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਐਨ ਆਰ ਆਈ ਮੰਤਰੀ ਨਾਲ ਗੱਲਬਾਤ ਕੀਤੀ ਜਾ ਸਕੇ। ਮੀਟਿੰਗ ਸਬੰਧੀ ਹੋਰ ਜਾਣਕਾਰੀ ਲਈ ਸ. ਗਰੇਵਾਲ ਨਾਲ ਫੋਨ 408-406-0703 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਐਲਕ ਗਰੋਵ ਵਿਚ ਤੀਆਂ 24 ਜੁਲਾਈ ਨੂੰ

**ਸੈਕਰਾਮੈਂਟੋ (ਬਿਊਰੋ):** ਐਲਕ ਗਰੂਵ ਵਿਚ ਤੀਆਂ ਦਾ ਮੇਲਾ ਇਸ ਵਾਰ 24 ਜੁਲਾਈ ਨੂੰ ਹੋਵੇਗਾ। ਇਹ ਜਾਣਕਾਰੀ ਦਿੰਦਿਆ ਪਰਨੀਤ ਕੌਰ ਗਿੱਲ ਅਤੇ ਨਿਰਮਲਜੀਤ ਕੌਰ ਰੰਧਾਵਾ ਨੇ ਦੱਸਿਆ ਕਿ ਇਨ੍ਹਾਂ ਤੀਆਂ ਲਈ ਕੋਈ ਟਿਕਟ ਨਹੀਂ। ਪਾਰਕਿੰਗ ਵੀ ਮੁਫਤ ਹੋਵੇਗੀ।

ਇਸ ਮੌਕੇ ਖਰੀਦਾਰੀ ਦੇ ਸਟਾਲ ਵੀ ਲਾਏ ਜਾਣਗੇ। ਹੋਰ ਜਾਣਕਾਰੀ ਲਈ 916-240-6969 ਜਾਂ 916-844-5847 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਿੱਖ ਨੌਜਵਾਨ ਦੀ ਦਸਤਾਰ ਉਤਾਰਨ ਲਈ ਪੰਜਾਬ ਪੁਲਿਸ ਵਿਰੁਧ ਫ਼ੌਜਦਾਰੀ ਕੇਸ

**ਮੁਹਾਲੀ:** ਯੂਨਾਈਟਿਡ ਸਿੱਖਸ ਨੇ ਮੁਹਾਲੀ ਦੇ ਜੁਡੀਸ਼ੀਅਲ ਮੈਜਿਸਟ੍ਰੇਟ ਕੋਲ, ਪੰਜਾਬ ਪੁਲਿਸ ਦੇ ਅਫਸਰ ਵਲੋਂ ਜਾਣਬੁੱਝ ਕੇ ਇਕ ਸਿੱਖ ਨੌਜਵਾਨ ਦੀ ਦਸਤਾਰ ਉਤਾਰਨ ਬਾਰੇ ਫ਼ੌਜਦਾਰੀ ਸ਼ਿਕਾਇਤ ਦਰਜ ਕਰਵਾਈ ਹੈ। ਮੈਜਿਸਟ੍ਰੇਟ ਨੇ ਪੁਲਿਸ ਨੂੰ ਅਗਲੀ ਸੁਣਵਾਈ ਦੀ ਤਾਰੀਖ 16 ਅਪਰੈਲ 2011 ਨੂੰ ਰਿਪੋਰਟ ਦੇ ਨਾਲ ਜੁਆਬ ਦੇਣ ਲਈ ਕਿਹਾ ਹੈ। ਜਥੇਬੰਦੀ ਨੇ ਕਿਹਾ ਹੈ ਕਿ ਇਸ ਘਟਨਾ ਨੇ ਵਿਸ਼ਵ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਇਹ ਸਿੱਖ਼ ਭਾਈਚਾਰੇ ਵਿਰੁਧ ਸੋਚੀ ਸਮਝੀ ਸਾਜਿਸ਼ ਹੈ ਜੋ ਪੰਜਾਬ ਨੂੰ ਆਪਣਾ ਘਰ ਅਤੇ ਧਰਮ ਦੀ ਜਨਮਭੂਮੀ ਮੰਨਦਾ ਹੈ।

ਜ਼ਿਕਰਯੋਗ ਹੈ ਕਿ ਲੰਘੀ 28 ਮਾਰਚ ਨੂੰ ਪੀ ਸੀ ਏ ਸਟੇਡੀਅਮ, ਮੁਹਾਲੀ ਵਿਚ ਨੌਕਰੀ ਤੋਂ ਕੱਢੇ ਗਏ ਵੈਟਨਰੀ ਫਾਰਮਿਸਟਾਂ ਅਤੇ ਕਰਮਚਾਰੀਆਂ ਵਲੋਂ ਲਾਏ ਗਏ ਧਰਨੇ ਦੌਰਾਨ ਇਕ ਨੌਜਵਾਨ ਨੂੰ ਪੁਲਿਸ ਅਧਿਕਾਰੀਆਂ ਨੇ ਬਾਹਰ ਖਿੱਚ ਲਿਆ ਅਤੇ ਉਸਦੀ ਦਸਤਾਰ ਬਿਨਾਂ ਕਿਸੇ ਕਾਰਨ ਜ਼ਬਰਦਸਤੀ ਉਤਾਰ ਦਿਤੀ। ਇਸ ਕਾਰਵਾਈ ਲਈ ਜਿੰਮੇਵਾਰ ਪੁਲਿਸ ਅਧਿਕਾਰੀ ਮੁਹਾਲੀ ਦੇ ਫੇਜ਼ ਅੱਠ ਦਾ ਥਾਣੇਦਾਰ (ਐਸ ਐਚ ਓ) ਸਬ ਇੰਸਪੈਕਟਰ ਕੁਲਭੂਸ਼ਣ ਹੈ। ਇਸ ਘਟਨਾ ਦੀ ਵੀਡਿਓ ਨੂੰ ਇਸ ਲਿੰਕ ਉਤੇ ਦੇਖਿਆ ਜਾ ਸਕਦਾ ਹੈ: http://unitedsikhs.org/petitions/petition.php?id=16

ਯੂਨਾਈਟਿਡ ਸਿੱਖਸ ਦੇ ਚੰਡੀਗੜ੍ਹ ਅਧਾਰਤ ਵਕੀਲ ਸੁਖਵਿੰਦਰ ਸਿੰਘ ਨੇ ਜੁਡੀਸ਼ੀਅਲ ਮੈਜਿਸਟ੍ਰੇਟ ਕੋਲ ਇੰਡੀਅਨ ਪੀਨਲ ਕੋਡ ਦੇ ਸੈਕਸ਼ਨ 295 ਏ ਅਧੀਨ ਇਸ ਆਧਾਰ ਉਤੇ ਸ਼ਿਕਾਇਤ ਦਰਜ਼ ਕਰਵਾਈ ਕਿ ਪੰਜਾਬ ਪੁਲਿਸ ਦੇ ਅਫ਼ਸਰ ਦੁਆਰਾ ਸਿੱਖ ਦੀ ਦਸਤਾਰ ਨੂੰ ਉਤਾਰਨਾ ਇਕ ਸੋਚੀ ਸਮਝੀ ਅਤੇ ਦੁਰਭਾਵਨਾ ਵਾਲੀ ਕਰਵਾਈ ਸੀ, ਜਿਸ ਦਾ ਉਦੇਸ਼ ਸਿੱਖਾਂ ਦੇ ਧਾਰਮਿਕ ਵਿਸ਼ਵਾਸ਼ ਦੀ ਬੇਇੱਜ਼ਤੀ ਕਰਕੇ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਸੀ। ਉਪ-ਮੁਖ ਮੰਤਰੀ, ਸੁਖਬੀਰ ਸਿੰਘ ਬਾਦਲ ਨੇ ਦੋਵਾਂ ਅਧਿਕਾਰੀਆਂ ਦੀ ਮੁਅੱਤਲੀ ਦੇ ਆਦੇਸ਼ ਦਿੱਤੇ ਹਨ।

## ਅਮਰੀਕੀ ਦਸਤਾਵੇਜ਼ਾਂ 'ਚ ਸਿੱਖਾਂ ਤੇ ਹਿੰਦੂਆਂ ਦੇ ਧਾਰਮਿਕ ਅਕੀਦੇ ਬਾਰੇ ਚਰਚਾ

**ਵਾਸ਼ਿੰਗਟਨ:** ਇਕ ਨਵੀਂ ਪੀ.ਬੀ.ਐਸ. ਪਬਲਿਕ ਟੀ.ਵੀ. ਡਾਕੂਮੈਂਟਰੀ 'ਦਿ ਏਸ਼ੀਅਨ ਐਂਡ ਅਬਰਾਹਮਿਕ ਰਿਲੀਜਨਜ਼: ਏ ਡਿਵਾਈਨ ਐਨਕਾਊਂਟਰ ਇਨ ਅਮੈਰਿਕਾ' ਵਿਚ ਹਿੰਦੂ ਤੇ ਸਿੱਖਾਂ ਨੂੰ ਪ੍ਰਮੁੱਖਤਾ ਨਾਲ ਫਿਲਮਾਇਆ ਗਿਆ ਹੈ ਤੇ ਇਹ ਅਮਰੀਕਾ ਦੇ 300 ਪਬਲਿਕ ਟੀ.ਵੀ. ਸਟੇਸ਼ਨਾਂ 'ਤੇ ਦਿਖਾਈ ਗਈ ਹੈ।

ਧਰਮ ਤੇ ਸਿੱਖਿਆ ਸਬੰਧੀ ਸਿੱਖ ਕੌਂਸਲ (ਐਸ.ਸੀ.ਓ.ਆਰ.ਈ.-ਸਕੋਰ) ਨੇ ਫ਼ਿਲਮ ਦੇ ਸਿੱਖੀ ਨਾਲ ਸਬੰਧਤ ਹਿੱਸੇ ਨੂੰ ਲੈ ਕੇ ਓਟਿਓਰ ਪ੍ਰੋਡਕਸ਼ਨਜ਼ ਨਾਲ ਭਾਈਵਾਲੀ ਪਾਈ ਹੈ। ਇਸ ਪ੍ਰੋਡਕਸ਼ਨ ਹਾਊਸ ਵੱਲੋਂ ਪਹਿਲਾਂ ਹੀ ਯਹੂਦੀਆਂ ਤੇ ਈਸਾਈਆਂ 'ਤੇ ਦੋ ਫੀਚਰ ਫ਼ਿਲਮਾਂ ਬਣਾਈਆਂ ਗਈਆਂ ਸਨ ਤੇ 'ਥਰੀ ਫੇਸ ਵੰਨ ਗੌਡ' 'ਚ ਜੂਡਵਾਦ, ਈਸਾਈਅਤ ਤੇ ਇਸਲਾਮ 'ਤੇ ਬਣਾਈ ਸੀ। ਇਸ ਸੀਨ 'ਚ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਵਿਖੇ ਪ੍ਰਸਿੱਧ ਸਿੱਖ ਰਾਗੀ ਭਾਈ ਸਤਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ ਤੇ ਭਾਈ ਮਨਜੀਤ ਸਿੰਘ ਕੀਰਤਨ ਕਰ ਰਹੇ ਹਨ। ਕੁਝ ਦ੍ਰਿਸ਼ ਯੂਬਾ ਸਿਟੀ ਕੈਲੀਫੋਰਨੀਆ ਦੇ ਗੁਰੂਘਰ 'ਚ ਫਿਲਮਾਏ ਗਏ ਜੋ ਗੁਰੂ ਗ੍ਰੰਥ ਸਾਹਿਬ ਦੀ ਗੁਰੂ ਗੱਦੀ ਦਿਵਸ ਦੀ 300ਵੀਂ ਵਰ੍ਹੇਗੰਢ ਦੇ ਸਮਾਗਮ ਮੌਕੇ ਨਾਲ ਸਬੰਧਤ ਸਨ ਤੇ ਉਦੋਂ ਵਿਸ਼ਵ ਭਰ ਤੋਂ 80,000 ਦੇ ਕਰੀਬ ਸਿੱਖਾਂ ਨੇ ਸ਼ਹਿਰ 'ਚ ਨਗਰ ਕੀਰਤਨ ਕੀਤਾ ਸੀ।

ਫ਼ਿਲਮ ਦੇ ਪ੍ਰੋਡਿਊਸਰ ਜੈਰੀ ਕ੍ਰੈਲ ਅਨੁਸਾਰ 'ਏਸ਼ੀਆਈ ਧਰਮਾਂ' ਬਾਰੇ ਸਮਝ ਨੂੰ ਉਤਸ਼ਾਹਤ ਕਰਨ ਦੇ ਚਾਹਵਾਨ ਹਰੇਕ ਨੂੰ ਇਸ ਅਹਿਮ ਦਸਤਾਵੇਜ਼ੀ ਨਾਲ ਜੁੜਨਾ ਚਾਹੀਦਾ ਹੈ। ਇਹ ਫ਼ਿਲਮ ਸਾਂਝੀਆਂ ਆਸਥਾਵਾਂ, ਰਵਾਇਤਾਂ ਤੇ ਰਸਮਾਂ ਦਾ ਖੁਲਾਸਾ ਕਰਦੀ ਹੈ। ਅਬਰਾਹਿਮਕ ਧਰਮਾਂ ਨਾਲੋਂ ਏਸ਼ੀਆਈ ਧਰਮਾਂ ਦੇ ਵਖਰੇਵੇਂ ਤੇ ਸਮਾਨਤਾਵਾਂ ਦੀ ਗੱਲ ਕੀਤੀ ਗਈ ਹੈ। ਅਹਿਮ ਧਾਰਮਿਕ ਕਲਾਕ੍ਰਿਤਾਂ ਦੇ ਸੰਗ੍ਰਹਿਕਰਤਾ ਡਾ. ਨਰਿੰਦਰ ਸਿੰਘ ਕਪਾਨੀ, ਯੂਬਾ ਸਿਟੀ ਦੇ ਪ੍ਰਸਿੱਧ ਫਿਜ਼ੀਸ਼ੀਅਨ ਤੇ 'ਪੰਜਾਬੀ ਮਾਈਗ੍ਰੇਸ਼ਨ ਟੂ ਦਿ ਯੂਨਾਈਟਿਡ ਸਟੇਟਸ' ਦੇ ਲੇਖਕ ਡਾ. ਜਸਬੀਰ ਸਿੰਘ ਕੰਗ ਦੀ ਇੰਟਰਵਿਊ ਫ਼ਿਲਮ 'ਚ ਕੀਤੀ ਗਈ ਹੈ। ਪੈਸਿਫਿਕ ਯੂਨੀਵਰਸਿਟੀ 'ਚ ਐਂਥਰੋਪੋਲੋਜੀ ਤੇ ਇੰਟਰਨੈਸ਼ਨਲ ਸਟੱਡੀਜ਼ ਦੇ ਪ੍ਰੋਫੈਸਰ ਡਾ. ਬਾਰੂਸ ਲਾਲ ਬਰਾਕ ਨੂੰ ਵੀ ਇੰਟਰਵਿਊ ਕੀਤਾ ਗਿਆ ਹੈ। ਉਨ੍ਹਾਂ ਨੇ 'ਸਿੱਖਸ ਆਫ ਨਾਰਦਰਨ ਕੈਲੀਫੋਰਨੀਆ' ਤੇ 'ਸਿੱਖਸ ਇਨ ਦ ਯੂਨਾਈਟਿਡ ਸਟੇਟਸ' ਦੋ ਪੁਸਤਕਾਂ ਲਿਖੀਆਂ ਹੋਈਆਂ ਹਨ।

*To Advertise with us call: 847-359-0746*


## ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ



ਕੈਲੀਫੋਰਨੀਆ ਤੋਂ ਓਹਾਇਓ ਅਤੇ ਓਹਾਇਓ ਤੋਂ ਵਾਪਿਸ ਕੈਲੀਫੋਰਨੀਆ ਲਈ ਪੱਕੇ ਰੂਟ
ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ
ਕਾਗਜ਼ ਪੂਰੇ ਕਰਨ 'ਤੇ ਤੁਰਤ ਭੁਗਤਾਨ

ਕਾਲ ਕਰੋ: 847-477-9968
765-610-9795


*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*




# Guaranteed Save $5,000!
## on Your Home Purchase or I will Pay You $1,000 Cash
Call 24hr Free Information 1-888-450-6603, ID 4008
Priority Access to Hot New Listing. Visit www.FreeHotListings.net
**Amardeep Singh, Realtor/Loan Broker (DRE # 01357217) Ph:(916) 712-2735**



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233



**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 80 ਡਾਲਰ,
ਪੰਜ ਸਾਲ ਲਈ: 375 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੀ.ਬੀ.ਆਈ. ਵੱਲੋਂ ਰਾਜਾ ਤੇ ਹੋਰਾਂ ਖ਼ਿਲਾਫ਼ ਚਾਰਜਸ਼ੀਟ ਦਾਖਲ

**ਨਵੀਂ ਦਿੱਲੀ:** ਸੀ.ਬੀ.ਆਈ. ਦੀ 2ਜੀ ਸਪੈਕਟ੍ਰਮ ਵੰਡ ਘਪਲੇ ਸਬੰਧੀ ਦਾਖਲ ਕੀਤੀ ਆਪਣੀ ਪਹਿਲੀ ਚਾਰਜਸ਼ੀਟ ਵਿਚ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਤੇ ਸਾਬਕਾ ਦੂਰਸੰਚਾਰ ਸਕੱਤਰ ਸਿਧਾਰਥ ਬੇਹੂਰਾ ਅਤੇ ਤਿੰਨ ਕੰਪਨੀਆਂ ਦੇ ਨਾਮ ਸ਼ਾਮਲ ਹਨ। ਚਾਰਜਸ਼ੀਟ ਵਿਚ ਕਿਹਾ ਗਿਆ ਹੈ ਕਿ ਇਸ ਘਪਲੇ ਨਾਲ ਸਰਕਾਰੀ ਖਜ਼ਾਨੇ ਨੂੰ 30,984 ਕਰੋੜ ਰੁਪਏ ਦਾ ਰਗੜਾ ਲੱਗਿਆ। ਦਿੱਲੀ ਦੀ ਇਕ ਅਦਾਲਤ ਵਿਚ ਦਾਇਰ ਇਸ ਚਾਰਜਸ਼ੀਟ ਵਿਚ ਜਿਨ੍ਹਾਂ ਕੰਪਨੀਆਂ ਦੇ ਨਾਮ ਹਨ, ਉਨ੍ਹਾਂ ਵਿਚ ਰਿਲਾਇੰਸ ਕਮਿਊਨੀਕੇਸ਼ਨਜ਼, ਯੂਨੀਟੈਕ ਵਾਇਰਲੈਸ ਤੇ ਸਵਾਨ ਟੈਲੀਕਾਮ ਸ਼ਾਮਲ ਹਨ। ਇਸ ਮਾਮਲੇ ਵਿਚ ਸੀ.ਬੀ.ਆਈ. ਵੱਲੋਂ 25 ਅਪਰੈਲ ਤੱਕ ਪੂਰਨ ਚਾਰਜਸ਼ੀਟ ਵੀ ਦਾਖਲ ਕੀਤੀ ਜਾਵੇਗੀ। ਇਸ ਮਾਮਲੇ 'ਤੇ ਸੁਪਰੀਮ ਕੋਰਟ ਨਜ਼ਰ ਰੱਖ ਰਹੀ ਹੈ।

ਇਸ ਦੇ ਨਾਲ ਹੀ ਇਸੇ ਦੌਰਾਨ 2-ਜੀ ਸਪੈਕਟ੍ਰਮ ਵੰਡ ਮਾਮਲੇ ਵਿਚ ਸਾਬਕਾ ਸੰਚਾਰ ਮੰਤਰੀ ਏ. ਰਾਜਾ ਤੇ ਹੋਰ ਮੁਲਜ਼ਮਾਂ ਖਿਲਾਫ ਮੁਕੱਦਮਾ ਚਲਾਉਣ ਲਈ ਵਿਸ਼ੇਸ਼ ਸਰਕਾਰੀ ਵਕੀਲ ਵਜੋਂ ਸੀਨੀਅਰ ਵਕੀਲ ਯੂ.ਯੂ. ਲਲਿਤ ਦੀ ਨਿਯੁਕਤੀ ਦੇ ਬਾਰੇ ਸੀ.ਬੀ.ਆਈ. ਦੇ ਫੈਸਲੇ ਉਪਰ ਕੇਂਦਰ ਨੇ ਸੁਪਰੀਮ ਕੋਰਟ ਵਿਚ ਵਿਰੋਧ ਪ੍ਰਗਟ ਕੀਤਾ ਹੈ।

ਅਟਾਰਨੀ ਜਨਰਲ ਜੀ.ਈ. ਵਾਹਨਵਤੀ ਨੇ ਜਸਟਿਸ ਜੀ.ਐਸ. ਸਿੰਘਵੀ ਤੇ ਜਸਟਿਸ ਏ.ਕੇ. ਗਾਂਗੁਲੀ ਦੇ ਬੈਂਚ ਨੂੰ ਦੱਸਿਆ ਕਿ ਕਾਲੇ ਧਨ ਸਬੰਧੀ ਕਾਨੂੰਨ ਵਿਚ ਜੋ ਵਿਵਸਥਾ ਹੈ, ਉਸ ਮੁਤਾਬਕ ਵਿਸ਼ੇਸ਼ ਸਰਕਾਰੀ ਵਕੀਲ ਕੋਲ ਰਾਜਾ ਜਾਂ ਕੇਂਦਰ ਸਰਕਾਰ ਦੇ ਅਧੀਨ ਘੱਟੋ-ਘੱਟ 7 ਸਾਲਾਂ ਤਕ ਕੰਮ ਕਰਨ ਦਾ ਤਜਰਬਾ ਹੋਣਾ ਜ਼ਰੂਰੀ ਹੈ। ਸਰਕਾਰ ਵੱਲੋਂ ਤਕਨੀਕੀ ਨੁਕਤਾ ਉਠਾਏ ਜਾਣ ਮਗਰੋਂ ਬੈਂਚ ਨੇ ਅਟਾਰਨੀ ਜਨਰਲ ਨੂੰ ਕਿਹਾ ਹੈ ਕਿ ਉਹ ਸ਼ੁੱਕਰਵਾਰ ਤਕ ਆਪਣਾ ਰੁਖ ਸਪਸ਼ਟ ਕਰਨ।

ਕਰੀਬ 80,000 ਸਫਿਆਂ ਦੀ ਇਸ ਚਾਰਜਸ਼ੀਟ ਨੂੰ ਵਿਸ਼ੇਸ਼ ਤੌਰ 'ਤੇ ਬਣਾਈ ਗਈ ਅਦਾਲਤ ਦੇ ਜੱਜ ਓ.ਪੀ. ਸੈਣੀ ਸਾਹਮਣੇ ਪੇਸ਼ ਕੀਤਾ ਗਿਆ। ਰਾਜਾ, ਉਸ ਦੇ ਨਿੱਜੀ ਸਕੱਤਰ ਆਰ.ਕੇ. ਚੰਦੋਲੀਆ, ਬੇਹੂਰਾ ਤੇ ਸਵਾਨ ਟੈਲੀਕਾਮ ਦੇ ਪ੍ਰੋਮੋਟਰ ਸ਼ਾਹਿਦ ਉਸਮਾਨ ਬਲਵਾ ਧੋਖਾਧੜੀ, ਜਾਅਲਸਾਜ਼ੀ, ਫੌਜਦਾਰੀ ਸਾਜ਼ਿਸ਼ ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਹਨ। ਯੂਨੀਫਾਈਡ ਅਸੈਸ ਸਰਵਿਸਿਜ਼ ਲਾਇਸੈਂਸ ਜਾਰੀ ਕਰਨ ਤੇ ਇਸ ਮਗਰੋਂ 2ਜੀ ਸਪੈਕਟ੍ਰਮ ਵੰਡ ਨੇ ਪੱਕਾ ਕਰ ਦਿੱਤਾ ਹੈ ਕਿ ਆਈ.ਪੀ.ਸੀ. ਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਜੁਰਮ ਕੀਤਾ ਗਿਆ ਹੈ।

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕਰੁਣਾਨਿਧੀ ਦੀ ਧੀ ਤੇ ਡੀ.ਐਮ.ਕੇ. ਸੰਸਦ ਮੈਂਬਰ ਕੋਨੀਮੋੜੀ, ਉਸ ਦੀ ਪਤਨੀ ਦਿਆਲੂ ਅਮਲ ਤੇ ਕਲਾਇਹਾਨਰ ਟੀ.ਵੀ. ਦੇ ਐਮ.ਡੀ. ਸ਼ਰਦ ਕੁਮਾਰ ਦਾ ਚੈਨਲ ਵਿਚ ਕ੍ਰਮਵਾਰ 20, 60 ਤੇ 20 ਫੀਸਦ ਹਿੱਸਾ ਹੈ। ਸੀ.ਬੀ.ਆਈ. ਨੇ ਦੋਸ਼ ਲਗਾਇਆ ਹੈ ਕਿ 2 ਜੀ ਸਪੈਕਟ੍ਰਮ ਵੰਡ ਨਾਲ ਸਬੰਧਤ ਪੈਸਾ ਬਲਵਾ ਦੀ ਫਰਮ ਤੋਂ ਕਲਾਇਹਾਨਰ ਟੀ.ਵੀ. ਤੱਕ ਸਿਨੇਯੁੱਗ ਫਿਲਮਜ਼ ਤੇ ਕੁਸੇਗਾਉਂ ਫਰੂਟਸ ਐਂਡ ਵੈਜੀਟੇਬਲਜ਼ ਪ੍ਰਾਈਵੇਟ ਲਿਮਟਿਡ ਰਾਹੀਂ ਪੁੱਜਿਆ। ਆਸਿਫ ਬਲਵਾ ਤੇ ਕੁਸੇਗਾਉਂ ਫਰੂਟਸ ਐਂਡ ਵੈਜੀਟੇਬਲਜ਼ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਰਾਜੀਵ ਅਗਰਵਾਲ ਨੂੰ 29 ਮਾਰਚ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਅਗਰਵਾਲ ਨੂੰ ਸਿਨੇਯੁੱਗ ਦੇ ਬੈਂਕ ਖਾਤੇ ਰਾਹੀਂ ਕਲਾਇਹਾਨਰ ਟੀ.ਵੀ. ਨੂੰ 200 ਕਰੋੜ ਰੁਪਏ ਜਮ੍ਹਾਂ ਕਰਵਾਉਣ ਦੇ ਦੋਸ਼ ਵਿਚ ਫੜਿਆ ਗਿਆ ਸੀ।

# 2-ਜੀ ਸਪੈਕਟ੍ਰਮ:ਜਾਂਚ ਦਾ ਘੇਰਾ ਪ੍ਰਧਾਨ ਮੰਤਰੀ ਦਫ਼ਤਰ ਵੱਲ

**ਨਵੀਂ ਦਿੱਲੀ:** ਸੰਸਦ ਦੀ ਲੋਕ ਲੇਖਾ ਕਮੇਟੀ ਨੇ 2 ਜੀ ਸਪੈਕਟ੍ਰਮ ਵੰਡ ਵਿਚ ਹੋਈਆਂ ਬੇਨੇਮੀਆਂ ਸਬੰਧੀ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਟੀ.ਕੇ.ਏ. ਨਾਇਰ ਅਤੇ ਕੈਬਨਿਟ ਸਕੱਤਰ ਕੇ.ਐਮ. ਚੰਦਰ ਸ਼ੇਖਰ ਤੋਂ 15 ਅਤੇ 16 ਅਪਰੈਲ ਨੂੰ ਪੁੱਛਗਿੱਛ ਕੀਤੀ ਜਾਵੇਗੀ। ਕਮੇਟੀ ਸਿਰਮੌਰ ਸਨਅਤਕਾਰ ਰਤਨ ਟਾਟਾ, ਰਿਲਾਇੰਸ ਕਮਿਊਨੀਕੇਸ਼ਨਜ਼ ਦੇ ਚੇਅਰਮੈਨ ਅਨਿਲ ਅੰਬਾਨੀ ਅਤੇ ਕਾਰਪੋਰੇਟ ਲਾਬੀਕਾਰ ਨੀਰਾ ਰਾਡੀਆ ਤੋਂ ਪੁੱਛਗਿੱਛ ਕਰ ਚੁੱਕੀ ਹੈ। ਇਨ੍ਹਾਂ ਤੋਂ ਇਲਾਵਾ ਐਡੀਸਲਾਤ ਡੀ.ਬੀ. ਟੈਲੀਕਾਮ ਦੇ ਸੀ.ਈ.ਓ. ਅਤੁਲ ਝਾਮ ਤੋਂ ਵੀ ਪੁੱਛ-ਪੜਤਾਲ ਕੀਤੀ ਗਈ।

ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਮੇਟੀ ਦੇ ਮੁਖੀ ਮੁਰਲੀ ਮਨੋਹਰ ਜੋਸ਼ੀ ਨੇ ਦੱਸਿਆ ਕਿ ਰਾਡੀਆ ਸਾਫਗੋਈ ਨਾਲ ਤੱਥ ਪੇਸ਼ ਨਹੀਂ ਕਰ ਰਹੀ। ਉਹ ਤੱਥਾਂ ਨੂੰ ਕਮੇਟੀ ਸਾਹਮਣੇ ਰੱਖਣ ਦੇ ਰੌਂਅ ਵਿਚ ਨਹੀਂ। ਜਦੋਂ ਉਸ ਤੋਂ ਟੇਪਾਂ ਬਾਰੇ ਪੁੱਛਿਆ ਗਿਆ ਤਾਂ ਪਹਿਲਾਂ ਉਸ ਨੇ ਟਾਲ-ਮਟੋਲ ਕੀਤੀ। ਦੂਜੇ ਬੰਨ੍ਹੇ ਰਾਡੀਆ ਨੇ ਮੰਨਿਆ ਹੈ ਕਿ ਉਸ ਨੇ ਸੀਨੀਅਰ ਪੱਤਰਕਾਰਾਂ, ਸਿਆਸਤਦਾਨਾਂ ਅਤੇ ਸਨਅਤਕਾਰਾਂ ਨਾਲ ਗੱਲਾਂ ਕੀਤੀਆਂ ਸਨ ਪਰ ਨਾਲ ਇਹ ਦਲੀਲ ਵੀ ਦਿੱਤੀ ਕਿ ਉਹ ਕੈਬਨਿਟ ਦੇ ਗਠਨ 'ਤੇ ਪ੍ਰਭਾਵ ਪਾਉਣ ਦੀ ਸਮਰਥਾ ਨਹੀਂ ਰੱਖਦੀ। ਇਸੇ ਦੌਰਾਨ ਰਤਨ ਟਾਟਾ ਵੱਲੋਂ ਦਿੱਤੇ ਜੁਆਬਾਂ 'ਤੇ ਸ੍ਰੀ ਜੋਸ਼ੀ ਨੇ ਖੁਸ਼ੀ ਜ਼ਾਹਰ ਕੀਤੀ ਅਤੇ ਕਿਹਾ ਕਿ ਉਨ੍ਹਾਂ ਬੇਬਾਕ ਅਤੇ ਖੁੱਲ੍ਹੇ ਢੰਗ ਨਾਲ ਜੁਆਬ ਦਿੱਤੇ।

ਸਿਆਸਤਦਾਨਾਂ, ਕਾਰਪੋਰੇਟ ਅਧਿਕਾਰੀਆਂ, ਉਚ ਅਫਸਰਾਂ ਤੇ ਸੀਨੀਅਰ ਸਨਅਤਕਾਰਾਂ ਨਾਲ ਰਾਡੀਆ ਦੀਆਂ ਫੋਨ 'ਤੇ ਹੋਈਆਂ ਗੱਲਾਂਬਾਤਾਂ ਦੀਆਂ ਟੇਪਾਂ ਪਿੱਛੇ ਜਿਹੇ ਨਸ਼ਰ ਹੋ ਗਈਆਂ ਸਨ। ਸਮਝਿਆ ਜਾਂਦਾ ਹੈ ਕਿ ਰਾਡੀਆ ਨੇ ਕਮੇਟੀ ਨੂੰ ਦੱਸਿਆ ਕਿ ਉਸ ਦੀਆਂ ਕੁਝ ਟੇਪਾਂ ਨਾਲ ਛੇੜਛਾੜ ਕੀਤੀ ਗਈ ਹੈ। ਰਾਡੀਆ ਤੋਂ ਟਾਟਾ ਵੱਲੋਂ ਉਸ ਵੇਲੇ ਦੇ ਦੂਰ-ਸੰਚਾਰ ਮੰਤਰੀ ਏ. ਰਾਜਾ ਦੀ ਉਸਤਤ ਵਿਚ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕਰੁਣਾਨਿਧੀ ਨੂੰ ਲਿਖੀ ਚਿੱਠੀ ਬਾਰੇ ਵੀ ਪੁੱਛਿਆ ਗਿਆ। ਉਂਜ ਰਾਡੀਆ ਨੇ ਕਈ ਸੁਆਲਾਂ ਦੇ ਜੁਆਬ ਨਹੀਂ ਦਿੱਤੇ। ਕਈ ਸੁਆਲਾਂ ਬਾਰੇ ਉਹ ਵਾਰ-ਵਾਰ ਇਹੀ ਕਹਿੰਦੀ ਰਹੀ ਕਿ ਉਸ ਨੂੰ ਪਤਾ ਨਹੀਂ। ਉਸ ਨੂੰ ਯਾਦ ਨਹੀਂ।

# ਚੱਕ ਦੇ ਇੰਡੀਆ-ਕ੍ਰਿਕਟ ਕ੍ਰਿਕਟ ਕ੍ਰਿਕਟ

ਕ੍ਰਿਕਟ ਦੇ ਇਸ ਮਹਾਂਕੁੰਭ 'ਚ 14 ਟੀਮਾਂ 'ਚੋਂ ਭਾਰਤ, ਸ੍ਰੀਲੰਕਾ, ਪਾਕਿਸਤਾਨ ਤੇ ਨਿਊਜ਼ੀਲੈਂਡ ਫਾਈਨਲ 'ਚ ਪੁੱਜੇ। ਇਨ੍ਹਾਂ 'ਚੋਂ ਸ੍ਰੀਲੰਕਾ ਨੇ ਨਿਊਜ਼ੀਲੈਂਡ ਨੂੰ ਪੰਜ ਵਿਕਟਾਂ ਨਾਲ ਤੇ ਭਾਰਤ ਨੇ ਪਾਕਿਸਤਾਨ ਨੂੰ 29 ਦੌੜਾਂ ਨਾਲ ਹਰਾ ਕੇ ਫਾਈਨਲ ਤੱਕ ਪਹੁੰਚਣ ਦਾ ਮਾਣ ਹਾਸਲ ਕੀਤਾ। ਭਾਵੇਂ ਸ੍ਰੀਲੰਕਾ ਦਾ ਇਸ ਟੂਰਨਾਮੈਂਟ 'ਚ ਕਾਫੀ ਵਧੀਆ ਪ੍ਰਦਰਸ਼ਨ ਰਿਹਾ ਪਰ ਭਾਰਤ ਦੇ ਮਜ਼ਬੂਤ ਇਰਾਦਿਆਂ ਅੱਗੇ ਉਸ ਦੀ ਇਕ ਨਾ ਚੱਲੀ। ਸ੍ਰੀਲੰਕਾ ਵੱਲੋਂ 50 ਓਵਰਾਂ ਵਿਚ 6 ਵਿਕਟਾਂ ਦੇ ਨੁਕਸਾਨ ਬਦਲੇ ਬਣਾਈਆਂ 274 ਦੌੜਾਂ ਦੇ ਜਵਾਬ ਵਿਚ ਭਾਰਤ ਨੇ 48.2 ਓਵਰਾਂ ਵਿਚ ਚਾਰ ਵਿਕਟਾਂ ਬਦਲੇ 277 ਦੌੜਾਂ ਬਣਾ ਕੇ ਮੈਚ ਜਿੱਤ ਲਿਆ। ਉਂਜ ਸ੍ਰੀਲੰਕਾ ਉਹੀ ਟੀਮ ਹੈ ਜਿਸ ਨੇ ਭਾਰਤ ਨੂੰ 1996 ਦੇ ਵਿਸ਼ਵ ਕੱਪ ਦੇ ਸੈਮੀ ਫਾਈਨਲ ਤੇ 2007 ਦੇ ਵਿਸ਼ਵ ਕੱਪ ਵਿਚ ਪਹਿਲੇ ਗੇੜ ਵਿਚ ਹਰਾ ਕੇ ਬਾਹਰ ਕਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ 1996 ਵਿਚ ਸੈਮੀਫਾਈਨਲ, 1999 ਵਿਚ ਸੁਪਰ ਸਿਕਸ ਤੇ 2003 ਵਿਚ ਫਾਈਨਲ ਵਿਚ ਪਹੁੰਚਣ ਦੇ ਬਾਵਜੂਦ ਭਾਰਤੀ ਟੀਮ ਨੂੰ ਖਾਲੀ ਹੱਥ ਪਰਤਣਾ ਪਿਆ ਸੀ ਪਰ ਇਸ ਵਾਰ ਉਸ ਨੇ ਕੋਈ ਵੀ ਭੁੱਲ ਨਾ ਕੀਤੀ ਤੇ ਚੈਂਪੀਅਨਾਂ ਵਾਂਗ ਖੇਡਦੇ ਹੋਏ ਆਪਣੀ ਸਰਦਾਰੀ ਕਾਇਮ ਕੀਤੀ। ਇਸ ਖਿਤਾਬ ਦੇ ਨਾਲ ਭਾਰਤ ਕ੍ਰਿਕਟ ਖੇਡ ਦੀ ਵੱਡੀ ਤਾਕਤ ਬਣ ਗਿਆ। ਵਿਸ਼ਵ ਕੱਪ ਦੇ ਚੈਂਪੀਅਨ ਬਣਨ ਤੱਕ ਭਾਰਤ ਦਾ ਸਫ਼ਰ ਬਹੁਤ ਚੁਣੌਤੀਪੂਰਨ ਰਿਹਾ। ਦੱਖਣੀ ਅਫਰੀਕਾ ਹੱਥੋਂ ਹਾਰ, ਇੰਗਲੈਂਡ ਨਾਲ ਟਾਈ ਮੈਚ ਤੇ ਆਇਰਲੈਂਡ ਤੇ ਹਾਲੈਂਡ ਖ਼ਿਲਾਫ਼ ਫਸਵੇਂ ਮੁਕਾਬਲਿਆਂ ਦੀਆਂ ਜਿੱਤਾਂ ਨਾਲ ਹਾਲਾਤ ਬੇਹੱਦ ਨਾਜ਼ੁਕ ਹੋ ਗਏ ਸਨ। ਆਖਰੀ ਮੈਚ ਵਿਚ ਵੈਸਟ ਇੰਡੀਜ਼ 'ਤੇ ਦਰਜ ਕੀਤੀ ਧਮਾਕੇਦਾਰ ਜਿੱਤ ਤੋਂ ਬਾਅਦ ਭਾਰਤੀ ਟੀਮ ਨੇ ਅਜਿਹੀ ਲੈਅ ਫੜੀ ਕਿ ਕੁਆਰਟਰ ਫਾਈਨਲ ਵਿਚ ਆਸਟਰੇਲੀਆ, ਸੈਮੀ ਫਾਈਨਲ ਵਿਚ ਪਾਕਿਸਤਾਨ ਤੇ ਫਾਈਨਲ ਵਿਚ ਸ੍ਰੀਲੰਕਾ ਨੂੰ ਨੇੜੇ ਨਹੀਂ ਲੱਗਣ ਦਿੱਤਾ।

ਟੂਰਨਾਮੈਂਟ 'ਚ ਪਾਏ ਯੋਗਦਾਨ ਲਈ ਯੁਵਰਾਜ ਨੂੰ 'ਮੈਨ ਆਫ ਦਿ ਟੂਰਨਾਮੈਂਟ' ਦੇ ਖਿਤਾਬ ਨਾਲ ਨਿਵਾਜਿਆ ਗਿਆ। ਵਿਸ਼ਵ ਕੱਪ ਇਤਿਹਾਸ ਦੇ ਸਭ ਤੋਂ ਵੱਡੇ ਹਰਫਨਮੌਲਾ ਖਿਡਾਰੀ ਵਜੋਂ ਉਭਰੇ ਯੁਵਰਾਜ ਨੇ 86 ਦੀ ਔਸਤ ਨਾਲ ਇਕ ਸੈਂਕੜੇ ਤੇ ਚਾਰ ਅਰਧ ਸੈਂਕੜਿਆਂ ਦੀ ਸਹਾਇਤਾ ਨਾਲ 362 ਦੌੜਾਂ ਬਣਾਈਆਂ ਤੇ ਨਾਲ ਹੀ 15 ਵਿਕਟਾਂ ਲਈਆਂ। ਉਂਜ ਵਿਸ਼ਵ ਕੱਪ ਤੋਂ ਪਹਿਲਾਂ ਯੁਵਰਾਜ ਦੀ ਟੀਮ ਵਿਚ ਚੋਣ 'ਤੇ ਕਈ ਤਰ੍ਹਾਂ ਦੇ ਸਵਾਲੀਆ ਚਿੰਨ੍ਹ ਲੱਗੇ ਸਨ। ਆਲੋਚਕਾਂ ਨੇ ਉਸ ਨੂੰ ਅਣਫਿੱਟ ਦੱਸਦਿਆਂ ਟੀਮ 'ਤੇ ਬੇਲੋੜਾ ਭਾਰ ਕਿਹਾ ਪਰ ਯੁਵਰਾਜ ਨੇ ਆਪਣੇ ਜੌਹਰ ਵਿਖਾ ਕੇ ਸਭ ਦੇ ਮੂੰਹ ਮੋੜ ਦਿੱਤੇ।

ਦੇਸ਼ ਦੇ ਵਿਸ਼ਵ ਚੈਂਪੀਅਨ ਬਣਨ 'ਤੇ ਹਰ ਭਾਰਤੀ ਨੇ ਖੁਸ਼ੀ ਮਨਾਈ ਤੇ ਕੇਂਦਰ ਤੇ ਸੂਬਾ ਸਰਕਾਰਾਂ ਨੇ ਖਿਡਾਰੀਆਂ ਨੂੰ ਪੈਸਿਆਂ ਨਾਲ ਮਾਲਾਮਾਲ ਕਰ ਦਿੱਤਾ। ਪੰਜਾਬ ਸਰਕਾਰ ਨੇ ਹਰਭਜਨ ਸਿੰਘ ਤੇ ਯੁਵਰਾਜ ਸਿੰਘ ਨੂੰ ਇਕ-ਇਕ ਕਰੋੜ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਉਧਰ ਭਾਰਤੀ ਕ੍ਰਿਕਟ ਬੋਰਡ ਨੇ ਹਰ ਖਿਡਾਰੀ ਨੂੰ ਇਕ-ਇਕ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਦਿੱਲੀ ਸਰਕਾਰ ਨੇ ਕਪਤਾਨ ਧੋਨੀ ਨੂੰ ਦੋ ਕਰੋੜ ਤੇ ਵਰਿੰਦਰ ਸਹਿਵਾਗ, ਗੌਤਮ ਗੰਭੀਰ, ਵਿਰਾਟ ਕੋਹਲੀ ਤੇ ਅਸ਼ੀਸ਼ ਨੇਹਰਾ ਨੂੰ ਇਕ-ਇਕ ਕਰੋੜ ਰੁਪਏ ਦੇਣ ਅਤੇ ਕਰਨਾਟਕ ਸਰਕਾਰ ਨੇ ਟੀਮ ਦੇ ਹਰ ਖਿਡਾਰੀ ਨੂੰ ਰਿਹਾਇਸ਼ੀ ਪਲਾਟ ਦੇਣ ਦਾ ਐਲਾਨ ਕੀਤਾ ਹੈ।




ਭਾਰਤੀ ਕਪਤਾਨ ਮਹਿੰਦਰ ਸਿੰਘ ਧੋਨੀ ਨੇ ਕਿਹਾ ਕਿ ਇਹ ਬਹੁਤ ਵੱਡੀ ਪ੍ਰਾਪਤੀ ਹੈ। ਤਕਰੀਬਨ ਡੇਢ ਸਾਲ ਪਹਿਲਾਂ ਹੀ ਉਨ੍ਹਾਂ ਨੇ ਵਿਸ਼ਵ ਕੱਪ 'ਤੇ ਧਿਆਨ ਕੇਂਦਰਤ ਕਰ ਲਿਆ ਸੀ। ਮੈਦਾਨ 'ਤੇ ਚਾਹੇ ਉਹ ਕਿਵੇਂ ਵੀ ਖੇਡੇ ਹੋਣ ਪਰ ਉਨ੍ਹਾਂ ਦਾ ਅਸਲ ਟੀਚਾ ਵਿਸ਼ਵ ਕੱਪ ਜਿੱਤਣਾ ਸੀ। ਉਧਰ ਸ੍ਰੀਲੰਕਾ ਟੀਮ ਦੇ ਕਪਤਾਨ ਕੁਮਾਰ ਸੰਗਾਕਾਰਾ ਨੇ ਹਾਰ ਕਬੂਲਦਿਆਂ ਕਿਹਾ ਕਿ ਭਾਰਤ ਦਾ ਬੱਲੇਬਾਜ਼ੀ ਕ੍ਰਮ ਬਹੁਤ ਮਜ਼ਬੂਤ ਹੈ ਤੇ 300 ਦਾ ਸਕੋਰ ਵੀ ਭਾਰਤੀ ਬੱਲੇਬਾਜ਼ਾਂ ਅੱਗੇ ਛੋਟਾ ਪੈ ਜਾਣਾ ਸੀ। ਸੰਗਾਕਾਰਾ ਨੇ ਕਿਹਾ ਕਿ ਮਹਿੰਦਰ ਸਿੰਘ ਧੋਨੀ ਬੁੱਧੀਮਾਨ ਤੇ ਚਲਾਕ ਕਪਤਾਨ ਹੈ।

*(ਹੋਰ ਖਬਰਾਂ ਪੰਨਾ 12-13 'ਤੇ ਪੜ੍ਹੋ)*

## ਜੋਸ਼ੀ ਤੇ ਚਾਕੋ ਦੀ 'ਲੜਾਈ' ਮੀਰਾ ਕੁਮਾਰ ਲਈ ਮੁਸ਼ਕਲ ਬਣੀ

**ਨਵੀਂ ਦਿੱਲੀ:** 2-ਜੀ ਸਪੈਕਟ੍ਰਮ ਘਪਲੇ ਦੀ ਜਾਂਚ ਕਰ ਰਹੀਆਂ ਦੋ ਕਮੇਟੀਆਂ ਦੇ ਮੁਖੀਆਂ ਵਿਚਾਲੇ ਛਿੜੀ ਹੋਈ ਸ਼ਬਦੀ ਜੰਗ ਵਿਚ ਲੋਕ ਸਭਾ ਸਪੀਕਰ ਮੀਰਾ ਕੁਮਾਰ ਕਸੂਤੀ ਫਸ ਗਈ ਹੈ ਤੇ ਉਨ੍ਹਾਂ ਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਉਹ ਇਹ ਮਾਮਲਾ ਕਿਵੇਂ ਹੱਲ ਕਰਨ।

ਲੋਕ ਲੇਖਾ ਕਮੇਟੀ (ਪੀ.ਏ.ਸੀ.) ਦੇ ਚੇਅਰਮੈਨ ਮੁਰਲੀ ਮਨੋਹਰ ਜੋਸ਼ੀ ਅਤੇ ਸਾਂਝੀ ਸੰਸਦੀ ਕਮੇਟੀ ਦੇ ਮੁਖੀ ਪੀ.ਸੀ. ਚਾਕੋ ਵਿਚਾਲੇ ਘਪਲੇ ਦੀ ਜਾਂਚ ਸਬੰਧੀ ਸ਼ਬਦੀ ਜੰਗ ਤੇਜ਼ ਹੋ ਚੁੱਕੀ ਹੈ। ਦੋਵੇਂ ਕਮੇਟੀਆਂ ਦੇ ਮੁਖੀ ਜਾਂਚ ਉਪਰ ਆਪਣਾ ਵੱਧ ਅਧਿਕਾਰ ਸਾਬਤ ਕਰਨ ਲਈ ਜ਼ੋਰ-ਅਜ਼ਮਾਈ ਕਰ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ਼ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਭ੍ਰਿਸ਼ਟਾਚਾਰ: ਪੰਜਾਬ ਦੇ ਟਰਾਂਸਪੋਰਟ ਵਿਭਾਗ ਨੂੰ 55 ਕਰੋੜ ਦਾ ਚੂਨਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਭਾਵੇਂ ਟਰਾਂਸਪੋਰਟ ਵਿਭਾਗ ਨੂੰ ਪੈ ਰਹੇ ਘਾਟੇ ਦੀ ਦੁਹਾਈ ਦੇ ਕੇ ਲਗਾਤਾਰ ਬੱਸ ਕਰਾਏ 'ਚ ਵਾਧਾ ਕਰ ਰਹੀ ਹੈ ਪਰ ਅਸਲ 'ਚ ਇਸ ਘਾਟੇ ਲਈ ਟਰਾਂਸਪੋਰਟ ਵਿਭਾਗ ਦੇ ਅਫ਼ਸਰ ਹੀ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਬੱਸ ਕੰਪਨੀਆਂ ਨੂੰ ਆਪਣੇ ਤੌਰ 'ਤੇ ਕਰੋੜਾਂ ਰੁਪਏ ਦੇ ਟੈਕਸਾਂ ਦੀ ਛੋਟ ਦੇ ਕੇ ਵਿਭਾਗ ਨੂੰ ਤਕਰੀਬਨ 55 ਕਰੋੜ ਦਾ ਚੂਨਾ ਲਾਇਆ ਹੈ। ਇਸ ਮਾਮਲੇ 'ਚ ਬਠਿੰਡਾ

## ਅਸਰ ਰਸੂਖ਼ ਵਾਲਿਆਂ ਨੂੰ ਟੈਕਸਾਂ 'ਚ ਛੋਟ

ਸੰਸਦੀ ਹਲਕਾ ਸਭ ਤੋਂ ਮੋਹਰੀ ਹੈ ਕਿਉਂਕਿ ਇਕੱਲੇ ਬਠਿੰਡਾ-ਮਾਨਸਾ 'ਚ ਹੀ 23 ਕਰੋੜ ਰੁਪਏ ਦੀ ਗੜਬੜੀ ਹੋਈ ਹੈ।

ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਨੇ ਬੱਸ ਕੰਪਨੀਆਂ ਨੂੰ ਆਪਣੇ ਤੌਰ 'ਤੇ ਕਰੋੜਾਂ ਰੁਪਏ ਦੇ ਟੈਕਸਾਂ ਦੀ ਛੋਟ ਦੇ ਦਿੱਤੀ ਤੇ ਜੋ ਬੱਸ ਕੰਪਨੀਆਂ ਟੈਕਸਾਂ 'ਚ ਡਿਫਾਲਟਰ ਸਨ, ਉਨ੍ਹਾਂ ਨੂੰ ਚੁੱਪ-ਚੁਪੀਤੇ ਰਿਆਇਤਾਂ ਦਾ ਗੱਫਾ ਦੇ ਦਿੱਤਾ ਗਿਆ। ਇਸ ਤੋਂ ਬਿਨਾਂ ਡਿਫਾਲਟਰ ਬੱਸ ਕੰਪਨੀਆਂ ਤੋਂ ਟੈਕਸ ਵਸੂਲਣ ਲਈ ਵੀ ਕੋਈ ਉਪਰਾਲਾ ਨਹੀਂ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ 16 ਜ਼ਿਲ੍ਹਿਆਂ ਦਾ ਸਪੈਸ਼ਲ ਆਡਿਟ ਕਰਾਇਆ ਗਿਆ ਹੈ ਜਿਸ ਵਿਚ 55.49 ਕਰੋੜ ਰੁਪਏ ਦੀ ਗੜਬੜ ਤੇ ਊਣਤਾਈ ਸਾਹਮਣੇ ਆਈ ਹੈ। ਅੰਦਰੂਨੀ ਪੜਤਾਲ ਸੰਸਥਾ (ਮਾਲ) ਪੰਜਾਬ ਵੱਲੋਂ ਜ਼ਿਲ੍ਹਾ ਟਰਾਂਸਪੋਰਟ ਦਫ਼ਤਰਾਂ ਦਾ ਇਕ ਅਪਰੈਲ 2007 ਤੋਂ 31 ਮਾਰਚ, 2010 ਤੱਕ ਦਾ ਸਪੈਸ਼ਲ ਆਡਿਟ ਕੀਤਾ ਗਿਆ ਹੈ। ਹੁਣ ਜ਼ਿਲ੍ਹਾ ਟਰਾਂਸਪੋਰਟ ਅਫਸਰ ਇਸ ਆਡਿਟ ਮਗਰੋਂ ਆਪਣੇ ਜਵਾਬ ਨਹੀਂ ਭੇਜ ਰਹੇ। ਅੰਦਰੂਨੀ ਪੜਤਾਲ ਸੰਸਥਾ ਦੇ ਵਧੀਕ ਡਾਇਰੈਕਟਰ ਨੇ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਪੱਤਰ ਲਿਖਿਆ ਹੈ ਪਰ ਪੰਜਾਬ ਸਰਕਾਰ ਨੇ ਵੀ ਇਸ ਮਾਮਲੇ 'ਚ ਚੁੱਪ ਵੱਟ ਲਈ ਹੈ।




ਵਧੀਕ ਡਾਇਰੈਕਟਰ ਨੇ ਇਸ ਮਾਮਲੇ 'ਚ ਦੋਸ਼ੀ ਪਾਏ ਗਏ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਵਾਸਤੇ ਵੀ ਪ੍ਰਮੁੱਖ ਸਕੱਤਰ ਟਰਾਂਸਪੋਰਟ ਨੂੰ ਆਖਿਆ ਗਿਆ ਸੀ ਪਰ ਇਸ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ ਹੈ। ਪੰਜਾਬ ਸਰਕਾਰ ਵੱਲੋਂ ਪਹਿਲਾਂ ਅੰਮ੍ਰਿਤਸਰ, ਗੁਰਦਾਸਪੁਰ, ਪਟਿਆਲਾ ਤੇ ਲੁਧਿਆਣਾ ਜ਼ਿਲ੍ਹੇ ਦਾ ਸਪੈਸ਼ਲ ਆਡਿਟ ਕਰਾਇਆ ਗਿਆ ਸੀ ਜਿਸ ਵਿਚ ਗੰਭੀਰ ਊਣਤਾਈਆਂ ਸਾਹਮਣੇ ਆਈਆਂ ਸਨ। ਉਸ ਮਗਰੋਂ ਸਰਕਾਰ ਨੇ ਸਾਰੇ ਪੰਜਾਬ 'ਚ ਹੀ ਸਪੈਸ਼ਲ ਆਡਿਟ ਕਰਾਉਣ ਦਾ ਫੈਸਲਾ ਕੀਤਾ ਸੀ। ਸਪੈਸ਼ਲ ਆਡਿਟ ਹੋਣ ਮਗਰੋਂ ਹੁਣ 16 ਜ਼ਿਲ੍ਹਾ ਟਰਾਂਸਪੋਰਟ ਦਫ਼ਤਰਾਂ ਵਿਚ ਵੱਡੀ ਗੜਬੜੀ ਸਾਹਮਣੇ ਆਈ ਹੈ।

ਜ਼ਿਲ੍ਹਾ ਮਾਨਸਾ ਸਭ ਤੋਂ ਪਹਿਲੇ ਨੰਬਰ 'ਤੇ ਹੈ ਜਿਸ 'ਚ 14.39 ਕਰੋੜ ਰੁਪਏ ਦੀ ਗੜਬੜ ਸਾਹਮਣੇ ਆਈ ਹੈ ਜਿਸ 'ਚ ਕਾਫੀ ਰਕਮ ਉਹ ਹੈ ਜਿਸ ਦੀਆਂ ਛੋਟਾਂ ਬੱਸ ਕੰਪਨੀਆਂ ਨੂੰ ਟਰਾਂਸਪੋਰਟ ਅਫਸਰਾਂ ਨੇ ਦੇ ਦਿੱਤੀਆਂ ਹਨ। ਇਸੇ ਤਰ੍ਹਾਂ ਪੰਜਾਬ ਦੇ 16 ਜ਼ਿਲ੍ਹਿਆਂ ਦੇ ਜ਼ਿਲ੍ਹਾ ਟਰਾਂਸਪੋਰਟ ਦਫ਼ਤਰਾਂ 'ਚ 95.44 ਲੱਖ ਰੁਪਏ ਦਾ ਤਾਂ ਰਿਕਾਰਡ ਹੀ ਮੁਕੰਮਲ ਨਹੀਂ ਕੀਤਾ ਗਿਆ ਜਿਸ ਨੂੰ ਪ੍ਰੋਸੀਜਰਲ ਰਕਮ ਦਾ ਨਾਂ ਦਿੱਤਾ ਗਿਆ ਹੈ। ਜ਼ਿਲ੍ਹਾ ਮਾਨਸਾ 'ਚ ਇਹ ਪ੍ਰੋਸੀਜਰਲ ਰਕਮ 17.67 ਲੱਖ ਰੁਪਏ ਬਣਦੀ ਹੈ।

ਜ਼ਿਲ੍ਹਾ ਬਠਿੰਡਾ ਵਿਚ 8.91 ਕਰੋੜ ਰੁਪਏ ਦੀ ਊਣਤਾਈ ਬੇਪਰਦਾ ਹੋਈ ਹੈ ਜਿਸ ਵਿਚ ਤਕਰੀਬਨ ਚਾਰ ਕਰੋੜ ਰੁਪਏ ਦੀ ਤਾਂ ਇਕੱਲੀ ਛੋਟ ਹੀ ਬੱਸ ਕੰਪਨੀਆਂ ਨੂੰ ਦਿੱਤੀ ਗਈ ਹੈ। ਤਕਰੀਬਨ ਚਾਰ ਦਰਜਨ ਬੱਸਾਂ ਦਾ ਟੈਕਸ ਹੀ ਮੁਆਫ਼ ਕਰ ਦਿੱਤਾ ਗਿਆ। ਸਰਕਾਰੀ ਸੂਤਰਾਂ ਅਨੁਸਾਰ ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਵੱਲੋਂ ਹੀ ਟੈਕਸ ਮੁਆਫ਼ ਕਰ ਦਿੱਤੇ ਗਏ ਹਨ ਜਦੋਂਕਿ ਉਹ ਨਿਯਮਾਂ ਅਨੁਸਾਰ ਅਜਿਹਾ ਨਹੀਂ ਕਰ ਸਕਦੇ। ਹਾਲਾਂਕਿ ਬਹੁਤੀਆਂ ਬੱਸਾਂ ਤਾਂ ਰੂਟਾਂ ਤੋਂ ਵੀ ਉੱਤਰ ਚੁੱਕੀਆਂ ਸਨ। ਬਠਿੰਡਾ ਜ਼ਿਲ੍ਹੇ ਵਿਚ ਤਾਂ ਸਿਆਸੀ ਜ਼ੋਰ ਨਾਲ ਵੀ ਬੱਸ ਕੰਪਨੀਆਂ ਨੂੰ ਰਿਆਇਤਾਂ ਮਿਲੀਆਂ ਹਨ। ਇਨ੍ਹਾਂ ਬੱਸ ਕੰਪਨੀਆਂ ਵੱਲ ਪੁਰਾਣਾ ਸਪੈਸ਼ਲ ਰੋਡ ਟੈਕਸ ਬਕਾਇਆ ਖੜ੍ਹਾ ਸੀ। ਕਈ ਸਾਲਾਂ ਤੋਂ ਸਰਕਾਰ ਨੇ ਮੋਟਰ ਵਹੀਕਲ ਟੈਕਸ ਲਾਇਆ ਹੋਇਆ ਹੈ ਜੋ ਬੱਸ ਕੰਪਨੀ ਨੇ ਹਰ ਮਹੀਨੇ ਭਰਨਾ ਹੁੰਦਾ ਹੈ। ਅਸਰ ਰਸੂਖ ਵਾਲੇ ਬੱਸ ਮਾਲਕਾਂ ਨੂੰ ਇਸ 'ਚ ਕਾਫੀ ਗੱਫੇ ਮਿਲੇ ਹਨ। ਜਲੰਧਰ ਜ਼ਿਲ੍ਹਾ ਅਜਿਹਾ ਹੈ ਜਿਸ ਦੇ ਡੀ.ਟੀ.ਓ. ਦਫ਼ਤਰ 'ਚ 36.62 ਲੱਖ ਰੁਪਏ ਦਾ ਰਿਕਾਰਡ ਹੀ ਮੁਕੰਮਲ ਨਹੀਂ ਕੀਤਾ ਗਿਆ ਜਦੋਂ ਕਿ 4.41 ਕਰੋੜ ਰੁਪਏ ਦੀ ਗੜਬੜੀ ਵੱਖਰੀ ਹੈ।

ਜ਼ਿਲ੍ਹਾ ਬਰਨਾਲਾ ਦੇ ਡੀ.ਟੀ.ਓ. ਦਫ਼ਤਰ 'ਚ 7.60 ਕਰੋੜ ਰੁਪਏ ਦੀ ਊਣਤਾਈ ਪਾਈ ਗਈ ਹੈ ਜਦੋਂਕਿ 5.21 ਲੱਖ ਰੁਪਏ ਦਾ ਕੋਈ ਰਿਕਾਰਡ ਮੁਕੰਮਲ ਨਹੀਂ ਕੀਤਾ ਗਿਆ। ਸੰਗਰੂਰ ਦੇ ਡੀ.ਟੀ.ਓ. ਦਫ਼ਤਰ 'ਚ 5.24 ਕਰੋੜ ਰੁਪਏ ਦੀ ਗੜਬੜ ਸਾਹਮਣੇ ਆਈ ਹੈ ਜਦੋਂਕਿ ਜ਼ਿਲ੍ਹਾ ਫਰੀਦਕੋਟ ਦੇ ਦਫ਼ਤਰ 'ਚ 3.62 ਕਰੋੜ ਰੁਪਏ ਦੀ ਊਣਤਾਈ ਪਾਈ ਗਈ ਹੈ। ਮੁੱਖ ਮੰਤਰੀ ਪੰਜਾਬ ਦੇ ਜੱਦੀ ਜ਼ਿਲ੍ਹੇ ਮੁਕਤਸਰ ਦੇ ਡੀ.ਟੀ.ਓ. ਦਫ਼ਤਰ 'ਚ ਵੀ 2.43 ਕਰੋੜ ਰੁਪਏ ਦੀ ਗੜਬੜੀ ਪਾਈ ਗਈ ਹੈ।

ਤਕਰੀਬਨ ਤਿੰਨ ਸਾਲ ਪਹਿਲਾਂ ਬੱਸ ਕੰਪਨੀਆਂ ਵੱਲੋਂ ਟੋਕਨ ਟੈਕਸ ਤੇ ਸਪੈਸ਼ਲ ਰੋਡ ਟੈਕਸ ਤਾਰਿਆ ਜਾਂਦਾ ਸੀ ਜਦੋਂਕਿ ਹੁਣ ਇਨ੍ਹਾਂ ਦੀ ਥਾਂ 'ਤੇ ਮੋਟਰ ਵਹੀਕਲ ਟੈਕਸ ਲਾ ਦਿੱਤਾ ਗਿਆ ਹੈ। ਜਿਨ੍ਹਾਂ ਬੱਸ ਕੰਪਨੀਆਂ ਨੂੰ ਡੀ.ਟੀ.ਓਜ਼ ਵੱਲੋਂ ਛੋਟਾਂ ਦਿੱਤੀਆਂ ਗਈਆਂ ਹਨ, ਉਨ੍ਹਾਂ 'ਚ ਜ਼ਿਆਦਾ ਪੁਰਾਣਾ ਟੈਕਸ ਹੈ। ਸਪੈਸ਼ਲ ਆਡਿਟ ਰਿਪੋਰਟ 'ਚ ਲਿਖਿਆ ਗਿਆ ਹੈ ਕਿ ਇਨ੍ਹਾਂ 16 ਜ਼ਿਲ੍ਹਿਆਂ 'ਚ 55.49 ਕਰੋੜ ਰੁਪਏ ਦੀ ਵਸੂਲਣਯੋਗ ਰਕਮ ਬਣਦੀ ਹੈ।

## ਬਾਹਰਲੇ ਰਾਜਾਂ ਦੀਆਂ ਬੱਸਾਂ ਵੱਲੋਂ ਵੀ ਵਿਤੀ ਰਗੜਾ

**ਚੰਡੀਗੜ੍ਹ:** ਬਾਹਰਲੇ ਰਾਜਾਂ 'ਚੋਂ ਪੰਜਾਬ ਵਿਚ ਆ ਰਹੀਆਂ ਸਰਕਾਰੀ ਤੇ ਟੂਰਿਸਟ ਬੱਸਾਂ ਵੱਲੋਂ ਵੱਡੇ ਪੱਧਰ 'ਤੇ ਸੜਕ ਟੈਕਸ ਦੀ ਚੋਰੀ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਰਜਿਸਟਰਡ ਤੇ ਬਾਹਰਲੇ ਰਾਜਾਂ 'ਚੋਂ ਪੰਜਾਬ ਵਿਚ ਚੱਲਣ ਵਾਲੀਆਂ ਬੱਸਾਂ ਨੂੰ ਵਿਸ਼ੇਸ਼ ਸੜਕ ਕਰ ਦੇਣਾ ਪੈਂਦਾ ਹੈ। ਇਹ ਕਰ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਲਿਆ ਜਾਂਦਾ ਹੈ। ਰਿਪੋਰਟ ਮੁਤਾਬਕ ਰਾਜਸਥਾਨ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਨੂੰ ਆਪਸੀ ਸਮਝੌਤੇ ਤਹਿਤ ਪੰਜਾਬ ਵਿਚ ਪ੍ਰਤੀ ਦਿਨ 340 ਕਿਲੋਮੀਟਰ ਦੇ ਫਾਸਲੇ ਲਈ ਬੱਸ ਸੇਵਾਵਾਂ ਚਲਾਉਣ ਦੀ ਆਗਿਆ ਦਿੱਤੀ ਗਈ ਸੀ।

ਰਾਜਸਥਾਨ ਸਰਕਾਰ ਵੱਲੋਂ ਸਮਝੌਤੇ ਤਹਿਤ 4.59 ਰੁਪਏ ਪ੍ਰਤੀ ਕਿਲੋਮੀਟਰ ਵਿਸ਼ੇਸ਼ ਸੜਕ ਕਰ ਵਜੋਂ ਦੇਣੇ ਸਨ ਜੋ ਕਿ ਦੱਬ ਲਏ ਗਏ। ਇਸ ਤੋਂ ਬਿਨਾਂ ਛੇ ਸਰਬ ਭਾਰਤੀ ਟੂਰਿਸਟ ਏਅਰ ਕੰਡੀਸ਼ਨਡ ਬੱਸਾਂ ਤੋਂ ਸਾਲ 2008 ਤੇ 2009 ਲਈ ਕਰ ਦੀ ਨਾ ਤਾਂ ਪੰਜਾਬ ਸਰਕਾਰ ਨੇ ਮੰਗ ਕੀਤੀ ਤੇ ਨਾ ਹੀ ਮਾਲਕਾਂ ਵੱਲੋਂ ਟੈਕਸ ਚੁਕਾਉਣ ਦੀ ਲੋੜ ਸਮਝੀ ਗਈ ਹੈ। ਇਹ ਰਕਮ 11.70 ਲੱਖ ਰੁਪਏ ਬਣਦੀ ਸੀ। ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ ਨੂੰ ਪੰਜਾਬ ਰਾਜ ਵਿਚ 29,562 ਕਿਲੋਮੀਟਰ ਪ੍ਰਤੀ ਦਿਨ ਬੱਸਾਂ ਚਲਾਉਣ ਦੀ ਆਗਿਆ ਮਿਲੀ ਸੀ। ਇਸ ਲਈ ਪ੍ਰਤੀ ਕਿਲੋਮੀਟਰ 3.70 ਰੁਪਏ ਸੜਕ ਕਰ ਤੈਅ ਹੋਇਆ ਸੀ ਪਰ ਚੰਡੀਗੜ੍ਹ ਵੱਲੋਂ 2.25 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਅਦਾਇਗੀ ਕੀਤੀ ਗਈ ਜਿਸ ਨਾਲ ਰਾਜ ਸਰਕਾਰ ਨੂੰ 28.25 ਲੱਖ ਰੁਪਏ ਦਾ ਰਗੜਾ ਲੱਗਾ ਹੈ।

*To Advertise with us*
*call: 847-359-0746*

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

*Call: Sohanpreet 'Sam' Chahal*
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਅਕਾਲੀ ਦਲ 'ਚ ਜੀ ਹਜ਼ੂਰੀ ਦਾ ਬੋਲਬਾਲਾ:ਜਥੇਦਾਰ ਤਲਵੰਡੀ

**ਅਮਲੋਹ:** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ (ਬ) 'ਚੋਂ ਬਾਗੀ ਹੋਣ ਤੋਂ ਪਿੱਛੋਂ ਹੁਣ ਕੁਝ ਹੋਰ ਅਕਾਲੀ ਆਗੂਆਂ ਨੇ ਵੀ ਬਾਗੀ ਸੁਰਾਂ ਅਲਾਪਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਰਟੀ 'ਚ ਵਧ ਰਹੀ ਜੀ ਹਜ਼ੂਰੀ 'ਤੇ ਨਰਾਜ਼ਗੀ ਜ਼ਾਹਰ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਲੀਡਰਸ਼ਿਪ ਨੂੰ ਖਰੀਆਂ-

### ਬਾਦਲ ਨੂੰ ਸੁਣਾਈਆਂ ਖਰੀਆਂ-ਖਰੀਆਂ

ਖਰੀਆਂ ਸੁਣਾਉਂਦਿਆਂ ਕਿਹਾ ਕਿ ਪਾਰਟੀ ਨੂੰ ਅੱਜ ਅਜਿਹੇ ਲੋਕਾਂ ਦੀ ਥਾਂ ਵਰਕਰਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਸ. ਬਲਵਿੰਦਰ ਸਿੰਘ ਭੂੰਦੜ ਤੇ ਸੁਖਦੇਵ ਸਿੰਘ ਢੀਂਡਸਾ ਦਾ ਨਾਂ ਲੈਂਦਿਆਂ ਕਿਹਾ ਕਿ ਅੱਜ ਦੋ ਵਿਅਕਤੀ ਹੀ ਨਹੀਂ ਸਗੋਂ ਪਾਰਟੀ ਵਿਚ ਹੋਰ ਵੀ ਬਹੁਤ ਲੋਕ ਹਨ ਜਿਨ੍ਹਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਜਥੇਦਾਰ ਤਲਵੰਡੀ ਇਕ ਅਪਰੈਲ ਨੂੰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ 7ਵੀਂ ਬਰਸੀ ਮੌਕੇ ਕਰਵਾਏ ਰਾਜ ਪੱਧਰੀ ਸਮਾਗਮ 'ਚ ਬੋਲ ਰਹੇ ਸਨ।

ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਖਿਲਾਫ ਡਟਣ ਵਾਲੀ ਕਿਸੇ ਵੀ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ ਸਵਾਗਤ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਪੰਜਾਬ ਦੀ ਸਭ ਤੋਂ ਵੱਡੀ ਦੁਸ਼ਮਣ ਜਮਾਤ ਹੈ ਇਸ ਨੇ ਸੂਬੇ ਦਾ ਵੱਡਾ ਨੁਕਸਾਨ ਕੀਤਾ ਹੈ। ਇਸ ਲਈ ਰਾਜ ਦੇ ਹਿੱਤਾਂ ਦੀ ਰਾਖੀ ਤੇ ਪੰਜਾਬ ਵਿਚੋਂ ਕਾਂਗਰਸ ਨੂੰ ਖਦੇੜਨ ਲਈ ਸਹਿਯੋਗ ਦੇਣ ਵਾਲੀ ਕਿਸੇ ਵੀ ਕਾਂਗਰਸ ਵਿਰੋਧੀ ਪਾਰਟੀ ਨਾਲ ਗਠਜੋੜ ਕਰਨ ਤੋਂ ਸੰਕੋਚ ਨਹੀਂ ਕਰਾਂਗੇ। ਲੰਬੀ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਜਾਂ ਨਾ ਲੜਨ ਬਾਰੇ ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਪਾਰਟੀ ਨੇ ਕਰਨਾ ਹੈ। ਸਮਾਗਮ ਦੌਰਾਨ ਜਥੇਦਾਰ ਟੌਹੜਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਵੀ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਕੇਂਦਰ ਨਾਲ ਸਿਧਾਂਤਕ ਲੜਾਈ ਲੜੀ ਗਈ ਤਾਂ ਜਥੇਦਾਰ ਟੌਹੜਾ ਨੇ ਹਮੇਸ਼ਾ ਉਸ ਲੜਾਈ ਦੀ ਅਗਵਾਈ ਕੀਤੀ। ਉਨ੍ਹਾਂ ਦੇ ਜਾਣ ਨਾਲ ਪੰਜਾਬ ਨੂੰ ਵੱਡਾ ਘਾਟਾ ਪਿਆ ਹੈ ਜਿਸ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰਾਂ ਵੱਲੋਂ ਸੋਚੀ ਸਮਝੀ ਸਾਜ਼ਿਸ਼ ਤਹਿਤ ਰਾਜਾਂ ਨੂੰ ਵਿੱਤੀ ਤੇ ਰਾਜਸੀ ਤੌਰ 'ਤੇ ਕਮਜ਼ੋਰ ਕੀਤਾ ਜਾ ਰਿਹਾ ਹੈ।ਇਸ ਲਈ ਰਾਜਾਂ ਦੇ ਹਿੱਤਾਂ ਦੀ ਰਾਖੀ ਲਈ ਕੇਂਦਰ ਦੀਆਂ ਸ਼ਕਤੀਆਂ ਦੇ ਵਿਕੇਂਦਰੀਕਰਨ ਦੀ ਲੋੜ ਹੈ। ਸ. ਬਾਦਲ ਨੇ ਕਿਹਾ ਕਿ ਪਾਰਟੀ ਦੇ ਸਿਰ 'ਤੇ ਹੀ ਮਨਪ੍ਰੀਤ ਸਿੰਘ ਬਾਦਲ ਚਾਰ ਵਾਰ ਵਿਧਾਇਕ ਬਣਿਆ ਤੇ ਮੰਤਰੀ ਵੀ ਰਿਹਾ ਹੈ ਪਰ ਉਸ ਨੇ ਪਾਰਟੀ ਦੇ ਅਸੂਲਾਂ 'ਤੇ ਚੱਲਣ ਦੀ ਬਜਾਏ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਿਆ ਹੈ।

ਇਸ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਕਿਹਾ ਕਿ ਜਥੇਦਾਰ ਟੌਹੜਾ ਮਹਾਨ ਹਸਤੀ ਸਨ। ਉਨ੍ਹਾਂ ਦੀ ਯਾਦ ਵਿਚ 8 ਏਕੜ ਰਕਬੇ 'ਚ ਆਦਰਸ਼ ਸਕੂਲ ਸਾਲ ਦੇ ਅੰਦਰ-ਅੰਦਰ ਬਣ ਕੇ ਤਿਆਰ ਹੋ ਜਾਵੇਗਾ। ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਕਿਹਾ ਕਿ ਜਥੇਦਾਰ ਟੌਹੜਾ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ। ਪਛੜੀਆਂ ਸ਼੍ਰੇਣੀਆਂ ਕਮਿਸ਼ਨ ਪੰਜਾਬ ਦੇ ਚੇਅਰਮੈਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜਥੇਦਾਰ ਟੌਹੜਾ ਨੇ ਲੰਮਾ ਸਮਾਂ ਨਿਸ਼ਕਾਮ ਸੇਵਾ ਕੀਤੀ ਤੇ ਉਨ੍ਹਾਂ ਦੀ ਪੰਜਾਬ ਨੂੰ ਵੱਡੀ ਦੇਣ ਹੈ।



*ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ 7ਵੀਂ ਬਰਸੀ ਮੌਕੇ ਮੰਚ 'ਤੇ ਬੈਠੇ ਸ. ਪ੍ਰਕਾਸ਼ ਸਿੰਘ ਬਾਦਲ ਤੇ ਹੋਰ।*

## ਮਨਪ੍ਰੀਤ ਨੇ ਸੁਖਬੀਰ ਨਾਲ ਸਾੜੇ ਕਰਕੇ ਪਾਰਟੀ ਛੱਡੀ:ਬਾਦਲ

**ਬਠਿੰਡਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਹੈ ਕਿ ਮਨਪ੍ਰੀਤ ਬਾਦਲ ਦੇ ਅਕਾਲੀ ਦਲ ਛੱਡਣ ਦਾ ਇਕੋ-ਇਕ ਕਾਰਨ ਉਸ ਦੀ ਸੁਖਬੀਰ ਬਾਦਲ ਨਾਲ ਈਰਖਾ ਕਰਨਾ ਹੈ ਤੇ ਉਸ ਨੇ ਕਰਜ਼ਾ ਮੁਆਫ਼ੀ ਦੇ ਮਾਮਲੇ ਨੂੰ ਤਾਂ ਬਹਾਨਾ ਹੀ ਬਣਾਇਆ ਗਿਆ ਹੈ।

ਉਨ੍ਹਾਂ ਆਖਿਆ ਕਿ ਮਨਪ੍ਰੀਤ ਦੇ ਪਿੱਛੇ ਹੋਰ ਤਾਕਤਾਂ ਵੀ ਕੰਮ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਜਿਸ ਮਨਪ੍ਰੀਤ ਨੂੰ ਅਕਾਲੀ ਦਲ ਨੇ ਲਹੂ ਲੁਹਾਣ ਹੋ ਕੇ ਪਹਿਲੀ ਵਾਰ ਵਿਧਾਇਕ ਬਣਾਇਆ ਸੀ, ਉਸ ਨੇ ਪਾਰਟੀ ਛੱਡ ਕੇ ਗੁਨਾਹ ਕੀਤਾ ਹੈ। ਉਨ੍ਹਾਂ ਆਖਿਆ ਕਿ ਮਨਪ੍ਰੀਤ ਚਾਰ ਵਾਰ ਪਾਰਟੀ ਦੇ ਚੋਣ ਮਨੋਰਥ ਪੱਤਰ 'ਤੇ ਵਿਧਾਇਕ ਬਣਿਆ ਤੇ ਉਸ ਨੂੰ ਪਾਰਟੀ ਨੇ ਕੈਬਨਿਟ ਵਜ਼ੀਰ ਬਣਾਇਆ। ਉਨ੍ਹਾਂ ਆਖਿਆ ਕਿ "ਮੈਨੂੰ ਤਾਂ ਵੱਡਾ ਦੁੱਖ ਇਹ ਹੋਇਆ ਹੈ ਕਿ ਮਨਪ੍ਰੀਤ ਨੇ ਮੈਥੋਂ ਮੇਰਾ ਭਰਾ ਖੋਹ ਲਿਆ। ਉਨ੍ਹਾਂ ਆਖਿਆ ਕਿ ਸੁਖਬੀਰ ਨੇ ਪਿਛਲੀ ਵਿਧਾਨ ਸਭਾ ਚੋਣ ਵਿਚ ਕੈਪਟਨ ਅਮਰਿੰਦਰ ਨੂੰ ਟੱਕਰ ਦਿੱਤੀ ਤੇ ਪਾਰਟੀ ਨੂੰ ਜਿੱਤ ਦਿਵਾਈ ਜਿਸ ਕਰਕੇ ਪਾਰਟੀ ਨੇ ਉਸ ਨੂੰ ਪ੍ਰਧਾਨ ਬਣਾ ਦਿੱਤਾ।

## ਈਰਖਾ ਕਰਕੇ ਨਹੀਂ ਸਗੋਂ ਅਸੂਲਾਂ ਲਈ ਪਾਰਟੀ ਛੱਡੀ: ਮਨਪ੍ਰੀਤ

**ਗਿੱਦੜਬਾਹਾ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਤੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਸ 'ਤੇ ਸੁਖਬੀਰ ਬਾਦਲ ਨਾਲ ਈਰਖਾ ਕਰਨ ਦੇ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਸੁਖਬੀਰ ਨਾਲ ਸਾੜੇ ਕਰਕੇ ਪਾਰਟੀ ਨਹੀਂ ਛੱਡੀ ਸਗੋਂ ਅਸੂਲਾਂ ਕਰਕੇ ਉਸ ਨੂੰ ਪਾਰਟੀ 'ਚੋਂ ਕੱਢਿਆ ਗਿਆ ਹੈ।



ਉਨ੍ਹਾਂ ਕਿਹਾ ਕਿ ਉਹ ਤਾਂ ਹਮੇਸ਼ਾ ਹੀ ਪਾਰਟੀ ਦਾ ਵਫ਼ਾਦਾਰ ਸਿਪਾਹੀ ਰਿਹਾ ਸੀ ਤੇ ਜੋ ਰਸਤਾ ਉਸ ਨੇ ਹੁਣ ਅਪਣਾਇਆ ਹੈ ਉਹ ਦੋ ਸਾਲ ਪਹਿਲਾਂ ਹੀ ਅਪਨਾ ਲੈਣਾ ਚਾਹੀਦਾ ਸੀ। ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਹਲਕਾ ਲੰਬੀ ਤੋਂ ਉਨ੍ਹਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਚੋਣ ਲੜਨਗੇ ਕਿਉਂਕਿ ਗੁਰਦਾਸ ਬਾਦਲ ਹੀ ਲੰਬੀ ਤੋਂ ਚੋਣ ਜਿੱਤਣ 'ਚ ਸਮਰੱਥ ਹਨ ਤੇ ਉਹ ਖੁਦ ਹਲਕਾ ਗਿੱਦੜਬਾਹਾ ਤੋਂ ਚੋਣ ਲੜਨਗੇ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ 90 ਦਿਨਾਂ ਦੇ ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਦੀ ਕਾਰਜਕਾਰਨੀ ਦਾ ਐਲਾਨ ਕੀਤਾ ਜਾਵੇਗਾ ਜਿਸ ਤਹਿਤ ਪਹਿਲੇ 60 ਦਿਨ ਪਾਰਟੀ ਵਿਚ ਭਰਤੀ ਕੀਤੀ ਜਾਵੇਗੀ ਤੇ ਉਸ ਤੋਂ ਬਾਅਦ ਆਉਂਦੇ 30 ਦਿਨਾਂ 'ਚ ਪੰਜਾਬ ਭਰ ਵਿਚ ਜ਼ਿਲ੍ਹਾ ਤੇ ਬਲਾਕ ਪ੍ਰਧਾਨ ਦੀ ਨਿਯੁਕਤੀ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਨੂੰ ਨਵੇਂ ਇਨਕਲਾਬ ਦੀ ਲੋੜ ਹੈ ਕਿਉਂਕਿ ਦੁਨੀਆ ਵਿਚ ਜਿੱਥੇ ਵੀ ਇਨਕਲਾਬ ਆਇਆ ਹੈ ਉਸ ਮੁਲਕ ਨੇ 15 ਤੋਂ 20 ਸਾਲਾਂ ਵਿਚ ਬੇਰੁਜ਼ਗਾਰੀ, ਗਰੀਬੀ ਤੇ ਅਨਪੜ੍ਹਤਾ ਵਰਗੀਆਂ ਲਾਹਨਤਾਂ ਤੋਂ ਛੁਟਕਾਰਾ ਪਾਇਆ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀ ਨਵੀਂ ਪਾਰਟੀ ਵਿਚ ਭਰਤੀ ਮੁਹਿੰਮ ਸ਼ੁਰੂ ਕਰਨ ਜਾ ਰਹੇ ਹਨ ਤੇ ਉਨ੍ਹਾਂ ਆਸ ਪ੍ਰਗਟਾਈ ਕਿ ਹਲਕਾ ਗਿੱਦੜਬਾਹਾ ਚੋਂ ਉਸ ਦੀ ਪਾਰਟੀ ਵਿਚ ਵੱਡੇ ਪੱਧਰ 'ਤੇ ਲੋਕ ਸ਼ਾਮਲ ਹੋਣਗੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਉਹ ਆਪਣੇ ਅਸੂਲਾਂ ਤੋਂ ਭਟਕ ਜਾਂਦੇ ਤਾਂ ਪੰਜਾਬ ਦੇ ਲੋਕਾਂ ਨੇ ਉਸ ਦਾ ਸਾਥ ਨਹੀਂ ਦੇਣਾ ਸੀ।

ਉਨ੍ਹਾਂ ਕਿਹਾ ਕਿ ਗਿਆਰਾਂ ਮਹੀਨਿਆਂ ਬਾਅਦ ਪੰਜਾਬ ਵਿਚ ਵੱਡੀਆਂ ਰੈਲੀਆਂ ਤੇ ਮੇਲਿਆਂ 'ਤੇ ਹੁੰਦੀਆਂ ਸਿਆਸੀ ਕਾਨਫਰੰਸਾਂ ਦੀ ਰਿਵਾਇਤ ਬੰਦ ਕੀਤੀ ਜਾਵੇਗੀ ਕਿਉਂਕਿ ਇਸ ਨਾਲ ਆਮ ਲੋਕਾਂ ਨੂੰ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਬਾਜਵਾ ਵੱਲੋਂ ਵੀ ਮਨਪ੍ਰੀਤ ਬਾਦਲ ਦੀ ਪ੍ਰਸ਼ੰਸਾ

**ਪਠਾਨਕੋਟ:** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵੀ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੁਖੀ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸੋਹਲੇ ਗਾਉਣੇ ਸ਼ੁਰੂ ਕਰ ਦਿੱਤੇ ਹਨ। ਸ. ਬਾਜਵਾ ਨੇ ਮਨਪ੍ਰੀਤ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਦਿਆਂ ਉਸ ਵੱਲੋਂ ਉਠਾਏ ਗਏ ਮੁੱਦਿਆਂ ਨੂੰ ਸਹੀ ਤੇ ਢੁਕਵੇਂ ਕਰਾਰ ਦਿੱਤਾ ਹੈ।



ਸ. ਬਾਜਵਾ ਨੇ ਕਿਹਾ ਕਿ ਜਿਸ ਤਰ੍ਹਾਂ ਦੀ ਲੁੱਟ-ਖਸੁੱਟ ਇਸ ਸਮੇਂ ਜਾਰੀ ਹੈ ਜੇਕਰ ਇਸ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇਸ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਦੀ ਪਾਰਟੀ ਵਿਚ ਤਾਂ ਉਹ ਆਗੂ ਹੀ ਜਾ ਰਹੇ ਹਨ ਜੋ ਦੋਹਾਂ ਸ਼੍ਰੋਮਣੀ ਅਕਾਲੀ ਦਲਾਂ ਤੇ ਕਾਂਗਰਸ ਪਾਰਟੀ ਤੋਂ ਅਸੰਤੁਸ਼ਟ ਹਨ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਅਕਾਲੀ-ਭਾਜਪਾ ਰਾਜ ਸਮੇਂ ਸਾਰਾ ਪੈਸਾ ਮਾਲਵਾ ਖੇਤਰ ਵਿਚ ਹੀ ਵਰਤਿਆ ਤੇ ਮਾਝਾ/ਦੁਆਬਾ ਖੇਤਰ ਦਾ ਉੱਕਾ ਹੀ ਵਿਕਾਸ ਨਹੀਂ ਕਰਵਾਇਆ।

## ਮਨਪ੍ਰੀਤ ਬਾਦਲ ਦੀ ਮੁਹਿੰਮ ਨੂੰ ਹੁਲਾਰਾ

**ਚੰਡੀਗੜ੍ਹ:** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ 'ਪੀਪਲਜ਼ ਪਾਰਟੀ ਆਫ ਪੰਜਾਬ' ਦਾ ਆਗਾਜ਼ ਚੰਗਾ ਹੁੰਦਾ ਨਜ਼ਰ ਆ ਰਿਹਾ ਹੈ ਕਿਉਂਕਿ ਇਸ ਪਾਰਟੀ 'ਚ ਕਈ ਉੱਘੀਆਂ ਸਿਆਸੀ ਹਸਤੀਆਂ ਸ਼ਾਮਲ ਹੋਣ ਲਈ ਪੱਬਾਂ ਭਾਰ ਹੋ ਗਈਆਂ ਹਨ। ਇਸ ਮੌਕੇ ਮੁਲਾਜ਼ਮ ਲਹਿਰ ਦੇ ਪ੍ਰਮੁੱਖ ਆਗੂ ਵੀ ਮਨਪ੍ਰੀਤ ਸਿੰਘ ਬਾਦਲ ਦੇ ਸਿਆਸੀ ਬੇੜੇ ਵਿਚ ਸਵਾਰ ਹੋਣ ਲੱਗੇ ਹਨ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ, ਮੁਲਾਜ਼ਮਾਂ ਦੀ ਕੌਮੀ ਫੈਡਰੇਸ਼ਨ ਦੇ ਵਾਈਸ ਚੇਅਰਮੈਨ ਤੇ ਮਾਸਿਕ ਪਰਚੇ 'ਮੁਲਾਜ਼ਮ ਲਹਿਰ' ਦੇ ਲੰਮਾ ਸਮਾਂ ਮੁੱਖ ਸੰਪਾਦਕ ਰਹੇ ਸੁੱਚਾ ਸਿੰਘ ਖੱਟੜਾ ਨੇ ਮਨਪ੍ਰੀਤ ਦੀ ਪੀਪਲਜ਼ ਪਾਰਟੀ ਆਫ ਪੰਜਾਬ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਨਿਊ ਡੈਮੋਕਰੇਟਿਕ ਪਾਰਟੀ ਵੱਲੋਂ ਪੀਪਲਜ਼ ਪਾਰਟੀ ਆਫ ਪੰਜਾਬ ਨੂੰ ਹਮਾਇਤ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਪਾਰਟੀ ਦੀ ਇਥੇ ਹੋਈ ਮੀਟਿੰਗ ਉਪਰੰਤ ਪਾਰਟੀ ਦੇ ਪ੍ਰਧਾਨ ਡਾ.ਏ.ਐਸ ਮਾਨ ਨੇ ਕਿਹਾ ਕਿ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਸੂਬੇ ਦੀ ਸਿਆਸਤ ਵਿਚ ਨਵਾਂ ਮੋੜ ਆਏਗਾ ਤੇ ਪੰਜਾਬ ਦੇ ਲੋਕਾਂ ਨੂੰ ਸਿਆਸੀ ਮੈਦਾਨ 'ਚ ਇਕ ਨਵਾਂ ਪਲੇਟਫਾਰਮ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੀਪਲਜ਼ ਪਾਰਟੀ ਆਫ ਪੰਜਾਬ ਦੇ ਏਜੰਡੇ ਨਾਲ ਸਹਿਮਤ ਪਾਰਟੀਆਂ 11 ਮਹੀਨਿਆਂ ਬਾਅਦ ਪੰਜਾਬ ਦੀ ਸਿਆਸਤ 'ਚ ਵੱਡਾ ਰੋਲ ਅਦਾ ਕਰਨਗੀਆਂ।

ਦੂਜੇ ਪਾਸੇ ਪੰਜਾਬ ਦੀ ਮੁਲਾਜ਼ਮ ਲਹਿਰ ਦੇ ਮੁੱਢਲੇ ਆਗੂ ਤੇ ਪਿਛਲੇ ਸਮੇਂ ਤੋਂ ਰਾਜ ਦੇ ਮੁਲਾਜ਼ਮਾਂ ਦੀਆਂ ਸਾਂਝੀਆਂ ਐਕਸ਼ਨ ਕਮੇਟੀਆਂ ਦੇ ਕਨਵੀਨਰ ਵਜੋਂ ਸਾਂਝੇ ਮੁਹਾਜ਼ ਦੀ ਕਮਾਂਡ ਕਰ ਰਹੇ ਸੁੱਚਾ ਸਿੰਘ ਖੱਟੜਾ ਨੇ ਇਨ੍ਹਾਂ ਸਮੂਹ ਅਹੁਦਿਆਂ ਤੋਂ ਅਸਤੀਫ਼ੇ ਦੇ ਕੇ ਪੀਪਲਜ਼ ਪਾਰਟੀ ਆਫ ਪੰਜਾਬ ਵਿਚ ਸ਼ਾਮਲ ਹੋਣ ਕਾਰਨ ਮੁਲਾਜ਼ਮ ਲਹਿਰ ਵਿਚ ਉਥਲ-ਪੁਥਲ ਹੋਣ ਦੀ ਚਰਚਾ ਹੈ ਕਿਉਂਕਿ ਕਈ ਦਹਾਕਿਆਂ ਤੋਂ ਖੱਬੀ ਧਿਰ ਦੀ ਵਿਚਾਰਧਾਰਾ ਨਾਲ ਜੁੜੇ ਇਸ ਆਗੂ ਨੇ ਆਪਣੇ ਟਰੇਡ ਯੂਨੀਅਨ ਸਫ਼ਰ ਨੂੰ ਅਲਵਿਦਾ ਕਰਦਿਆਂ ਸਖਤ ਟਿੱਪਣੀ ਕੀਤੀ ਹੈ।

ਸੂਤਰਾਂ ਅਨੁਸਾਰ ਪੰਜਾਬ ਦੀ ਮੁਲਾਜ਼ਮ ਲਹਿਰ ਦੇ ਇਕ ਹੋਰ ਪ੍ਰਮੁੱਖ ਆਗੂ ਨੇ ਵੀ ਮਨਪ੍ਰੀਤ ਨਾਲ ਰਲਣ ਦਾ ਫੈਸਲਾ ਕੀਤਾ ਹੈ ਪਰ ਉਹ ਇਸ ਵਿਚ ਸ਼ਾਮਲ ਹੋਣ ਲਈ ਯੋਗ ਸਮੇਂ ਦੀ ਉਡੀਕ ਕਰ ਰਿਹਾ ਹੈ। ਮਨਪ੍ਰੀਤ ਬਾਦਲ ਨੇ ਬਤੌਰ ਵਿੱਤ ਮੰਤਰੀ ਮੁਲਾਜ਼ਮਾਂ ਦੀਆਂ ਪੰਜਵੇਂ ਤਨਖਾਹ ਕਮਿਸ਼ਨ ਨਾਲ ਸਬੰਧਿਤ ਮੰਗਾਂ ਸਮੇਤ ਕਈ ਹੋਰ ਮੁੱਦਿਆਂ ਉਪਰ ਖ਼ਜ਼ਾਨੇ ਦਾ ਮੂੰਹ ਬੰਦ ਰੱਖਿਆ ਸੀ ਪਰ ਇਸ ਦੇ ਬਾਵਜੂਦ ਮੁਲਾਜ਼ਮ ਆਗੂ ਉਸ ਨਾਲ ਮਿਲ ਰਹੇ ਹਨ। ਇਸੇ ਦੌਰਾਨ ਹੋਰ ਆਗੂ ਵੀ ਮਨਪ੍ਰੀਤ ਦੀਆਂ ਸਫ਼ਾਂ ਵਿਚ ਰਲਣ ਦੀ ਤਿਆਰੀ ਕੱਸ ਰਹੇ ਹਨ। ਸੂਤਰਾਂ ਮੁਤਾਬਕ ਉਹ ਸਿਰਫ ਸਹੀ ਮੌਕੇ ਦੀ ਉਡੀਕ ਵਿਚ ਹਨ।

# ਸ਼੍ਰੋਮਣੀ ਕਮੇਟੀ ਦੀਆਂ ਵੋਟਾਂ 'ਚ ਵੱਡੀਆਂ ਧਾਂਦਲੀਆਂ!

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਬਣੀਆਂ ਵੋਟਾਂ 'ਚ ਵੱਡੇ ਪੱਧਰ 'ਤੇ ਧਾਂਦਲੀਆਂ ਸਾਹਮਣੇ ਆਉਣ ਪਿਛੋਂ ਮੁੱਖ ਗੁਰਦਵਾਰਾ ਚੋਣ ਕਮਿਸ਼ਨਰ ਹਰਫੂਲ ਸਿੰਘ ਬਰਾੜ ਵੱਲੋਂ ਸਾਰੀ ਚੋਣ ਪ੍ਰਕਿਰਿਆ ਗੁਰਦਵਾਰਾ ਐਕਟ ਦੇ ਨਿਯਮਾਂ ਅਨੁਸਾਰ ਤੇ ਪਾਰਦਰਸ਼ੀ ਢੰਗ ਨਾਲ ਸਿਰੇ ਚਾੜਣ ਦੇ ਦਾਅਵੇ ਨੂੰ ਖੋਖਲਾ ਸਾਬਤ ਕਰ ਦਿੱਤਾ ਹੈ। ਇਨ੍ਹਾਂ ਧਾਂਦਲੀਆਂ ਦਾ ਖੁਲਾਸਾ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਵੱਲੋਂ ਕੀਤੀ ਸ਼ਿਕਾਇਤ ਦੀ ਜਾਂਚ ਉਪਰੰਤ ਸਾਹਮਣੇ ਆਇਆ ਹੈ ਜਿਸ ਅਨੁਸਾਰ ਡਿਪਟੀ ਕਮਿਸ਼ਨਰ-ਕਮ-ਚੋਣ ਅਧਿਕਾਰੀ ਨੇ ਮੰਨਿਆ ਹੈ ਕਿ ਸਮੁੱਚੀ ਪ੍ਰਕਿਰਿਆ ਵਿਚ ਕੁਤਾਹੀ ਹੋਈ ਹੈ।

ਪੰਚ ਪ੍ਰਧਾਨੀ ਦੇ ਵਿਸ਼ੇਸ਼ ਸਕੱਤਰ ਸ. ਬਲਦੇਵ ਸਿੰਘ ਸਿਰਸਾ ਅਨੁਸਾਰ ਡਿਪਟੀ ਕਮਿਸ਼ਨਰ ਨੇ ਜਿਥੇ 202 ਗੈਰ ਸਿੱਖਾਂ ਦੀਆਂ ਵੋਟਾਂ ਕੱਟੇ ਜਾਣ ਲਈ ਕਾਰਵਾਈ ਆਰੰਭ ਕਰ ਦਿੱਤੀ ਹੈ, ਉਥੇ ਦੋਸ਼ੀ ਅਧਿਕਾਰੀਆਂ ਦੀ ਨਿਸ਼ਾਨਦੇਹੀ ਤੇ ਜ਼ਿੰਮੇਵਾਰੀ ਨਿਸ਼ਚਿਤ ਕਰਨ ਦੇ ਆਦੇਸ਼ ਵੀ ਜਾਰੀ ਕੀਤੇ ਹਨ। ਉਨ੍ਹਾਂ ਦੱਸਿਆ ਕਿ ਚੋਣ ਹਲਕਾ ਅਜਨਾਲਾ-100 'ਚ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਫ਼ਾਰਮ ਜਮ੍ਹਾਂ ਕਰਨ ਸਮੇਂ ਤੋਂ ਲੈ ਕੇ ਵੋਟਰ ਸੂਚੀਆਂ ਤਿਆਰ ਕਰ ਕੇ ਪ੍ਰਕਾਸ਼ਿਤ ਕੀਤੇ ਜਾਣ ਤੱਕ ਸੂਬੇ ਦੀ ਸੱਤਾ 'ਤੇ ਕਾਬਜ਼ ਬਾਦਲ ਸਰਕਾਰ ਨੂੰ ਲਾਹਾ ਦੇਣ ਲਈ ਕੀਤੀਆਂ ਧਾਂਦਲੀਆਂ ਸਾਹਮਣੇ ਆਈਆਂ। ਉਨ੍ਹਾਂ ਦੱਸਿਆ ਕਿ ਪਾਰਟੀ ਆਦੇਸ਼ਾਂ ਦੀ ਪਾਲਣਾ ਕਰਦਿਆਂ ਸਮੁੱਚੇ ਅਜਨਾਲਾ ਚੋਣ ਹਲਕੇ ਦੇ ਵੋਟਰਾਂ ਤੇ ਵੋਟਰ ਸੂਚੀਆਂ ਦੀ ਜਾਂਚ ਕੀਤੀ ਗਈ ਤੇ ਪਹਿਲੀ ਵਾਰ ਹੀ ਵੋਟਰ ਸੂਚੀਆਂ ਪ੍ਰਕਾਸ਼ਿਤ ਹੋਣ 'ਤੇ ਸਾਰੇ ਇਤਰਾਜ਼ ਲਿਖਤੀ ਤੌਰ 'ਤੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਨੂੰ ਦਿੱਤੇ ਗਏ ਪਰ ਇਸ ਦੇ ਬਾਵਜੂਦ ਨਵੀਆਂ ਵੋਟਰ ਸੂਚੀਆਂ ਫਰਵਰੀ 2011 ਵਿਚ ਇਤਰਾਜ਼ ਖ਼ਤਮ ਕੀਤੇ ਬਗ਼ੈਰ ਹੀ ਛਾਪ ਦਿੱਤੀਆਂ ਗਈਆਂ। ਸ. ਸਿਰਸਾ ਨੇ ਦੱਸਿਆ ਕਿ ਉਨ੍ਹਾਂ ਪ੍ਰਸ਼ਾਸਨ ਤੇ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਵੱਲੋਂ ਅਪਣਾਈ ਇਕ ਪਾਸੜ ਨੀਤੀ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਇਸ 'ਤੇ ਅਦਾਲਤ ਨੇ ਡਿਪਟੀ ਕਮਿਸ਼ਨਰ ਨੂੰ ਪੁੱਜੀ ਸ਼ਿਕਾਇਤ ਬਾਰੇ ਰਿਪੋਰਟ ਦੇਣ ਲਈ ਹੁਕਮ ਦਿੱਤੇ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਨੇ

### ਅਦਾਲਤ ਦੇ ਹੁਕਮ 'ਤੇ ਮਾਮਲੇ ਦੀ ਜਾਂਚ

ਅਜਨਾਲਾ ਚੋਣ ਹਲਕੇ ਦੇ ਚੋਣ ਅਧਿਕਾਰੀ ਐਸ.ਡੀ.ਐਮ. ਵੱਲੋਂ ਕੀਤੀ ਜਾਂਚ ਦੇ ਆਧਾਰ 'ਤੇ 28 ਮਾਰਚ ਨੂੰ ਰਿਪੋਰਟ ਦਿੱਤੀ। ਸ. ਸਿਰਸਾ ਅਨੁਸਾਰ ਚੋਣ ਅਧਿਕਾਰੀ ਨੇ ਮੰਨਿਆ ਹੈ ਕਿ ਜਿਨ੍ਹਾਂ ਪਤਿਤਾਂ ਦੀਆਂ ਵੋਟਾਂ ਬਣਾਏ ਜਾਣ ਦੀ ਸ਼ਿਕਾਇਤ ਕੀਤੀ ਗਈ ਸੀ, ਉਨ੍ਹਾਂ 'ਚੋਂ ਪਿੰਡ ਚੱਕ ਡੋਗਰਾ ਦੇ 102, ਖਾਨਵਾਲ ਦੇ 16, ਬੱਲੜਵਾਲ ਦੇ 12, ਫ਼ਤਹਿਵਾਲ ਦੇ 68 ਵੋਟਰਾਂ ਦੀ ਪਛਾਣ ਹੋ ਚੁੱਕੀ ਹੈ। ਉਨ੍ਹਾਂ ਦੀ ਵੋਟਰ ਫ਼ਾਰਮ 'ਤੇ ਫ਼ੋਟੋ ਦਾੜ੍ਹੀ ਕੱਟੀ ਵਾਲੀ ਲੱਗੀ ਹੋਈ ਸੀ। ਇਨ੍ਹਾਂ ਨੂੰ ਨੋਟਿਸ ਭੇਜੇ ਗਏ ਪਰ ਕੇਵਲ ਸੱਤ ਲੋਕ ਹੀ ਆਏ। ਡੀ.ਸੀ. ਦੀ ਰਿਪੋਰਟ ਅਨੁਸਾਰ ਇਨ੍ਹਾਂ ਵੋਟਰਾਂ ਨੇ ਮੰਨਿਆ ਹੈ ਕਿ ਵੋਟਰ ਫ਼ਾਰਮ ਉਨ੍ਹਾਂ ਦੇ ਮਾਤਾ-ਪਿਤਾ ਨੇ ਭਰੇ ਸਨ।

ਰਿਪੋਰਟ ਅਨੁਸਾਰ ਪਿੰਡ ਚੱਕ ਡੋਗਰਾ ਦੇ 80, ਖਾਨਵਾਲ ਦੇ 16, ਬੱਲੜਵਾਲ ਦੇ 12, ਫ਼ਤਹਿਵਾਲ ਦੇ 67 ਵੋਟਰਾਂ ਦੇ ਨਾਂ ਵੋਟਰ ਸੂਚੀ ਵਿਚੋਂ ਕੱਟੇ ਜਾਣ ਲਈ ਮੁੱਖ ਚੋਣ ਕਮਿਸ਼ਨਰ (ਚੰਡੀਗੜ੍ਹ) ਨੂੰ ਲਿਖ ਦਿੱਤਾ ਗਿਆ ਹੈ। ਪਿੰਡ ਜੱਸਰ ਦੇ 115 ਯੋਗ ਵੋਟਰਾਂ ਦੀਆਂ ਵੋਟਾਂ ਬਣਾਏ ਜਾਣ ਬਾਰੇ ਸ਼ਿਕਾਇਤ ਦਾ ਜ਼ਿਕਰ ਕਰਦਿਆਂ ਸ. ਸਿਰਸਾ ਨੇ ਦੱਸਿਆ ਕਿ ਰਿਪੋਰਟ ਅਨੁਸਾਰ ਵੋਟਾਂ ਤਾਂ ਬਣਾਈਆਂ ਗਈਆਂ ਪਰ ਗਲਤੀ ਨਾਲ 64 ਵੋਟਾਂ ਭਾਗ 19 ਦੀ ਬਜਾਏ 64 ਵਿਚ ਸ਼ਾਮਲ ਕਰ ਦਿੱਤੀਆਂ ਗਈਆਂ। ਇਨ੍ਹਾਂ ਨੂੰ ਠੀਕ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਖਰੀ ਵੋਟਰ ਸੂਚੀ ਛਪਣ ਉਪਰੰਤ ਨਵੀਆਂ ਵੋਟਾਂ ਸ਼ਾਮਲ ਕਰਨ ਜਾਂ ਕੱਟੇ ਜਾਣ ਬਾਰੇ ਗੁਰਦਵਾਰਾ ਐਕਟ ਵਿਚ ਕੋਈ ਜ਼ਿਕਰ ਨਹੀਂ ਹੈ। ਇਸੇ ਤਰ੍ਹਾਂ ਪਿੰਡ ਸਾਰੰਗਦੇਵ ਦੇ 415 ਅਯੋਗ ਵੋਟਰਾਂ ਦਾ ਮਾਮਲਾ ਵੋਟਾਂ ਦੀ ਗਿਣਤੀ ਵਿਚ ਉਲਝਾ ਦਿੱਤਾ ਗਿਆ ਹੈ। ਸ. ਸਿਰਸਾ ਨੇ ਦੱਸਿਆ ਕਿ ਰਿਪੋਰਟ ਦੇ ਆਖਰੀ ਪੈਰੇ ਵਿਚ ਡਿਪਟੀ ਕਮਿਸ਼ਨਰ ਨੇ ਮੰਨਿਆ ਹੈ ਕਿ ਵੋਟਰ ਫ਼ਾਰਮ ਜਮ੍ਹਾਂ ਕਰਨ ਤੋਂ ਲੈ ਕੇ ਸੂਚੀਆਂ ਤਿਆਰ ਕਰਨ ਤੱਕ ਸੰਬੰਧਿਤ ਅਧਿਕਾਰੀਆਂ ਵੱਲੋਂ ਡਿਊਟੀ ਵਿਚ ਕੁਤਾਹੀ ਵਰਤੀ ਗਈ ਹੈ ਜਿਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਸ. ਸਿਰਸਾ ਨੇ ਦੱਸਿਆ ਕਿ ਇਹ ਰਿਪੋਰਟ ਅਜੇ ਵੀ ਅਧੂਰੀ ਹੈ। ਇਸ ਬਾਰੇ ਉਹ ਇਕ ਵਾਰ ਫਿਰ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ ਤਾਂ ਕਿ ਉਨ੍ਹਾਂ ਲੋਕਾਂ ਦੀ ਵੀ ਸ਼ਨਾਖ਼ਤ ਕੀਤੀ ਜਾਵੇ ਜਿਨ੍ਹਾਂ ਦੇ ਇਸ਼ਾਰਿਆਂ 'ਤੇ ਪਤਿਤ ਵੋਟਰ ਸ਼ਾਮਲ ਕੀਤੇ ਗਏ ਤੇ ਇਕ ਹਫ਼ਤੇ ਦੇ ਅੰਦਰ ਹੀ ਲੱਖਾਂ ਵੋਟਰ ਫ਼ਾਰਮ ਜਮ੍ਹਾਂ ਕੀਤੇ ਗਏ।

FARMERS INSURANCE GROUP
Symbol of Superior Service

# FARMERS®

**181 Metro Drive, Suite 290, San Jose, CA 95110**

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

***Auto *Home *Life *Business**
***Workers Compensation**

**Call for consultation**

**Ph: 408-771-2438**

***408-580-6063, 408-687-7566***

**Fax: 408-573-3829**

**ssingh6@farmeragent.com**

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium


**Gurbans Gill 209-815-1869**

# ਟਰੇਸੀ ਤੇ ਮਨਟਿਕਾ 'ਚ ਪੰਜਾਬੀ ਰੇਡੀਓ

ਪੰਜਾਬੀ ਰੇਡੀਓ ਯੂਐਸਏ ਦੀ ਟੀਮ ਟਰੇਸੀ ਤੇ ਮਨਟਿਕਾ 'ਚ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ
10 ਅਪ੍ਰੈਲ 2011 ਦਿਨ ਐਤਵਾਰ
ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਟਰੇਸੀ
ਗੁਰਦੁਆਰਾ ਗੁਰਮਤਿ ਪ੍ਰਕਾਸ਼, ਮਨਟਿਕਾ

ਪੰਜਾਬੀ ਰੇਡੀਓ ਯੂਐਸਏ

**Punjabi RADIO USA**




*Uniting Punjabi's All Over*

# PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
**I-Phone Application**
ਤੁਸੀਂ ਕਿਸੇ ਸਮੇਂ ਵੀ
**ਮੁਫ਼ਤ ਡਾਊਨਲੋਡ**
ਕਰ ਸਕਦੇ ਹੋ।

**ਛੋਟੇ ਰੇਡੀਓ ਦੀ ਕੀਮਤ $25 ਵੱਡੇ ਰੇਡੀਓ ਦੀ ਕੀਮਤ $35**

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : **ਅੰਮ੍ਰਿਤ ਵੇਲਾ ਸਚ ਨਾਉ**, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ **ਹੁਕਮਨਾਮੇ ਦੀ ਵਿਆਖਿਆ**
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ **ਖ਼ਬਰਾਂ ਹਰ ਦੋ ਘੰਟੇ ਬਾਅਦ**
- ਸਵੇਰੇ 10 ਤੋਂ 11 ਵਜੇ : **ਆਤਮਿਕ ਆਨੰਦ ਪ੍ਰੋਗਰਾਮ** – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : **ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ** (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : **ਕੁਝ ਗੱਲਾਂ ਕੁਝ ਗੀਤ** (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7:30 ਵਜੇ : **ਸਰਬ ਸਾਂਝੀ ਗੁਰਬਾਣੀ** – ਰਹਿਰਾਸ ਸਾਹਿਬ ਤੇ ਕੀਰਤਨ ਗੁਰਦੁਆਰਾ ਐਲ ਸਬਰਾਂਟੇ, ਸੈਨਹੋਜ਼ੇ ਤੇ ਹੋਰ ਗੁਰਦੁਆਰਾ ਸਾਹਿਬ ਤੋਂ
- ਰਾਤ 7:30 ਤੋਂ 8 ਵਜੇ ਤੱਕ : **ਜੀਵਨ ਜਾਚ ਦਾ ਖਜ਼ਾਨਾ** – ਵੀਰ ਭੁਪਿੰਦਰ ਸਿੰਘ ਤੇ ਕਥਾ ਭਾਈ ਅਮਰੀਕ ਸਿੰਘ ਚੰਡੀਗੜ੍ਹ
- ਰਾਤ 8 ਤੋਂ 9 ਵਜੇ : **ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ** (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : **ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ** - ਗੁਰਪ੍ਰੀਤ ਸਿੰਘ ਤੇ ਸਿਮਰਨ, **ਲਹਿੰਦੇ ਪੰਜਾਬ ਦੀਆਂ ਬਾਂਗਾਂ** - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : **ਦੇਸੋਂ ਪਰਦੇਸ** – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : **ਸ਼ਾਨ ਪੰਜਾਬ ਦੀ** – ਗੁਰਦੀਪ ਸਿੰਘ ਸ਼ੇਰਗਿੱਲ
ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : **ਝਿਲਮਿਲ ਤਾਰੇ** – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : **ਇਕ ਖ਼ਾਸ ਮੁਲਾਕਾਤ** – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**
Listen LIVE **www.punjabiradiousa.com**
**Email: info@punjabiradiousa.com**
**3750 McKee Road, # B, San Jose CA 95127**

# ਮਨਪ੍ਰੀਤ ਬਾਦਲ ਦੇ ਪੀ ਏ ਦਾ ਪਿਤਾ ਕਰੋੜਾਂ ਦੇ ਘਪਲੇ 'ਚ ਗ੍ਰਿਫਤਾਰ

ਗਿਦੜਬਾਹਾ (ਬਿਊਰੋ): ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਅਤੇ ਨਵੇਂ ਨਵੇਂ 'ਇਨਕਲਾਬੀ' ਬਣੇ ਮਨਪ੍ਰੀਤ ਸਿੰਘ ਬਾਦਲ ਦੇ ਪੀ ਏ ਚਰਨਜੀਤ ਸਿੰਘ ਦੇ ਪਿਤਾ ਸੁਖਦੇਵ ਸਿੰਘ ਨੂੰ ਗਿਦੜਬਾਹਾ ਪੁਲਿਸ ਨੇ ਬੇਨਿਯਮੀਆਂ ਅਤੇ ਕਰੋੜਾਂ ਰੁਪਏ ਦੇ ਘਪਲੇ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਉਸ ਨੂੰ ਫੂਡ ਸਪਲਾਈ ਮਹਿਕਮੇ ਦੀ ਸ਼ਿਕਾਇਤ ਦੇ ਆਧਾਰ ਤੇ ਗ੍ਰਿਫਤਾਰ ਕੀਤਾ ਗਿਆ ਹੈ।

ਗਿਦੜਬਾਹਾ ਦੇ ਡੀ ਐਸ ਪੀ ਭੁਪਿੰਦਰ ਸਿੰਘ ਅਨੁਸਾਰ ਫੂਡ ਸਪਲਾਈ ਮਹਿਕਮੇ ਵਲੋਂ ਸਥਾਨਕ ਸਿੱਧੂ ਰਾਈਸ ਮਿਲ, ਜਿਸਦੇ ਮਾਲਕ ਸੁਖਦੇਵ ਸਿੰਘ ਹਨ, ਉਪਰ ਛਾਪਾ ਮਾਰਿਆ ਗਿਆ। ਨਿਯਮਾਂ ਮੁਤਾਬਕ ਰਾਈਸ ਮਿਲ ਲਾਉਣ ਲਈ ਘਟੋ ਘਟ 6 ਏਕੜ ਜ਼ਮੀਨ ਦਾ ਹੋਣਾ ਜਰੂਰੀ ਹੈ ਪਰ ਇਹ ਰਾਈਸ ਮਿਲ ਸਿਰਫ 3 ਏਕੜ ਵਿਚ ਬਣਾਈ ਗਈ ਹੈ। ਮਸ਼ੀਨਰੀ ਅਤੇ ਮਾਲ ਸਟੋਰ ਕਰਨ ਦੀ ਥਾਂ ਵੀ ਇਕੋ ਹੈ ਜਦਕਿ ਇਹ ਵਖੋ-ਵਖਰੇ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਸਿੱਧੂ ਰਾਈਸ ਮਿਲ ਵਿਚ 1600 ਟਨ ਮਾਲ ਵਧ ਸਟੋਰ ਕੀਤਾ ਹੋਇਆ ਸੀ ਜਿਸ ਕਾਰਨ ਸਰਕਾਰੀ ਖਜਾਨੇ ਨੂੰ ਇਕ ਕਰੋੜ 47 ਲੱਖ 90 ਹਜਾਰ ਰੁਪਏ ਦਾ ਚੂਨਾ ਲੱਗਿਆ।

ਗਿਦੜਬਾਹਾ ਪੁਲਿਸ ਨੇ ਤੁਰਤ ਕਾਰਵਾਈ ਕਰਦਿਆਂ ਸੁਖਦੇਵ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਜਦੋਂਕਿ ਇਸ ਮਾਮਲੇ ਵਿਚ ਦੋਸ਼ੀ ਪਾਇਆ ਗਿਆ ਮੁਲਜ਼ਿਮ ਪੀ ਏ ਦਾ ਭਰਾ ਸੁਰਜੀਤ ਸਿੰਘ ਭਗੌੜਾ ਹੋ ਗਿਆ ਹੈ। ਥਾਣਾ ਗਿਦੜਬਾਹਾ ਦੇ ਮੁਖੀ ਅਵਤਾਰ ਸਿੰਘ ਨੇ ਦੱਸਿਆ ਕਿ ਸੁਖਦੇਵ ਸਿੰਘ ਨੂੰ ਐਡੀਸ਼ਨਲ ਸਿਵਲ ਜੱਜ ਸ੍ਰੀਮਤੀ ਜਗਦੀਪ ਕੌਰ ਵਿਰਕ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੁਲਿਸ ਨੇ ਦੋਸ਼ੀ ਦਾ 8 ਅਪਰੈਲ ਤਕ ਪੁਲਿਸ ਰਿਮਾਂਡ ਮੰਗਿਆ ਸੀ ਪਰ ਜੱਜ ਨੇ ਜੁਡੀਸ਼ੀਅਲ ਹਿਰਾਸਤ ਵਿਚ ਭੇਜ ਦਿਤਾ। ਪੁਲਿਸ ਪੂਰੇ ਮਾਮਲੇ ਦੀ ਬਾਰੀਕੀ ਨਾਲ ਛਾਣ-ਬੀਣ ਕਰ ਰਹੀ ਹੈ ਅਤੇ ਉਸ ਦਾ ਕਹਿਣਾ ਹੈ ਕਿ ਕਈ ਹੋਰ ਘੁਟਾਲੇ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਜ਼ਿਕਰਯੋਗ ਹੈ ਕਿ ਅਜੇ ਪਿਛਲੇ ਹਫਤੇ ਹੀ ਸ਼੍ਰੋਮਣੀ ਕਮੇਟੀ ਦੇ ਗਿਦੜਬਾਹਾ ਤੋਂ ਮੈਂਬਰ ਜਥੇਦਾਰ ਗੁਰਪਾਲ ਸਿੰਘ ਗੋਰਾ ਨੇ ਮਨਪ੍ਰੀਤ ਸਿੰਘ ਬਾਦਲ ਦੇ ਇਸ ਪੀ ਏ ਦੀਆਂ ਕਥਿਤ ਭ੍ਰਿਸ਼ਟਾਚਾਰ ਰਾਹੀਂ ਬਣਾਈਆਂ ਜਾਇਦਾਦਾਂ ਦਾ ਖੁਲਾਸਾ ਕੀਤਾ ਸੀ ਕਿ ਨਵੀਂ ਜਾਇਦਾਦ ਸਿੱਧੂ ਰਾਈਸ ਮਿਲ ਸਾਹਮਣੇ ਆ ਗਈ ਹੈ ਜਿਸ ਤੋਂ ਗਿਦੜਬਾਹਾ ਹਲਕੇ ਦੇ ਲੋਕ ਹੈਰਾਨ ਹਨ ਕਿ ਟੈਂਪੂ ਡਰਾਈਵਰੀ ਕਰਨ ਵਾਲਾ ਵਿਅਕਤੀ ਚਰਨਜੀਤ ਸਿੰਘ ਇਨੀ ਜਾਇਦਾਦ ਕਿਵੇਂ ਬਣਾ ਸਕਿਆ।

ਜਥੇਦਾਰ ਗੋਰਾ ਨੇ ਮਨਪ੍ਰੀਤ ਬਾਦਲ ਦੀ ਆਲੋਚਨਾ ਕਰਦਿਆਂ ਆਖਿਆ ਕਿ ਜਿਸ ਦੇ ਆਲੇ-ਦੁਆਲੇ ਭ੍ਰਿਸ਼ਟ ਵਿਅਕਤੀ ਹਨ, ਉਹ ਸਾਫ-ਸੁਥਰਾ ਨਿਜ਼ਾਮ ਕਿਵੇਂ ਦੇ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮਨਪ੍ਰੀਤ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਿਹਾ ਹੈ। ਪੰਜਾਬ ਦੇ ਜਿਨ੍ਹਾਂ ਲੋਕਾਂ ਨੂੰ ਜਗਾਉਣ ਦਾ ਉਹ ਡਰਾਮਾ ਕਰ ਰਿਹਾ ਹੈ, ਉਹ ਤਾਂ ਪਹਿਲਾਂ ਹੀ ਜਾਗੇ ਹੋਏ ਹਨ।

# ਮਾਲਵੇ 'ਚ ਊਠਣੀ ਦੇ ਦੁੱਧ ਨਾਲ ਗੰਭੀਰ ਬਿਮਾਰੀਆਂ ਦਾ ਇਲਾਜ

**ਫ਼ਰੀਦਕੋਟ:** ਹੁਣ ਮਾਲਵੇ 'ਚ ਕੈਂਸਰ ਤੇ ਹੋਰ ਗੰਭੀਰ ਬਿਮਾਰੀਆਂ ਦਾ ਇਲਾਜ ਊਠਣੀ ਦੇ ਦੁੱਧ ਨਾਲ ਕੀਤਾ ਜਾਵੇਗਾ। ਸਵਿਟਜ਼ਰਲੈਂਡ, ਇਜ਼ਰਾਈਲ, ਰੂਸ ਤੇ ਬਰਤਾਨੀਆ ਦੇ ਸਿਹਤ ਵਿਗਿਆਨੀਆਂ ਦੇ ਵਫ਼ਦ ਵੱਲੋਂ ਕੁਝ ਦਿਨ ਪਹਿਲਾਂ ਫ਼ਰੀਦਕੋਟ 'ਚ ਰਹਿੰਦੇ 70 ਪਰਿਵਾਰਾਂ ਤੋਂ ਵਿਸਥਾਰ ਨਾਲ ਪੁੱਛ ਪੜਤਾਲ ਕੀਤੀ ਗਈ ਜੋ ਊਠਣੀ ਦਾ ਦੁੱਧ ਪੀਣ ਲਈ ਵਰਤਦੇ ਹਨ। ਖੋਜ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਊਠਣੀ ਦਾ ਦੁੱਧ ਮਾਨਸਿਕ ਅਪਹਾਜਤਾ, ਕੈਂਸਰ, ਏਡਜ਼, ਸ਼ੂਗਰ, ਅਲਰਜੀ ਤੇ ਚਿੜਚੜੇਪਣ ਵਰਗੀਆਂ ਬਿਮਾਰੀਆਂ ਨੂੰ ਕਾਬੂ ਕਰਨ ਲਈ ਬੇਹੱਦ ਲਾਹੇਵੰਦ ਹੈ। ਮਾਲਵੇ ਵਿਚ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਹਜ਼ਾਰਾਂ ਲੋਕਾਂ ਨੂੰ ਹੁਣ ਊਠਣੀ ਦੇ ਦੁੱਧ ਤੋਂ ਵੱਡੀ ਰਾਹਤ ਮਿਲਣ ਦੀ ਸੰਭਾਵਨਾ ਹੈ।


ਵਿਗਿਆਨੀਆਂ ਨੇ ਇਸ ਦੁੱਧ ਦੀ ਵਰਤੋਂ ਕਰਨ ਵਾਲੇ ਬੱਚਿਆਂ ਦੀ ਸਿਹਤ ਬਾਰੇ ਵੀ ਪੜਤਾਲ ਕੀਤੀ ਹੈ। ਇਹ ਦੁੱਧ ਬਾਬਾ ਫਰੀਦ ਸੈਂਟਰ ਵੱਲੋਂ ਬੀਕਾਨੇਰ ਦੇ ਰਾਸ਼ਟਰੀ ਕੈਮਲ ਖੋਜ ਕੇਂਦਰ ਤੋਂ ਮੰਗਵਾਇਆ ਜਾਂਦਾ ਹੈ ਤੇ ਇਹ ਦੁੱਧ ਦਿਮਾਗੀ ਤੌਰ 'ਤੇ ਅਵਿਕਸਿਤ ਤੇ ਅਪਾਹਜ ਬੱਚਿਆਂ ਨੂੰ ਦਿੱਤਾ ਜਾ ਰਿਹਾ ਹੈ। ਕੈਮਲ ਮਿਲਕ ਦੇ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਗੰਭੀਰਤਾ ਨਾਲ ਖੋਜਣ ਲਈ ਸਵਿਟਜ਼ਰਲੈਂਡ ਤੇ ਇੰਗਲੈਂਡ ਦੇ ਸਿਹਤ ਵਿਗਿਆਨੀ ਆਲੀਸ਼ਾ ਤੇ ਫਿਲੀਪਾ ਅਨੁਸਾਰ ਸ਼ੁਰੂਆਤੀ ਰਿਪੋਰਟਾਂ ਤੋਂ ਇਸ ਗੱਲ ਦਾ ਪਤਾ ਲੱਗਾ ਹੈ ਕਿ ਕੈਂਸਰ, ਏਡਜ਼, ਸ਼ੂਗਰ ਤੇ ਮਾਨਸਿਕ ਅਪਾਹਜਤਾ ਦੇ ਸ਼ਿਕਾਰ ਲੋਕਾਂ ਲਈ ਊਠਣੀ ਦਾ ਦੁੱਧ ਬੇਹੱਦ ਲਾਹੇਵੰਦ ਹੈ ਕਿਉਂਕਿ ਇਸ ਵਿਚ ਵਿਟਾਮਿਨ-ਬੀ, ਸੀ, ਕੈਲਸ਼ੀਅਮ ਤੇ ਆਇਰਨ ਵੱਡੀ ਮਾਤਰਾ 'ਚ ਮੌਜੂਦ ਹੁੰਦਾ ਹੈ।

ਉਨ੍ਹਾਂ ਅਨੁਸਾਰ ਊਠਣੀ ਖੁਸ਼ਕ ਇਲਾਕੇ ਦਾ ਪਸ਼ੂ ਹੈ ਤੇ ਉਹ ਅਜਿਹੀਆਂ ਜੜ੍ਹੀ-ਬੂਟੀਆਂ ਆਪਣੇ ਭੋਜਨ ਵਿਚ ਇਸਤੇਮਾਲ ਕਰਦੀ ਹੈ ਜੋ ਮਨੁੱਖੀ ਸਿਹਤ ਲਈ ਬਹੁਤ ਲਾਭਦਾਇਕ ਹਨ ਪਰ ਮਨੁੱਖ ਇਨ੍ਹਾਂ ਜੜ੍ਹੀ-ਬੂਟੀਆਂ ਨੂੰ ਖਾਣ ਤੋਂ ਅਸਮਰੱਥ ਹੈ ਪਰ ਇਨ੍ਹਾਂ ਜੜ੍ਹੀ-ਬੂਟੀਆਂ ਦੇ ਪ੍ਰਭਾਵਾਂ ਨੂੰ ਊਠਣੀ ਦੇ ਦੁੱਧ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਬਾਬਾ ਫ਼ਰੀਦ ਸੈਂਟਰ ਦੇ ਸੰਚਾਲਕ ਪ੍ਰਿਤਪਾਲ ਸਿੰਘ ਅਨੁਸਾਰ ਉਹ ਰੋਜ਼ਾਨਾ 50 ਲੀਟਰ ਦੁੱਧ ਬੀਕਾਨੇਰ ਤੋਂ ਮਾਨਸਿਕ ਤੌਰ 'ਤੇ ਅਪਾਹਜ ਤੇ ਦਿਮਾਗੀ ਤੌਰ 'ਤੇ ਅਵਿਕਸਿਤ ਬੱਚਿਆਂ ਲਈ ਮੰਗਵਾਉਂਦੇ ਹਨ। ਉਨ੍ਹਾਂ ਆਖਿਆ ਕਿ ਊਠਣੀ ਦੇ ਦੁੱਧ ਦੀ ਵਰਤੋਂ ਦੇ ਮੁੱਢਲੇ ਰੂਪ ਦੇ ਰੁਝਾਨ ਬੇਹੱਦ ਚੰਗੇ ਮਿਲੇ ਹਨ।

ਉਨ੍ਹਾਂ ਅਨੁਸਾਰ ਕੈਮਲ ਮਿਲਕ ਮਨੁੱਖੀ ਸਿਹਤ ਲਈ ਪੌਸ਼ਟਿਕ ਖੁਰਾਕ ਦਾ ਸਭ ਤੋਂ ਵਧੀਆ ਸੋਮਾ ਹੈ ਕਿਉਂਕਿ ਇਸ ਵਿਚ ਕੁਦਰਤੀ ਗੁਣ ਬੇਸ਼ੁਮਾਰ ਹਨ। ਊਠਾਂ ਬਾਰੇ ਕੌਮੀ ਖ਼ੋਜ ਕੇਂਦਰ ਦੇ ਡਾਇਰੈਕਟਰ ਡਾ. ਐਨ.ਬੀ. ਪਾਟਿਲ ਨੇ ਆਖਿਆ ਕਿ ਰਾਜਸਥਾਨ ਸਮੇਤ ਪੂਰੇ ਦੇਸ਼ ਵਿਚ ਕੋਈ ਪੰਜ ਲੱਖ ਊਠ ਹਨ ਜਿਨ੍ਹਾਂ ਵਿਚ ਬੀਕਾਨੇਰੀ, ਜੈਸਲਮੇਰੀ, ਮੇਵਾੜੀ ਊਠਣੀਆਂ ਬੇਹੱਦ ਸਿਹਤਮੰਦ ਮੰਨੀਆਂ ਜਾਂਦੀਆਂ ਹਨ।

ਉਨ੍ਹਾਂ ਆਖਿਆ ਕਿ ਕੌਮੀ ਖੋਜ ਕੇਂਦਰ ਵਿਚ ਕੈਮਲ ਮਿਲਕ ਬਾਰੇ ਉੱਚ ਪੱਧਰੀ ਖੋਜਾਂ ਚੱਲ ਰਹੀਆਂ ਹਨ ਤੇ ਇਸ ਦੇ ਸ਼ੁਰੂਆਤੀ ਰੁਝਾਨ ਖਤਰਨਾਕ ਬਿਮਾਰੀਆਂ ਉਪਰ ਜਿੱਤ ਪਾਉਣ ਵਾਲੇ ਹਨ। ਉਨ੍ਹਾਂ ਦੱਸਿਆ ਕਿ ਇਕ ਊਠਣੀ ਪ੍ਰਤੀ ਦਿਨ ਛੇ ਕਿੱਲੋ ਦੇ ਕਰੀਬ ਦੁੱਧ ਦਿੰਦੀ ਹੈ ਜਿਸ ਨੂੰ 15 ਰੁਪਏ ਲਿਟਰ ਦੇ ਹਿਸਾਬ ਨਾਲ ਵੇਚਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਊਠਣੀ ਦਾ ਦੁੱਧ ਚੋਣ ਲਈ ਰਾਜਸਥਾਨ ਦੀ ਨਾਇਕ ਜਾਤੀ ਦੀ ਮਦਦ ਲਈ ਜਾ ਰਹੀ ਕਿਉਂਕਿ ਊਠਣੀ ਦਾ ਦੁੱਧ ਚੋਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੈ।

**ਬੀਕਾਨੇਰ ਤੋਂ ਰੋਜ਼ਾਨਾ 50 ਲੀਟਰ ਦੁੱਧ ਦੀ ਸਪਲਾਈ**




ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ

**Lucky Tire & Auto Repair**

ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

909 Garden Hwy

660 Culussa Hwy




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001

**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas
- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 736-5203, (408) 940-6065

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




www.GoldCoastATM.com



*ਗਿਆਨੀ ਕੁਲਜੀਤ ਸਿੰਘ ਦਿਲਬਰ ਨਵਾਂ ਸ਼ਹਿਰ ਵਾਲਿਆਂ ਦਾ ਪੰਥ ਪ੍ਰਸਿੱਧ ਢਾਡੀ ਜਥਾ ਗਦਰੀ ਬਾਬਿਆਂ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ 3 ਅਪਰੈਲ ਤੋਂ 17 ਅਪਰੈਲ ਤੱਕ ਹਾਜ਼ਰੀਆਂ ਭਰੇਗਾ। ਭਾਈ ਦਿਲਬਰ ਨਾ.ਲ ਸੰਪਰਕ ਫੋਨ 510-776-7021 ਰਾਹੀਂ ਕੀਤਾ ਜਾ ਸਕਦਾ ਹੈ। (ਫੋਟੋ ਤੇ ਵੇਰਵਾ-ਤਰਲੋਚਨ ਸਿੰਘ ਦੁਪਾਲਪੁਰ)*

# ਕਾਮਰੇਡ ਸ਼ੰਗਾਰਾ ਸਿੰਘ ਬੋਪਾਰਾਏ ਨੂੰ ਸਦਮਾ

**ਸੈਕਰਾਮੈਂਟੋ (ਬਿਊਰੋ):** ਕਾਮਰੇਡ ਸ਼ੰਗਾਰਾ ਸਿੰਘ ਬੋਪਾਰਾਏ ਨੂੰ ਉਦੋਂ ਡੂੰਘਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਦਰਸ਼ਨ ਕੌਰ ਲੰਘੀ 27 ਮਾਰਚ ਨੂੰ ਅਕਾਲ ਚਲਾਣਾ ਕਰ ਗਏ। ਉਹ 80 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ 3 ਲੜਕੇ ਅਤੇ 3 ਲੜਕੀਆਂ ਛੱਡ ਗਏ ਹਨ। ਮਾਤਾ ਦਰਸ਼ਨ ਕੌਰ ਦਾ ਸਸਕਾਰ ਉਨ੍ਹਾਂ ਦੇ ਪਿੰਡ ਬੋਪਾਰਾਏ, ਤਹਿਸੀਲ ਫਿਲੌਰ ਵਿਖੇ ਕਰ ਦਿੱਤਾ ਗਿਆ। ਕਾਂਗਰਸੀ ਐਮ ਐਲ ਏ ਅਮਰਜੀਤ ਸਿੰਘ ਸਮਰਾ, ਪੰਜਾਬ ਦੇ ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ, ਐਸ ਜੀ ਪੀ ਸੀ ਮੈਂਬਰ ਹਰਜਿੰਦਰ ਸਿੰਘ ਲੱਲੀਆਂ, ਲਹਿੰਬਰ ਸਿੰਘ ਤੱਗੜ ਅਤੇ ਪ੍ਰਧਾਨ ਗੁਰਚੇਤਨ ਸਿੰਘ ਬਟਾਲਾ ਇਸ ਮੌਕੇ ਪਰਿਵਾਰ ਨਾਲ ਹਮਦਰਦੀ ਕਰਨ ਲਈ ਪਹੁੰਚੇ ਹੋਏ ਸਨ। ਇਸੇ ਦੌਰਾਨ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਦੇ ਆਗੂਆਂ ਨੇ ਕੰਦੋਲਾ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।

ਪਰਿਵਾਰਕ ਸੂਤਰਾਂ ਅਨੁਸਾਰ ਮਾਤਾ ਦਰਸ਼ਨ ਕੌਰ ਨਮਿਤ ਅੰਤਿਮ ਅਰਦਾਸ 8 ਅਪਰੈਲ ਨੂੰ ਉਨ੍ਹਾਂ ਦੇ ਜੱਦੀ ਪਿੰਡ ਬੋਪਾਰਾਏ ਕਲਾਂ ਹੋਵੇਗੀ। ਪਰਿਵਾਰ ਨਾਲ ਸੰਪਰਕ ਸਰਪੰਚ ਜਗਜੀਤ ਸਿੰਘ ਕੰਦੋਲਾ ਫੋਨ 916-968-0901 ਰਾਹੀਂ ਕੀਤਾ ਜਾ ਸਕਦਾ ਹੈ।

# ਸੜਕ ਹਾਦਸੇ 'ਚ ਟਰੱਕ ਡਰਾਈਵਰ ਹਲਾਕ

ਦੀ ਅਡੰਬਨਾ ਇਹ ਕਿ ਅਜੇ ਕੁਝ ਚਿਰ ਪਹਿਲਾਂ ਹੀ ਉਹ ਇੰਡੀਆ ਮੰਗਣੀ ਕਰਵਾ ਕੇ ਵਾਪਸ ਪਰਤਿਆ ਸੀ। ਉਸ ਦੀ ਮਾਂ ਪਰਮਜੀਤ ਕੌਰ ਦੀ ਆਪਣੀ ਨੂੰਹ ਦੇ ਸਿਰ ਤੋਂ ਪਾਣੀ ਵਾਰ ਕੇ ਪੀਣ ਅਤੇ ਭੈਣ ਮਨਜੋਤ ਕੌਰ ਦੀ ਵਾਗ ਫੜਾਈ ਲੈਣ ਦੀ ਤਮੰਨਾ ਅਧੂਰੀ ਹੀ ਰਹਿ ਗਈ। ਪਰਮਿੰਦਰ ਦਾ ਪਰਿਵਾਰ ਪਿਛੋਂ ਜਿਲਾ ਲੁਧਿਆਣਾ ਦੇ ਪਿੰਡ ਹਰਪਾਲਾ ਤੋਂ ਹੈ ਅਤੇ ਲੰਬੇ ਸਮੇਂ ਤੋਂ ਇਥੇ ਰਹਿ ਰਿਹਾ ਹੈ। ਪਰਮਿੰਦਰ 4 ਕੁ ਮਹੀਨੇ ਪਹਿਲਾਂ ਇਥੇ ਕਤਲ ਕਰ ਦਿਤੇ ਗਏ ਨੌਜਵਾਨ ਸੱਤੀ ਦਾ ਖਾਸ ਦੋਸਤ ਸੀ ਅਤੇ ਇਤਫ਼ਾਕ ਇਹ ਹੈ ਕਿ ਸੱਤੀ 4 ਕੁ ਮਹੀਨੇ ਹੀ ਪਰਮਿੰਦਰ ਤੋਂ ਵਡਾ ਸੀ।

ਐਨ ਆਰ ਆਈ ਸਭਾ, ਅਮਰੀਕਾ ਦੇ ਚੇਅਰਮੈਨ ਸ੍ਰੀ ਜੋਬਨਜੀਤ ਸਿੰਘ ਬੌਬੀ ਨੇ ਸਭਾ ਵਲੋਂ ਪਰਮਿੰਦਰ ਦੇ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

ਪਰਮਿੰਦਰ ਦਾ ਅੰਤਿਮ ਸੰਸਕਾਰ ਸਨਿਚਰਵਾਰ 9 ਅਪਰੈਲ ਨੂੰ ਇਥੇ ਗਰੀਨਲਾਅਨ ਫਿਊਨਰਲ ਹੋਮ, ਪਨਾਮਾ ਲੇਨ ਵਿਚ ਸਵੇਰੇ 10.30 ਤੋਂ ਦੁਪਹਿਰ 12 ਵਜੇ ਤਕ ਹੋਵੇਗਾ। ਉਪਰੰਤ ਅਖੰਡਪਾਠ ਦਾ ਭੋਗ ਬਾਅਦ ਦੁਪਹਿਰ 1 ਵਜੇ ਗੁਰਦੁਆਰਾ ਵਿਲਸਨ ਰੋਡ ਵਿਖੇ ਪਾਇਆ ਜਾਏਗਾ। ਪਰਿਵਾਰ ਨਾਲ ਸੰਪਰਕ ਦਲਜੀਤ ਸਿੰਘ ਢੰਡ ਫੋਨ 661-835-0032 ਜਾਂ ਦਰਸ਼ਨ ਢੰਡ ਫੋਨ 661-979-5311 ਰਾਹੀਂ ਕੀਤਾ ਜਾ ਸਕਦਾ ਹੈ।





**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

**Surjit Singh or Satwant K. Takk Cell:**

**(416) 889-9886**

**Sukhpreet Kaur Indiana**

**Ph:317-884-3557**

*www.safeandeasyweightloss.com*

*e-mail:sstakk@hotmail.com*


# ਯਾਦਗਾਰੀ ਰਿਹਾ ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਦਾ ਸ਼ਾਇਰਾਨਾ ਡਿਨਰ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਗਦਰੀ ਬਾਬਿਆਂ ਅਤੇ ਦੇਸ਼ ਦੇ ਸ਼ਹੀਦਾਂ ਨੂੰ ਸਮਰਪਿਤ ਸੰਸਥਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਗਏ ਗਿਆਰਵੇਂ ਮੇਲੇ ਵਿਚ ਸਹਿਯੋਗ ਦੇਣ ਵਾਲੇ ਸਪਾਂਸਰਾਂ, ਮੀਡੀਆ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਨ ਲਈ ਦਿੱਤਾ ਗਿਆ ਡਿਨਰ ਇਕ ਕਵੀ ਦਰਬਾਰ ਹੋ ਨਿੱਬੜਿਆ। ਇਹ ਸਮਾਗਮ ਡਾ. ਸਾਧੂ ਸਿੰਘ, ਗੁਰਦੀਪ ਸਿੰਘ ਘੋਲੀਆ, ਜਸਵੀਰ ਕੌਰ, ਕੁਲਦੀਪ ਸਿੰਘ ਅਟਵਾਲ ਅਤੇ ਸੁਰਜੀਤ ਸਿੰਘ ਅਟਵਾਲ ਦੀ ਪ੍ਰਧਾਨਗੀ ਹੇਠ ਸ਼ੁਰੂ ਕਰਦਿਆਂ ਫੋਰਮ ਦੇ ਸੈਕਟਰੀ ਗਰੇਵਾਲ ਨੇ ਕੁਝ ਸ਼ੇਅਰ ਬੋਲੇ ਅਤੇ ਬੱਚਿਆਂ ਨੂੰ ਆਪਣੇ ਇਤਿਹਾਸ ਤੇ ਬੋਲੀ ਨਾਲ ਜੁੜਨ ਦੀ ਤਾਗੀਦ ਕੀਤੀ। ਉਸਤਾਦ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਗੀਤ 'ਮੇਲੇ ਲੱਗਦੇ ਸਦਾ ਹੀ ਬੱਬਰ ਸ਼ੇਰਾਂ ਦੇ' ਪੇਸ਼ ਕਰਕੇ ਹਾਜ਼ਰੀ ਲਵਾਈ। ਦਿਲਬਾਗ ਬੰਗੜ ਨੇ ਕਵਿਤਾ 'ਵਾਰ ਵਾਰ ਪ੍ਰਣਾਮ ਦੇਸ ਦੇ ਅਮਰ ਸ਼ਹੀਦਾਂ ਨੂੰ' ਰਾਹੀਂ ਸ਼ਹੀਦਾਂ ਨੂੰ ਪ੍ਰਣਾਮ ਕੀਤਾ। ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਸਤਰੀ ਵਿੰਗ ਦੀ ਸਕੱਤਰ ਸ਼ਰਨਜੀਤ ਧਾਲੀਵਾਲ ਨੇ ਕਵਿਤਾ 'ਭਗਤ ਦੀ ਤਸਵੀਰ ਮੈਨੂੰ ਕੁਝ ਕਹਿੰਦੀ ਹੈ' ਪੇਸ਼ ਕਰਕੇ ਵਾਹਵਾਹ ਖੱਟੀ। ਹਰਿੰਦਰ ਕੌਰ ਮੰਢਾਲੀ ਨੇ ਸ਼ਿਵ ਕੁਮਾਰ ਬਟਾਲਵੀ ਨਿੱਝਰ ਨੇ ਕਵਿਤਾ 'ਰੌਲੇ ਜੋ ਸਰਕਾਰਾਂ ਦੇ' ਪੇਸ਼ ਕੀਤੀ। ਜਸਵੰਤ ਮਹਿਮੀ ਨੇ ਇਕ ਗੀਤ ਪੇਸ਼ ਕਰਕੇ ਸਭਨਾਂ ਦਾ ਮਨ ਮੋਹਿਆ। ਡੈਲਸ, ਟੈਕਸਸ ਤੋਂ ਪਹੁੰਚੀ ਉਘੀ ਲੇਖਕਾ ਜਸਵੀਰ ਕੌਰ ਨੇ ਕਵਿਤਾ 'ਆਪਣੇ ਆਪਣੇ ਜੰਗਲ' ਪੇਸ਼ ਕਰਕੇ ਹਾਜ਼ਰੀ ਲਵਾਈ। ਹਰਜਿੰਦਰ ਢੇਸੀ ਨੇ ਗੀਤ 'ਨੀਲ ਦਿਆ ਪਾਣੀਆ' ਪੇਸ਼ ਕੀਤਾ। ਕਾਲਮਨਵੀਸ ਅਤੇ ਗੀਤਕਾਰ ਐਸ ਅਸ਼ੋਕ ਭੌਰਾ ਨੇ ਸੁਖਵਿੰਦਰ ਪੰਛੀ ਦੀ ਆਉਣ ਵਾਲੀ ਨਵੀਂ ਸੀ ਡੀ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਇਕ ਕਵਿਤਾ ਪੇਸ਼ ਕੀਤੀ।

ਉਘੇ ਬਿਜਨਸਮੈਨ ਅਤੇ ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਸ. ਕ੍ਰਿਪਾਲ



ਸੁਰਿੰਦਰ ਮੰਢਾਲੀ ਨੇ ਮੇਲੇ ਲਈ ਸਹਿਯੋਗ ਦੇਣ ਵਾਲੀਆਂ ਸੰਸਥਾਵਾਂ, ਸਪਾਂਸਰਾਂ ਅਤੇ ਮੀਡੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਭ ਦੇ ਸਹਿਯੋਗ ਸਦਕਾ ਹੀ ਇਹ ਮੇਲਾ ਸਫਲ ਹੋ ਸਕਿਆ ਹੈ।

ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੀ ਸੰਸਥਾ ਦਾ ਇਕੋ ਇਕ ਮੰਤਵ ਆਜ਼ਾਦੀ ਦੀ ਜੰਗ ਵਿਚ ਕੁਰਬਾਨੀਆਂ ਦੇਣ ਵਾਲਿਆਂ ਨੂੰ ਯਾਦ ਕਰਨਾ ਅਤੇ ਅਗਲੀ ਪੀੜ੍ਹੀ ਤੱਕ ਉਨ੍ਹਾਂ ਦੀ ਕੁਰਬਾਨੀ ਦੇ ਇਤਿਹਾਸ ਨੂੰ ਪਹੁੰਚਾਉਣਾ ਹੈ। ਮੇਲੇ ਦੇ ਮੁੱਖ ਮਹਿਮਾਨ ਡਾ. ਸਾਧੂ ਸਿੰਘ ਨੇ ਫੋਰਮ ਨੂੰ ਮੇਲੇ ਦੀ ਕਾਮਯਾਬੀ ਦੀ ਵਧਾਈ ਦਿੱਤੀ ਅਤੇ ਸਭ ਨੂੰ ਜਾਤ ਪਾਤ ਤੋਂ ਉਪਰ ਉਠਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਸੀ ਤਾਂ ਜੋ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਜਾ ਸਕੇ।

ਉਘੇ ਸਮਾਜ ਸੇਵਕ ਸ. ਮਹਿੰਦਰ ਸਿੰਘ ਦੀ ਲਿਖੀ ਕਵਿਤਾ 'ਫਾਂਸੀ' ਪੇਸ਼ ਕਰਕੇ ਮਾਹੌਲ ਸੰਜੀਦਾ ਬਣਾ ਦਿੱਤਾ। ਰੇਡੀਓ ਹੋਸਟ ਅਤੇ ਪੰਜਾਬੀ ਪ੍ਰੈਸ ਕਲੱਬ ਫਰਿਜ਼ਨੋ ਦੇ ਮੈਂਬਰ ਕੁਲਵੀਰ ਹੇਅਰ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਇਕ ਸ਼ੇਅਰ ਅਤੇ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਕਵਿਤਾ ਪੇਸ਼ ਕੀਤੀ। ਛੋਟੀ ਬੱਚੀ ਆਂਚਲ ਹੇਅਰ ਨੇ ਇਨਕਲਾਬ ਜਿੰਦਾਬਾਦ ਦੇ ਨਾਹਰੇ ਲਾਏ। ਕਹਾਣੀਕਾਰ ਕਰਮ ਸਿੰਘ ਮਾਨ ਨੇ ਕਵਿਤਾ 'ਸਹੀਆ ਕੇਸੀਂ ਅੱਗ ਲਗਾਈ' ਪੇਸ਼ ਕੀਤੀ। ਪੱਤਰਕਾਰ ਨੀਟਾ ਮਾਛੀਕੇ ਨੇ ਇਕ ਹਾਸਰਸੀ ਕਵਿਤਾ ਅਤੇ 'ਦੇਸ ਮੇਰਾ ਸੀ ਸ਼ਹਿਰ ਮੇਰਾ ਸੀ ਮੇਰਾ ਵੀ ਤਾਂ ਘਰ ਸੀ' ਪੇਸ਼ ਕਰਕੇ ਆਪਣੀ ਕਾਵਿ ਕਲਾ ਦਾ ਲੋਹਾ ਮੰਨਵਾਇਆ। ਸੰਗੀਤਕਾਰ ਪੱਪੀ ਭਦੌੜ ਨੇ ਕਵਿਤਾ 'ਅੱਜ ਖਤਰਾ ਹੈ ਦਸਮੇਸ਼ ਪਿਤਾ ਸਿੱਖਾਂ ਤੋਂ ਤੇਰੀ ਸਿੱਖੀ ਨੂੰ' ਰਾਹੀਂ ਸਿੱਖ ਪੰਥ ਵਿਚ ਵਿਚਰ ਰਹੀਆਂ ਕਾਲੀਆਂ ਭੇਡਾਂ ਵੱਲ ਉਂਗਲ ਕੀਤੀ। ਕੇਵਲ ਸਿੰਘ ਬਾਸੀ ਨੇ ਲੋਕ ਕਵੀ ਸੰਤ ਰਾਮ ਉਦਾਸੀ ਦਾ ਗੀਤ ਪੇਸ਼ ਕਰਕੇ ਹਾਜ਼ਰੀ ਲਵਾਈ। ਸੁਰਿੰਦਰ ਸਿੰਘ ਸਿੰਘ ਸਹੋਤਾ (ਪਾਲ ਸਹੋਤਾ) ਨੇ ਸੰਸਥਾ ਨੂੰ ਹਮੇਸ਼ਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਗਾਇਕ ਸੁਖਵਿੰਦਰ ਪੰਛੀ ਨੇ ਪੰਜਾਬੀ ਪ੍ਰੈਸ ਕਲੱਬ ਫਰਿਜ਼ਨੋ ਦੇ ਸਹਿਯੋਗ ਨਾਲ ਆਪਣੀ ਆਉਣ ਵਾਲੀ ਨਵੀਂ ਸੀ ਡੀ 'ਕਰ ਦਿਓ ਹਮਲਾ ਗੱਦਾਰ ਤੇ' ਬਾਰੇ ਜਾਣਕਾਰੀ ਦਿੰਦਿਆਂ ਉਸ ਵਿਚੋਂ ਇਕ ਗੀਤ ਪੇਸ਼ ਕਰਕੇ ਸਰੋਤਿਆਂ ਵਿਚ ਜੋਸ਼ ਭਰ ਦਿੱਤਾ। ਉਘੇ ਲੇਖਕ ਅਤੇ ਚਿੰਤਕ ਡਾ. ਗੁਰੂਮੇਲ ਸਿੱਧੂ ਨੇ ਹੈਰਾਨੀ ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਫਰਿਜ਼ਨੋ ਵਿਚ ਕਵੀ ਬਹੁਤ ਹੋ ਗਏ ਹਨ ਜੋ ਕਿ ਪੰਜਾਬੀ ਭਾਈਚਾਰੇ ਲਈ ਇਕ ਵਧੀਆ ਸ਼ਗਨ ਹੈ। ਉਨ੍ਹਾਂ ਨਾਲ ਹੀ ਵਧੀਆ ਸਾਹਿਤ ਪੜ੍ਹਨ ਅਤੇ ਲਿਖਣ ਲਈ ਵੀ ਸਭਨਾਂ ਨੂੰ ਸਲਾਹ ਦਿੱਤੀ। ਡਾ. ਅਰਜਨ ਸਿੰਘ ਜੋਸਨ ਨੇ ਇਸ ਸਮਾਗਮ ਬਾਰੇ ਸਭਨਾਂ ਨੂੰ ਵਧਾਈ ਦਿੱਤੀ। ਸਮਾਗਮ ਦਾ ਮੰਚ ਸੰਚਾਲਨ ਕਰਦਿਆਂ ਉਘੇ ਸ਼ਾਇਰ ਹਰਜਿੰਦਰ ਕੰਗ ਨੇ ਆਪਣੇ ਸ਼ੇਅਰ, ਲਤੀਫੇ ਅਤੇ ਗਜ਼ਲਾਂ ਪੇਸ਼ ਕਰ ਕੇ ਮਹਿਫਲ ਨੂੰ ਚਾਰ ਚੰਨ ਲਾਏ।


FARMERS INSURANCE GROUP
Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**

***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਭਾਰਤ ਬਣਿਆ ਵਿਸ਼ਵ ਚੈਂਪੀਅਨ

## 28 ਵਰ੍ਹਿਆਂ ਬਾਅਦ ਮੁੱਕੀ ਉਡੀਕ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ 28 ਵਰ੍ਹਿਆਂ ਬਾਅਦ ਵਿਸ਼ਵ ਕ੍ਰਿਕਟ ਕੱਪ 'ਤੇ ਕਬਜ਼ਾ ਕਰਕੇ ਵਿਸ਼ਵ ਚੈਂਪੀਅਨ ਬਣਿਆ ਹੈ। ਮੁੰਬਈ ਦੇ ਵਾਨਖੇੜੇ ਸਟੇਡੀਅਮ 'ਚ 2 ਅਪਰੈਲ ਨੂੰ ਭਾਰਤ ਨੇ ਫਾਈਨਲ ਮੈਚ 'ਚ ਸ੍ਰੀਲੰਕਾ ਨੂੰ 6 ਵਿਕਟਾਂ ਨਾਲ ਹਰਾ ਕੇ ਵਿਸ਼ਵ ਕ੍ਰਿਕਟ ਕੱਪ ਜਿੱਤਣ ਦਾ ਸੁਪਨਾ ਸਾਕਾਰ ਕੀਤਾ। ਇਸ ਤੋਂ ਪਹਿਲਾਂ 1983 ਵਿਚ ਕਪਿਲ ਦੇਵ ਦੇ ਸ਼ੇਰਾਂ ਨੇ ਲਾਰਡਜ਼ (ਇੰਗਲੈਂਡ) ਵਿਚ ਭਾਰਤ ਨੂੰ ਆਲਮੀ ਕ੍ਰਿਕਟ ਚੈਂਪੀਅਨ ਬਣਾਇਆ ਸੀ ਤੇ ਇਸ ਵਾਰ ਕਪਤਾਨ ਮਹਿੰਦਰ ਸਿੰਘ ਧੋਨੀ ਦੇ ਜਾਂਬਾਜ਼ਾਂ ਨੇ ਇਹ ਤਾਜ਼ ਭਾਰਤ ਸਿਰ ਸਜਾਇਆ।



ਮੈਚ ਵਿਚ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਸ੍ਰੀਲੰਕਾ ਵੱਲੋਂ 50 ਓਵਰਾਂ ਵਿਚ 6 ਵਿਕਟਾਂ ਦੇ ਨੁਕਸਾਨ ਬਦਲੇ ਬਣਾਈਆਂ 274 ਦੌੜਾਂ ਦੇ ਜਵਾਬ ਵਿਚ ਭਾਰਤ ਨੇ 48.2 ਓਵਰਾਂ ਵਿਚ ਚਾਰ ਵਿਕਟਾਂ ਬਦਲੇ 277 ਦੌੜਾਂ ਬਣਾ ਕੇ ਮੈਚ ਜਿੱਤ ਲਿਆ। ਇਸ ਇਤਿਹਾਸਕ ਮੈਚ 'ਚ ਜਿੱਥੇ ਸ੍ਰੀਲੰਕਾ ਦੀ ਪਾਰੀ 'ਚ ਸਾਬਕਾ ਕਪਤਾਨ ਮੇਹਲਾ ਜੈਵਰਧਨੇ ਨੇ 103 ਨਾਬਾਦ ਦੌੜਾਂ ਦਾ ਯੋਗਦਾਨ ਪਾਇਆ, ਉਥੇ ਭਾਰਤੀ ਪਾਰੀ ਵਿਚ ਗੌਤਮ ਗੰਭੀਰ ਤੇ ਕਪਤਾਨ ਧੋਨੀ ਦਾ ਪ੍ਰਮੁੱਖ ਯੋਗਦਾਨ ਰਿਹਾ। ਗੰਭੀਰ ਨੇ 97 ਦੌੜਾਂ ਬਣਾਈਆਂ ਜਦੋਂਕਿ ਧੋਨੀ 91 ਦੌੜਾਂ ਬਣਾ ਕੇ ਨਾਬਾਦ ਰਿਹਾ। ਟੀਮ ਨੂੰ ਜਿੱਤ ਦੀਆਂ ਬਰੂਹਾਂ ਪਾਰ ਕਰਵਾਉਣ ਵਿਚ ਯੁਵਰਾਜ ਸਿੰਘ ਨੇ ਧੋਨੀ ਦਾ ਚੰਗਾ ਸਾਥ ਦਿੱਤਾ ਤੇ 21 ਨਾਬਾਦ ਦੌੜਾਂ ਬਣਾਈਆਂ। ਪੂਰੇ ਟੂਰਨਾਮੈਂਟ ਦੌਰਾਨ ਬੱਲੇ ਤੇ ਗੇਂਦ ਨਾਲ ਆਪਣੇ ਸੁਚੱਜੇ ਯੋਗਦਾਨ ਲਈ ਯੁਵਰਾਜ ਨੂੰ 'ਮੈਨ ਆਫ ਦਿ ਟੂਰਨਾਮੈਂਟ' ਦੇ ਖਿਤਾਬ ਨਾਲ ਨਿਵਾਜਿਆ ਗਿਆ।

ਗੌਤਮ ਗੰਭੀਰ ਨੇ ਦਲੇਰਾਨਾ ਪਾਰੀ ਖੇਡੀ ਪਰ ਸੈਂਕੜਾ ਮੁਕੰਮਲ ਨਾ ਕਰ ਸਕਿਆ। ਉਹ ਵੀਰੇਂਦਰ ਸਹਿਵਾਗ ਦੀ ਵਿਕਟ ਡਿੱਗਣ ਮਗਰੋਂ ਬੱਲੇਬਾਜ਼ੀ ਲਈ ਆਇਆ। ਉਸ ਸਮੇਂ ਭਾਰਤੀ ਸਕੋਰਿੰਗ ਦਾ ਖਾਤਾ ਵੀ ਨਹੀਂ ਸੀ ਖੁੱਲ੍ਹਿਆ। ਜਦੋਂ ਇਹ ਸਕੋਰ 31 ਦੌੜਾਂ 'ਤੇ ਪਹੁੰਚਿਆ ਤਾਂ ਸਚਿਨ ਤੇਂਦੁਲਕਰ ਦੀ ਵਿਕਟ ਵੀ ਡਿੱਗ ਪਈ। ਇਸ ਮਗਰੋਂ ਭਾਰਤੀ ਪਾਰੀ ਨੂੰ ਲੀਹ 'ਤੇ ਲਿਆਉਣ ਦੇ ਨਾਲ-ਨਾਲ ਵਿਕਟਾਂ ਬਚਾਉਣ ਦੀ ਜ਼ਿੰਮੇਵਾਰੀ ਗੰਭੀਰ ਤੇ ਉਸ ਦੇ ਦਿੱਲੀ ਵਾਲੇ ਸਾਥੀ ਵਿਰਾਟ ਕੋਹਲੀ ਦੇ ਮੋਢਿਆਂ 'ਤੇ ਆ ਪਈ। ਦੋਵਾਂ ਨੇ ਜੋਸ਼ ਤੇ ਹੋਸ਼ ਦੇ ਸੁਮੇਲ ਰਾਹੀਂ ਟੀਮ ਦੇ ਸਕੋਰ ਨੂੰ 114 ਦੌੜਾਂ 'ਤੇ ਪਹੁੰਚਾਇਆ। ਇਸ ਸਕੋਰ 'ਤੇ ਕੋਹਲੀ ਨੂੰ ਤਿਲਕਰਤਨੇ ਦਿਲਸ਼ਾਨ ਨੇ ਆਪਣੀ ਹੀ ਗੇਂਦ 'ਤੇ ਕੈਚ ਕਰ ਲਿਆ। ਕੋਹਲੀ ਦਾ ਨਿੱਜੀ ਯੋਗਦਾਨ 35 ਦੌੜਾਂ ਦਾ ਰਿਹਾ ਜਿਸ ਵਿਚ ਚਾਰ ਚੌਕੇ ਸ਼ਾਮਲ ਸਨ ਤੇ ਉਸ ਨੇ ਇਹ ਸਕੋਰ 49 ਗੇਂਦਾਂ ਖੇਡ ਕੇ ਬਣਾਇਆ।

ਗੰਭੀਰ ਜਦੋਂ ਆਊਟ ਹੋਇਆ, ਉਦੋਂ ਭਾਰਤ ਨੂੰ ਜਿੱਤ ਲਈ ਅਜੇ 52 ਦੌੜਾਂ ਦੀ ਹੋਰ ਲੋੜ ਸੀ। ਉਸ ਨੇ 112 ਗੇਂਦਾਂ ਖੇਡੀਆਂ ਤੇ 9 ਚੌਕੇ ਲਾਏ। ਉਸ ਨੂੰ ਕਪਤਾਨ ਮਹਿੰਦਰ ਸਿੰਘ ਧੋਨੀ ਨੇ ਚੰਗਾ ਸਹਾਰਾ ਦਿੱਤਾ ਤੇ ਅਖੀਰ ਧੋਨੀ ਹੀ ਜਿੱਤ ਵੱਲ ਸੇਧਗਾਰ ਸਾਬਤ ਹੋਇਆ। ਪਹਿਲਾਂ ਸ੍ਰੀਲੰਕਾ ਨੇ ਮੇਹਲਾ ਜੈਵਰਧਨੇ ਦੇ ਸ਼ਾਨਦਾਰ ਨਾਬਾਦ ਸੈਂਕੜੇ ਦੀ ਬਦੌਲਤ ਨਿਰਧਾਰਤ 50 ਓਵਰਾਂ 'ਚ 6 ਵਿਕਟਾਂ ਬਦਲੇ 274 ਦੌੜਾਂ ਦਾ ਵਿਸ਼ਾਲ ਸਕੋਰ ਖੜ੍ਹਾ ਕਰ ਲਿਆ। ਟਾਸ ਜਿੱਤਣ ਮਗਰੋਂ ਬੱਲੇਬਾਜ਼ੀ ਕਰਨ ਦਾ ਫੈਸਲਾ ਲੈਣ ਮਗਰੋਂ ਸ੍ਰੀਲੰਕਾ ਦੀ ਸ਼ੁਰੂਆਤ ਭਾਵੇਂ ਮੱਧਮ ਰਹੀ ਪਰ ਇਸ ਕਮਜ਼ੋਰੀ ਨੂੰ ਜੈਵਰਧਨੇ ਨੇ ਆਪਣੀ ਜਾਂਬਾਜ਼ੀ ਅਤੇ ਛੇਵੀਂ ਤੇ ਸੱਤਵੀਂ ਵਿਕਟ ਦੇ ਰੂਪ ਵਿਚ ਨੁਵਾਨ ਕੁਲਾਸ਼ੇਖਰਾ ਤੇ ਤਿਸਾਰਾ ਪਰੇਰਾ ਤੋਂ ਮਿਲੇ ਭਰਪੂਰ ਸਾਥ ਸਦਕਾ ਢੱਕ ਲਿਆ ਤੇ ਆਖਰੀ ਪੰਜ ਓਵਰਾਂ ਵਿਚ 63 ਦੌੜਾਂ ਜੋੜ ਕੇ ਭਾਰਤ ਲਈ ਚੁਣੌਤੀਪੂਰਨ ਸਕੋਰ ਖੜ੍ਹਾ ਕਰ ਦਿੱਤਾ। ਜੈਵਰਧਨੇ 103 ਦੌੜਾਂ ਬਣਾ ਕੇ ਨਾਬਾਦ ਰਿਹਾ। ਇਹ ਦੌੜਾਂ ਉਸ ਨੇ ਸਿਰਫ 88 ਗੇਂਦਾਂ ਖੇਡ ਕੇ ਬਣਾਈਆਂ। ਜੈਵਰਧਨੇ ਤੋਂ ਇਲਾਵਾ ਕਪਤਾਨ ਕੁਮਾਰ ਸੰਗਾਕਾਰਾ ਨੇ 48, ਤਿਲਕਰਤਨੇ ਦਿਲਸ਼ਨ ਨੇ 33 ਤੇ ਨੁਵਾਨ ਕੁਲਾਸ਼ੇਖਰ ਨੇ 32 ਦੌੜਾਂ ਦਾ ਯੋਗਦਾਨ ਪਾਇਆ। ਸ੍ਰੀਲੰਕਨ ਪਾਰੀ ਦੇ ਪਹਿਲੇ ਅੱਧ ਤੱਕ ਤਾਂ ਭਾਰਤੀ ਗੇਂਦਬਾਜ਼ ਹਾਵੀ ਰਹੇ ਪਰ ਦੂਜੇ ਅੱਧ ਦੌਰਾਨ ਸਾਰੇ ਗੇਂਦਬਾਜ਼ਾਂ ਦੀ ਠੁਕਾਈ ਹੋਈ। ਜ਼ਹੀਰ ਖਾਨ ਨੇ ਪਹਿਲੇ ਪੰਜ ਕਿਫਾਇਤੀ ਓਵਰਾਂ ਵਿਚ ਸਿਰਫ 6 ਦੌੜਾਂ ਦਿੱਤੀਆਂ ਸਨ ਪਰ ਬਾਕੀ ਦੇ ਪੰਜ ਓਵਰਾਂ ਦੌਰਾਨ 54 ਦੌੜਾਂ ਦਿੱਤੀਆਂ ਤੇ ਉਸ ਨੂੰ ਦੋ ਵਿਕਟਾਂ ਮਿਲੀਆਂ। ਹਰਭਜਨ ਨੇ 10 ਓਵਰਾਂ ਵਿਚ 50 ਦੌੜਾਂ ਬਦਲੇ ਇਕ ਤੇ ਯੁਵਰਾਜ ਸਿੰਘ ਨੇ 10 ਓਵਰਾਂ ਵਿਚ 49 ਦੌੜਾਂ ਬਦਲੇ ਦੋ ਵਿਕਟਾਂ ਪ੍ਰਾਪਤ ਕੀਤੀਆਂ।

## ਦੋ ਵਰ੍ਹੇ ਪਹਿਲਾਂ ਬਣਾਈ ਸੀ ਜਿੱਤ ਦੀ ਯੋਜਨਾ: ਧੋਨੀ

**ਮੁੰਬਈ:** ਭਾਰਤੀ ਕਪਤਾਨ ਮਹਿੰਦਰ ਸਿੰਘ ਧੋਨੀ ਨੇ ਕਿਹਾ ਕਿ ਵਿਸ਼ਵ ਕੱਪ 'ਤੇ ਦੋ ਸਾਲ ਪਹਿਲਾਂ ਤੋਂ ਹੀ ਉਸ ਦੀਆਂ ਨਜ਼ਰਾਂ ਸਨ ਤੇ ਉਹ ਆਪਣੇ ਅਹਿਮ ਖਿਡਾਰੀਆਂ ਨੂੰ ਫਿੱਟ ਤੇ ਫਾਰਮ ਵਿਚ ਰੱਖਣਾ ਚਾਹੁੰਦੇ ਸਨ। ਧੋਨੀ ਨੇ ਕਿਹਾ ਕਿ ਇਹ ਬਹੁਤ ਵੱਡੀ ਪ੍ਰਾਪਤੀ ਹੈ। ਤਕਰੀਬਨ ਡੇਢ ਸਾਲ ਪਹਿਲਾਂ ਹੀ ਉਨ੍ਹਾਂ ਨੇ ਵਿਸ਼ਵ ਕੱਪ 'ਤੇ ਧਿਆਨ ਕੇਂਦਰਤ ਕਰ ਲਿਆ ਸੀ। ਮੈਦਾਨ 'ਤੇ ਚਾਹੇ ਉਹ ਕਿਵੇਂ ਹੀ ਖੇਡੇ ਹੋਣ ਪਰ ਉਨ੍ਹਾਂ ਦਾ ਅਸਲ ਟੀਚਾ ਵਿਸ਼ਵ ਕੱਪ ਜਿੱਤਣਾ ਸੀ। ਧੋਨੀ ਨੇ ਕਿਹਾ ਕਿ ਉਹ ਚਾਹੁੰਦਾ ਸੀ ਕਿ ਉਸ ਦੇ ਸਾਰੇ ਸਰਵੋਤਮ ਖਿਡਾਰੀ ਫਾਰਮ ਵਿਚ ਤੇ ਫਿੱਟ ਹੋਣ। ਧੋਨੀ ਨੇ ਕਿਹਾ ਕਿ ਜਿੱਤ ਦੇ ਖ਼ੁਮਾਰ ਵਿਚ ਡੁੱਬਣ ਲਈ ਖਿਡਾਰੀਆਂ ਕੋਲ ਸਮਾਂ ਨਹੀਂ ਹੈ ਕਿਉਂਕਿ 8 ਅਪਰੈਲ ਤੋਂ ਆਈ.ਪੀ.ਐਲ. ਵੀ ਸ਼ੁਰੂ ਹੋ ਰਹੀ ਹੈ।




## ਭਾਰਤ ਦੀ ਬੱਲੇਬਾਜ਼ੀ ਨੇ ਸਾਨੂੰ ਹਰਾਇਆ: ਸੰਗਾਕਾਰਾ

**ਮੁੰਬਈ:** ਸ੍ਰੀਲੰਕ ਟੀਮ ਦੇ ਕਪਤਾਨ ਕੁਮਾਰ ਸੰਗਾਕਾਰਾ ਨੇ ਵਿਸ਼ਵ ਕੱਪ ਦੇ ਫਾਈਨਲ ਵਿਚ ਭਾਰਤ ਹੱਥੋਂ ਮਿਲੀ ਹਾਰ ਤੋਂ ਬਾਅਦ ਕਿਹਾ ਹੈ ਕਿ ਭਾਰਤ ਦਾ ਬੱਲੇਬਾਜ਼ੀ ਕ੍ਰਮ ਬਹੁਤ ਮਜ਼ਬੂਤ ਹੈ ਤੇ 300 ਦਾ ਸਕੋਰ ਵੀ ਭਾਰਤੀ ਬੱਲੇਬਾਜ਼ਾਂ ਮੂਹਰੇ ਛੋਟਾ ਪੈ ਜਾਣਾ ਸੀ। ਸੰਗਾਕਾਰਾ ਨੇ ਕਿਹਾ ਕਿ ਜਦੋਂ ਕਿਸੇ ਟੀਮ ਦੀ ਬੱਲੇਬਾਜ਼ੀ ਬਹੁਤ ਮਜ਼ਬੂਤ ਹੋਵੇ ਤਾਂ ਚੰਗੀ ਗੇਂਦਬਾਜ਼ੀ ਵੀ ਕੁਝ ਨਹੀਂ ਕਰ ਸਕਦੀ। ਭਾਰਤੀ ਬੱਲੇਬਾਜ਼ੀ ਇਕ-ਰੋਜ਼ਾ ਵਿਚ ਸਰਵੋਤਮ ਹੈ। ਮਹਿੰਦਰ ਸਿੰਘ ਧੋਨੀ ਵੀ ਬੁੱਧੀਮਾਨ ਤੇ ਚਲਾਕ ਕਪਤਾਨ ਹੈ। ਸੰਗਾਕਾਰਾ ਨੇ ਭਾਰਤ ਨੂੰ ਸੰਕਟ 'ਚੋਂ ਉਭਾਰਨ ਵਾਲੇ ਗੌਤਮ ਗੰਭੀਰ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਸ ਨੇ ਜਿੰਨੇ ਵੀ ਖੱਬੇ ਹੱਥ ਦੇ ਬੱਲੇਬਾਜ਼ ਦੇਖੇ ਹਨ, ਉਨ੍ਹਾਂ 'ਚੋਂ ਗੰਭੀਰ ਸਰਵੋਤਮ ਹੈ। ਸੰਗਾਕਾਰਾ ਨੇ ਮੰਨਿਆ ਕਿ ਜਦੋਂ ਭਾਰਤ ਨੇ 19ਵੇਂ ਓਵਰ ਤੱਕ 100 ਦਾ ਸਕੋਰ ਪਾਰ ਕਰ ਲਿਆ ਤਾਂ ਉਹ ਸਮਝ ਗਏ ਸਨ ਕਿ ਭਾਰਤ ਚੰਗੀ ਕੋਸ਼ਿਸ਼ ਕਰ ਰਿਹਾ ਹੈ। 1996 ਦੀ ਵਿਸ਼ਵ ਚੈਂਪੀਅਨ ਟੀਮ ਸ੍ਰੀਲੰਕਾ ਲਈ ਇਸ ਵਾਰ ਲਗਾਤਾਰ ਦੂਜਾ ਮੌਕਾ ਸੀ ਜਦੋਂ ਉਹ ਫਾਈਨਲ ਵਿੱਚ ਹਾਰੇ ਹੋਣ। 2007 ਦੇ ਵਿਸ਼ਵ ਕੱਪ ਫਾਈਨਲ ਵਿੱਚ ਵੀ ਉਹ ਆਸਟਰੇਲੀਆ ਹੱਥੋਂ ਹਾਰੇ ਸਨ।



## ਸੰਗਾਕਾਰਾ ਨੇ ਧੋਨੀ ਨਾਲ ਧੋਖਾ ਕੀਤਾ: ਵਾਨ

**ਲੰਡਨ:** ਇੰਗਲੈਂਡ ਦੇ ਸਾਬਕਾ ਕਪਤਾਨ ਮਾਈਕਲ ਵਾਨ ਨੇ ਕਿਹਾ ਕਿ ਭਾਰਤ ਖ਼ਿਲਾਫ਼ ਫਾਈਨਲ ਦੇ ਟਾਸ ਦੌਰਾਨ ਸ੍ਰੀਲੰਕਨ ਕਪਤਾਨ ਕੁਮਾਰ ਸੰਗਾਕਾਰਾ ਨੇ ਜਾਣਬੁੱਝ ਕੇ ਝੂਠ ਬੋਲਿਆ। ਸੰਗਾਕਾਰਾ ਨੇ ਬੇਇਮਾਨੀ ਨਾਲ ਮੁੜ ਟਾਸ ਕਰਵਾਇਆ। ਮੈਚ ਰੈਫਰੀ ਜੈਫ ਕਰੋ ਸੰਗਾਕਾਰਾ ਦੀ ਪਸੰਦ ਨਹੀਂ ਸੁਣ ਸਕੇ ਸਨ ਜਿਸ ਕਾਰਨ ਟਾਸ ਮੁੜ ਹੋਇਆ ਜਦੋਂਕਿ ਪਹਿਲੇ ਟਾਸ ਵਿਚ ਭਾਰਤ ਜੇਤੂ ਰਿਹਾ ਸੀ। ਦੂਜੇ ਟਾਸ ਵਿਚ ਸ੍ਰੀਲੰਕਾ ਦੀ ਜਿੱਤ ਹੋਈ ਤੇ ਉਸ ਨੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫ਼ੈਸਲਾ ਕੀਤਾ। ਵਾਨ ਨੇ ਟਵਿੱਟਰ 'ਤੇ ਲਿਖਿਆ ਕਿ ਸੰਗਾਕਾਰਾ ਨੇ ਭਾਰਤੀ ਕਪਤਾਨ ਧੋਨੀ ਕੋਲ ਝੂਠ ਬੋਲਿਆ। ਉਨ੍ਹਾਂ ਕਿਹਾ ਕਿ ਸੰਗਾਕਾਰਾ ਨੇ ਪਹਿਲਾਂ 'ਟੇਲ' ਬੋਲਿਆ ਸੀ ਤੇ ਹਾਰ ਗਿਆ ਸੀ।



## ਕ੍ਰਿਕਟ ਖਿਡਾਰੀਆਂ 'ਤੇ ਪੈਸੇ ਦੀ ਝੜੀ

**ਚੰਡੀਗੜ੍ਹ:** 28 ਵਰ੍ਹਿਆਂ ਬਾਅਦ ਵਿਸ਼ਵ ਚੈਂਪੀਅਨ ਬਣਨ 'ਤੇ ਜਿੱਥੇ ਪੂਰਾ ਭਾਰਤ ਜਸ਼ਨਾਂ 'ਚ ਡੁੱਬ ਗਿਆ ਉਥੇ ਕੇਂਦਰ ਸਰਕਾਰ ਤੇ ਵੱਖ-ਵੱਖ ਰਾਜਾਂ ਵੱਲੋਂ ਖਿਡਾਰੀਆਂ ਲਈ ਕਰੋੜਾਂ ਰੁਪਏ ਦੇ ਇਨਾਮਾਂ ਦਾ ਐਲਾਨ ਕੀਤਾ ਹੈ।

ਪੰਜਾਬ ਸਰਕਾਰ ਨੇ ਹਰਭਜਨ ਸਿੰਘ ਤੇ ਯੁਵਰਾਜ ਸਿੰਘ ਨੂੰ ਇਕ-ਇਕ ਕਰੋੜ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਭਾਰਤੀ ਕ੍ਰਿਕਟ ਬੋਰਡ ਨੇ ਹਰ ਖਿਡਾਰੀ ਨੂੰ ਇਕ-ਇਕ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਕ੍ਰਿਕਟ ਬੋਰਡ ਦੇ ਮੁਖੀ ਸ਼ਸ਼ਾਂਕ ਮਨੋਹਰ ਅਨੁਸਾਰ ਕੋਚ ਗੈਰੀ ਕਰਸਟਨ ਤੇ ਉਸ ਦੇ ਸਹਾਇਕ ਸਟਾਫ ਨੂੰ 50-50 ਲੱਖ ਰੁਪਏ ਦਿੱਤੇ ਜਾਣਗੇ ਜਦੋਂਕਿ ਚੋਣ ਕਮੇਟੀ ਦੇ ਹਰੇਕ ਮੈਂਬਰ ਨੂੰ 25-25 ਲੱਖ ਰੁਪਏ ਦਿੱਤੇ ਜਾਣਗੇ। ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਕਪਤਾਨ ਧੋਨੀ ਨੂੰ ਦੋ ਕਰੋੜ ਤੇ ਵਰਿੰਦਰ ਸਹਿਵਾਗ, ਗੌਤਮ ਗੰਭੀਰ, ਵਿਰਾਟ ਕੋਹਲੀ ਤੇ ਅਸ਼ੀਸ਼ ਨੇਹਰਾ ਨੂੰ ਇਕ-ਇਕ ਕਰੋੜ ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਸੁਰੇਸ਼ ਰੈਨਾ ਤੇ ਪਿਊਸ਼ ਚਾਵਲਾ ਨੂੰ 'ਕਾਂਸ਼ੀ ਰਾਮ ਕੌਮਾਂਤਰੀ ਖੇਡ ਪੁਰਸਕਾਰ' ਦੇਣ ਦਾ ਫੈਸਲਾ ਕੀਤਾ ਹੈ। ਕਰਨਾਟਕ ਦੇ ਮੁੱਖ ਮੰਤਰੀ ਬੀ.ਐਸ. ਯੇਦੀਯੁਰੱਪਾ ਨੇ ਟੀਮ ਦੇ ਹਰ ਖਿਡਾਰੀ ਨੂੰ ਬੰਗਲੌਰ ਵਿਕਾਸ ਪ੍ਰੀਸ਼ਦ 'ਚ ਰਿਹਾਇਸ਼ੀ ਪਲਾਟ ਦੇਣ ਦਾ ਐਲਾਨ ਕੀਤਾ ਹੈ। ਉਤਰਾਖੰਡ ਦੇ ਮੁੱਖ ਮੰਤਰੀ ਰਮੇਸ਼ ਪੋਖਰਿਆਲ ਨਿਸ਼ੰਕ ਨੇ ਧੋਨੀ ਤੇ ਤੇਂਦੁਲਕਰ ਨੂੰ ਮਸੂਰੀ 'ਚ ਇਕ-ਇਕ ਪਲਾਟ ਦੇਣ ਦਾ ਐਲਾਨ ਕੀਤਾ ਤੇ ਕਿਹਾ ਹੈ ਕਿ ਸੂਬੇ 'ਚ ਧੋਨੀ ਦੇ ਨਾਂ 'ਤੇ ਇਕ ਸਟੇਡੀਅਮ ਬਣਾਇਆ ਜਾਵੇਗਾ। ਉਧਰ ਗੁਜਰਾਤ ਸਰਕਾਰ ਨੇ ਯੂਸਫ ਪਠਾਨ ਤੇ ਮੁਨਾਫ ਪਟੇਲ ਨੂੰ ਇਕਲੱਵਿਆ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ ਜਿਸ ਦੀ ਰਾਸ਼ੀ ਇਕ ਲੱਖ ਰੁਪਏ ਹੈ।

## ਵਿਸ਼ਵ ਕੱਪ-2011 'ਚ ਚਮਕੇ ਨਵੇਂ ਸਿਤਾਰੇ



*ਖੁਸ਼ੀ ਦੇ ਰੌਂਅ 'ਚ ਹਰਭਜਨ, ਸਚਿਨ ਤੇ ਹੋਰ*

ਵਿਸ਼ਵ ਕ੍ਰਿਕਟ ਕੱਪ-2011 ਸ਼ੁਰੂ ਹੋਣ ਸਮੇਂ ਸਾਰੀਆਂ ਟੀਮਾਂ 'ਚ ਕੁਝ ਚੋਣਵੇਂ ਖਿਡਾਰੀਆਂ ਨੂੰ ਲੈ ਕੇ ਛਿੜੀ ਦਾ ਵੀ ਵਿਸ਼ਵ ਕੱਪ ਦਾ ਫਾਈਨਲ ਮੁਕਾਬਲਾ ਖੇਡੇ ਜਾਣ ਤੋਂ ਬਾਅਦ ਭੋਗ ਪੈ ਗਿਆ ਹੈ। ਚੰਡੀਗੜ੍ਹ ਦਾ ਹਰਫਨਮੌਲਾ ਖਿਡਾਰੀ ਯੁਵਰਾਜ ਸਿੰਘ ਸਾਰੇ ਧੁਨੰਤਰ ਖਿਡਾਰੀਆਂ ਨੂੰ ਪਛਾੜ ਕੇ 'ਪਲੇਅਰ ਆਫ ਦਿ ਟੂਰਨਾਮੈਂਟ' ਦਾ ਤਾਜ ਆਪਣੇ ਸਿਰ ਸਜਾਉਣ 'ਚ ਸਫਲ ਹੋਇਆ ਜਿਸ ਨੇ ਬੱਲੇ ਤੇ ਗੇਂਦ ਦੇ ਖੇਡ ਕਮਾਲ ਸਦਕਾ ਇਸ ਖਿਤਾਬ 'ਤੇ ਮੈਚ-ਦਰ-ਮੈਚ ਆਪਣੀ ਪਕੜ ਮਜ਼ਬੂਤ ਬਣਾਈ ਰੱਖੀ।

ਟੂਰਨਾਮੈਂਟ ਦੀ ਸ਼ੁਰੂਆਤ ਤੋਂ ਹੀ ਉਸ ਦਾ ਮੁਕਾਬਲਾ ਗੇਂਦਬਾਜ਼ਾਂ ਦਾ ਕੁਟਾਪਾ ਕਰਨ ਦੇ ਮਾਹਿਰ ਸ੍ਰੀਲੰਕਨ ਬੱਲੇਬਾਜ਼ ਤਿਲਕਰਤਨੇ ਦਿਲਸ਼ਾਨ ਨਾਲ ਸੀ ਜਿਸ ਨੇ 9 ਮੈਚ ਖੇਡ ਕੇ 8 ਵਿਕਟਾਂ ਤੇ 500 ਦੌੜਾਂ ਬਣਾਈਆਂ ਜਿਨ੍ਹਾਂ 'ਚ ਉਸ ਦੇ ਦੋ ਸੈਂਕੜੈ ਤੇ ਦੋ ਅਰਧ ਸੈਂਕੜੇ ਸ਼ਾਮਲ ਹਨ। ਇਸ ਦੇ ਉਲਟ ਯੁਵਰਾਜ ਨੇ 15 ਅਹਿਮ ਵਿਕਟਾਂ ਲੈਣ ਦੇ ਨਾਲ ਆਪਣੇ ਬੱਲੇ ਨਾਲ 362 ਕੀਮਤੀ ਦੌੜਾਂ ਬਣਾਈਆਂ।

ਕ੍ਰਿਕਟ ਮੁਕਾਬਲੇ 'ਚ ਸੰਸਾਰ ਕੱਪ ਜੇਤੂ ਦੇਸ਼ ਦਾ ਮਾਸਟਰ ਬਲਾਸਟਰ ਸਚਿਨ ਤੇਂਦੁਲਕਰ 482 ਦੌੜਾਂ ਸਦਕਾ ਦਿਲਸ਼ਾਨ ਤੋਂ ਬਾਅਦ ਦੂਜੇ ਸਥਾਨ 'ਤੇ ਆਇਆ ਜਿਸ 'ਚ ਉਸ ਨੇ 9 ਮੈਚ ਖੇਡ ਕੇ ਦੋ ਸੈਂਕੜੇ ਤੇ ਦੋ ਅਰਧ ਸੈਂਕੜੇ ਲਾ ਕੇ ਸਾਰਿਆਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਵਧਦੀ ਉਮਰ ਕਦੇ ਵੀ ਕਿਸੇ ਦੀ ਪ੍ਰਾਪਤੀ 'ਚ ਅੜਿੱਕਾ ਨਹੀਂ ਬਣਦੀ। ਉਪ ਜੇਤੂ ਟੀਮ ਦਾ ਕਪਤਾਨ ਕੁਮਾਰ ਸੰਗਾਕਾਰਾ 465 ਦੌੜਾਂ ਨਾਲ ਤੀਜੇ ਸਥਾਨ 'ਤੇ ਰਿਹਾ। ਉਸ ਨੇ ਨੌਂ ਮੈਚ ਖੇਡ ਕੇ ਇਕ ਸੈਂਕੜਾ ਤੇ ਤਿੰਨ ਅਰਧ ਸੈਂਕੜੇ ਲਗਾ ਕੇ ਟੂਰਨਾਮੈਂਟ 'ਚ ਸਭ ਤੋਂ ਸਫਲ ਕਪਤਾਨ ਹੋਣ ਦਾ ਮਾਣ ਹਾਸਲ ਕੀਤਾ। ਇੰਗਲੈਂਡ ਦਾ ਧਾਕੜ ਬੱਲੇਬਾਜ਼ ਜੋਨਾਥਨ ਟ੍ਰਾਟ ਅੱਠ ਮੈਚਾਂ 'ਚ 422 ਦੌੜਾਂ ਨਾਲ ਚੌਥੇ ਤੇ ਸ੍ਰੀਲੰਕਾ ਦਾ ਸਲਾਮੀ ਬੱਲੇਬਾਜ਼ ਉਪਲ ਥਰੰਗਾ 395 ਦੌੜਾਂ ਨਾਲ ਪੰਜਵੇਂ ਸਥਾਨ 'ਤੇ ਰਿਹਾ। ਵੀਰੇਂਦਰ ਸਹਿਵਾਗ 380 ਦੌੜਾਂ ਨਾਲ ਛੇਵੇਂ ਸਥਾਨ 'ਤੇ ਰਿਹਾ।

ਪਾਕਿਸਤਾਨ ਦੇ ਕਪਤਾਨ ਸ਼ਾਹਿਦ ਅਫਰੀਦੀ ਨੇ 8 ਮੈਚਾਂ 'ਚ 21 ਵਿਕਟਾਂ ਹਾਸਲ ਕਰਕੇ ਟੂਰਨਾਮੈਂਟ ਦੇ ਇਕ ਕਾਮਯਾਬ ਗੇਂਦਬਾਜ਼ ਦਾ ਰੁਤਬਾ ਹਾਸਲ ਕੀਤਾ। ਭਾਰਤ ਦਾ ਜ਼ਹੀਰ ਖਾਨ ਵੀ 9 ਮੈਚਾਂ ਵਿਚ 21 ਵਿਕਟਾਂ ਲੈ ਕੇ ਉਸ ਦਾ ਭਾਈਵਾਲ ਬਣਿਆ। ਇਸ ਤੋਂ ਬਾਅਦ ਨਿਊਜ਼ੀਲੈਂਡ ਦੇ ਤੇਜ਼-ਤਰਾਰ ਗੇਂਦਬਾਜ਼ ਟਿਮ ਸਾਊਦੀ ਨੇ 8 ਮੈਚਾਂ 'ਚ 18 ਵਿਕਟਾਂ, ਦੱਖਣੀ ਅਫਰੀਕਾ ਦੇ ਰੌਬਿਨ ਪੀਟਰਸਨ 7 ਮੈਚ ਖੇਡ ਕੇ 15 ਵਿਕਟਾਂ, ਸ੍ਰੀਲੰਕਾ ਦੇ ਮੁਥੱਈਆ ਮੁਰਲੀਧਰਨ ਤੇ ਭਾਰਤ ਦੇ ਯੁਵਰਾਜ ਸਿੰਘ 9-9 ਮੈਚ ਖੇਡ ਕੇ 15-15 ਵਿਕਟਾਂ ਲਈਆਂ।

ਵਿਸ਼ਵ ਕੱਪ ਦੌਰਾਨ ਜਿੱਥੇ ਕਈ ਉਲਟ ਫੇਰ ਹੋਏ ਖਿਡਾਰੀਆਂ ਦੇ ਪ੍ਰਦਰਸ਼ਨ ਵਿਚ ਵੀ ਉਲਟ ਫੇਰ ਹੋਏ। ਕਿਸੇ ਨੇ ਵੀ ਨਹੀਂ ਸੋਚਿਆ ਸੀ ਕਿ ਪਾਕਿਸਤਾਨੀ ਕਪਤਾਨ ਸ਼ਾਹਿਦ ਅਫਰੀਦੀ ਸਰਵੋਤਮ ਵਿਕਟਾਂ ਲਵੇਗਾ। ਅਫਰੀਦੀ ਤੋਂ ਚੰਗੀ ਬੱਲੇਬਾਜ਼ੀ ਦੀ ਆਸ ਸੀ ਪਰ ਉਹ ਉਥੇ ਨਾ ਚਮਕਿਆ। ਇਸੇ ਤਰ੍ਹਾਂ ਯੁਵਰਾਜ ਸਿੰਘ ਨੇ ਜਿੱਥੇ ਬੱਲੇਬਾਜ਼ੀ ਵਿੱਚ ਆਸ ਅਨੁਸਾਰ ਦੌੜਾਂ ਬਣਾਈਆਂ ਤੇ ਗੇਂਦਬਾਜ਼ੀ ਵਿਚ ਹੈਰਾਨ ਕਰ ਦੇਣ ਵਾਲਾ ਪ੍ਰਦਰਸ਼ਨ ਕਰਦਿਆਂ 15 ਵਿਕਟਾਂ ਲਈਆਂ ਤੇ ਉਹ ਸਰਵੋਤਮ ਗੇਂਦਬਾਜ਼ਾਂ ਦੀ ਸੂਚੀ ਵਿਚ ਚੌਥੇ ਨੰਬਰ 'ਤੇ ਰਿਹਾ। ਉਸ ਨੇ ਹਰਭਜਨ ਤੋਂ ਵੀ ਵੱਧ ਵਿਕਟਾਂ ਲਈਆਂ।

ਇਸੇ ਤਰ੍ਹਾਂ ਸ੍ਰੀਲੰਕਨ ਹਰਫਨਮੌਲਾ ਤਿਲਕਰਤਨੇ ਦਿਲਸ਼ਾਨ ਤੋਂ ਇੰਨੇ ਦਮਦਾਰ ਪ੍ਰਦਰਸ਼ਨ ਦੀ ਆਸ ਨਹੀਂ ਸੀ ਪਰ ਉਸ ਨੇ 500 ਦੌੜਾਂ ਬਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਕਪਤਾਨ ਰਿੱਕੀ ਪੌਂਟਿੰਗ ਸਮੇਤ ਆਸਟਰੇਲਿਆਈ ਖਿਡਾਰੀਆਂ ਦਾ ਕਿਸੇ ਵੀ ਸੂਚੀ ਵਿਚ ਨਾਂ ਸ਼ਾਮਲ ਹੋਣਾ ਵੀ ਹੈਰਾਨ ਕਰ ਦੇਣ ਵਾਲੀ ਗੱਲ ਹੈ।







# ਭਾਰਤ: ਕ੍ਰਿਕਟ ਜਗਤ ਦਾ ਸਰਤਾਜ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਨੇ ਟਵੰਟੀ-20 ਵਿਸ਼ਵ ਕੱਪ ਤੇ ਟੈਸਟ ਕ੍ਰਿਕਟ ਵਿਚ ਪਹਿਲਾ ਸਥਾਨ ਮੱਲ੍ਹਣ ਤੋਂ ਬਾਅਦ ਇਕ ਰੋਜ਼ਾ ਕ੍ਰਿਕਟ ਦਾ ਵਿਸ਼ਵ ਕੱਪ ਜਿੱਤ ਕੇ ਕ੍ਰਿਕਟ ਦੇ ਸਾਰੇ ਰੂਪਾਂ ਵਿਚ ਸਰਦਾਰੀ ਕਾਇਮ ਕਰ ਲਈ ਹੈ। ਆਸਟਰੇਲੀਆ ਤੇ ਵੈਸਟ ਇੰਡੀਜ਼ ਤੋਂ ਬਾਅਦ ਭਾਰਤ ਦੁਨੀਆ ਦਾ ਤੀਜਾ ਤੇ ਏਸ਼ੀਆ ਦਾ ਪਹਿਲਾ ਦੇਸ਼ ਬਣ ਗਿਆ ਜਿਸ ਨੇ ਦੋ ਵਾਰ ਵਿਸ਼ਵ ਕੱਪ ਜਿੱਤਿਆ ਹੈ। ਇਸ ਤੋਂ ਪਹਿਲਾਂ 1983 ਵਿਚ ਲਾਰਡਜ਼ ਵਿਖੇ ਕਪਿਲ ਦੇਵ ਦੇ ਸ਼ੇਰਾਂ ਨੇ ਭਾਰਤ ਨੂੰ ਵਿਸ਼ਵ ਚੈਂਪੀਅਨ ਬਣਾਇਆ ਸੀ। ਇਹ ਵੀ ਇਤਫਾਕ ਹੈ ਕਿ ਭਾਰਤ ਨੇ ਉਸ ਵੇਲੇ ਵਿਸ਼ਵ ਕ੍ਰਿਕਟ ਦੀ ਬਾਦਸ਼ਾਹਤ ਦੇ ਮਾਲਕ ਤੇ ਪਿਛਲੇ ਦੋ ਵਿਸ਼ਵ ਕੱਪ ਦੇ ਵਿਜੇਤਾ ਵੈਸਟ ਇੰਡੀਜ਼ ਨੂੰ ਹਰਾ ਕੇ ਵਿਸ਼ਵ ਕੱਪ ਜਿੱਤਿਆ ਸੀ ਤੇ ਇਸ ਵਾਰ ਵੀ ਭਾਰਤ ਨੇ ਵਿਸ਼ਵ ਕ੍ਰਿਕਟ ਦੇ ਸਰਤਾਜ ਤੇ ਪਿਛਲੇ ਤਿੰਨ ਵਾਰ ਦੇ ਵਿਸ਼ਵ ਚੈਂਪੀਅਨ ਆਸਟਰੇਲੀਆ ਨੂੰ ਕੁਆਰਟਰ ਫਾਈਨਲ ਵਿਚ ਹਰਾ ਕੇ ਵਿਸ਼ਵ ਕੱਪ ਜਿੱਤਿਆ। ਵੈਸਟ ਇੰਡੀਜ਼ ਦੀ ਟੀਮ 1983 ਤੋਂ ਬਾਅਦ ਹੁਣ ਤੱਕ ਨਹੀਂ ਉਠ ਸਕੀ ਤੇ ਹੁਣ ਕੰਗਾਰੂ ਟੀਮ ਲਈ ਖਤਰੇ ਦੀ ਘੰਟੀ ਵੱਜ ਗਈ ਹੈ।

ਭਾਰਤ ਨੇ ਦੇਸ਼ ਵਾਸੀਆਂ ਦੀਆਂ ਸਾਰੀਆਂ ਉਮੀਦਾਂ ’ਤੇ ਖਰੇ ਉਤਰਦਿਆਂ ਵਿਸ਼ਵ ਕੱਪ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ। ਭਾਰਤ ਨੇ ਸ੍ਰੀਲੰਕਾ ਨੂੰ ਹਰਾ ਕੇ 1996 ਦੇ ਵਿਸ਼ਵ ਕੱਪ ਵਿਚ ਸੈਮੀ ਫਾਈਨਲ ਦੀ ਹਾਰ ਤੇ 2007 ਦੇ ਵਿਸ਼ਵ ਕੱਪ ਵਿਚ ਪਹਿਲੇ ਦੌਰ ਵਿਚ ਹਾਰ ਦਾ ਬਦਲਾ ਵੀ ਵਿਆਜ਼ ਸਮੇਤ ਲੈ ਲਿਆ। ਭਾਰਤੀ ਟੀਮ 28 ਸਾਲ ਤੋਂ ਇਸ ਪਲ ਨੂੰ ਤਰਸ ਰਹੀ ਸੀ। 1996 ਵਿਚ ਸੈਮੀ ਫਾਈਨਲ, 1999 ਵਿਚ ਸੁਪਰ-6 ਤੇ 2003 ਵਿਚ ਫਾਈਨਲ ਵਿਚ ਪਹੁੰਚਣ ਦੇ ਬਾਵਜੂਦ ਭਾਰਤੀ ਟੀਮ ਖਾਲੀ ਹੱਥ ਵਾਪਸ ਆ ਜਾਂਦੀ ਸੀ ਪਰ ਇਸ ਵਾਰ ਉਸ ਨੇ ਕੋਈ ਵੀ ਭੁੱਲ ਨਾ ਕੀਤੀ ਤੇ ਚੈਂਪੀਅਨਾਂ ਵਾਂਗ ਖੇਡਦੇ ਹੋਏ ਆਪਣੀ ਸਰਦਾਰੀ ਕਾਇਮ ਕੀਤੀ। ਇਸ ਖਿਤਾਬ ਦੇ ਨਾਲ ਭਾਰਤ ਕ੍ਰਿਕਟ ਖੇਡ ਦੀ ਵੱਡੀ ਤਾਕਤ ਬਣ ਗਿਆ। ਵਿਸ਼ਵ ਕੱਪ ਦੇ ਚੈਂਪੀਅਨ ਬਣਨ ਤੱਕ ਭਾਰਤ ਦਾ ਸਫਰ ਬਹੁਤ ਚੁਣੌਤੀਪੂਰਨ ਰਿਹਾ। ਦੱਖਣੀ ਅਫਰੀਕਾ ਹੱਥੋਂ ਹਾਰ, ਇੰਗਲੈਂਡ ਨਾਲ ਟਾਈ ਮੈਚ ਤੇ ਆਇਰਲੈਂਡ ਤੇ ਹਾਲੈਂਡ ਖਿਲਾਫ ਫਸਵੇਂ ਮੁਕਾਬਲਿਆਂ ਦੀਆਂ ਜਿੱਤਾਂ ਨੇ ਦੇਸ਼ ਵਾਸੀਆਂ ਦਾ ਦਿਲ ਡੋਬੇ ਖਾਣ ਲਾ ਦਿੱਤਾ ਸੀ। ਆਖਰੀ ਮੈਚ ਵਿੱਚ ਵੈਸਟ ਇੰਡੀਜ਼ 'ਤੇ ਦਰਜ ਕੀਤੀ ਧਮਾਕੇਦਾਰ ਜਿੱਤ ਤੋਂ ਬਾਅਦ ਭਾਰਤੀ ਟੀਮ ਨੇ ਅਜਿਹੀ ਲੈਅ ਫੜੀ ਕਿ ਕੁਆਰਟਰ ਫਾਈਨਲ ਵਿਚ ਆਸਟਰੇਲੀਆ, ਸੈਮੀ ਫਾਈਨਲ ਵਿਚ ਪਾਕਿਸਤਾਨ ਤੇ ਫਾਈਨਲ ਵਿਚ ਸ੍ਰੀਲੰਕਾ ਨੂੰ ਨੇੜੇ ਨਹੀਂ ਲੱਗਣ ਦਿੱਤਾ। ਫਾਈਨਲ ਵਿਚ ਜਿੱਤ ਨਾਲ ਜਿੱਥੇ ਕਈ ਮਿੱਥਾਂ ਟੁੱਟੀਆਂ ਉਥੇ ਅੰਕੜਿਆਂ ਨੂੰ ਵੀ ਮਾਤ ਦਿੱਤੀ। ਕ੍ਰਿਕਟ ਵਿਚ ਸੈਂਕੜਿਆਂ ਨੂੰ ਕਾਫੀ ਮਹੱਤਤਾ ਦਿੱਤੀ ਜਾਂਦੀ ਹੈ। ਫਾਈਨਲ ਵਿਚ ਸ੍ਰੀਲੰਕਾਈ ਬੱਲੇਬਾਜ਼ ਮਹੇਲਾ ਜੈਅਵਰਧਨੇ ਨੇ ਸਾਹਸੀ ਖੇਡ ਦਿਖਾਉਂਦਿਆ ਸੈਂਕੜਾ ਜੜਿਆ ਪਰ ਟੀਮ ਦੇ ਪੱਲੇ ਫਿਰ ਵੀ ਹਾਰ ਪਈ। ਦੂਜੇ ਪਾਸੇ ਦੋ ਭਾਰਤੀ ਬੱਲੇਬਾਜ਼ ਗੌਤਮ ਗੰਭੀਰ (97) ਤੇ ਮਹਿੰਦਰ ਸਿੰਘ ਧੋਨੀ (ਨਾਬਾਦ 91) ਸੈਂਕੜੇ ਤੋਂ ਖੁੰਝ ਗਏ ਪਰ ਜਿੱਤ ਭਾਰਤ ਦੇ ਹੀ ਹਿੱਸੇ ਆਈ। ਸਚਿਨ ਦੇ ਇਕ-ਇਕ ਸੈਂਕੜੇ ’ਤੇ ਝੂੰਮਣ ਵਾਲੇ ਦੇਸ਼ ਵਾਸੀਆਂ ਨੂੰ ਇਹ ਤਾਂ ਅਹਿਸਾਸ ਹੋ ਗਿਆ ਕਿ ਸੈਂਕੜੇ ਨਾਲੋਂ ਵੱਡੀ ਜਿੱਤ ਹੁੰਦੀ ਹੈ। ਸਚਿਨ ਸੈਂਕੜਿਆਂ ਦੇ ਸੈਂਕੜੇ ਦੀ ਦਹਿਲੀਜ ’ਤੇ ਹੈ।

ਫਾਈਨਲ ਵਿਚ ਭਾਰਤ ਦੀ ਜਿੱਤ ਨਾਲ ਹੀ ਕਈ ਮਿੱਥਾਂ ਟੁੱਟ ਗਈਆਂ। ਕ੍ਰਿਕਟ ਵਿਚ ਜਿੱਥੇ ਕਈ ਖਿਡਾਰੀ ਵਹਿਮੀ ਹੁੰਦੇ ਹਨ ਉਥੇ ਕ੍ਰਿਕਟ ਮਾਹਿਰ ਤੇ ਜਾਣਕਾਰ ਵੀ ਖੇਡ ਦੇ ਪੁਰਾਣੇ ਅੰਕੜੇ ਦੱਸਦੇ ਹੋਏ ਵਹਿਮਾਂ ਦੀ ਗੱਲ ਕਰਦੇ ਰਹਿੰਦੇ ਹਨ। ਕਿਸੇ ਵੀ ਦੇਸ਼ ਨੇ ਆਪਣੀ ਮੇਜ਼ਬਾਨੀ ਵਿਚ ਵਿਸ਼ਵ ਕੱਪ ਨਾ ਜਿੱਤਿਆ ਹੋਣ ਕਰ ਕੇ ਮੁੰਬਈ ਵਿਖੇ ਖੇਡੇ ਜਾ ਰਹੇ ਫਾਈਨਲ ਤੋਂ ਪਹਿਲਾਂ ਭਾਰਤ ਦਾ ਦਾਅਵਾ ਕਮਜ਼ੋਰ ਦੱਸਿਆ ਜਾ ਰਿਹਾ ਸੀ। ਉਧਰ ਮੈਚ ਸ਼ੁਰੂ ਹੁੰਦਿਆਂ ਹੀ ਜਦੋਂ ਸ੍ਰੀਲੰਕਾ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਜੈਅਵਰਧਨੇ ਨੇ ਸੈਂਕੜੇ ਜੜਿਆ ਤਾਂ ਕਿਹਾ ਜਾਣ ਲੱਗਾ ਕਿ ਫਾਈਨਲ ਵਿੱਚ ਹਮੇਸ਼ਾ ਹੀ ਉਹ ਟੀਮ ਜਿੱਤਦੀ ਹੈ ਜਿਸ ਦਾ ਕੋਈ ਵੀ ਬੱਲੇਬਾਜ਼ ਸੈਂਕੜੇ ਲਗਾਏ। ਭਾਰਤ ਨੂੰ ਜਿੱਤ ਲਈ ਕਿਸੇ ਵੀ ਬੱਲੇਬਾਜ਼ ਦੇ ਸੈਂਕੜੇ ਦੀ ਲੋੜ ਹੈ ਪਰ ਭਾਰਤੀ ਟੀਮ ਨੇ ਬਿਨਾਂ ਕਿਸੇ ਸੈਂਕੜੇ ਤੋਂ ਵਿਸ਼ਵ ਚੈਂਪੀਅਨ ਬਣ ਕੇ ਇਹ ਵੀ ਮਿੱਥ ਤੋੜ ਦਿੱਤੀ।

## 15 ਵਰ੍ਹਿਆਂ ਬਾਅਦ ਮੋੜੀ ਭਾਜੀ

**ਮੁੰਬਈ:** ਵਾਨਖੇੜੇ ਸਟੇਡੀਅਮ ’ਚ ਕਪਤਾਨ ਮਹਿੰਦਰ ਸਿੰਘ ਧੋਨੀ ਵੱਲੋਂ ਹੈਲੀਕਾਪਟਰਨੁਮਾ ਛੱਕਾ ਜੜਦਿਆਂ ਹੀ ਭਾਰਤ ਨੇ ਵਿਸ਼ਵ ਕੱਪ ਜਿੱਤ ਲਿਆ ਤੇ ਇਸ ਦੇ ਨਾਲ ਹੀ ਜਿੱਤ ਦੀ ਗਾਥਾ ਲਿਖਣ ਵਾਲੇ ਤਿੰਨ ਖਿਡਾਰੀਆਂ ਸਚਿਨ ਤੇਂਦੁਲਕਰ, ਯੁਵਰਾਜ ਸਿੰਘ ਤੇ ਹਰਭਜਨ ਸਿੰਘ ਦੀਆਂ ਅੱਖਾਂ ਵਿਚ ਹੰਝੂ ਆ ਗਏ। ਸਚਿਨ ਨੂੰ ਦੇਖਦਿਆਂ 15 ਸਾਲ ਪੁਰਾਣੇ ਈਡਨ ਗਾਰਡਨਜ਼ ਸਟੇਡੀਅਮ ਦਾ ਉਹ ਮੈਚ ਯਾਦ ਆ ਗਿਆ ਜਦੋਂ ਭਾਰਤੀ ਟੀਮ ਸੈਮੀ ਫਾਈਨਲ ਵਿਚ ਸ੍ਰੀਲੰਕਾ ਹੱਥੋਂ ਮਾਤ ਖਾ ਕੇ ਬਾਹਰ ਹੋ ਗਈ ਸੀ ਤੇ ਵਿਨੋਦ ਕਾਂਬਲੀ ਹੰਝੂਆਂ ਭਰੀਆਂ ਅੱਖਾਂ ਨਾਲ ਸਟੇਡੀਅਮ ’ਚੋਂ ਅਧੂਰੀਆਂ ਆਸਾਂ ਨਾਲ ਬਾਹਰ ਆਇਆ। 15 ਸਾਲ ਬਾਅਦ ਕਾਂਬਲੀ ਦੇ ਬਚਪਨ ਦੇ ਦੋਸਤ ਸਚਿਨ ਦੀ ਅਗਵਾਈ ਵਿਚ ਭਾਰਤ ਨੇ ਸ੍ਰੀਲੰਕਾ ਤੋਂ ਕਾਂਬਲੀ ਦੇ ਹੂੰਝਆਂ ਦਾ ਬਦਲਾ ਲੈ ਲਿਆ। ਦੋ ਪੰਜਾਬੀ ਖਿਡਾਰੀ ਯੁਵੀ ਤੇ ਭੱਜੀ ਵੀ ਆਪਣੇ ਮੁੰਬਈਕਰ ਸਾਥੀ ਨੂੰ ਜਿੱਤ ਦਾ ਤੋਹਫਾ ਦੇ ਕੇ ਭਾਵੁਕ ਹੋ ਗਏ। ਸਚਿਨ ਨੇ ਵੀ ਘਰੇਲੂ ਮੈਦਾਨ ’ਤੇ ਆਪਣੇ ਜ਼ਿੰਦਗੇ ਦੇ ਸਭ ਤੋਂ ਵੱਡੇ ਸੁਫਨੇ ਨੂੰ ਪੂਰਾ ਕਰ ਲਿਆ।

## ਗੈਰੀ ਲਈ ਵਿਦਾਇਗੀ ਤੋਹਫ਼ਾ

ਵਿਸ਼ਵ ਕ੍ਰਿਕਟ ਵਿਚ ਦੱਖਣੀ ਅਫਰੀਕਾ ਨੂੰ ਬਦਕਿਸਮਤ ਟੀਮ ਮੰਨਿਆ ਜਾਂਦਾ ਹੈ ਤੇ ਉਹ ਆਪਣੇ ਨਾਲੋਂ 'ਚੋਕਰਜ਼' ਦਾ ਨਾਂ ਇਸ ਵਾਰ ਵੀ ਨਹੀਂ ਹਟਾ ਸਕੀ ਪਰ ਭਾਰਤੀ ਟੀਮ ਨੇ ਆਪਣੇ ਕੋਚ ਤੇ ਦੱਖਣੀ ਅਫਰੀਕਾ ਦੇ ਸਾਬਕਾ ਕ੍ਰਿਕਟਰ ਗੈਰੀ ਕਰਸਟਨ ਨੂੰ ਵਿਸ਼ਵ ਕੱਪ ਦਾ ਤੋਹਫਾ ਦੇ ਕੇ ਸ਼ਾਨਦਾਰ ਵਿਦਾਇਗੀ ਦਿੱਤੀ ਹੈ। ਗੈਰੀ ਕਰਸਟਨ ਦਾ ਇਹ ਕੋਚ ਵਜੋਂ ਆਖਰੀ ਮੈਚ ਸੀ ਤੇ ਉਸ ਨੇ ਪਿਛਲੇ ਤਿੰਨ ਸਾਲ ਤੋਂ ਭਾਰਤੀ ਟੀਮ ਨੂੰ ਮੁਸ਼ਕਲ ਹਾਲਾਦਤ ਵਿਚ ਵੀ ਜਿੱਤ ਹਾਸਲ ਕਰਨੀ ਸਿਖਾਈ। ਭਾਰਤੀ ਟੀਮ ਨੇ ਸਾਊ ਸੁਭਾਅ ਦੇ ਆਪਣੇ ਮਹਿਬੂਬ ਕੋਚ ਨੂੰ ਜੇਤੂ ਵਿਦਾਈ ਦਿੱਤੀ। ਵਿਰਾਟ ਕੋਹਲੀ ਤੇ ਸੁਰੇਸ਼ ਰੈਨਾ ਨੇ ਤਾਂ ਕੋਚ ਨੂੰ ਮੋਢਿਆਂ ’ਤੇ ਹੀ ਚੁੱਕ ਕੇ ਗੇੜਾ ਲਾਇਆ। ਕਰਸਟਨ ਤੇ ਸਚਿਨ ਬਤੌਰ ਖਿਡਾਰੀ ਸਮਕਾਲੀ ਹੋਣ ਕਾਰਨ ਖਿਡਾਰੀਆਂ ਦੇ ਮੋਢਿਆਂ ’ਤੇ ਜੇਤੂ ਗੇੜਾ ਲਾ ਰਹੇ ਸਨ।

# ਪ੍ਰਤਿਭਾ ਜਦੋਂ ਸਵਾਰਥੀ ਬਣ ਜਾਵੇ

1983 ’ਚ ਵਿਸ਼ਵ ਕੱਪ ਜਿੱਤਣ ਵਾਲੀ ਤੇ ਮੌਜੂਦਾ ਭਾਰਤੀ ਟੀਮ ’ਚ ਬਿਲਕੁਲ ਸਪੱਸ਼ਟ ਫਰਕ ਹੈ। 1983 ਦੀ ਜਿੱਤ ਪ੍ਰਤਿਭਾ, ਅਸਾਧਾਰਨ ਆਤਮ-ਵਿਸ਼ਵਾਸ ਅਤੇ ਕੁਝ ਹੱਦ ਤੱਕ ਖੁਸ਼ਕਿਸਮਤੀ ਦਾ ਨਤੀਜਾ ਸੀ। 2011 ਵਾਲੀ ਭਾਰਤੀ ਟੀਮ ਅੱਜ ਇਸ ਖੇਡ ’ਚ ਸਭ ਤੋਂ ਅਮੀਰ ਟੀਮ ਹੈ। ਇਹ ਖੇਡ ਬਾਕੀ ਸਾਰੀਆਂ ਖੇਡਾਂ ਦੀ ਜਾਨ ਸੁਕਾਉਂਦੀ ਜਾ ਰਹੀ ਹੈ ਤੇ ਉਨ੍ਹਾਂ ਸਾਰੇ ਛੋਟੇ ਸ਼ਹਿਰਾਂ ਦੇ ਘਰ-ਘਰ ’ਚ ਤੈਅਸ਼ੁਦਾ ਜੀਵਨ ਆਦਰਸ਼ ਬਣ ਗਈ ਹੈ, ਜੋ ਭਵਿੱਖ ’ਚ ਦਿੱਲੀ ਤੇ ਮੁੰਬਈ ਵਰਗੇ ਬਣ ਸਕਦੇ ਹਨ। ਇਹ ਮੱਧ ਵਰਗ ਅਤੇ ਦਿਹਾਤੀ ਭਾਰਤ ਨੂੰ ਆਕਰਸ਼ਿਤ ਕਰਨ ਵਾਲੀ ਇਕ ਚੁੰਬਕ ਹੈ ਕਿਉਂਕਿ ਇਹ ਵਰਗ ਸਮਝਦੇ ਹਨ ਕਿ ਅਗਿਆਤ ਅਵਸਥਾ ਤੋਂ ਸਟਾਰਡਮ ਤੱਕ ਪਹੁੰਚਣ ਦਾ ਇਕੋ ਇਕ ਜ਼ਰੀਆ ਇਹੋ ਖੇਡ ਹੈ, ਜੋ ਜੀਵਨ ’ਚ ਅੱਗੇ ਵਧਣ ਦੇ ਰਵਾਇਤੀ ਪੇਸ਼ਵਰ ਪੈਮਾਨਿਆਂ ਕਾਰਨ ਇਨ੍ਹਾਂ ਅਰਥਾਂ ’ਚ ਅਨੋਖੀ ਹੈ ਕਿ ਇਸ ’ਚ ਕਿਸੇ ਉਚ ਸਿੱਖਿਆ ਦੀ ਲੋੜ ਨਹੀਂ। ਇਸ ਤੋਂ ਇਲਾਵਾ ਇਸ ਖੇਡ ਤੋਂ ਹੋਣ ਵਾਲੀ ਕਮਾਈ ’ਤੇ ਮੈਰਿਟ ਜਾਂ ਤਨਖਾਹ ਭੱਤੇ ਵਰਗੀ ਕੋਈ ਸ਼ਰਤ ਵੀ ਲਾਗੂ ਨਹੀਂ ਹੁੰਦੀ।

ਨਿੱਜੀ ਅਤੇ ਸਮੂਹਿਕ ਦੋਹਾਂ ਪੱਧਰਾਂ ’ਤੇ ਕ੍ਰਿਕਟ ਭਾਰਤੀ ਅਰਥ ਵਿਵਸਥਾ ਦਾ ਪ੍ਰਤੀਕ ਥੰਮ੍ਹ ਬਣ ਗਈ ਹੈ, ਜੋ ਅਜਿਹੇ ਸੁਭਾਗ ਚੱਕਰ ਦੀ ਮਿਸਾਲ ਹੈ, ਜਿਸ ਵਿਚ ਪੈਸਾ ਸਫ਼ਲਤਾ ਦੀ ਕੁੰਜੀ ਹੈ। ਭਾਰਤੀ ਟੀਮ ਬਾਕੀ ਦੱਖਣ ਏਸ਼ੀਆਈ ਟੀਮਾਂ ਦੇ ਮੁਕਾਬਲੇ ਖੇਡ ਮੈਦਾਨ ’ਚ ਜ਼ਿਆਦਾ ਲਾਭ ਵਾਲੀ ਸਥਿਤੀ ’ਚ ਹੀ ਦਾਖਲ ਹੁੰਦੀ ਹੈ। ਜਿੱਤ ਅਤੇ ਹਾਰ ਦਾ ਫ਼ੈਸਲਾ ਸੁਭਾਵਿਕ ਹੀ ਵੱਖ-ਵੱਖ ਮਨੁੱਖੀ ਤੱਤਾਂ ਦੀ ਭੂਮਿਕਾ ਨਾਲ ਹੁੰਦਾ ਹੈ, ਨਹੀਂ ਤਾਂ ਇਹ ਖੇਡ ਬਹੁਤ ਨੀਰਸ ਹੋ ਜਾਂਦੀ। ਪਰ ਪ੍ਰਤਿਭਾ ਦਾ ਵਿਸ਼ਾਲ ਭੰਡਾਰ ਤੇ ਨਾਲ ਹੀ ਜ਼ਬਰਦਸਤ ਪ੍ਰੇਰਨਾ ਜਿਸ ਵਿਆਪਕ ਸੰਸਥਾਗਤ ਪੱਧਰ ’ਤੇ ਉਪਲੱਬਧ ਹੈ, ਉਹ ਉਛਲਦੇ ਬੈਂਕ ਖਾਤਿਆਂ ਦੀ ਬਦੌਲਤ ਹੀ ਸੰਭਵ ਹੈ। ਯੂਸਫ਼ ਪਠਾਨ ਆਖਰੀ ਇਲੈਵਨ ’ਚ ਜਗ੍ਹਾ ਨਹੀਂ ਬਣਾ ਸਕਦਾ ਪਰ ਫਿਰ ਵੀ ਵਿਸ਼ਵ ਕੱਪ ਤੋਂ ਛੇਤੀ ਬਾਅਦ ਹੋਣ ਵਾਲੇ ਆਈ.ਪੀ.ਐਲ. ਦੀ ਮਹਰਬਾਨੀ ਨਾਲ ਲਗਭਗ 10 ਕਰੋੜ ਰੁਪਏ ਤਕ ਉਸ ਦੀ ਅਮੀਰੀ ਵਧ ਗਈ ਹੈ। ਉਹ ਜਿਨ੍ਹਾਂ ਸਥਿਤੀਆਂ ’ਚ ਪੈਦਾ ਹੋਇਆ, ਉਨ੍ਹਾਂ ’ਚ ਕਦੇ ਕਿਸੇ ਨੇ ਇੰਨੀ ਵੱਡੀ ਰਕਮ ਸੁਪਨੇ ’ਚ ਵੀ ਦੇਖੀ-ਸੁਣੀ ਨਹੀਂ ਸੀ।

ਜੇ ਪਾਕਿਸਤਾਨ ਤੇ ਸ੍ਰੀਲੰਕਾ ਦੇ ਖਿਡਾਰੀਆਂ ਦੀਆਂ ਸ਼ਾਨਦਾਰ ਸਮਰੱਥਾਵਾਂ ਨੂੰ ਨਿਖਾਰਨ ਤੇ ਚਮਕਾਉਣ ਲਈ ਭਾਰਤ ਵਰਗੀ ਅਰਥ ਵਿਵਸਥਾ ਉਪਲੱਬਧ ਹੁੰਦੀ ਤਾਂ ਪਤਾ ਨਹੀਂ ਉਹ ਕੀ-ਕੀ ਕ੍ਰਿਸ਼ਮੇ ਦਿਖਾਉਂਦੇ। ਨਾਂਹ-ਪੱਖੀ ਮਾਹੌਲ ਦੀ ਤ੍ਰਾਸਦੀ ਬਹੁਤ ਡੂੰਘੀ ਹੈ। ਭਾਰਤ ਵਿਰੁੱਧ ਸੈਮੀਫ਼ਾਈਨਲ ’ਚ ਪਾਕਿਸਤਾਨੀ ਖਿਡਾਰੀ ਜਦੋਂ ਵੀ ਕੋਈ ਗਲਤੀ ਕਰਦੇ ਤਾਂ ਮੈਚ ਫਿਕਸਿੰਗ ਦੀ ਦੁਖਦਾਈ ਘੁਸਰ-ਮੁਸਰ ਸ਼ੁਰੂ ਹੋ ਜਾਂਦੀ। ਉਪਰੋਂ ਉਨ੍ਹਾਂ ਨੇ ਗਲਤੀਆਂ ਵੀ ਇੰਨੀਆਂ ਕੀਤੀਆਂ, ਜੋ ਮੁਆਫ਼ ਨਹੀਂ ਕੀਤੀਆਂ ਜਾ ਸਕਦੀਆਂ। ਮੈਚ ਤੋਂ ਬਾਅਦ ਸਭ ਦੀ ਜ਼ੁਬਾਨ ’ਤੇ ਇਹੋ ਚਰਚਾ ਸੀ ਕਿ ਪਾਕਿਸਤਾਨ ਦੇ ਗ੍ਰਹਿ ਮੰਤਰੀ ਨੇ ਕੀ ਉਥੋਂ ਦੀ ਖ਼ੁਫ਼ੀਆ ਸੇਵਾ ਦੇ ਕਹਿਣ ’ਤੇ ਹੀ ਜਨਤਕ ਤੌਰ ’ਤੇ ਆਪਣੀ ਟੀਮ ਨੂੰ ਇਹ ਧਮਕੀ ਭਰੀ ਚਿਤਾਵਨੀ ਦਿੱਤੀ ਸੀ ਕਿ ਖਿਡਾਰੀ ਮੈਚ ਫਿਕਸਿੰਗ ਨਾ ਕਰਨ। ਕੀ ਉਨ੍ਹਾਂ ਨੂੰ ਭਾਰਤ ਹੱਥੋਂ ਪਾਕਿਸਤਾਨ ਦੀ ਹਾਰ ਦੀ ਸੰਭਾਵਨਾ ਦੀ ਸੂਚਨਾ ਮਿਲ ਗਈ ਸੀ? ਪਰ ਇਸ ਜਿੱਤ-ਹਾਰ ਦਾ ਵਿਵੇਕ ਗਣਿਤ ’ਤੇ ਆਧਾਰਿਤ ਨਹੀਂ, ਸਗੋਂ ਨੈਤਿਕ ਹੈ। ਭਾਰਤੀ ਖਿਡਾਰੀਆਂ ਲਈ ਫੌਰੀ ਤੌਰ ’ਤੇ ਲਗਾਤਾਰ ਵਿੱਤੀ ਪੁਰਸਕਾਰ ਉਪਲੱਬਧ ਹਨ, ਜੋ ਕਿਸੇ ਤਰ੍ਹਾਂ ਦੀ ਫਿਕਸਿੰਗ ਨੂੰ ਮੂਰਖਤਾਪੂਰਨ ਬਣਾ ਦਿੰਦੇ ਹਨ। ਇਕ ਮੱਕਾਰ ਕ੍ਰਿਕਟ ਖੇਡਦਾ ਰਹਿ ਸਕਦਾ ਹੈ, ਪਰ ਇਸ਼ਤਿਹਾਰ ’ਤੇ ਨਜ਼ਰ ਆਉਣ ਲਈ ਮੱਕਾਰ ਨੂੰ ਕੋਈ ਵੀ ਅਦਾਇਗੀ ਕਰਨ ਲਈ ਤਿਆਰ ਨਹੀਂ ਹੋਵੇਗਾ। ਪਰ ਜੇ ਕੋਈ ਖਿਡਾਰੀ ਅਜਿਹੀ ਸਥਿਤੀ ’ਚ ਹੈ ਕਿ ਨਾਜਾਇਜ਼ ਸੱਟੇ ਤੋਂ ਮਿਲਣ ਵਾਲਾ ਧਨ ਜਾਇਜ਼ ਕਮਾਈ ਨਾਲੋਂ ਕਿਤੇ ਜ਼ਿਆਦਾ ਬਣਦਾ ਹੋਵੇ ਤਾਂ ਸੁਭਾਵਿਕ ਤੌਰ ’ਤੇ ਡ੍ਰੈਸਿੰਗ ਰੂਮ ’ਚ ਲਾਰਾਂ ਟਪਕਦੀਆਂ ਨਜ਼ਰ ਆਉਣਗੀਆਂ। ਆਈਸੀਸੀ ਵੱਲੋਂ ਉਚ ਪੱਧਰ ਦੀ ਨਿਗਰਾਨੀ ਵਿਵਸਥਾ ਕਰਨ ਦੇ ਬਾਵਜੂਦ ਪਿਛਲੇ ਦਿਨੀਂ ਪਾਕਿਸਤਾਨੀ ਖਿਡਾਰੀ ਬੁਕੀਜ਼ ਨਾਲ ਸੌਦੇਬਾਜ਼ੀ ਕਰਦੇ ਫੜੇ ਗਏ।

ਮੋਹਾਲੀ ’ਚ ਪਾਕਿਸਤਾਨ ਦੀ ਕ੍ਰਿਕਟ ਟੀਮ ਦੇ ਕਪਤਾਨ ਸ਼ਹਿਦ ਅਫ਼ਰੀਦੀ ਨੇ ਆਪਣੀ ਮੰਦਭਾਗੀ ਹਾਰ ਕਬੂਲ ਕਰਕੇ ਲੱਖਾਂ ਭਾਰਤੀਆਂ ਦਾ ਦਿਲ ਜਿੱਤ ਲਿਆ। ਉਸ ਨੇ ਸ਼ੱਕ ਦੇ ਅਟੱਲ ਦੋਸ਼ਾਂ ’ਚ ਵੀ ਇਕ ਜੇਤੂ ਵਾਂਗ ਮਾਣਮੱਤੇ ਅੰਦਾਜ਼ ’ਚ ਅਜਿਹਾ ਕੀਤਾ। ਜੇ ਉਹ ਪਾਕਿਸਤਾਨੀ ਇਤਿਹਾਸ ਦੇ ਕਿਸੇ ਜ਼ਿਆਦਾ ਸਥਿਰਤਾ ਵਾਲੇ ਯੁੱਗ ’ਚ ਰਹਿ ਰਿਹਾ ਹੁੰਦਾ ਤਾਂ ਉਸ ਦੀ ਪ੍ਰਤਿਭਾ ਕਿੰਨੀ ਜ਼ਿਆਦਾ ਨਿਖਰਦੀ।

ਦੂਜੇ ਪਾਸੇ ਮੁਰਲੀਧਰਨ ਹੀ ਜਾਣਦਾ ਹੋਵੇਗਾ ਕਿ ਉਸ ਦੀ ਆਤਮਾ ਅੰਤਰ-ਦਵੰਧਾਂ ਦੀ ਕਿ ਪੀੜਾ ’ਚੋਂ ਲੰਘ ਰਹੀ ਹੈ। ਜ਼ਿਆਦਾਤਰ ਸਿਨਹਾਲੀ ਸਰਕਾਰ ਅਤੇ ਘੱਟ ਗਿਣਤੀ ਤਮਿਲ ਭਾਈਚਾਰੇ ਦੀ ਅਗਵਾਈ ਕਰਨ ਵਾਲੇ ਤਮਿਲਚੀਤਿਆਂ ਦਰਮਿਆਨ ਦਹਾਕਿਆਂ ਤਕ ਖਾਨਾਜੰਗੀ ਦੀ ਪੀੜਾ ਝੱਲ ਰਹੇ ਸ੍ਰੀਲੰਕਾ ’ਚ ਇਸ ਤਮਿਲ ਨੌਜਵਾਨ ਨੇ ਆਪਣੇ ਦੇਸ਼ ਲਈ ਖੇਡਦਿਆਂ ਕਲਪਨਾ ਰਹਿਤ 800 ਟੈਸਟ ਮੈਚ ਵਿਕਟਾਂ ਹਾਸਲ ਕਰਨ ਦਾ ਕਾਰਨਾਮਾ ਅੰਜਾਮ ਦਿੱਤਾ। ਕੀ ਉਸ ਦੀਆਂ ਅੰਗਾਰਿਆਂ ਵਾਂਗ ਦਹਿਕਦੀਆਂ ਅੱਖਾਂ ਉਸ ਦੀ ਅੰਦਰੂਨੀ ਪੀੜਾ ਦੀ ਪੈਦਾਵਾਰ ਹਨ? ਜੇ ਅਜਿਹਾ ਹੈ ਤਾਂ ਉਹ ਮਹਾਨ ਚਰਿੱਤਰ ਵਾਲਾ ਵਿਅਕਤੀ ਹੈ ਕਿਉਂਕਿ ਉਸ ਨੇ ਆਪਣੀ ਟੀਮ ਤੇ ਉਸ ਨੂੰ ਨਾਇਕ ਬਣਾਉਣ ਵਾਲੇ ਦੇਸ਼ ਦੇ ਝੰਡੇ ਪ੍ਰਤੀ ਆਪਣੀ ਵਚਨਬੱਧਤਾ ਨਾਲ ਹਰੇਕ ਆਲੋਚਕ ਦਾ ਮੂੰਹ ਬੰਦ ਕਰ ਦਿੱਤਾ। ਕੋਈ ਹੋਣਹਾਰ ਖਿਡਾਰੀ ਸਿਰਫ਼ ਆਪਣੇ ਲਈ ਹੀ ਨਹੀਂ ਖੇਡਦਾ।

ਪ੍ਰਤਿਭਾ ਸਿਰਫ਼ ਨਿੱਜਤਾ ਨਾਲ ਸੰਬੰਧਤ ਹੋ ਸਕਦੀ ਹੈ ਪਰ ਜਦੋਂ ਇਹ ਸਵਾਰਥੀ ਬਣ ਜਾਂਦੀ ਹੈ ਤਾਂ ਮੁਰਝਾਉਣਾ ਸ਼ੁਰੂ ਕਰ ਦਿੰਦੀ ਹੈ। ਮੁਰਲੀਧਰਨ ਤੇ ਸਚਿਨ ਨੇ ਆਪਣੀ ਯੋਗਤਾ ਨਾਲ ਵੱਡੀਆਂ ਪ੍ਰਾਪਤੀਆਂ ਹਾਸਿਲ ਕੀਤੀਆਂ ਹਨ ਕਿਉਂਕਿ ਉਨ੍ਹਾਂ ਨੇ ਆਪਣੀ ਪ੍ਰਤਿਭਾ ਉਚ ਕੌਮੀ ਆਦਰਸ਼ਾਂ ਨੂੰ ਵੀ ਸਮਰਪਿਤ ਕੀਤੀ। ਦੋਹਾਂ ’ਚੋਂ ਕਿਸੇ ਨੇ ਵੀ ਕਪਤਾਨ ਬਣਨਾ ਪਸੰਦ ਨਹੀਂ ਕੀਤਾ।

## ਯੂਵਰਾਜ ਨੇ ਕੀਤਾ ਅਲੋਚਕਾਂ ਦਾ ਮੂੰਹ ਬੰਦ



ਵਿਸ਼ਵ ਕੱਪ ਤੋਂ ਪਹਿਲਾਂ ਯੁਵਰਾਜ ਸਿੰਘ ਦੀ ਟੀਮ ਵਿਚ ਚੋਣ ’ਤੇ ਕਈ ਤਰ੍ਹਾਂ ਦੇ ਸਵਾਲੀਆਂ ਚਿੰਨ੍ਹ ਲੱਗੇ ਸਨ। ਆਲੋਚਕਾਂ ਨੇ ਉਸ ਨੂੰ ਅਣਫਿੱਟ ਦੱਸਦਿਆਂ ਟੀਮ ’ਤੇ ਬੇਲੋੜਾ ਭਾਰ ਕਿਹਾ। ਇਸ ਦੇ ਨਾਲ ਹੀ ਕਿਹਾ ਕਿ ਉਹ ਕਿਸੇ ਚੰਗੇ ਖਿਡਾਰੀ ਦਾ ਹੱਕ ਮਾਰ ਰਿਹਾ ਹੈ। ਯੁਵਰਾਜ ਦੇ ਸਮਰਥਕ ਉਸ ਨੂੰ ਮੈਚ ਜਿਤਾਊ ਬੱਲੇਬਾਜ਼ ਦੱਸਦੇ ਹੋਏ ਉਸ ਦੀ ਚੋਣ ਨੂੰ ਸਹੀ ਦੱਸ ਰਹੇ ਸਨ। ਵਿਸ਼ਵ ਕੱਪ ਦੌਰਾਨ ਯੁਵਰਾਜ ਆਪਣੇ ਸਮਰਥਕਾਂ ਦੀਆਂ ਉਮੀਦਾਂ ’ਤੇ ਲੋੜ ਨਾਲੋਂ ਵੱਧ ਕੇ ਖਰਾ ਉਤਰਿਆ ਤੇ ਉਸ ਨੇ ਆਪਣੇ ਬੱਲੇ ਤੇ ਗੇਂਦ ਨਾਲ ਆਲੋਚਕਾਂ ਨੂੰ ਕਰਾਰਾ ਜਵਾਬ ਦਿੱਤਾ। ਵਿਸ਼ਵ ਕੱਪ ਇਤਿਹਾਸ ਦੇ ਸਭ ਤੋਂ ਵੱਡੇ ਹਰਫਨਮੌਲਾ ਖਿਡਾਰੀ ਵਜੋਂ ਉਭਰ ਕੇ ਸਾਹਮਣੇ ਆਏ ਯੁਵਰਾਜ ਨੇ 86 ਦੀ ਔਸਤ ਨਾਲ ਇਕ ਸੈਂਕੜੇ ਤੇ ਚਾਰ ਅਰਧ ਸੈਂਕੜਿਆਂ ਦੀ ਸਹਾਇਤਾ ਨਾਲ 362 ਦੌੜਾਂ ਬਣਾਈਆਂ ਤੇ ਨਾਲ ਹੀ 15 ਵਿਕਟਾਂ ਲਈਆਂ। ਵਿਸ਼ਵ ਕੱਪ ਦਾ ਸਭ ਤੋਂ ਵੱਕਾਰੀ ਪੁਰਸਕਾਰ 'ਮੈਨ ਆਫ ਦਿ ਟੂਰਨਾਮੈਂਟ' ਜਿੱਤਣ ਵਾਲੇ ਯੁਵੀ ਨੇ ਕਿਹਾ ਕਿ ਉਸ ਨੇ ਸਚਿਨ ਤੋਂ ਇਹੋ ਗੁਰ ਸਿੱਖਿਆ ਹੈ ਕਿ ਹਮੇਸ਼ਾ ਬੱਲੇ ਨਾਲ ਆਲੋਚਕਾਂ ਨੂੰ ਜਵਾਬ ਦਿਓ। ਯੁਵਰਾਜ ਨੇ ਫਾਈਨਲ ਸਮੇਤ ਪੂਰੇ ਵਿਸ਼ਵ ਕੱਪ ਵਿਚ ਲਾਜਵਾਬ ਫੀਲਡਿੰਗ ਵੀ ਕੀਤੀ। ਇਸ ਦੇ ਨਾਲ ਯੁਵਰਾਜ ਵਿਸ਼ਵ ਦਾ ਇਕਲੌਤਾ ਖਿਡਾਰੀ ਬਣ ਗਿਆ ਜਿਹੜਾ ਇਕ ਰੋਜ਼ਾ ਤੇ ਟਵੰਟੀ-20 ਦੀ ਵਿਸ਼ਵ ਚੈਂਪੀਅਨ, ਅੰਡਰ-19 ਵਰਗ ਦੀ ਵਿਸ਼ਵ ਚੈਂਪੀਅਨ, ਟੈਸਟ ਵਿਚ ਪਹਿਲਾ ਦਰਜਾ ਤੇ ਚੈਂਪੀਅਨਜ਼ ਟਰਾਫੀ (ਮਿੰਨੀ ਵਿਸ਼ਵ ਕੱਪ) ਦੀ ਜੇਤੂ ਟੀਮ ਦਾ ਹਿਸਾ ਹੋਵੇ।

# ਪੰਜਾਬ ਟਾਈਮਜ਼

*ਸਨਿਚਰਵਾਰ, 9 ਅਪਰੈਲ 2011*


## ਕ੍ਰਿਕਟ ਦੀ 'ਜੈ ਹੋ'

ਭਾਰਤੀ ਕ੍ਰਿਕਟ ਟੀਮ ਵੱਲੋਂ ਸੰਸਾਰ ਕੱਪ ਜਿੱਤਣ ਨਾਲ ਭਾਰਤ ਭਰ ਵਿਚ ਜਾਂ ਸੰਸਾਰ ਵਿਚ ਜਿੱਥੇ ਕਿਤੇ ਵੀ ਭਾਰਤੀ ਵਸਦੇ ਹਨ, ਮਾਹੌਲ ਜਸ਼ਨਾਂ ਵਾਲਾ ਬਣਿਆ ਪਿਆ ਹੈ। ਮੀਡੀਆ ਅਤੇ ਸਰਕਾਰ ਵੀ ਇਸ ਨੂੰ ਬਹੁਤ ਵੱਡੀ ਪ੍ਰਾਪਤੀ ਵਜੋਂ ਪੇਸ਼ ਕਰ ਰਹੇ ਹਨ। ਅਜਿਹਾ ਕਰਨਾ ਕਿਸੇ ਹੱਦ ਤੱਕ ਬਣਦਾ ਵੀ ਹੈ। ਭਾਰਤ ਨੂੰ ਇਹ ਕੱਪ ਜਿੱਤਣ ਲਈ 28 ਵਰ੍ਹਿਆਂ ਦੀ ਲੰਮੀ ਉਡੀਕ ਕਰਨੀ ਪਈ ਹੈ। ਟੂਰਨਾਮੈਂਟ ਦੇ ਪਹਿਲੇ ਕੁਝ ਕੁ ਮੈਚਾਂ ਨੂੰ ਛੱਡ ਕੇ ਐਤਕੀਂ ਭਾਰਤੀ ਟੀਮ ਦੀ ਕਾਰਗੁਜ਼ਾਰੀ ਚੰਗੀ ਰਹੀ ਹੈ। ਸਾਰੇ ਖਿਡਾਰੀਆਂ ਵਿਚਕਾਰ ਤਾਲਮੇਲ ਇੰਨਾ ਵਧੀਆ ਬੈਠਿਆ ਕਿ ਆਖ਼ਰਕਾਰ ਉਹ ਸੁਪਨਾ ਪੂਰਾ ਹੋ ਗਿਆ ਜੋ ਵਰ੍ਹਿਆਂ-ਦਹਾਕਿਆਂ ਤੋਂ ਅਸੰਭਵ ਜਿਹਾ ਲੱਗਣ ਲੱਗ ਪਿਆ ਸੀ। ਉਂਜ ਇਸ ਜਿੱਤ ਤੋਂ ਬਾਅਦ ਟੀਮ ਉਤੇ ਜਿਸ ਢੰਗ ਨਾਲ ਪੈਸਿਆਂ ਦਾ ਮੀਂਹ ਵਰ੍ਹਾਇਆ ਗਿਆ ਅਤੇ ਜੋ ਸਰਗਰਮੀ ਭਾਰਤੀ ਸਿਆਸਤਦਾਨਾਂ ਨੇ ਦਿਖਾਈ ਹੈ, ਉਸ ਨੇ ਸਭ ਦਾ ਧਿਆਨ ਖਿੱਚਿਆ ਹੈ। ਇਸ ਦੇ ਵਿਚ-ਵਿਚਾਲੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਏ ਸੈਮੀਫਾਈਨਲ ਦੌਰਾਨ ਜੋ ਸਿਆਸਤ ਹੋਈ, ਉਸ ਨੇ ਸੋਚਵਾਨਾਂ ਨੂੰ ਕਈ ਸਵਾਲਾਂ ਦੇ ਰੂ-ਬ-ਰੂ ਕਰ ਦਿੱਤਾ ਹੈ।

ਸਭ ਤੋਂ ਪਹਿਲਾਂ ਕ੍ਰਿਕਟ ਖਿਡਾਰੀਆਂ ਉਤੇ ਵਾਰੇ ਜਾ ਰਹੇ ਰੋਕੜ ਦੀ ਗੱਲ ਹੈ। ਕਰੋੜਾਂ ਦੇ ਹਿਸਾਬ ਨਾਲ ਐਲਾਨ ਹੋਏ ਹਨ। ਇਹ ਕਹਿਣਾ ਵੀ ਕੋਈ ਪ੍ਰਸੰਗ ਤੋਂ ਬਾਹਰਾ ਨਹੀਂ ਕਿ ਇਸ ਵੇਲੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਸੰਸਾਰ ਦੀਆਂ ਸਭ ਅਮੀਰ ਖੇਡ ਸੰਸਥਾਵਾਂ ਵਿਚ ਸ਼ੁਮਾਰ ਹੁੰਦਾ ਹੈ। ਉਂਜ ਵੀ ਮੁੱਢ ਤੋਂ ਹੀ ਕ੍ਰਿਕਟ ਦਾ ਰੋਕੜ ਨਾਲ ਬੜਾ ਗਹਿਰਾ ਸਬੰਧ ਰਿਹਾ ਹੈ। ਖਿਡਾਰੀਆਂ ਦੀ ਉਚੀ ਮੈਚ ਫੀਸ ਇਸ ਖੇਡ ਦੀ ਅਮੀਰੀ ਦੀ ਆਪਣੀ ਮਿਸਾਲ ਆਪ ਹੈ। ਫਿਰ ਇਸ ਖੇਡ ਨਾਲ ਜਦੋਂ ਤੋਂ ਸੱਟਾ ਬਾਜ਼ਾਰ ਦਾ ਨਾਂ ਪੱਕੇ ਤੌਰ 'ਤੇ ਜੁੜਿਆ ਹੈ, ਤਾਂ ਗੱਲ ਖੇਡਾਂ ਦੇ ਘੇਰੇ ਵਿਚੋਂ ਨਿੱਕਲ ਕੇ ਨਿਰੋਲ ਵਪਾਰ ਦੇ ਪਿੜ ਵਿਚ ਵੜ ਗਈ ਜਾਪਦੀ ਹੈ। ਵਪਾਰ ਦੇ ਪਿੜ ਵਿਚ ਜਦੋਂ ਮੰਡੀ ਨਾਲ ਵਾਹ ਪਿਆ ਤਾਂ ਰਹਿੰਦੀ-ਖੂੰਹਦੀ ਕਸਰ ਵੀ ਪੂਰੀ ਹੋ ਗਈ। ਦਰਅਸਲ ਅੱਜ ਦੇ ਦੌਰ ਵਿਚ ਮੰਡੀ ਲਈ ਇਹ ਖੇਡ ਇੰਨੀ ਸੂਤ ਬੈਠੀ ਹੈ ਕਿ ਇਹ ਖੇਡ ਵਪਾਰ ਲਈ ਸਭ ਤੋਂ ਕਾਰਗਰ ਮੰਤਰ ਹੋ ਨਿਬੜੀ ਹੈ। ਇਸ਼ਤਿਹਾਰਾਂ ਦੇ ਇਸ ਯੁੱਗ ਵਿਚ ਇਸ ਲੰਮੀ-ਲਮਕਵੀਂ ਖੇਡ ਵਿਚ ਆਏ ਦਿਨ ਨਵੇਂ ਕੀਰਤੀਮਾਨ ਸਥਾਪਤ ਹੋ ਰਹੇ ਹਨ। ਕ੍ਰਿਕਟ ਦੇ ਮੁਕਾਬਲੇ ਹੋਰ ਸਾਰੀਆਂ ਖੇਡਾਂ ਬਹੁਤ ਤੇਜ਼ ਅਤੇ ਘੱਟ ਸਮੇਂ ਵਿਚ ਸਿਮਟਣ ਵਾਲੀਆਂ ਹਨ। ਇਹ ਕ੍ਰਿਕਟ ਹੀ ਹੈ ਜਿਸ ਵਿਚ ਵੱਧ ਤੋਂ ਵੱਧ ਇਸ਼ਤਿਹਾਰਬਾਜ਼ੀ ਸੰਭਵ ਹੈ। ਇਹੀ ਕਾਰਨ ਹੈ ਕਿ ਇਸ਼ਤਿਹਾਰਾਂ ਵਿਚ ਕ੍ਰਿਕਟ ਖਿਡਾਰੀਆਂ ਦੀ ਘੁਸਪੈਠ ਲਗਾਤਾਰ ਵਧ ਰਹੀ ਹੈ।

ਮੰਡੀ ਨਾਲ ਘਿਓ-ਖਿਚੜੀ ਹੋਈ ਇਸ ਖੇਡ ਨਾਲ ਹੋਰ, ਖਾਸ ਕਰਕੇ ਦੇਸੀ ਖੇਡਾਂ ਦਾ ਜੋ ਹਾਲ ਹੋਇਆ ਹੈ, ਉਹ ਹੌਲ ਪਾਉਣ ਵਾਲਾ ਹੈ। ਭਾਰਤ ਦੀ ਕੌਮੀ ਖੇਡ ਹਾਕੀ ਜੋ ਕਿਸੇ ਵੇਲੇ ਬੁਲੰਦੀ ਉਤੇ ਸੀ, ਸਿਆਸਤਦਾਨਾਂ ਅਤੇ ਖੇਡ ਪ੍ਰਬੰਧਕਾਂ ਦੀ ਮੰਡੀ-ਮੁਲਕ ਪਹੁੰਚ ਅਤੇ ਪੈਂਤੜੇ ਕਾਰਨ ਹੁਣ ਸਾਹੋ-ਸਾਹ ਹੋਈ ਪਈ ਹੈ। ਇਸ ਦੀ ਸਾਰ ਲੈਣ ਵਾਲਾ ਕੋਈ ਨਹੀਂ ਮਿਲ ਰਿਹਾ, ਤੇ ਸਿਤਮਜ਼ਰੀਫ਼ੀ ਇਹ ਕਿ ਕਿਸੇ ਨੂੰ ਕੋਈ ਫ਼ਿਕਰ ਜਾਂ ਝੋਰਾ ਵੀ ਨਹੀਂ ਹੈ। ਪੰਜਾਬ ਦੀ ਮਾਂ-ਖੇਡ ਕਬੱਡੀ ਦੀ ਪੁੱਛ-ਪ੍ਰਤੀਤ ਹੁਣ ਕਿਤੇ ਜਾ ਕੇ ਹੋਣੀ ਸ਼ੁਰੂ ਹੈ। ਇਹ ਪੁੱਛ-ਪ੍ਰਤੀਤ ਵੀ ਖੇਡ ਪ੍ਰੇਮੀਆਂ ਦੇ ਲਗਾਤਾਰ ਨਿੱਜੀ ਹੰਭਲਿਆਂ ਕਾਰਨ ਹੀ ਸੰਭਵ ਹੋਈ ਹੈ। ਨਹੀਂ ਤਾਂ ਜੋ ਖੇਡ ਨੀਤੀ ਪੰਜਾਬ ਸਰਕਾਰ ਦੀ ਹੈ, ਉਸ ਨਾਲ ਸੱਤਾਧਾਰੀ ਤਾਂ ਖੇਡ ਮੇਲਿਆਂ ਦਾ ਲਾਹਾ ਲੁੱਟ ਰਹੇ ਹਨ ਪਰ ਇਸ ਨਾਲ ਲੰਮੇ ਸਮੇਂ ਲਈ ਖੇਡਾਂ ਦੇ ਪ੍ਰਫੁਲਿਤ ਹੋਣ ਦੀ ਆਸ ਨੂੰ ਬੂਰ ਉਕਾ ਨਹੀਂ ਪੈ ਰਿਹਾ।

ਖ਼ੈਰ, ਐਤਕੀਂ ਕ੍ਰਿਕਟ ਕੱਪ ਦੌਰਾਨ ਇਕ ਵਾਰ ਫਿਰ ਭਾਰਤ ਅਤੇ ਪਾਕਿਸਤਾਨ ਦੇ ਸ਼ਾਸਕਾਂ ਨੇ ਗੱਲਬਾਤ ਲਈ ਮੌਕਾ ਬਣਾ ਲਿਆ। ਦੋਹਾਂ ਦੇਸ਼ਾਂ ਵਿਚਕਾਰ ਗੱਲਬਾਤ ਭਾਵੇਂ ਮੁੱਦਤਾਂ ਤੋਂ ਚੱਲ ਰਹੀ ਹੈ ਅਤੇ ਅਜੇ ਤੱਕ ਬੇਸਿੱਟਾ ਰਹੀ ਹੈ। ਇਸ ਦਾ ਸਿੱਧਾ ਜਿਹਾ ਅਰਥ ਹੈ ਕਿ ਮਸਲੇ ਹੱਲ ਕਰਨ/ਕਰਵਾਉਣ ਲਈ ਦੋਵੇਂ ਧਿਰਾਂ ਸੰਜੀਦਾ ਨਹੀਂ। ਜੇ ਰਤਾ ਕੁ ਖੁੱਲ੍ਹ ਕੇ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਮਸਲਿਆਂ ਨੂੰ ਅਣ-ਸੁਲਝਾਏ ਰੱਖਣ ਵਿਚ ਹੀ ਦੋਹਾਂ ਦੇਸ਼ਾਂ ਦੇ ਸ਼ਾਸਕਾਂ ਦੀ ਨੀਤੀ ਜਾਪਦੀ ਹੈ। ਜ਼ਰਾ ਕੁ ਗਹਿਰਾਈ ਵਿਚ ਜਾ ਕੇ ਇਹੀ ਲੱਭਦਾ ਹੈ ਕਿ ਮਸਲੇ ਬਰਕਰਾਰ ਰੱਖਣਾ ਹੀ ਦੋਹਾਂ ਦੇਸ਼ਾਂ ਦੀਆਂ ਸਿਆਸੀ ਜਮਾਤਾਂ ਦੇ ਸੂਤ ਬੈਠਦਾ ਹੈ। ਕ੍ਰਿਕਟ ਮੈਚ ਲਈ ਇਕੱਠੇ ਹੋਏ ਸਿਆਸਤਦਾਨ ਕਸ਼ਮੀਰ ਬਾਰੇ ਗੱਲ ਕਰਨ ਲਈ ਨਾ ਤਿਆਰ ਹਨ, ਨਾ ਉਤਸੁਕ। ਆਵਾਮ ਘੁੰਮਣਘੇਰੀ ਵਿਚ ਫਸਿਆ ਹੋਇਆ ਹੈ ਅਤੇ ਇਹ ਘੁੰਮਣਘੇਰੀ ਨਵੀਂ ਪੀੜ੍ਹੀ ਨੂੰ ਅਕਸਰ ਦਲ-ਦਲ ਬਣ ਕੇ ਟੱਕਰਦੀ ਹੈ। ਇਸ ਦਲ-ਦਲ ਵਿਚੋਂ ਫਿਰ ਕੋਈ ਚਾਹ ਕੇ ਵੀ ਬਾਹਰ ਨਹੀਂ ਆ ਸਕਿਆ। ਇਹ ਸਾਡੇ ਸਮਿਆਂ ਦਾ ਕਰੂਰ ਯਥਾਰਥ ਹੈ ਜੋ ਕੁਝ ਸਾਲਾਂ ਦੇ ਵਕਫੇ ਪਿੱਛੋਂ ਚੰਡੀ ਬਣ ਕੇ ਸਾਡੇ ਵਿਹੜਿਆ ਵਿਚ ਉਤਰਦਾ ਹੈ ਅਤੇ ਮੌਤ ਦਾ ਤਾਂਡਵ ਨੱਚ ਕੇ, ਪੂਰੀ ਦੀ ਪੀੜ੍ਹੀ ਨੂੰ ਸਿੱਧ-ਮਧੋਲ ਕੇ ਫਿਰ ਘੁਰਨੇ ਵਿਚ ਜਾ ਵੜਦਾ ਹੈ। ਜਿੰਨਾ ਚਿਰ ਇਸ ਯਥਾਰਥ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਿਆ ਨਹੀਂ ਜਾਂਦਾ, ਉਨੀ ਦੇਰ ਤੱਕ ਕ੍ਰਿਕਟ ਮੈਚਾਂ ਮੌਕੇ ਇੱਦਾਂ ਦੇ ਮੇਲੇ ਲਗਦੇ ਹੀ ਰਹਿਣੇ ਹਨ। ਚੰਗੀ ਗੱਲ ਇਹ ਹੈ ਕਿ ਦੋਹਾਂ ਪਾਸਿਆਂ ਦਾ ਆਵਾਮ ਇਕ-ਦੂਜੇ ਲਈ ਅਰਦਾਸਾਂ ਕਰਦਾ ਹੈ। ਲੰਡਨ ਦੇ ਪਰਚੇ 'ਗ੍ਰਾਂਟਾ' ਨੇ ਪਾਕਿਸਤਾਨ ਬਾਰੇ ਜਿਹੜਾ ਵਿਸ਼ੇਸ਼ ਅੰਕ ਛਾਪਿਆ ਹੈ, ਉਸ ਵਿਚ ਪੇਸ਼ ਕੀਤੀ ਇਹ ਗੱਲ ਗੌਲਣ ਵਾਲੀ ਹੈ ਕਿ ਪਾਕਿਸਤਾਨ ਦੀ ਨਵੀਂ ਪੀੜ੍ਹੀ ਹੁਣ ਸੋਚਣ ਲੱਗ ਲਈ ਹੈ ਕਿ ਦੇਸ਼ ਦੇ ਸ਼ਾਸਕਾਂ ਵੱਲੋਂ ਗਾਹੇ-ਬਗਾਹੇ ਦਹਿਸ਼ਤਪਸੰਦੀ ਨੂੰ ਜੋ ਹਵਾ ਦਿੱਤੀ ਗਈ, ਉਹ ਘਾਤਕ ਸਾਬਤ ਹੋਈ ਹੈ। ਨਵੀਂ ਪੀੜ੍ਹੀ ਦੀ ਇਸ ਨਰੋਈ ਸੋਚ ਨੇ ਉਹ ਦਰ-ਦਰਵਾਜ਼ੇ ਖੋਲ੍ਹਣੇ ਹਨ ਜਿਥੇ ਖਲੋ ਕੇ ਆਪਣੇ-ਪਰਾਏ ਦਾ ਫ਼ਰਕ ਮਿਟ ਜਾਂਦਾ ਹੈ। ਖੇਡਾਂ ਸ਼ੁਰੂ ਕਰਨ ਦਾ ਮੁੱਖ ਮਕਸਦ ਵੀ ਤਾਂ ਇਹੀ ਸੀ। ਮੁਢਲੇ ਖੇਡ ਪ੍ਰਬੰਧਕਾਂ ਨੇ ਬੰਦੇ ਨੂੰ ਸਦਭਾਵਨਾ ਦੀ ਲੜੀ ਵਿਚ ਪਰੋਣ ਦਾ ਹੀ ਤਾਂ ਸੋਚਿਆ ਸੀ!

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਤਾਏ ਵਾਲੀ ਗੱਡੀ?

ਖਟਕਤ ਕਲਾਂ 'ਚ ਵੱਡਾ 'ਕੱਠ ਕਰਕੇ, ਸੱਚੀ ਕਰ ਦਿੱਤਾ ਮੂੰਹੋਂ ਗੱਲ ਕੱਢੀ ਨੂੰ।
ਆਸਾਂ ਉਤੇ ਪਾਣੀ ਛੱਡ ਬੜੇ ਦੇਖ ਲਏ, ਕਰ ਨਾ ਸਕੇ ਉਹ ਛੋਟੀ, ਰੈਲੀ ਵੱਡੀ ਨੂੰ।
ਉਨ੍ਹਾਂ ਦੀ ਜ਼ਮੀਰ ਸ਼ਾਇਦ ਜਾਗ ਹੀ ਪਵੇ, ਖਾਣੀ ਗਿੱਝੇ ਹੋਏ ਜਿਹੜੇ ਜੂਠ ਛੱਡੀ ਨੂੰ।
ਛਾਤੀ ਠੋਕ ਨੱਥ ਪਾਉਣ ਲਈ ਵੰਗਾਰਿਆ, ਗਿੱਠ ਭਰ ਹਉਮੈ ਦੀ ਜ਼ੁਬਾਨ ਕੱਢੀ ਨੂੰ।
ਲੋਕਾਂ ਤਾਂਈਂ ਕਿਹਾ ਉਹਨੇ ਗੱਜ ਵੱਜ ਕੇ, ਸਾਥ ਦਿਉ! ਕੁੱਤੇ ਤੋਂ ਛੁਡਾਉ ਹੱਡੀ ਨੂੰ।
ਪੀ.ਪੀ.ਪੀ. ਭਤੀਜ ਵਾਲੀ ਜਦੋਂ ਚੱਲ ਪਈ, ਲੱਗਣੀ ਬ੍ਰੇਕ ਤਾਏ ਵਾਲੀ ਗੱਡੀ ਨੂੰ!

# ਭਵਿੱਖ ਦੇ ਨਕਸ਼ ਵਿਗਾੜ ਰਿਹੈ ਭ੍ਰਿਸ਼ਟਾਚਾਰ

**ਟੀ. ਜੇ. ਐਸ. ਜਾਰਜ**

ਇਸ ਗੱਲ ਦੇ ਕੋਈ ਸੰਕੇਤ ਨਹੀਂ ਹਨ ਕਿ ਨੈਤਿਕ ਦੁਨੀਆਂ ਵਿਚ ਆ ਰਿਹਾ ਨਿਘਾਰ ਕਿਤੇ ਨਾ ਕਿਤੇ ਜਾ ਕੇ ਰੁਕ ਜਾਏਗਾ! ਸਿਆਸਤਦਾਨਾਂ, ਅਫ਼ਸਰਾਂ ਅਤੇ ਇਥੋਂ ਤੱਕ ਕਿ ਨਿਤਿਆਨੰਦਾਂ ਅਤੇ ਕਲਮਾਡੀਆਂ ਨੂੰ ਵੀ ਕੋਈ ਸ਼ਰਮ ਨਹੀਂ ਆ ਰਹੀ, ਭਾਵੇਂ ਧਰਤੀ ਉਨ੍ਹਾਂ ਵੱਲੋਂ ਕੀਤੇ ਗਏ ਪਾਪਾਂ ਦੇ ਮਲਬੇ ਨਾਲ ਭਰੀ ਪਈ ਹੈ। ਮਸਲਨ, ਜਦੋਂ ਬੋਫੋਰਜ਼ ਦਾ ਮੁਰਦਾ ਅਲਮਾਰੀ ਵਿਚੋਂ ਮੁੜ ਬਾਹਰ ਆ ਗਿਆ ਤਾਂ ਕੀ ਵਾਪਰਿਆ ਸੀ? ਹਰ ਭਾਰਤੀ ਇਹ ਜਾਣਦਾ ਹੈ ਕਿ ਇਹ ਦਲਾਲੀ ਦੇਣ ਦਾ ਭਾਰਤ ਵਿਚ ਵਾਪਰਿਆ ਪਹਿਲਾ ਵੱਡਾ ਮਾਮਲਾ ਸੀ। ਹਰ ਕੋਈ ਭਾਰਤੀ ਇਹ ਵੀ ਜਾਣਦਾ ਹੈ ਕਿ ਪੈਸਾ ਕਿਸ ਨੇ ਦਿੱਤਾ, ਪ੍ਰਾਪਤ ਕਰਨ ਵਾਲਾ ਕੌਣ ਸੀ ਅਤੇ ਵਿਚਕਾਰ ਦਲਾਲ ਕੌਣ ਸਨ। ਜਿੰਨੀ ਢੀਠਤਾਈ ਨਾਲ ਸੀ.ਬੀ.ਆਈ. ਅਤੇ ਕਾਂਗਰਸ ਨੇ ਇਸ ਕੇਸ ਨਾਲ ਨਜਿੱਠਣ ਲਈ ਤੱਥਾਂ ਦੀ ਭੰਨ-ਤੋੜ ਕੀਤੀ, ਉਸ ਨਾਲ ਉਨ੍ਹਾਂ ਤੱਥਾਂ ਦੀ ਪੁਸ਼ਟੀ ਹੀ ਹੋਈ ਹੈ ਜਿਸ ਨੂੰ ਕਿ ਹਰ ਸ਼ਖ਼ਸ ਜਾਣਦਾ ਹੈ ਕਿ ਇਸ ਮਾਮਲੇ ਵਿਚ ਸਿੱਧੇ ਤੌਰ 'ਤੇ ਕੌਣ ਸ਼ਾਮਿਲ ਸਨ।

ਇਸ ਵਾਰ ਇਨਕਮ ਟੈਕਸ ਐਪੀਲੈਟ ਟ੍ਰਿਬਿਊਨਲ ਨੇ ਇਨ੍ਹਾਂ ਸਬੂਤਾਂ ਦੀ ਮੁੜ ਪੁਸ਼ਟੀ ਕੀਤੀ ਹੈ ਅਤੇ ਇਹ ਕਿਹਾ ਹੈ ਕਿ ਵਧੇਰੇ ਪਹੁੰਚ ਵਾਲੇ ਦਲਾਲਾਂ ਵਿਚੋਂ ਵਿਸ਼ੇਸ਼ ਦਲਾਲ ਕਵਾਤਰੋਚੀ ਵੱਲ ਉਸ ਪੈਸੇ ਦਾ, ਆਮਦਨ ਕਰ ਬਕਾਇਆ ਹੈ ਜਿਹੜਾ ਉਸ ਨੇ ਦਲਾਲੀ ਵਜੋਂ ਪ੍ਰਾਪਤ ਕੀਤਾ ਸੀ ਪਰ ਸੀ.ਬੀ.ਆਈ. ਨੇ ਕੀ ਕੀਤਾ? ਇਸ ਨੇ ਬੜੀ ਢੀਠਤਾਈ ਅਤੇ ਬੇਸ਼ਰਮੀ ਨਾਲ ਅਦਾਲਤ ਨੂੰ ਆਖਿਆ ਕਿ ਉਹ ਸ੍ਰੀ ਕਵਾਤਰੋਚੀ ਵਿਰੁਧ ਕੇਸ ਬੰਦ ਕਰ ਦੇਵੇ। ਕਾਂਗਰਸ ਇਸ ਸਬੰਧੀ ਦੇਵਤਿਆਂ ਵਾਂਗ ਅੰਬਰੂ ਵਹਾਉਂਦੀ ਰਹੀ ਜਿਵੇਂ ਕਿਸੇ ਨਿਰਦੋਸ਼ ਬੰਦੇ 'ਤੇ ਮੁਕੱਦਮਾ ਚਲਾਇਆ ਜਾ ਰਿਹਾ ਹੋਵੇ। ਕਾਂਗਰਸ ਦੀ ਇਸ ਸਬੰਧੀ ਇਹੀ ਦਲੀਲ ਸੀ ਕਿ ਕੇਂਦਰ ਵਿਚ ਬਹੁਤ ਸਾਰੀਆਂ ਗ਼ੈਰ-ਕਾਂਗਰਸੀ ਸਰਕਾਰਾਂ ਵੀ ਸੱਤਾ ਵਿਚ ਰਹੀਆਂ ਹਨ ਪਰ ਉਨ੍ਹਾਂ ਨੇ ਕਵਾਤਰੋਚੀ 'ਤੇ ਮੁਕੱਦਮਾ ਚਲਾਉਣ ਲਈ ਬਹੁਤਾ ਕੁਝ ਨਹੀਂ ਕੀਤਾ। ਇਹ ਗੱਲ ਸਹੀ ਹੈ ਪਰ ਇਹ ਗੱਲ ਸਾਨੂੰ ਇਸ ਨਤੀਜੇ ਵੱਲ ਲਿਜਾਂਦੀ ਹੈ ਕਿ ਚੋਰਾਂ ਦੀ ਵੀ ਕੋਈ ਮਾਣ-ਮਰਿਆਦਾ ਹੁੰਦੀ ਹੈ। ਲੋੜ ਪੈਣ 'ਤੇ ਉਹ ਇਕ-ਦੂਜੇ ਦੀ ਮਦਦ ਕਰਦੇ ਹਨ।

ਭਾਰਤੀ ਰਾਜਨੀਤੀ ਵਿਚ ਇਹ ਵਿਸ਼ੇਸ਼ ਕਿਸਮ ਦਾ ਨੈਤਿਕ ਨਿਘਾਰ ਹੈ ਕਿ ਭਾਜਪਾ ਬੋਫਰਜ਼ ਘਪਲੇ ਸਬੰਧੀ ਤਾਂ ਰੌਲਾ-ਰੱਪਾ ਪਾਉਂਦੀ ਹੈ ਪਰ ਆਪਣੇ ਭ੍ਰਿਸ਼ਟਾਚਾਰ ਬਾਰੇ ਖਾਮੋਸ਼ ਰਹਿੰਦੀ ਹੈ। ਇਹ ਕਾਂਗਰਸ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ 'ਤੇ ਘੇਰਦੀ ਹੈ ਪਰ ਯੇਦੀਯੁਰੱਪਾ ਦੇ ਘਪਲਿਆਂ ਬਾਰੇ ਚੁੱਪ ਰਹਿੰਦੀ ਹੈ। ਇਹ ਆਪਣੇ ਵਿਸ਼ਾਲ ਭ੍ਰਿਸ਼ਟਾਚਾਰ ਵਿਰੋਧੀ ਮਹਾਂਸੰਗ੍ਰਾਮ ਵਿਚੋਂ ਕਰਨਾਟਕ ਨੂੰ ਬਾਹਰ ਰੱਖਦੀ ਹੈ, ਜਿਵੇਂ ਕਰਨਾਟਕ ਦੇਸ਼ ਦਾ ਹਿੱਸਾ ਹੀ ਨਾ ਹੋਵੇ।

ਹੋ ਸਕਦਾ ਹੈ ਕਿ ਅਜਿਹਾ ਹੀ ਹੋਵੇ ਕਿਉਂਕਿ ਕਿਸੇ ਹੋਰ ਥਾਂ 'ਤੇ ਇਸ ਤਰ੍ਹਾਂ ਵਿਧਾਇਕਾਂ ਅਤੇ ਪੰਚਾਇਤ ਮੈਂਬਰਾਂ ਦੀ ਖੁੱਲ੍ਹੀ ਬੋਲੀ ਨਹੀਂ ਲਗਦੀ ਜਿਸ ਤਰ੍ਹਾਂ ਕਿ ਕਰਨਾਟਕ ਵਿਚ ਲਗਦੀ ਹੈ। ਕਰਨਾਟਕ ਵਿਚ ਜ਼ਿਲ੍ਹਾ ਪੰਚਾਇਤਾਂ ਦੀਆਂ ਚੋਣਾਂ ਤੋਂ 24 ਘੰਟੇ ਬਾਅਦ ਨਤੀਜੇ ਆਉਣ ਦੇ ਨਾਲ ਹੀ ਭਾਜਪਾ ਨੇ ਬੋਲੀ ਲਾਉਣੀ ਸ਼ੁਰੂ ਕਰ ਦਿੱਤੀ ਸੀ। ਭਾਜਪਾ ਦੇ ਬਦਨਾਮ ਬਲੇਰੀ ਭਰਾਵਾਂ ਨੂੰ ਉਦੋਂ ਬੜਾ ਧੱਕਾ ਲੱਗਾ ਜਦੋਂ ਉਹ ਆਪਣੀ ਪੰਚਾਇਤ ਤੋਂ ਵੀ ਬਾਹਰ ਧੱਕੇ ਗਏ ਪਰ ਸਮੱਸਿਆ ਦੀ ਕੋਈ ਗੱਲ ਨਹੀਂ ਸੀ। ਬਲੇਰੀ ਭਰਾਵਾਂ ਨੇ ਵਾਹਵਾ ਸ਼ਾਨਦਾਰ ਪ੍ਰੋਗਰਾਮ ਦਾ ਪ੍ਰਬੰਧ ਕੀਤਾ। ਉਸ ਵਿਚ ਕਾਂਗਰਸ ਦੀ ਜੇਤੂ ਆਗੂ ਨਾਗਾਰਤਨਮਾ ਨੇ ਭਾਜਪਾ ਵਿਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਧਨ-ਦੌਲਤ ਲਈ ਨਹੀਂ ਸਗੋਂ 'ਦੇਸ਼ ਭਗਤੀ' ਲਈ। ਇਸ ਨਾਲ ਬਲੇਰੀ ਪੰਚਾਇਤ ਮੁੜ ਰੈਡੀ ਭਰਾਵਾਂ ਦੀ ਜੇਬ ਵਿਚ ਆ ਗਈ।

ਫਿਰ ਚੋਣਾਂ ਕਿਸ ਲਈ ਕਰਾਈਆਂ ਗਈਆਂ ਸਨ? ਆਮ ਵਿਚਾਰ ਇਹ ਹੈ ਕਿ ਲੋਕ ਕਿਸੇ ਖਾਸ ਪਾਰਟੀ ਦੀ ਚੋਣ ਕਰਦਿਆਂ ਉਸ ਦੇ ਉਮੀਦਵਾਰ ਨੂੰ ਚੁਣਦੇ ਹਨ। ਜੇਕਰ ਲੋਕਾਂ ਦੀ ਚੋਣ ਨੂੰ ਖਰੀਦੋ-ਫਰੋਖ਼ਤ ਨਾਲ ਭੰਨਿਆ-ਤੋੜਿਆ ਜਾਣਾ ਹੈ ਤਾਂ ਚੋਣ ਅਮਲ ਦਾ ਕੀ ਮਤਲਬ ਹੈ? ਫਿਰ ਉਮੀਦਵਾਰਾਂ ਨੂੰ ਖੁੱਲ੍ਹੀ ਮੰਡੀ ਵਿਚ ਜਾਣ ਦੀ ਇਜਾਜ਼ਤ ਕਿਉਂ ਨਹੀਂ ਦੇ ਦਿੱਤੀ ਜਾਂਦੀ ਤਾਂ ਜੋ ਉਹ ਆਪਣੇ-ਆਪ ਨੂੰ ਵੱਧ ਬੋਲੀ ਲਗਾਉਣ ਵਾਲੇ ਕੋਲ ਵੇਚ ਸਕਣ? ਭਾਜਪਾ ਨੇ ਤਾਂ ਇਸ ਅਮਲ ਨੂੰ ਆਪਣੀ ਨੀਤੀ ਦਾ ਹਿੱਸਾ ਹੀ ਬਣਾ ਲਿਆ ਜਾਪਦਾ ਹੈ।

ਹੋਰ ਖੇਤਰਾਂ ਵਿਚ ਵੀ ਇਸੇ ਤਰ੍ਹਾਂ ਦੀ ਨੈਤਿਕ ਪਹੁੰਚ ਕੰਮ ਕਰ ਰਹੀ ਹੈ। ਇਹ ਕਿੰਨੀ ਸ਼ਰਮ ਵਾਲੀ ਗੱਲ ਹੈ ਕਿ ਸੁਪਰੀਮ ਕੋਰਟ ਦਾ ਸੇਵਾ-ਮੁਕਤ ਚੀਫ਼ ਜਸਟਿਸ ਅਚਾਨਕ ਆਪਣੇ-ਆਪ ਨੂੰ ਘਪਲਿਆਂ ਦੇ ਸਮੁੰਦਰ ਵਿਚ ਘਿਰਿਆ ਵੇਖਦਾ ਹੈ। ਉਸ ਦੇ ਨੇੜੇ ਦੇ ਪਰਿਵਾਰਕ ਮੈਂਬਰਾਂ ਬਾਰੇ ਇਹ ਸਬੂਤ ਸਾਹਮਣੇ ਆਉਣੇ ਕਿ ਉਨ੍ਹਾਂ ਨੇ ਵੱਡੀ ਪੱਧਰ 'ਤੇ ਧਨ ਕਮਾਇਆ ਹੈ, ਬਹੁਤ ਬੁਰੀ ਗੱਲ ਹੈ। ਇਸ ਤੋਂ ਵੀ ਬੁਰੀ ਗੱਲ ਇਹ ਹੈ ਕਿ ਚੀਫ਼ ਜਸਟਿਸ ਬਾਲਾਕ੍ਰਿਸ਼ਨਨ ਸੇਵਾ-ਮੁਕਤ ਹੋਣ ਤੋਂ ਬਾਅਦ ਹਾਸਲ ਕੀਤੇ ਹੋਏ ਇਕ ਹੋਰ ਅਹੁਦੇ ਨਾਲ ਚਿੰਬੜੇ ਬੈਠੇ ਹਨ। ਉਨ੍ਹਾਂ ਦੇ ਜੱਜਾਂ ਦੇ ਭਾਈਚਾਰੇ ਵਿਚੋਂ ਬਹੁਤ ਸਾਰੇ ਜੱਜਾਂ ਨੇ ਜਨਤਕ ਤੌਰ 'ਤੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਨਿਆਂਪਾਲਿਕਾ ਦਾ ਮਾਣ-ਸਤਿਕਾਰ ਕਾਇਮ ਰੱਖਣ ਲਈ ਉਹ ਉਦੋਂ ਤੱਕ ਲਈ ਆਪਣਾ ਅਹੁਦਾ ਛੱਡ ਦੇਣ ਜਦੋਂ ਤੱਕ ਉਨ੍ਹਾਂ ਦਾ ਨਾਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਮੁਕਤ ਨਹੀਂ ਹੋ ਜਾਂਦਾ ਪਰ ਉਨ੍ਹਾਂ ਨੇ ਕਿਸੇ ਦੀ ਕੋਈ ਸਲਾਹ ਨਹੀਂ ਮੰਨੀ। ਕਿਹੜੀ ਚੀਜ਼ ਬਾਲਾਕ੍ਰਿਸ਼ਨਨ ਅਤੇ ਚੌਕਸੀ ਕਮਿਸ਼ਨਰ ਪੀ. ਜੇ. ਥਾਮਸ ਵਰਗਿਆਂ ਨੂੰ ਅਜਿਹਾ ਬਣਾ ਦਿੰਦੀ ਹੈ ਕਿ ਉਹ ਮਾਣ-ਮਰਿਆਦਾ ਅਤੇ ਸਵੈ-ਮਾਣ ਦੇ ਹਰ ਪਹਿਲੂ ਨੂੰ ਤਿਲਾਂਜਲੀ ਦੇ ਕੇ ਆਪਣੇ ਅਹੁਦੇ ਨਾਲ ਚਿੰਬੜੇ ਰਹਿੰਦੇ ਹਨ। ਵਾਕਈ ਮਨੁੱਖੀ ਸੁਭਾਅ ਬਹੁਤ ਹੀ ਭੇਤ ਭਰਿਆ ਹੈ।

ਇਕ ਗੱਲ ਯਕੀਨੀ ਹੈ ਕਿ ਅਸੀਂ ਹੁਣ ਆਪਣੇ 5000 ਸਾਲ ਪੁਰਾਣੇ ਸਭਿਆਚਾਰਕ ਵਿਰਸੇ ਦਾ ਦਾਅਵਾ ਨਹੀਂ ਕਰ ਸਕਦੇ। ਸਾਡਾ ਐਮਰਜੈਂਸੀ ਤੋਂ ਬਾਅਦ ਦਾ ਵਿਰਸਾ ਪਹਿਲਾ ਜੋ ਕੁਝ ਬਚਿਆ ਹੋਇਆ ਸੀ, ਸਭ ਕੁਝ ਵਹਾਅ ਕੇ ਲੈ ਗਿਆ ਹੈ। ਜਿਸ ਤਰ੍ਹਾਂ ਕੰਵਰ ਨੇ ਬਿਆਨ ਕੀਤਾ ਹੈ ਕਿ ਕੋਸਾਲਾ ਰਿਆਸਤ ਵਿਚ ਕੋਈ ਵੀ ਦਿਆਲੂ ਨਹੀਂ ਸੀ ਕਿਉਂਕਿ ਉਥੇ ਕੋਈ ਲੋੜਵੰਦ ਹੀ ਨਹੀਂ ਸੀ। ਉਥੇ ਕੋਈ ਵੀ ਝੂਠ ਬੋਲਣ ਵਾਲਾ ਨਹੀਂ ਸੀ ਕਿਉਂਕਿ ਕਿਸੇ ਨੂੰ ਝੂਠ ਬੋਲਣ ਦੀ ਲੋੜ ਹੀ ਨਹੀਂ ਸੀ। ਉਥੇ ਕੋਈ ਵੀ ਸਿੱਖਿਆ ਤੋਂ ਵਾਂਝਾ ਨਹੀਂ ਸੀ ਕਿਉਂਕਿ ਸਾਰੇ ਪੜ੍ਹੇ-ਲਿਖੇ ਸਨ ਪਰ ਅੱਜ ਦੇ ਭ੍ਰਿਸ਼ਟਾਚਾਰ ਵਿਰੋਧੀ ਭਾਰਤ ਵਿਚ ਸਾਰੇ ਲੋੜਵੰਦ ਹਨ ਪਰ ਕੋਈ ਵੀ ਦਿਆਲੂ ਨਹੀਂ ਹੈ। ਜਿਹੜਾ ਵੀ ਸੱਚ ਬੋਲਣ ਦੀ ਕੋਸ਼ਿਸ਼ ਕਰਦਾ ਹੈ, ਝੂਠੇ ਉਸ ਨੂੰ ਨਿਸ਼ਾਨਾ ਬਣਾ ਕੇ ਹੇਠਾਂ ਸੁੱਟ ਦਿੰਦੇ ਹਨ। ਇਥੇ ਕੋਈ ਵੀ ਕੁਝ ਸਿੱਖਣ ਲਈ ਤਿਆਰ ਨਹੀਂ ਹੁੰਦਾ ਕਿਉਂਕਿ ਸਾਰੇ ਅਨਪੜ੍ਹ ਹਨ। ਅਸੀਂ ਕੋਸਾਲਾ ਦੇ ਚੰਗੇ ਨਾਂ ਉਪਰ ਧੱਬਾ ਹਾਂ ਪਰ ਸਾਨੂੰ ਇਸ ਸਭ ਕੁਝ ਦੀ ਕੋਈ ਸ਼ਰਮ ਵੀ ਨਹੀਂ ਹੈ।

# ਮਹਾਰਾਜਾ ਰਣਜੀਤ ਸਿੰਘ ਦਾ ਚਿੱਤਰ ਇਕ ਕਰੋੜ 'ਚ ਵਿਕਿਆ

**ਨਿਊਯਾਰਕ:** ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਵੱਲੋਂ ਬਣਾਇਆ ਗਿਆ ਮਹਾਰਾਜਾ ਰਣਜੀਤ ਸਿੰਘ ਦਾ ਤੇਲ ਚਿੱਤਰ ਸੋਥਬੀ ਦੀ ਨਿਲਾਮੀ 'ਚ 1.04 ਕਰੋੜ ਰੁਪਏ ਦਾ ਤੇ ਬੜੌਦਾ ਦਾ ਮੋਤੀਆਂ ਜੜਿਆ ਪ੍ਰਸਿੱਧ ਚੰਦੋਆ 10.30 ਕਰੋੜ ਰੁਪਏ 'ਚ ਵਿਕਿਆ ਹੈ।



ਭਾਰਤੀ ਤੇ ਦੱਖਣੀ ਪੂਰਬੀ ਏਸ਼ੀਆਈ ਕਲਾਕ੍ਰਿਤਾਂ ਦੀ ਬੋਲੀ ਤੋਂ ਕੁੱਲ 9,431,375 ਡਾਲਰ ਇਕੱਠੇ ਹੋਏ। 11ਵੀਂ-12ਵੀਂ ਸਦੀ ਦੀ ਤਾਂਬੇ ਦੀ ਇਕ ਮੰਜੂਸ਼੍ਰੀ ਆਕ੍ਰਿਤੀ 2,322,500 ਡਾਲਰ 'ਚ ਵਿਕੀ। ਮਹਾਰਾਜਾ ਅਰਜੁਨ ਸਿੰਘ ਤੇ ਉਸ ਦੇ ਦਰਬਾਰੀਆਂ ਦਾ ਜਲਰੰਗਾਂ ਵਾਲਾ ਤੇ ਸੋਨੇ ਦੀ ਚੜਤ ਵਾਲਾ ਚਿੱਤਰ 27,500 ਡਾਲਰ 'ਚ ਵਿਕਿਆ। ਜਦਕਿ ਇਹਦੇ ਬਾਰੇ ਅੰਦਾਜ਼ੇ ਇਸ ਤੋਂ ਚਾਰ ਗੁਣਾ ਘੱਟ ਲਾਏ ਗਏ ਸਨ।

ਸੋਭਾ ਸਿੰਘ ਦਾ ਚਿੱਤਰ ਤੇਲ ਰੰਗਾਂ 'ਚ ਹੈ ਤੇ ਇਸਦੇ ਹੇਠਲੇ ਹਿੱਸੇ 'ਚ ਕਲਾਕਾਰ ਦੇ ਦਸਤਖ਼ਤ ਹਨ। ਇਸ ਵਿਚ ਮਹਾਰਾਜਾ ਸ਼ੇਰ ਮੂੰਹੇ ਚਾਂਦੀ ਦੇ ਤਖ਼ਤ 'ਤੇ ਬੈਠਾ ਹੈ। ਉਸ ਨੇ ਬੜੇ ਵਧੀਆ ਬਰੋਕੇਡ ਦਾ ਕੋਟ ਤੇ ਹੀਰਿਆਂ ਜੜੀ ਪੱਗ ਪਹਿਨੀ ਹੋਈ ਹੈ। 2,36,500 ਡਾਲਰ 'ਚ ਵਿਕੀ ਇਸ ਪੇਂਟਿੰਗ ਦੇ ਪਹਿਲਾਂ 3,00,000-5,00,000 ਡਾਲਰ 'ਚ ਵਿਕਣ ਦੇ ਅੰਦਾਜ਼ੇ ਸਨ।

ਭਾਰਤ ਦੀਆਂ ਹੋਰ ਕਈ ਕਲਾਕ੍ਰਿਤਾਂ ਵੀ ਇਸ ਨਿਲਾਮੀ 'ਚ ਚੰਗੇ ਭਾਅ ਵਿਕੀਆਂ ਹਨ।

ਮੋਤੀ, ਹੀਰੇ ਜੜਿਆ ਖ਼ੂਬਸੂਰਤ ਚੰਦੋਆ ਵਿਸ਼ਵ ਪ੍ਰਸਿੱਧ ਬੜੌਦਾ ਦੇ ਮੋਤੀਆਂ ਜੜੇ ਗਲੀਚੇ ਦੇ ਨਾਲ ਮੇਲ ਕੇ ਬਣਾਇਆ ਗਿਆ ਸੀ। ਇਹ ਸੋਥਬੀ ਵੱਲੋਂ 19 ਮਾਰਚ, 2009 ਨੂੰ ਵੇਚਿਆ ਗਿਆ ਸੀ। 1865 'ਚ ਬੜੌਦਾ ਦੇ ਮਹਾਰਾਜਾ ਖਾਂਡੇ ਰਾਓ ਗਾਇਕਵਾੜ (1856-1870) ਲਈ ਪੰਜ ਅਜਿਹੀਆਂ ਕਲਾਕ੍ਰਿਤਾਂ ਬਣਵਾਈਆਂ ਗਈਆਂ ਸਨ ਜਿਨ੍ਹਾਂ ਵਿਚੋਂ ਇਹ ਦੋ ਹੀ ਮੁਹੱਈਆ ਹਨ। ਇਸ 'ਚ 9,50,000 ਬਸਰਾ ਮੋਤੀ ਲੱਗੇ ਸਨ।

ਗਲੀਚਿਆਂ 'ਚੋਂ 4 ਆਇਤਾਕਾਰ ਸਨ ਤੇ ਇਕ ਗੋਲ ਆਕਾਰ ਦਾ ਸੀ। ਇਨ੍ਹਾਂ ਕਲਾਕ੍ਰਿਤਾਂ 'ਚੋਂ 'ਮਾਸਟਰਪੀਸ' ਮਹਾਰਾਜਾ ਗਾਇਕਵਾੜ ਨੇ ਮਦੀਨਾ ਵਿਖੇ ਚੜ੍ਹਾਉਣ ਲਈ ਬਣਵਾਇਆ ਸੀ ਕਿਉਂਕਿ ਉਹਦੀ ਇਸਲਾਮ 'ਚ ਬਹੁਤ ਸ਼ਰਧਾ ਸੀ। ਸੌ ਸਾਲ ਤੋਂ ਵੱਧ ਸਮਾਂ ਬੜੌਦਾ ਦਾ ਮੋਤੀਆਂ ਜੜਿਆ ਚੰਦੋਆ, ਲੁਕੋ ਕੇ ਹੀ ਰੱਖਿਆ ਗਿਆ। 1903 'ਚ ਦਿੱਲੀ 'ਚ ਭਾਰਤੀ ਕਲਾ ਦੀ ਪ੍ਰਦਰਸ਼ਨੀ 'ਚ ਇਹ ਦਿਖਾਇਆ ਗਿਆ। ਫਿਰ ਅਚਾਨਕ ਵਿਕਟੋਰੀਆ ਤੇ ਐਲਬਰਟ ਅਜਾਇਬਘਰ ਲੰਡਨ 'ਚ 2010 'ਚ ਭਾਰਤ ਦੇ ਸ਼ਾਹੀ ਦਰਬਾਰਾਂ ਤੇ ਰਜਿਆਂ ਬਾਰੇ ਲੱਗੀ ਪ੍ਰਦਰਸ਼ਨੀ 'ਚ ਇਹ ਪ੍ਰਦਰਸ਼ਤ ਕੀਤਾ ਗਿਆ। ਗੀਤ ਗੋਵਿੰਦ ਤੇ ਰਾਗਮਾਲਾ ਚਿੱਤਰਾਂ ਤੋਂ ਇਲਾਵਾ ਇਕ ਸ਼ਹਿਜ਼ਾਦੇ ਦਾ ਆਪਣੇ ਹਰਮ 'ਚ ਫੇਰੀ ਦਾ ਚਿੱਤਰ ਕ੍ਰਮਵਾਰ 4,22,500 ਡਾਲਰ, 27,500 ਡਾਲਰ ਤੇ 37,500 ਡਾਲਰ 'ਚ ਵਿਕੇ।

# ਹੌਲੀ ਹੌਲੀ ਅਮਰੀਕਾ ਉਤੇ ਨਿਰਭਰ ਹੋ ਰਿਹਾ ਹੈ ਭਾਰਤ

ਦੇਸ਼-ਪਰਦੇਸ

**ਪ੍ਰਫੁੱਲ ਬਿਦਵਈ**

ਭਾਰਤ ਸਬੰਧੀ ਵਿਕੀਲੀਕਸ ਦੇ ਖੁਲਾਸੇ ਅੰਗਰੇਜ਼ੀ ਅਖ਼ਬਾਰ 'ਦ ਹਿੰਦੂ' ਵਿਚ ਪ੍ਰਕਾਸ਼ਿਤ ਹੋਣ ਨਾਲ ਵੱਡਾ ਤੂਫ਼ਾਨ ਖੜ੍ਹਾ ਹੋਇਆ। ਇਨ੍ਹਾਂ ਵਿਚੋਂ ਸਭ ਤੋਂ ਸਨਸਨੀਖੇਜ਼ ਖੁਲਾਸਾ ਜੁਲਾਈ 2008 ਵਿਚ ਹੋਏ ਵੋਟ ਬਦਲੇ ਪੈਸੇ ਸਬੰਧੀ ਘਪਲੇ ਬਾਰੇ ਹੈ। ਉਦੋਂ ਭਾਰਤ-ਅਮਰੀਕਾ ਪ੍ਰਮਾਣੂ ਸਹਿਯੋਗ ਸਮਝੌਤੇ ਖਾਤਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਾਂਝੇ ਪ੍ਰਗਤੀਸ਼ੀਲ ਮੋਰਚੇ ਦੀ ਸਰਕਾਰ ਨੂੰ ਦਾਅ 'ਤੇ ਲਾ ਦਿੱਤਾ ਸੀ। ਇਸ ਮੌਕੇ ਜਿਨ੍ਹਾਂ ਖੱਬੇ-ਪੱਖੀਆਂ ਦੇ ਸਮਰਥਨ 'ਤੇ ਸਰਕਾਰ ਚੱਲ ਰਹੀ ਸੀ, ਉਨ੍ਹਾਂ ਨੇ ਸਮਰਥਨ ਵਾਪਸ ਲੈ ਲਿਆ ਸੀ। ਕਾਂਗਰਸ ਪਾਰਟੀ ਨੇ ਹੋਰਾਂ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ਵੱਢੀ ਦੇ ਕੇ ਉਨ੍ਹਾਂ ਨੂੰ ਆਪਣੇ ਪੱਖ 'ਚ ਕਰ ਲਿਆ ਸੀ। ਇਸ ਖੁਲਾਸੇ ਤੋਂ ਵੱਧ ਤੋਂ ਵੱਧ ਲਾਹਾ ਲੈਣ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਪਣੀ ਪੂਰੀ ਵਾਹ ਲਾਈ ਹੈ ਪਰ ਵਿਕੀਲੀਕਸ ਦੇ ਖੁਲਾਸਿਆਂ ਤੋਂ ਭਾਜਪਾ ਦਾ ਆਪਣਾ ਚਿਹਰਾ ਵੀ ਕਲੰਕਿਤ ਹੋਇਆ ਹੈ। ਇਸ ਨੇ ਜਨਤਕ ਤੌਰ 'ਤੇ ਇਸੇ ਪ੍ਰਮਾਣੂ ਸੰਧੀ ਦੀ ਆਲੋਚਨਾ ਕੀਤੀ ਪਰ ਇਹ ਇਸ ਦਾ ਵਿਰੋਧ ਕਰਨ ਵਿਚ ਅੰਦਰੋਂ ਗੰਭੀਰ ਨਹੀਂ ਸੀ। ਭਾਜਪਾ ਅਕਸਰ ਹੀ ਸ਼ਿਕਾਰੀਆਂ ਨਾਲ ਸ਼ਿਕਾਰ ਵੀ ਕਰਦੀ ਹੈ ਅਤੇ ਦੌੜਦੇ ਹੋਏ ਸਹੇ ਦੇ ਨਾਲ ਦੌੜਦੀ ਵੀ ਹੈ। ਇਸ ਲਈ ਭਾਰਤ ਦੇ ਆਪਣੀ ਪ੍ਰਮਾਣੂ ਨੀਤੀ ਨਿਰਧਾਰਤ ਕਰਨ ਦੇ 'ਪ੍ਰਭੂਸੱਤਾ ਸੰਪੰਨ' ਅਧਿਕਾਰ ਦੇ ਪ੍ਰਸੰਗ ਵਿਚ ਇਸ ਨੂੰ ਭਾਰਤ-ਅਮਰੀਕਾ ਸੰਧੀ ਦਾ ਵਿਰੋਧ ਕਰਨਾ ਚੰਗਾ ਲੱਗਾ ਪਰ ਵਿਚਾਰਧਾਰਕ ਤੌਰ 'ਤੇ ਪਾਰਟੀ ਸੱਜੇ ਪੱਖੀ ਵਿਦੇਸ਼ ਅਤੇ ਸੁਰੱਖਿਆ ਨੀਤੀ ਦੀ ਧਾਰਨੀ ਹੈ ਅਤੇ ਸੀਤ ਜੰਗ ਦੇ ਸਮੇਂ ਤੋਂ ਪੱਕੀ ਤਰ੍ਹਾਂ ਅਮਰੀਕਾ ਦੇ ਪੱਖ 'ਚ ਖੜ੍ਹੀ ਹੁੰਦੀ ਰਹੀ ਹੈ। ਇਹ ਭਾਰਤ ਦਾ ਭਵਿੱਖ ਅਮਰੀਕਾ ਦੀ ਪ੍ਰਚੰਡ ਪੂੰਜੀਵਾਦੀ ਸੰਸਾਰ ਪ੍ਰਣਾਲੀ ਦੀ ਮਜ਼ਬੂਤੀ ਵਿਚ ਦੇਖਦੀ ਹੈ। ਇਹ ਤੱਥ ਭਾਜਪਾ ਦੇ ਰੁਖ਼ ਨੂੰ ਦੋਗਲਾ ਬਣਾ ਦਿੰਦਾ ਹੈ ਜਿਸ ਨਾਲ ਇਸ ਦੀ ਭਰੋਸੇਯੋਗਤਾ ਨੂੰ ਬੁਰੀ ਤਰ੍ਹਾਂ ਠੇਸ ਪੁੱਜਦੀ ਹੈ।

ਅਜਿਹੇ ਖੁਲਾਸਿਆਂ ਵਿਚ ਆਮ ਤੌਰ 'ਤੇ ਤਰ੍ਹਾਂ-ਤਰ੍ਹਾਂ ਦੇ ਮੁੱਦਿਆਂ ਬਾਰੇ ਫਾਇਦੇਮੰਦ ਅਤੇ ਕਈ ਮੌਕਿਆਂ 'ਤੇ ਕੀਮਤੀ ਜਾਣਕਾਰੀ ਹੁੰਦੀ ਹੈ। ਇਹ ਮੁੱਦੇ ਹਨ-ਦੇਸ਼ ਦੀਆਂ ਸਿਆਸੀ ਪਾਰਟੀਆਂ ਦੇ ਅੰਦਰੂਨੀ ਤੇ ਆਪਸੀ ਸਬੰਧ, ਕਸ਼ਮੀਰ ਮੁੱਦਾ, ਪ੍ਰਮਾਣੂ ਸਮਝੌਤੇ ਬਾਰੇ ਲੋਕਾਂ ਦੀ ਸਮਝ, ਭਾਰਤ-ਪਾਕਿ ਤਣਾਅ, ਈਰਾਨ ਦੀ ਪ੍ਰਮਾਣੂ ਦੌੜ ਅਤੇ ਈਰਾਨ ਨੂੰ ਘੇਰਨ ਦੀ ਆਪਣੀ ਯੋਜਨਾ ਵਿਚ ਭਾਰਤ ਦਾ ਸਮਰਥਨ ਲੈਣ ਲਈ ਭਾਰਤ ਨੂੰ ਧਮਕਾਉਣ ਦੀਆਂ ਅਮਰੀਕੀ ਕੋਸ਼ਿਸ਼ਾਂ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਭਾਰਤ ਵੱਲੋਂ ਕੀਤੀ ਜਾਂਦੀ ਸੁਧਾਰਾਂ ਦੀ ਮੰਗ ਨੂੰ ਅਮਰੀਕਾ ਵੱਲੋਂ ਮਹਿਜ 'ਰੌਲਾ-ਰੱਪਾ' ਗਰਦਾਨਣਾ ਆਦਿ। ਇਨ੍ਹਾਂ ਖੁਲਾਸਿਆਂ ਨੇ ਸਾਂਝੇ ਪ੍ਰਗਤੀਸ਼ੀਲ ਮੋਰਚੇ ਦੇ ਅੰਦਰੂਨੀ ਮਤਭੇਦਾਂ ਨੂੰ ਕਾਫੀ ਹੱਦ ਤੱਕ ਸਾਹਮਣੇ ਲਿਆਂਦਾ ਹੈ। ਇਨ੍ਹਾਂ ਨੇ ਅਫਜ਼ਲ ਗੁਰੂ ਦੀ ਫਾਂਸੀ ਦੀ ਸਜ਼ਾ ਨੂੰ ਲੈ ਕੇ ਮੌਕੇ ਦੇ ਰਾਸ਼ਟਰਪਤੀ ਡਾ. ਅਬਦੁਲ ਕਲਾਮ ਅਤੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵਿਚਕਾਰ ਪੈਦਾ ਹੋਏ ਮਤਭੇਦਾਂ ਨੂੰ ਵੀ ਰੌਸ਼ਨੀ 'ਚ ਲਿਆਂਦਾ ਹੈ। ਇਨ੍ਹਾਂ ਵਿਚ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦੇ ਆਗੂ ਯਾਸੀਨ ਮਲਿਕ ਦਾ ਬਿਆਨ ਦਰਜ ਹੈ ਕਿ ਅਫਜ਼ਲ ਗੁਰੂ ਨੂੰ ਫਾਂਸੀ ਦੇਣ ਦਾ ਕਸ਼ਮੀਰ ਵਾਦੀ 'ਤੇ ਉਲਟ ਪ੍ਰਭਾਵ ਪਵੇਗਾ ਕਿਉਂਕਿ ਸੰਸਦ 'ਤੇ ਹਮਲੇ ਦੇ ਸਾਜ਼ਿਸ਼ੀਆਂ ਦੀ ਮਦਦ ਕਰਨ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ।

ਵਿਕੀਲੀਕਸ ਦੇ ਇਹ ਖੁਲਾਸੇ ਡਾ. ਮਨਮੋਹਨ ਸਿੰਘ ਅਤੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਐਮ. ਕੇ. ਨਾਰਾਇਣਨ ਵਿਚਕਾਰ ਮਤਭੇਦਾਂ 'ਤੇ ਵੀ ਰੌਸ਼ਨੀ ਪਾਉਂਦੇ ਹਨ ਜੋ ਪਾਕਿਸਤਾਨ ਦੇ ਨਾਲ ਇਸ ਨੁਕਤੇ 'ਤੇ ਗੱਲਬਾਤ ਮੁੜ ਸ਼ੁਰੂ ਕਰਨ ਨੂੰ ਲੈ ਕੇ ਸਨ ਕਿ 'ਦੋਵਾਂ ਦੇਸ਼ਾਂ ਦੀ ਤਕਦੀਰ ਸਾਂਝੀ ਹੈ।' ਸ੍ਰੀ ਨਾਰਾਇਣਨ ਨੇ ਰੁੱਖੇਪਣ ਨਾਲ ਕਿਹਾ ਸੀ, 'ਤੁਹਾਡੀ ਤਕਦੀਰ ਸਾਂਝੀ ਹੋਵੇਗੀ, ਸਾਡੀ ਨਹੀਂ।' ਨਾਰਾਇਣਨ ਲਈ ਆਪਣੇ ਪ੍ਰਧਾਨ ਮੰਤਰੀ ਨੂੰ ਅਜਿਹੇ ਲਫ਼ਜ਼ ਬੋਲਣਾ ਬੇਹੱਦ ਅਢੁੱਕਵਾਂ ਹੈ ਪਰ ਇਸ ਤੋਂ ਵੀ ਜ਼ਿਆਦਾ ਬੁਰਾ ਉਨ੍ਹਾਂ ਦੁਆਰਾ ਇਹ ਗੱਲ ਅਮਰੀਕੀ ਸਫ਼ੀਰ ਨੂੰ ਦੱਸਣਾ ਸੀ। ਵਿਦੇਸ਼ ਨੀਤੀ ਦੇ ਠੋਸ ਮੁੱਦਿਆਂ 'ਤੇ ਭਾਰਤ ਇਕ ਉਭਰਦੀ ਹੋਈ ਆਰਥਿਕ, ਫ਼ੌਜੀ ਅਤੇ ਸਿਆਸੀ ਸ਼ਕਤੀ ਦੇ ਬਾਵਜੂਦ ਅਜੇ ਵੀ ਇਸ ਮਾਮਲੇ 'ਤੇ ਡਾਵਾਂਡੋਲ, ਅਸਥਿਰ ਅਤੇ ਸੰਕੋਚ ਵਾਲੀ ਹਾਲਤ ਵਿਚ ਹੈ ਕਿ ਇਸ ਨੂੰ ਸੰਸਾਰ ਪੱਧਰ 'ਤੇ ਕਿਹੋ ਜਿਹੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਆਪਣੇ-ਆਪ ਨੂੰ ਸਵੈ-ਭਰੋਸੇ ਨਾਲ ਪੇਸ਼ ਕਰਨ ਦੀ ਥਾਂ (ਖਾਸ ਤੌਰ 'ਤੇ ਉਨ੍ਹਾਂ ਮਾਮਲਿਆਂ ਵਿਚ ਜਿਨ੍ਹਾਂ 'ਚ ਅਮਰੀਕਾ ਨਾਲੋਂ ਭਾਰਤ ਦੀ ਪਹੁੰਚ ਵੱਖਰੀ ਹੁੰਦੀ ਹੈ ਅਤੇ ਭਾਰਤ ਦੇ ਮਹੱਤਵਪੂਰਨ ਹਿਤ ਦਾਅ 'ਤੇ ਲੱਗੇ ਹੁੰਦੇ ਹਨ) ਭਾਰਤ ਸਰਕਾਰ ਅਮਰੀਕੀ ਸਰਕਾਰ ਦੇ ਦਬਾਅ ਹੇਠ ਆ ਜਾਂਦੀ ਹੈ ਅਤੇ ਕਦੇ-ਕਦੇ ਬਿਨਾਂ ਕਿਸੇ ਵਿਰੋਧ ਦੇ ਝੁਕ ਜਾਂਦੀ ਹੈ। ਈਰਾਨ ਦੇ ਮਾਮਲੇ ਵਿਚ ਅਜਿਹਾ ਖਾਸ ਤੌਰ 'ਤੇ ਨਜ਼ਰ ਆਉਂਦਾ ਹੈ ਜਿਸ ਵਿਚ ਭਾਰਤ ਅਮਰੀਕੀ ਦਬਾਅ ਹੇਠ ਹੈ। ਭਾਰਤ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਵਿਚ ਈਰਾਨ ਦੇ ਵਿਰੁਧ ਤਿੰਨ ਵਾਰ ਵੋਟ ਪਾ ਚੁੱਕਾ ਹੈ ਜਿਸ ਨਾਲ ਸੁਰੱਖਿਆ ਕੌਂਸਲ ਨੂੰ ਇਸ ਦੇ ਵਿਰੁਧ ਪਾਬੰਦੀਆਂ ਲਾਉਣ ਦੀ ਇਜਾਜ਼ਤ ਮਿਲ ਗਈ ਹੈ। ਈਰਾਨ ਵਿਰੁਧ ਵੋਟ ਭਾਰਤ ਦੀ ਆਪਣੀ ਸਮਝ ਅਤੇ ਵਿਦੇਸ਼ ਮੰਤਰਾਲੇ ਦੇ ਇਸ ਸਿੱਟੇ ਦੇ ਵੀ ਖਿਲਾਫ਼ ਸਨ ਕਿ ਪ੍ਰਮਾਣੂ ਅਪਸਾਰ ਸੰਧੀ ਅਧੀਨ ਈਰਾਨ ਨੇ ਆਪਣੇ ਦਿੱਤੇ ਵਚਨਾਂ ਦੀ ਉਲੰਘਣਾ ਨਹੀਂ ਕੀਤੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਨੇ ਵੋਟਾਂ ਦਬਾਅ 'ਚ ਪਾਈਆਂ ਸਨ। ਅਮਰੀਕਾ ਤਜਵੀਜ਼ਸ਼ੁਦਾ ਈਰਾਨ-ਪਾਕਿਸਤਾਨ-ਭਾਰਤ ਗੈਸ ਪਾਈਪ ਲਾਈਨ ਤੋਂ ਡੂੰਘਾ ਨਾਰਾਜ਼ ਸੀ ਅਤੇ ਉਸ ਨੇ ਇਸ ਪ੍ਰਾਜੈਕਟ ਨੂੰ ਰੱਦ ਕਰਨ ਤੇ ਈਰਾਨ ਨੂੰ ਅਲੱਗ-ਥਲੱਗ ਕਰਨ 'ਚ ਸਹਾਈ ਹੋਣ ਦੀ ਸ਼ਰਤ ਨਾਲ ਜੋੜ ਦਿੱਤੀ ਸੀ। ਅਮਰੀਕਾ ਈਰਾਨ ਦੇ ਸ਼ਾਂਤਮਈ ਪ੍ਰਮਾਣੂ ਪ੍ਰੋਗਰਾਮ ਤੱਕ ਲਈ ਰਾਜ਼ੀ ਨਹੀਂ ਹੈ ਹਾਲਾਂ ਕਿ ਅਜਿਹਾ ਕਰਨਾ ਈਰਾਨ ਦਾ ਪੂਰਾ ਹੱਕ ਬਣਦਾ ਹੈ। ਇਸ ਪ੍ਰੋਗਰਾਮ ਸਬੰਧੀ ਜਾਣਕਾਰੀ ਮੁਹੱਈਆ ਕਰਾਉਣ ਦੀਆਂ ਛੋਟੀਆਂ-ਮੋਟੀਆਂ ਲੋੜਾਂ ਨੂੰ ਛੱਡ ਕੇ ਈਰਾਨ ਨੇ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਨੂੰ ਪੂਰਾ ਸਹਿਯੋਗ ਦਿੱਤਾ ਹੈ। ਈਰਾਨ ਦੇ ਮਾਮਲੇ 'ਚ ਭਾਰਤ ਦੁੱਗਣਾ ਪਾਖੰਡੀ ਲਗਦਾ ਹੈ ਕਿਉਂਕਿ ਇਸ ਨੇ ਆਪਣੇ ਪ੍ਰਮਾਣੂ ਹਥਿਆਰ ਗ਼ੈਰ-ਫ਼ੌਜੀ ਰਾਹ 'ਤੇ ਨਾ ਚੱਲ ਕੇ ਹਾਸਲ ਕੀਤੇ ਹਨ। ਭਾਰਤ ਦਾ ਅਜਿਹਾ ਰੁਖ਼ ਈਰਾਨ ਦੇ ਨਾਲ ਲੰਮੇ ਅਰਸੇ ਤੱਕ ਦੋਸਤਾਨਾ ਰਿਸ਼ਤੇ ਬਣਾਈ ਰੱਖਣ ਲਈ ਮੁਆਫਕ ਨਹੀਂ ਹੈ। ਇਹ ਦੋਵੇਂ ਦੇਸ਼ ਅਫ਼ਗਾਨਿਸਤਾਨ ਵਿਚ ਮੁਜਾਹਿਦੀਨ ਤੇ ਤਾਲਿਬਾਨ ਵਿਰੁਧ ਲੜਾਈ ਦਹਾਕਿਆਂ ਤੋਂ ਸਾਂਝੇ ਤੌਰ 'ਤੇ ਲੜਦੇ ਆ ਰਹੇ ਹਨ। ਇਸ ਖਿੱਤੇ ਅਤੇ ਅਫ਼ਗਾਨਿਸਤਾਨ ਦੇ ਭਵਿੱਖ ਲਈ ਭਾਰਤ-ਈਰਾਨ ਰਿਸ਼ਤੇ ਅਹਿਮ ਹਨ।

ਵਿਕੀਲੀਕਸ ਦੇ ਖੁਲਾਸੇ ਦਰਸਾਉਂਦੇ ਹਨ ਕਿ ਭਾਰਤ ਸਰਕਾਰ ਅਪਰੈਲ 2008 ਵਿਚ ਈਰਾਨ ਦੇ ਪ੍ਰਧਾਨ ਮਹਿਮੂਦ ਅਹਿਮਦੀਨਜਾਦ ਦੀ ਭਾਰਤ ਫੇਰੀ 'ਤੇ ਅਮਰੀਕਾ ਦੀ ਨਾਰਾਜ਼ਗੀ ਤੋਂ ਇੰਨਾ ਡਰੀ ਹੋਈ ਸੀ ਕਿ ਇਸ ਦੀ ਸੂਚਨਾ 'ਭਾਰਤ ਸਰਕਾਰ ਦੀਆਂ ਹੋਰ ਏਜੰਸੀਆਂ' ਨੂੰ ਦੇਣ ਤੋਂ ਪਹਿਲਾਂ ਅਮਰੀਕੀ ਸਫ਼ਾਰਤਖਾਨੇ ਨੂੰ ਦਿੱਤੀ ਗਈ ਸੀ। ਵਿਦੇਸ਼ ਮੰਤਰਾਲੇ ਨੇ ਆਪਣੀ ਇਸ ਗੱਲ ਨੂੰ ਜ਼ੋਰ ਦੇ ਕੇ ਕਿਹਾ ਸੀ ਕਿ ਡਾ. ਮਨਮੋਹਨ ਸਿੰਘ ਨੇ ਤਹਿਰਾਨ ਫੇਰੀ ਜਾਂ ਅਹਿਮਦੀਨਜਾਦ ਦੀ ਭਾਰਤ ਫੇਰੀ ਲਈ ਪਿਛਲੀਆਂ ਬੇਨਤੀਆਂ ਰੱਦ ਕਰ ਦਿੱਤੀਆਂ ਸਨ। ਪਿਛਲੇ ਕੁਝ ਸਮੇਂ ਵਿਚ ਭਾਰਤ ਅਮਰੀਕਾ ਨੂੰ ਖੁਸ਼ ਕਰਨ ਲਈ ਇੰਨਾ ਕਾਹਲਾ ਸੀ ਕਿ ਵਿਦੇਸ਼ ਮੰਤਰਾਲੇ ਨੇ ਆਪਣੇ ਕੂਟਨੀਤੀਵਾਨ ਨੂੰ ਕਿਹਾ ਕਿ ਉਹ ਗ਼ੈਰ-ਸਾਧਾਰਨ ਕੰਮ ਕਰੇ। ਇਸ ਤਰ੍ਹਾਂ ਹਰਦੀਪ ਪੁਰੀ ਨੂੰ ਸੰਯੁਕਤ ਰਾਸ਼ਟਰ ਵਿਚ ਭਾਰਤ ਦਾ ਸਫ਼ੀਰ ਨਿਯੁਕਤ ਕਰਨ ਤੋਂ ਕੁਝ ਦਿਨ ਬਾਅਦ ਉਸ ਨੇ ਨਵੀਂ ਦਿੱਲੀ ਵਿਚ ਅਮਰੀਕਾ ਦੇ ਸਿਆਸੀ ਸਲਾਹਕਾਰ ਨੂੰ ਯਕੀਨ ਦਿਵਾਇਆ ਸੀ ਕਿ ਉਨ੍ਹਾਂ ਨੂੰ ਅਮਰੀਕਾ ਨਾਲ 'ਉਚ ਪੱਧਰ ਦਾ ਮੇਲ' ਬਣਾਈ ਰੱਖਣ ਲਈ 'ਵਿਸ਼ੇਸ਼ ਸਲਾਹ' ਦਿੱਤੀ ਗਈ ਹੈ। ਪੁਰੀ ਨੇ ਇਹ ਗੱਲ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਸਫ਼ੀਰ ਸੂਜ਼ਨ ਰਾਈਸ ਕੋਲ ਵੀ ਦੁਹਰਾਈ ਸੀ।

ਇਕ ਹੋਰ ਅਨੋਖੀ ਘਟਨਾ ਵਿਚ ਵਿਦੇਸ਼ ਮੰਤਰਾਲੇ ਨੇ ਸੰਯੁਕਤ ਰਾਸ਼ਟਰ ਵਿਚ ਆਪਣੇ ਮੀਤ ਸਫ਼ੀਰ ਅਜੇ ਮਲਹੋਤਰਾ ਨੂੰ ਆਪਣੀ ਹੀ ਸਰਪ੍ਰਸਤ ਨਿਰੂਪਮਾ ਸੇਨ ਦੇ ਉਲਟ ਬੋਲਣ ਨੂੰ ਕਿਹਾ ਜਿਸ 'ਤੇ ਉਸ ਨੇ 'ਅਮਰੀਕਾ ਦੇ ਨਾਲ ਟਕਰਾਅ ਦੀ ਨੀਤੀ' ਅਪਨਾਉਣ ਦਾ ਦੋਸ਼ ਲਾਇਆ ਸੀ। ਵਿਵਾਦ ਸਕੱਤਰ ਜਨਰਲ ਦੀ ਚੋਣ ਨੂੰ ਲੈ ਕੇ ਸੀ। ਗੁੱਟ ਨਿਰਲੇਪ ਲਹਿਰ ਦੀ ਮੰਗ ਸੀ ਕਿ ਉਹ ਏਸ਼ੀਆ ਤੋਂ ਹੋਣਾ ਚਾਹੀਦਾ ਹੈ। ਮਲਹੋਤਰਾ ਨੇ ਗੁੱਟ ਨਿਰਲੇਪ ਲਹਿਰ ਦਾ ਸਮਰਥਨ ਨਾ ਮਿਲਣ ਦੀ ਸੂਰਤ ਵਿਚ ਅਮਰੀਕਾ ਨੂੰ ਆਪਣਾ ਉਮੀਦਵਾਰ ਜਿਤਾਉਣ 'ਚ ਮਦਦ ਕਰਨ ਦੀ ਪੇਸ਼ਕਸ਼ ਕੀਤੀ ਸੀ। ਖੁਲਾਸਿਆਂ 'ਤੇ ਆਧਾਰਤ ਖ਼ਬਰਾਂ ਨੂੰ ਪੜ੍ਹਨ 'ਤੇ ਸਭ ਤੋਂ ਵੱਧ ਹੈਰਾਨ ਕਰਨ ਵਾਲੀ ਜੋ ਚੀਜ਼ ਹੈ, ਉਹ ਇਹ ਹੈ ਕਿ ਭਾਰਤ ਬੜੀ ਤੇਜ਼ੀ ਨਾਲ ਆਪਣੀ ਗੁੱਟ ਨਿਰਲੇਪਤਾ ਅਤੇ ਅਮਰੀਕੀ ਚੌਧਰਪੁਣੇ ਦਾ ਵਿਰੋਧ ਕਰਦੀ ਨਹਿਰੂ-ਇੰਦਰਾ ਗਾਂਧੀ ਦੀ ਵਿਰਾਸਤ ਤੋਂ ਹਟ ਕੇ ਅਮਰੀਕਾ ਨਾਲ ਅਧੀਨਗੀ ਵਾਲੇ ਰਿਸ਼ਤਿਆਂ ਵੱਲ ਵਧਿਆ ਹੈ। ਸੋਵੀਅਤ ਸੰਘ ਦੇ ਪਤਨ ਤੋਂ ਬਾਅਦ ਭਾਰਤ ਹੀ ਅਜਿਹਾ ਵੱਡਾ ਦੇਸ਼ ਬਚਿਆ ਸੀ ਜੋ ਵਧੇਰੇ ਸੰਤੁਲਿਤ ਤੇ ਨਿਰਪੱਖ ਵਿਦੇਸ਼ ਨੀਤੀ ਦਾ ਧਾਰਨੀ ਸੀ। ਇਥੋਂ ਤੱਕ ਕਿ ਚੀਨ ਜੋ ਹਮੇਸ਼ਾ ਸੰਸਾਰ ਪ੍ਰਣਾਲੀ ਵਿਚ ਬਦਲਾਅ ਦਾ ਇੱਛੁਕ ਰਿਹਾ ਹੈ, ਨੇ ਵੀ ਨਿਰਪੱਖਤਾ ਵਿਖਾਉਣੀ ਛੱਡ ਦਿੱਤੀ ਸੀ।

ਪ੍ਰਮਾਣੂ ਸਮਝੌਤੇ ਜਿਹੇ ਲਾਲਚਾਂ ਜ਼ਰੀਏ ਅਮਰੀਕਾ ਨੇ ਭਾਰਤ ਨੂੰ ਇਸ ਦੀ ਆਜ਼ਾਦ ਨੀਤੀ ਤੋਂ ਦੂਰ ਕਰਨ 'ਚ ਕਾਮਯਾਬੀ ਹਾਸਲ ਕੀਤੀ ਹੈ ਪਰ ਅਮਰੀਕਾ ਲਈ ਇੰਨਾ ਹੀ ਕਾਫੀ ਨਹੀਂ ਹੈ। ਇਹ ਭਾਰਤ ਨੂੰ ਹੋਰ ਅੱਗੇ, ਉਥੋਂ ਤੱਕ ਧੱਕਣਾ ਚਾਹੁੰਦਾ ਹੈ, ਜਿਥੇ ਪਹੁੰਚ ਕੇ ਇਹ ਅਮਰੀਕਾ ਦਾ ਨਿਮਰ ਤੇ ਆਗਿਆਕਾਰੀ ਭਾਈਵਾਲ ਬਣ ਜਾਵੇ ਪਰ ਭਾਰਤੀ ਲੋਕ ਅਜਿਹਾ ਆਸਾਨੀ ਨਾਲ ਨਹੀਂ ਹੋਣ ਦੇਣਗੇ।

# ਕ੍ਰਿਕਟ ਰਾਹੀਂ ਕੂਟਨੀਤੀ ਦੀਆਂ ਗੱਲਾਂ ਕਿੰਨੀਆਂ ਕੁ ਸਾਰਥਕ?

**ਗੋਬਿੰਦ ਠੁਕਰਾਲ**

*ਖੇਡਾਂ ਵੱਖਰਾ ਸੱਭਿਆਚਾਰ ਉਸਾਰਦੀਆਂ ਹਨ। ਖੇਡ ਦੀ ਭਾਵਨਾ ਸਿਰਫ ਮੁਕਾਬਲਾ ਹੀ ਨਹੀਂ ਹੈ ਸਗੋਂ ਅਜਿਹੀ ਆਨੰਦਮਈ ਖੇਡ ਹੈ ਜਿਸ ਦੇ ਅਰਥ ਖਿਡਾਰੀਆਂ ਨੂੰ ਇਸ ਚੀਜ਼ ਦੇ ਸਮਰੱਥ ਬਣਾਉਂਦੇ ਹਨ ਕਿ ਉਹ ਚੰਗੀ ਭਾਵਨਾ ਤਹਿਤ ਜਿੱਤ ਤੇ ਹਾਰ ਨੂੰ ਸਵੀਕਾਰ ਕਰਨ, ਪਰ ਭਾਰਤ ਤੇ ਪਾਕਿਸਤਾਨ ਵਰਗੇ ਆਪਸ 'ਚ ਲੰਮੇ ਸਮੇਂ ਤੋਂ ਲੜਦੇ ਆ ਰਹੇ ਦੇਸ਼ਾਂ ਵਿਚਕਾਰ ਸ਼ਾਂਤੀ ਵਾਲਾ ਵਾਤਾਵਰਨ ਕਾਇਮ ਕਰਨ ਦੇ ਮਾਮਲੇ 'ਚ ਇਹ ਸੱਚ ਨਹੀਂ ਹੈ। ਖੇਡਾਂ ਵਿਚ ਇਕ ਧਿਰ ਨੇ ਜਿੱਤਣਾ ਹੁੰਦਾ ਹੈ ਤੇ ਇਕ ਨੇ ਹਾਰਨਾ ਹੁੰਦਾ ਹੈ ਪਰ ਜੇ ਵਿਰੋਧੀ ਦੇਸ਼ ਆਪਸ 'ਚ ਸ਼ਾਂਤੀ ਚਾਹੁੰਦੇ ਹਨ ਤਾਂ ਅਜਿਹੀ ਵਿਵਸਥਾ ਕਾਇਮ ਕਰਨੀ ਪਵੇਗੀ ਕਿ ਕੋਈ ਵੀ ਜੇਤੂ ਨਾ ਹੋਵੇ। ਜਿੱਤਣ ਵਾਲੀ ਤੇ ਹਾਰਨ ਵਾਲੀ ਧਿਰ ਵਿਚਕਾਰ ਸ਼ਾਂਤੀ ਨਹੀਂ ਹੋ ਸਕਦੀ।*

ਲੰਘੀ 30 ਮਾਰਚ ਨੂੰ ਪੰਜਾਬ ਨੇ ਕ੍ਰਿਕਟ ਦੇ ਮਹਾਂ-ਮੁਕਾਬਲੇ ਦੀ ਮੇਜ਼ਬਾਨੀ ਕੀਤੀ। ਕ੍ਰਿਕਟ ਦੀ ਖੇਡ ਜੋ ਸਾਮਰਾਜਵਾਦੀਆਂ ਨੇ ਦੁਨੀਆਂ ਨੂੰ ਦਿੱਤੀ ਸੀ, ਵਿਚ ਭਾਰਤ ਅਤੇ ਪਾਕਿਸਤਾਨ ਦੀਆਂ ਟੀਮਾਂ ਮੁਹਾਲੀ ਵਿਖੇ ਇਕ-ਦੂਜੇ ਦੀ ਤਾਕਤ ਅਜ਼ਮਾਉਣ ਲਈ ਆਹਮੋ-ਸਾਹਮਣੇ ਹੋਈਆਂ ਪਰ ਨਾਲੋ-ਨਾਲ ਦੋਵਾਂ ਲੜਾਕੂ ਦੇਸ਼ਾਂ ਦੇ ਬਦਨਸੀਬ ਆਗੂਆਂ ਵਿਚਕਾਰ ਵੀ ਇਕ ਹੋਰ ਖੇਡ ਖੇਡੀ ਜਾ ਰਹੀ ਸੀ। ਜਦੋਂ ਇਹ ਪਤਾ ਲੱਗਾ ਕਿ ਸੈਮੀਫਾਈਨਲ ਦੋਵਾਂ ਦੇਸ਼ਾਂ ਵਿਚਕਾਰ ਖੇਡਿਆ ਜਾਵੇਗਾ ਤਾਂ ਮੌਕੇ ਦਾ ਫਾਇਦਾ ਉਠਾਉਂਦਿਆਂ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਪਾਕਿਸਤਾਨੀ ਹਮ-ਰੁਤਬਾ ਸਈਦ ਯੂਸਫ ਰਜ਼ਾ ਗਿਲਾਨੀ ਅਤੇ ਸਦਰ ਆਸਿਫ਼ ਅਲੀ ਜ਼ਰਦਾਰੀ ਨੂੰ ਵੀ ਮੈਚ ਦੇਖਣ ਅਤੇ ਸ਼ਾਂਤੀ ਲਈ ਕੋਈ ਗੱਲਬਾਤ ਕਰਨ ਵਾਸਤੇ ਭਾਰਤ ਆਉਣ ਦਾ ਸੱਦਾ ਦਿੱਤਾ। ਜੇ ਭਾਰਤ ਆਸਟਰੇਲੀਆ ਤੋਂ ਹਾਰ ਜਾਂਦਾ ਤਾਂ ਅਜਿਹਾ ਨਹੀਂ ਸੀ ਹੋਣਾ। ਇਸ ਮੌਕੇ ਸਾਂਝੇ ਪ੍ਰਗਤੀਸ਼ੀਲ ਮੋਰਚੇ ਦੀ ਚੇਅਰਪਰਸਨ ਸ੍ਰੀਮਤੀ ਸੋਨੀਆ ਗਾਂਧੀ, ਉਨ੍ਹਾਂ ਦੇ ਵਾਰਸ ਰਾਹੁਲ ਗਾਂਧੀ ਅਤੇ ਭਾਰਤ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦਾ ਵਫ਼ਦ ਵੀ ਹਾਜ਼ਰ ਸੀ। ਸ਼ਾਂਤੀ ਅਤੇ ਕੂਟਨੀਤੀ ਕਿਸ ਉਤੇ ਨਿਰਭਰ ਹਨ, ਕੀ ਅਸੀਂ ਜਾਣਦੇ ਹਾਂ? ਕੀ ਅਸੀਂ ਸ਼ਾਂਤੀ ਲਈ ਕੋਈ ਜੋਖਮ ਉਠਾ ਸਕਦੇ ਹਾਂ?

ਇਸ ਮੌਕੇ ਦੋਵਾਂ ਧਿਰਾਂ ਦੇ ਵਿਸ਼ਾਲ ਵਫ਼ਦ ਪਹੁੰਚੇ ਹੋਏ ਸਨ ਜਿਨ੍ਹਾਂ ਵਿਚ ਤਾਕਤਵਰ ਸਿਆਸੀ ਚਿਹਰਿਆਂ ਤੋਂ ਇਲਾਵਾ ਮੰਤਰੀ ਅਤੇ ਅਧਿਕਾਰੀ ਸ਼ਾਮਿਲ ਸਨ। ਭਾਰਤ ਨੇ ਇਸ ਮੌਕੇ ਸੁਰੱਖਿਆ ਤੇ ਹੋਰ ਪ੍ਰਬੰਧਾਂ 'ਤੇ ਕਰੋੜਾਂ ਰੁਪਏ ਖਰਚ ਕੀਤੇ। ਇਸ ਦੌਰਾਨ ਹੋਏ ਖਰਚ ਦਾ ਅਸੀਂ ਕਦੇ ਵੀ ਦਰੁਸਤ ਅੰਕੜਾ ਨਹੀਂ ਜਾਣ ਸਕਾਂਗੇ। ਪ੍ਰਸ਼ਾਸਨ ਵਿਚ ਤਾਇਨਾਤ ਮੇਰੇ ਇਕ ਦੋਸਤ ਨੇ ਇਸ ਖਰਚੇ ਨੂੰ 200 ਕਰੋੜ ਰੁਪਏ ਦੱਸਿਆ ਹੈ। ਬੁਰਾ ਨਾ ਮਨਾਉਣਾ, ਅਸੀਂ ਇਹ ਖਰਚਾ ਝੱਲ ਸਕਦੇ ਹਾਂ? ਚੰਡੀਗੜ੍ਹ ਹਵਾਈ ਅੱਡੇ 'ਤੇ ਪਹਿਲਾਂ ਕਦੇ ਵੀ ਸਾਰੀਆਂ ਕਿਸਮਾਂ ਦੇ ਜਹਾਜ਼ ਇੰਨੀ ਵੱਡੀ ਗਿਣਤੀ 'ਚ ਕਦੀ ਨਹੀਂ ਉਤਰੇ ਸਨ। ਸੁਰੱਖਿਆ ਬਹੁਤ ਸਖ਼ਤ ਸੀ ਅਤੇ ਹਜ਼ਾਰਾਂ ਬੰਦੂਕਾਂ ਵਾਲੇ ਕਮਾਂਡੋ ਅਤੇ ਪੁਲਿਸ ਮੁਲਾਜ਼ਮ ਡਿਊਟੀ ਦੇ ਰਹੇ ਸਨ। ਇਨ੍ਹਾਂ ਪੂਰੇ ਦੋ ਦਿਨਾਂ 'ਚ ਸਿਰਫ਼ ਚੰਡੀਗੜ੍ਹ ਹੀ ਨਹੀਂ, ਸਗੋਂ ਪੂਰੇ ਦੇਸ਼ ਵਿਚ ਕੋਈ ਸਰਕਾਰੀ ਕੰਮ ਨਹੀਂ ਹੋਇਆ। ਕ੍ਰਿਕਟ ਪ੍ਰਤੀ ਪਾਗਲਪਨ ਅਤੇ ਇਸ ਦੀ ਮਸ਼ਹੂਰੀ ਸਾਰੇ ਪਾਸੇ ਛਾਈ ਹੋਈ ਸੀ। ਮੱਧ ਵਰਗ ਜੋ ਹਮੇਸ਼ਾ ਖੁਸ਼ੀ ਦੀ ਤਾਕ 'ਚ ਰਹਿੰਦਾ ਹੈ, ਵਿਚ ਉਤਸ਼ਾਹ ਦੇਖਿਆਂ ਹੀ ਬਣਦਾ ਸੀ।

ਇਹ ਸਪੱਸ਼ਟ ਹੈ ਕਿ ਸਾਡੇ ਆਗੂ ਕ੍ਰਿਕਟ ਦੀ ਖੇਡ ਨੂੰ ਕੂਟਨੀਤੀ, ਚਿਰ-ਸਥਾਈ ਕੌਮੀ ਹਿਤਾਂ ਅਤੇ ਅਮਨ ਲਈ ਯਤਨਾਂ ਵਜੋਂ ਲੈਂਦੇ ਹਨ। ਸਾਨੂੰ ਦੱਸਿਆ ਜਾਂਦਾ ਹੈ ਕਿ ਖੇਡਾਂ ਵੱਖਰਾ ਸੱਭਿਆਚਾਰ ਉਸਾਰਦੀਆਂ ਹਨ। ਖੇਡ ਦੀ ਭਾਵਨਾ ਸਿਰਫ ਮੁਕਾਬਲਾ ਹੀ ਨਹੀਂ ਹੈ ਸਗੋਂ ਅਜਿਹੀ ਆਨੰਦਮਈ ਖੇਡ ਹੈ ਜਿਸ ਦੇ ਅਰਥ ਖਿਡਾਰੀਆਂ ਨੂੰ ਇਸ ਚੀਜ਼ ਦੇ ਸਮਰੱਥ ਬਣਾਉਂਦੇ ਹਨ ਕਿ ਉਹ ਚੰਗੀ ਭਾਵਨਾ ਤਹਿਤ ਜਿੱਤ ਤੇ ਹਾਰ ਨੂੰ ਸਵੀਕਾਰ ਕਰਨ, ਪਰ ਭਾਰਤ ਤੇ ਪਾਕਿਸਤਾਨ ਵਰਗੇ ਆਪਸ 'ਚ ਲੰਮੇ ਸਮੇਂ ਤੋਂ ਲੜਦੇ ਆ ਰਹੇ ਦੇਸ਼ਾਂ ਵਿਚਕਾਰ ਸ਼ਾਂਤੀ ਵਾਲਾ ਵਾਤਾਵਰਨ ਕਾਇਮ ਕਰਨ ਦੇ ਮਾਮਲੇ 'ਚ ਇਹ ਸੱਚ ਨਹੀਂ ਹੈ। ਖੇਡਾਂ ਵਿਚ ਇਕ ਧਿਰ ਨੇ ਜਿੱਤਣਾ ਹੁੰਦਾ ਹੈ ਤੇ ਇਕ ਨੇ ਹਾਰਨਾ ਹੁੰਦਾ ਹੈ ਪਰ ਜੇ ਵਿਰੋਧੀ ਦੇਸ਼ ਆਪਸ 'ਚ ਸ਼ਾਂਤੀ ਚਾਹੁੰਦੇ ਹਨ ਤਾਂ ਅਜਿਹੀ ਵਿਵਸਥਾ ਕਾਇਮ ਕਰਨੀ ਪਵੇਗੀ ਕਿ ਕੋਈ ਵੀ ਜੇਤੂ ਨਾ ਹੋਵੇ। ਜਿੱਤਣ ਵਾਲੀ ਤੇ ਹਾਰਨ ਵਾਲੀ ਧਿਰ ਵਿਚਕਾਰ ਸ਼ਾਂਤੀ ਨਹੀਂ ਹੋ ਸਕਦੀ। ਸੰਯੁਕਤ ਗੱਲਬਾਤ ਦੋਵਾਂ ਦੇਸ਼ਾਂ ਦੇ ਏਜੰਡੇ ਤੋਂ ਕਿਤੇ ਦੂਰ ਸੀ। ਵਪਾਰਕ, ਸੱਭਿਆਚਾਰਕ ਅਤੇ ਸਮਾਜਿਕ ਸਬੰਧਾਂ ਦਾ ਵੀ ਇਹੀ ਹਾਲ ਸੀ। ਅਖੀਰ ਇਹੋ ਕੁਝ ਹੀ ਸਾਹਮਣੇ ਆਇਆ। ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਨੇ 'ਵੱਡੇ ਘੇਰੇ ਵਾਲੀ ਗੱਲਬਾਤ' ਚਲਾਉਣ ਅਤੇ ਨਿਰਵਿਘਨ ਢੰਗ ਨਾਲ ਦੁਵੱਲੇ ਸਬੰਧਾਂ ਨੂੰ ਪੱਕੇ ਤੌਰ 'ਤੇ ਸੁਖਾਵੇਂ ਬਣਾਉਣ ਲਈ ਹਾਲ ਹੀ 'ਚ ਚਲਾਏ ਗੱਲਬਾਤ ਦੇ ਅਮਲ ਨੂੰ ਅੱਗੇ ਲਿਜਾਣ ਲਈ ਸੰਸਾਰ ਕੱਪ ਦੇ ਸੈਮੀਫਾਈਨਲ ਨੂੰ ਚੁਣਿਆ। ਦੋਵਾਂ ਪ੍ਰਧਾਨ ਮੰਤਰੀਆਂ ਵਿਚਕਾਰ ਰਾਤ ਦੇ ਖਾਣੇ ਦੌਰਾਨ ਹੋਈ ਮੁਲਾਕਾਤ ਤੋਂ ਬਾਅਦ ਉਡੀਕ ਕਰਦੇ ਪੱਤਰਕਾਰਾਂ ਨੂੰ ਭਾਰਤ ਦੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਕਿਹਾ, "ਇਸ ਗੱਲਬਾਤ ਦਾ ਟੀਚਾ ਸਬੰਧਾਂ ਨੂੰ ਸੁਖਾਵੇਂ ਬਣਾਉਣਾ ਹੈ ਅਤੇ ਕ੍ਰਿਕਟ ਨੇ ਇਸ ਗੱਲਬਾਤ ਲਈ, ਮੀਟਿੰਗ ਲਈ ਥਾਂ ਅਤੇ ਮੌਕਾ ਮੁਹੱਈਆ ਕੀਤਾ ਹੈ।" ਅਧਿਕਾਰੀਆਂ ਨੇ ਜਿਵੇਂ ਪਿਛਲੇ ਕਈ ਮੌਕਿਆਂ 'ਤੇ ਹੁੰਦਾ ਆਇਆ ਹੈ, ਸੁਰੱਖਿਆ ਤੇ ਅਤਿਵਾਦ ਨਾਲ ਸਬੰਧਤ ਕੋਈ ਮੁੱਦਾ ਵਿਸਥਾਰ ਨਾਲ ਨਹੀਂ ਰੱਖਿਆ ਜਿਸ ਬਾਰੇ ਦੋਵਾਂ ਦੇਸ਼ਾਂ ਦੇ ਆਗੂਆਂ ਵਿਚਕਾਰ ਚਰਚਾ ਹੋਈ ਹੋਵੇ। ਉਹ ਦੋਵਾਂ ਦੇਸ਼ਾਂ ਵਿਚਕਾਰ ਮਤਭੇਦਾਂ ਦੇ ਖੇਤਰਾਂ ਦੀ ਵਿਆਖਿਆ ਕਰਨ 'ਚ ਵੀ ਅਸਫਲ ਰਹੇ। ਅਸਲ 'ਚ ਐਲਾਨ ਕਰਨ ਨੂੰ ਬਹੁਤਾ ਕੁਝ ਨਹੀਂ ਸੀ।


ਫਿਰ ਵੀ ਕੁਝ ਹਾਂ-ਪੱਖੀ ਸਰਗਰਮੀਆਂ ਦੇਖਣ ਨੂੰ ਮਿਲੀਆਂ। ਇਨ੍ਹਾਂ ਵਿਚੋਂ ਕੁਝ ਸਰਗਰਮੀਆਂ ਦੂਜੇ ਰਾਹ ਦੀ ਕੂਟਨੀਤੀ ਦਾ ਸਿੱਟਾ ਹਨ ਜੋ ਕਈ ਸੁਹਿਰਦ ਹਸਤੀਆਂ ਤੇ ਸੰਸਥਾਵਾਂ ਵੱਲੋਂ ਅਪਨਾਈ ਜਾਂਦੀ ਰਹੀ ਹੈ। ਇਹ ਫਿਰ ਦੋਵਾਂ ਬਦਨਸੀਬ ਵਿਰੋਧੀ ਦੇਸ਼ਾਂ ਦੇ ਲੋਕਾਂ 'ਚ ਨਿੱਘੇ ਰਿਸ਼ਤੇ ਕਾਇਮ ਕਰਨ ਦੀ ਇੱਛਾ 'ਤੇ ਆਧਾਰਤ ਹੈ। ਜੰਮੂ-ਕਸ਼ਮੀਰ ਲਈ ਨਿਯੁਕਤ ਕੀਤੇ ਤਿੰਨ ਵਾਰਤਾਕਾਰਾਂ ਨੇ ਲਹੂ-ਲੁਹਾਣ ਹੋਏ ਅਤੇ ਸੰਕਟ ਮਾਰੇ ਇਸ ਰਾਜ ਵਿਚ ਸਥਾਈ ਸ਼ਾਂਤੀ ਕਾਇਮ ਕਰਨ ਦੀਆਂ ਅਮਲਯੋਗ ਯੋਜਨਾਵਾਂ ਦਾ ਖਾਕਾ ਸਰਕਾਰ ਸਾਹਮਣੇ ਪੇਸ਼ ਕਰ ਦਿੱਤਾ ਹੈ। ਇਹੀ ਰਾਜ ਭਾਰਤ ਅਤੇ ਪਾਕਿਸਤਾਨ ਵਿਚਕਾਰ ਝਗੜੇ ਦਾ ਕਾਰਨ ਬਣਿਆ ਹੋਇਆ ਹੈ। ਤੇ ਸਭ ਤੋਂ ਉਪਰ ਡਾ. ਮਨਮੋਹਨ ਸਿੰਘ ਅਤੇ ਯੂਸਫ਼ ਰਜ਼ਾ ਗਿਲਾਨੀ, ਜੋ ਆਪਣੇ-ਆਪਣੇ ਦੇਸ਼ਾਂ ਵਿਚ ਘਪਲਿਆਂ ਤੇ ਹਿੰਸਾ ਦੇ ਵਰਤਾਰੇ ਦੁਆਰਾ ਮਧੋਲੇ ਗਏ ਹਨ, ਨੂੰ ਭਾਰਤ-ਪਾਕਿ ਸਮਝੌਤਾ ਵਾਰਤਾ ਰਾਹੀਂ ਕੁਝ ਸਿੱਟੇ ਕੱਢਣ ਅਤੇ ਆਪਣੀ ਕਿਸਮ ਦੀ ਸਿਆਸਤ ਵਿਚ ਆਸ਼ਾਵਾਦ ਪੈਦਾ ਕਰਨ ਦੀ ਲੋੜ ਹੈ। ਇਸ ਦੇ ਨਾਲ ਹੀ ਅਮਰੀਕਾ ਨੂੰ ਅਫ਼ਗਾਨਿਸਤਾਨ 'ਚੋਂ ਬਾਹਰ ਕੱਢਣ ਦੀ ਜ਼ਰੂਰਤ ਹੈ, ਜਿਥੇ ਅਮਰੀਕਾ ਨੂੰ ਪਾਕਿਸਤਾਨ ਤੇ ਭਾਰਤ ਦੋਵਾਂ ਦੇ ਸਹਿਯੋਗ ਦੀ ਜ਼ਰੂਰਤ ਹੈ। ਅਮਰੀਕਾ ਦੇ ਹਥਿਆਰ ਵੇਚਣ ਦੇ ਅਮਲ ਦੇ ਹੁੰਦਿਆਂ ਸ਼ਾਂਤੀ ਕਿਵੇਂ ਕਾਇਮ ਹੋਵੇਗੀ?

ਸੋ, ਦੂਸ਼ਣਬਾਜ਼ੀ ਦੇ ਕੁਝ ਮਹੀਨਿਆਂ ਤੋਂ ਬਾਅਦ ਦੋਵਾਂ ਪ੍ਰਧਾਨ ਮੰਤਰੀਆਂ ਦੀ ਮੀਟਿੰਗ ਤੋਂ ਪਹਿਲਾਂ ਭਾਰਤ ਤੇ ਪਾਕਿਸਤਾਨ 'ਚ ਸੁਲਾਹ-ਸਫ਼ਾਈ ਹੋ ਗਈ ਹੈ ਤੇ ਪਾਕਿਸਤਾਨ ਨੇ 26/11 ਦੇ ਮੁੰਬਈ ਹਮਲਿਆਂ ਦੀ ਜਾਂਚ ਸਬੰਧੀ ਭਾਰਤ ਦੇ ਜਾਂਚ ਕਮਿਸ਼ਨ ਨੂੰ ਪਾਕਿਸਤਾਨ ਦਾ ਦੌਰਾ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਭਾਰਤੀ ਜਾਂਚ ਅਧਿਕਾਰੀਆਂ ਨੂੰ ਆਪਣੇ ਦੇਸ਼ ਵਿਚ ਆਉਣ ਦੀ ਇਜਾਜ਼ਤ ਦੇਣ ਦੀ ਜੱਕੋ-ਤੱਕੀ ਖ਼ਤਮ ਕਰਦਿਆਂ ਪਾਕਿਸਤਾਨ ਨੇ ਭਲੇਮਾਣਸੀ ਤੇ ਆਪਸੀ ਸਦਭਾਵਨਾ 'ਤੇ ਆਧਾਰਤ ਆਪਣੀ ਵਚਨਬੱਧਤਾ ਜ਼ਾਹਿਰ ਕੀਤੀ ਹੈ।

ਦੋਵਾਂ ਦੇਸ਼ਾਂ ਵਿਚਕਾਰ ਗ੍ਰਹਿ ਸਕੱਤਰ ਪੱਧਰ ਦੀ ਹੋਈ ਦੋ ਰੋਜ਼ਾ ਗੱਲਬਾਤ ਦੇ ਅਖੀਰ ਵਿਚ ਜਾਰੀ ਕੀਤੇ ਸਾਂਝੇ ਬਿਆਨ 'ਚ ਕਿਹਾ ਗਿਆ ਹੈ ਕਿ ਅੱਗੇ ਹੋਰ ਗੱਲਬਾਤ ਲਈ, ਵਿਧੀਆਂ ਅਤੇ ਰੂਪ-ਰੇਖਾ ਕੂਟਨੀਤਕ ਸੰਪਰਕਾਂ ਰਾਹੀਂ ਤੈਅ ਕੀਤੀ ਜਾ ਸਕਦੀ ਹੈ। ਅਤਿਵਾਦੀ ਖ਼ਤਰਿਆਂ ਦੇ ਸਬੰਧ ਵਿਚ ਜਾਣਕਾਰੀ ਦੇ ਲੈਣ-ਦੇਣ ਨੂੰ ਯਕੀਨੀ ਬਣਾਉਣ ਲਈ ਦੋਵਾਂ ਦੇਸ਼ਾਂ ਦੇ ਗ੍ਰਹਿ ਸਕੱਤਰਾਂ ਵਿਚ ਸਰਗਰਮ ਰਾਬਤਾ ਕਾਇਮ ਕਰਨ ਦੀ ਵਿਵਸਥਾ ਬਾਰੇ ਵੀ ਦੋਵੇਂ ਧਿਰਾਂ ਸਹਿਮਤ ਹੋਈਆਂ ਹਨ। ਇਸੇ ਤਰ੍ਹਾਂ ਪਾਕਿਸਤਾਨ ਵੱਲੋਂ ਭੇਜੇ ਜਾਣ ਵਾਲੇ ਮੁੰਬਈ ਹਮਲੇ ਨਾਲ ਸਬੰਧਤ ਨਿਆਂਇਕ ਕਮਿਸ਼ਨ ਦੀ ਭਾਰਤ ਫੇਰੀ ਦੀਆਂ ਤਾਰੀਖ਼ਾਂ ਭਾਰਤ ਨੂੰ 4 ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਦੱਸ ਦਿੱਤੀਆਂ ਜਾਣਗੀਆਂ। ਬਿਆਨ 'ਚ ਇਹ ਵੀ ਜ਼ਿਕਰ ਹੈ ਕਿ ਭਾਰਤ ਦੀ ਨੈਸ਼ਨਲ ਜਾਂਚ ਏਜੰਸੀ ਅਤੇ ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ 26/11 ਦੇ ਜਾਂਚ ਅਮਲ 'ਚ ਇਕ-ਦੂਜੀ ਨੂੰ ਸਹਿਯੋਗ ਜਾਰੀ ਰੱਖਣਗੀਆਂ। ਬਿਆਨ ਵਿਚ ਦੋਵਾਂ ਧਿਰਾਂ ਨੇ ਹਰ ਕਿਸਮ ਦੇ ਅਤਿਵਾਦ ਨਾਲ ਮੁਕਾਬਲਾ ਕਰਨ ਦੀ ਵਚਨਬੱਧਤਾ ਦੁਹਰਾਈ ਹੈ ਅਤੇ ਅਜਿਹੇ ਅਪਰਾਧਾਂ ਲਈ ਜ਼ਿੰਮੇਵਾਰ ਅਨਸਰਾਂ ਨੂੰ ਕਟਹਿਰੇ 'ਚ ਖੜ੍ਹਾ ਕਰਨ ਦੀ ਲੋੜ ਦੀ ਪ੍ਰੋੜਤਾ ਕੀਤੀ ਹੈ। ਜਿਵੇਂ ਅਤੀਤ ਵਿਚ ਘਟਨਾਵਾਂ ਵਾਪਰਦੀਆਂ ਰਹੀਆਂ ਹਨ ਅਤੇ ਪਾਕਿਸਤਾਨ ਭਾਰਤ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ ਹੈ, ਉਹ ਇਹੀ ਦਰਸਾਉਂਦੀਆਂ ਹਨ ਕਿ ਇਹ ਚੰਗਾ ਬਿਆਨ ਖਾਲੀ ਭਾਂਡੇ ਵਾਂਗ ਹੀ ਖੜਕਦਾ ਹੈ।

# ਜਵਾਨੀ ਮਸਤਾਨੀ ਤੇ ਨਾਦਾਨੀ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਕਿੱਸਾਕਾਰ ਪੀਲੂ ਨੇ ਮਿਰਜ਼ਾ-ਸਾਹਿਬਾਂ ਦੀ ਪ੍ਰੀਤ ਕਹਾਣੀ ਵਿਚ ਸਾਹਿਬਾਂ ਦੀ ਲੋਹੜੇ ਦੀ ਖ਼ੂਬਸੂਰਤੀ ਬਿਆਨ ਕਰਦਿਆਂ ਲਿਖਿਆ ਹੈ ਕਿ ਇਕ ਵਾਰ ਉਹ ਪੰਸਾਰੀ ਦੀ ਹੱਟੀ ਤੋਂ ਸਰ੍ਹੋਂ ਦਾ ਤੇਲ ਲੈਣ ਗਈ। ਇਹ ਉਨ੍ਹਾਂ ਸਮਿਆਂ ਦੀ ਵਾਰਤਾ ਹੈ ਜਦੋਂ ਨੂੰਹਾਂ-ਧੀਆਂ ਦਾ ਪਿੰਡ ਦੀ ਹੱਟੀ-ਭੱਠੀ 'ਤੇ ਜਾਣਾ ਬਹੁਤ ਬੁਰਾ ਸਮਝਿਆ ਜਾਂਦਾ ਸੀ। ਲੋਕ ਗਾਇਕ 'ਮਾਣਕ' ਨੇ ਇਕ ਕਲੀ ਵਿਚ ਇਸ ਪਰੰਪਰਾ ਦਾ ਜ਼ਿਕਰ ਇੰਜ ਕੀਤਾ ਹੋਇਐ:

ਜਾਵੇ ਹੱਟੀ, ਭੱਠੀ ਕੋਲੇ ਕੱਢਦੀ ਫਿਰਦੀ ਜੋ,
ਪਿਉ ਦੀ ਦਾੜ੍ਹੀ ਉਹ ਖੇਹ ਪਾਉਂਦੀ ਧੀ ਕੁਆਰੀ।

ਹੁਣ ਇਹ ਤਾਂ ਪਤਾ ਨਹੀਂ ਕਿ ਹੱਟੀ 'ਤੇ ਤੇਲ ਲੈਣ ਜਾਣ ਵਾਲੀ ਗੱਲ, ਸਾਹਿਬਾਂ ਦੇ ਪਿਉ ਖੀਵੇ ਖਾਨ ਦੀ ਦਾਹੜੀ ਖੇਹ ਪੈ ਜਾਣ ਤੋਂ ਪਹਿਲਾਂ ਦੀ ਹੈ ਜਾਂ ਬਾਅਦ ਦੀ। ਇਨ੍ਹਾਂ ਚੱਕਰਾਂ 'ਚ ਪੈਣ ਨਾਲੋਂ ਹੱਟੀ ਉਪਰ ਕੀ ਭਾਣਾ ਵਰਤਿਆ, ਇਹ ਸੁਣ ਲਉ। ਕਹਿੰਦੇ ਉਸ ਨੇ ਹੱਟੀ ਵਾਲੇ ਪੰਸਾਰੀ ਬਾਣੀਏ ਤੋਂ ਤੇਲ ਮੰਗਿਆ। ਸਾਹਿਬਾਂ ਦਾ ਡੁੱਲ-ਡੁੱਲ ਪੈਂਦਾ ਹੁਸਨ ਦੇਖ ਕੇ ਪੰਸਾਰੀ ਆਪਣੀ ਸੁੱਧ-ਬੁੱਧ ਹੀ ਗਵਾ ਬੈਠਾ। ਉਸ ਨੇ ਸਾਹਿਬਾਂ ਦੇ ਭਾਂਡੇ ਵਿਚ ਤੇਲ ਦੀ ਬਜਾਏ ਸ਼ਹਿਦ ਦੀ ਉਲਟ ਦਿੱਤਾ। ਕੋਲੋਂ ਦੀ ਇਕ ਜੱਟ ਬਲਦ ਲਈ ਜਾਂਦਾ ਸੀ, ਉਹ ਵੀ ਐਸਾ ਲੱਟੂ ਹੋਇਆ ਕਿ ਬਲਦ ਗਵਾ ਬੈਠਾ। ਪੀਲੂ ਦੀਆਂ ਸਤਰਾਂ ਹਨ:

ਸਾਹਿਬਾਂ ਗਈ ਤੇਲ ਨੂੰ,
ਗਈ ਪੰਸਾਰੀ ਦੀ ਹੱਟ।
ਤੇਲ ਭੁਲਾਵੇ ਬਾਣੀਆਂ,
ਦਿੱਤਾ ਸ਼ਹਿਦ ਉਲੱਟ।
ਵਣਜ ਗਵਾਇਆ ਬਾਣੀਏ,
ਬਲਦ ਗਵਾਏ ਜੱਟ।

ਸਾਹਿਬਾਂ ਦੇ ਰੰਗ-ਰੂਪ ਤੋਂ ਕਾਇਲ ਹੋ ਜਾਣ ਵਾਲੇ ਪੰਸਾਰੀ ਬਾਣੀਏ ਬਾਰੇ ਇਹ ਕਿਆਸ ਕਰਨਾ ਗਲਤ ਨਹੀਂ ਹੋ ਸਕਦਾ ਕਿ ਉਹ ਕੋਈ ਬੁੱਢਾ ਠੇਰਾ ਨਹੀਂ ਸਗੋਂ ਜਵਾਨ ਜਹਾਨ ਹੀ ਹੋਵੇਗਾ। ਨਹੀਂ ਤਾਂ ਚਾਟੀ ਜਿੱਡੀ ਲਿਸ਼ਕਦੀ ਗੋਗੜ ਵਾਲੇ ਅਤੇ ਕੱਚ ਦੇ ਗਲਾਸ ਦੇ ਥੱਲੇ ਵਰਗੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਲਾਈ ਬੈਠੇ ਕਿਸੇ ਸਿਆਣੇ ਬਿਆਣੇ ਬਾਣੀਏ ਨੇ, ਅਜਿਹੀ 'ਹਰਕਤ' ਨਹੀਂ ਸੀ ਕਰਨੀ। ਇਹ ਅੱਥਰੀ ਜਵਾਨੀ ਦੇ ਪਹਿਰਿਆਂ ਦੀਆਂ ਹੀ ਗੱਲਾਂ ਨੇ ਜਦੋਂ ਅਜਿਹੀਆਂ ਅਣਹੋਣੀਆਂ ਹੋ ਜਾਣ ਦਾ ਪਤਾ ਹੀ ਨਹੀਂ ਲਗਦਾ। ਮਨੁੱਖਾ ਜੀਵਨ ਦੀ ਇਹ ਉਹ ਸੋਨ ਸੁਨਹਿਰੀ ਅਵਸਥਾ ਹੈ ਜਿਹਦੇ ਬਾਰੇ ਕਿਹਾ ਜਾਂਦਾ ਹੈ ਕਿ ਇਸ ਉਮਰ ਵਿਚ ਤਾਂ 'ਸੁਸਤੀ ਦੀ ਦੇਵੀ' ਭੇਡ ਵੀ ਮਸਤਾਨੀ ਹੋ ਜਾਂਦੀ ਹੈ।

ਇਸ ਤੋਂ ਪਹਿਲਾਂ ਕਿ ਪਾਠਕਾਂ ਅੱਗੇ ਆਪਣੇ ਇਕ ਕਾਲਜ ਲੈਕਚਰਾਰ ਦੀ ਨੌਜਵਾਨ ਵਿਦਿਆਰਥਣ ਦੀ ਨਾਦਾਨੀ ਦਾ ਚਿੱਠਾ ਬਿਆਨ ਕਰਾਂ, ਹੱਟੀ ਨਾਲ ਹੀ ਸਬੰਧਤ ਅੱਖੀਂ ਦੇਖੀ ਮਸਤਾਨੀ ਘਟਨਾ ਪੇਸ਼ ਹੈ। ਗਵਾਂਢ ਦੇ ਪਿੰਡ ਦੀ ਹੱਟੀ ਤੋਂ ਮੈਂ ਕੋਈ ਘਰੇਲੂ ਸੌਦਾ-ਪੱਤਾ ਲੈਣ ਗਿਆ ਹੋਇਆ ਸਾਂ। ਗਾਹਕਾਂ ਦੀ ਭੀੜ ਹੋਣ ਕਾਰਨ ਬਾਹਰ



ਹੀ ਖੜ੍ਹਾ ਸਾਂ। ਇਸ ਹੱਟੀ ਦੇ ਲਾਗੇ ਹੀ ਪਿੰਡ ਦਾ ਸਾਂਝਾ ਜੰਞ ਘਰ ਸੀ। ਜਿੱਥੇ ਕੋਈ ਬਰਾਤ ਉਤਰੀ ਹੋਈ ਸੀ। ਸ਼ਾਇਦ ਬਰਾਤੀ ਸੱਜਣ ਦੁਪਹਿਰ ਦੀ ਰੋਟੀ ਦੇ ਸੱਦੇ ਦੀ ਉਡੀਕ ਕਰ ਰਹੇ ਸਨ। ਮੁੰਡੇ-ਖੁੰਡੇ ਬਰਾਤੀ ਇੱਧਰ-ਉੱਧਰ ਇਉਂ ਖਰਮਸਤੀਆਂ ਕਰ ਰਹੇ ਸਨ ਜਿਵੇਂ ਕਿਤੇ ਉਹ ਕਿਸੇ ਜੇਤੂ ਫੌਜ ਦੇ ਸਿਪਾਹੀ-ਸਲਾਰ ਹੁੰਦੇ ਨੇ, ਕਿਉਂਕਿ ਉਨ੍ਹਾਂ ਨੂੰ ਕੋਈ ਰੋਕਣ ਟੋਕਣ ਵਾਲਾ ਨਹੀਂ ਹੁੰਦਾ। ਇਸੇ ਤਰ੍ਹਾਂ ਬਰਾਤੀ ਮੁੰਡੇ ਜੋਟੀਆਂ ਬਣਾ ਕੇ ਤੁਰੇ ਫਿਰਦੇ ਸਨ।

ਕਾਫ਼ੀ ਚੌੜੀ ਗਲੀ ਦੇ ਇਕ ਪਾਸੇ ਦੇ ਘਰਾਂ ਦੀ ਪਾਲ ਵਿਚ ਹੱਟੀ ਸੀ ਅਤੇ ਹੱਟੀ ਦੇ ਸਾਹਮਣੇ ਘਰ ਮੋਹਰੇ ਪਈ ਖੁੱਲ੍ਹੀ ਥਾਂ ਉਪਰ ਇਕ ਫੇਰੀ ਵਾਲਾ ਆਸਣ ਜਮਾਈ ਬੈਠਾ ਸੀ। ਅਸਲ 'ਚ ਇਹ ਭਾਂਡੇ ਕਲੀ ਕਰਨ ਵਾਲਾ ਗਰੀਬੜਾ ਜਿਹਾ ਬੰਦਾ ਸੀ। ਇਹਦੇ ਆਲੇ-ਦੁਆਲੇ ਡਾਲਡੇ ਦੇ ਖਾਲੀ ਡੱਬੇ ਅਤੇ ਟੀਨ ਦੇ ਪੀਪੇ ਪਏ ਸਨ ਜਿਨ੍ਹਾਂ ਦੀ ਕੱਟ ਵੱਢ ਕਰਕੇ ਇਸ ਨੇ ਢੱਕਣ ਲਗਾਉਣੇ ਸਨ। ਪਿੱਤਲ ਦੇ ਭਾਂਡਿਆਂ ਨੂੰ ਕਲੀ ਕਰਨ ਵਾਸਤੇ ਨਿੱਕੀ ਜਿਹੀ ਭੱਠੀ ਅਤੇ ਆਪਣੇ ਸੰਦ-ਸੰਦੇੜੇ ਵਾਲੀ ਮੈਲੀ ਜਿਹੀ ਬੋਰੀ ਵੀ ਗੁੱਛਾ-ਮੁੱਛ ਜਿਹੀ ਕਰਕੇ ਪੈਰਾਂ ਕੋਲ ਹੀ ਰੱਖੀ ਹੋਈ ਸੀ।

ਮੇਰੇ ਦੇਖਦਿਆਂ-ਦੇਖਦਿਆਂ ਲਾਲ ਗੁਲਾਬੀ ਪੱਗਾਂ ਵਾਲੇ ਦੋ ਗਭਰੇਟ ਮਹਿਕਾਂ ਖਿਲਾਰਦੇ ਉਥੋਂ ਲੰਘੇ। ਨਿੱਕੀਆਂ-ਨਿੱਕੀਆਂ ਮੁੱਛਾਂ ਨੂੰ ਵੱਟ ਚਾੜ੍ਹਦੇ ਉਹ ਆਲੇ-ਦੁਆਲੇ ਵੱਲ ਇਉਂ ਝਾਕ ਰਹੇ ਸਨ ਜਿਵੇਂ ਕਿਤੇ ਅੱਖਾਂ ਤੱਤੀਆਂ ਕਰਨ ਲਈ ਕਿਸੇ ਹਾਣ-ਪ੍ਰਵਾਣ ਦੀ ਭਾਲ ਵਿਚ ਮਟਰ-ਗਸ਼ਤੀ ਕਰਦੇ ਫਿਰਦੇ ਹੋਣ। ਉਨ੍ਹਾਂ ਦੀ ਮਨਸ਼ਾ ਛੇਤੀ ਹੀ ਪੂਰੀ ਹੋ ਗਈ। ਹੱਟੀ ਦੇ ਸਾਹਮਣਲੇ ਘਰ ਦੀ ਮੁਟਿਆਰ ਨੇ ਛੋਟੇ-ਛੋਟੇ ਬਗਲ ਦੇ ਉਤੋਂ ਦੀ ਝਾਕਿਆ। ਦੋਵੇਂ ਗੱਭਰੂ ਮੁੰਡੇ ਗਲੀ 'ਚੋਂ ਲੰਘਦੇ ਦੇਖ ਕੇ ਉਹ ਇਕ ਦਮ ਬਾਹਰ ਵੱਲ ਭੱਜੀ ਆਈ! ਹੁਣ ਘਰੋਂ ਬਾਹਰ ਆ ਕੇ ਗਲੀ ਵਿਚ ਖੜ੍ਹਨ ਲਈ ਕੋਈ ਬਹਾਨਾ ਵੀ ਤਾਂ ਚਾਹੀਦਾ ਸੀ!! ਆਪਣੀਆਂ ਨਜ਼ਰਾਂ ਉਸ ਨੇ ਥੋੜ੍ਹੀ ਦੂਰ ਜਾ ਖੜ੍ਹੇ ਉਨ੍ਹਾਂ ਮੁੰਡਿਆਂ 'ਤੇ ਹੀ ਟਿਕਾਈਆਂ ਹੋਈਆਂ ਸਨ ਪਰ ਮਿੱਚਕ-ਮਿੱਚਕ ਪੱਬ ਧਰਦੀ ਉਹ ਭਾਂਡੇ ਕਲੀ ਕਰਨ ਵਾਲੇ ਬੁੱਢੜੇ ਦੇ ਸਿਰ 'ਤੇ ਜਾ ਖੜ੍ਹੀ। ਸਦਕੇ ਜਾਈਏ ਜਵਾਨੀ ਦੇ! ਭਰ ਜਵਾਨ ਪੋਚੂ ਕੁੜੀ ਨੇ ਆਪਣਾ ਮੂੰਹ ਮੁੰਡਿਆਂ ਵੱਲ ਚੁੱਕੀ ਰੱਖਿਆ, ਮੁਸਕੜੀਏ ਹੱਸਦੀ ਨੇ ਅੱਖਾਂ ਉਨ੍ਹਾਂ ਮੁੰਡਿਆਂ 'ਤੇ ਗੱਡੀ ਰੱਖੀਆਂ ਪਰ ਦੂਰ-ਨੇੜੇ ਖੜ੍ਹਿਆਂ ਨੂੰ ਬੁੱਧੂ ਬਣਾਉਣ ਲਈ ਉਹ ਆਪਣੇ ਇਕ ਪੈਰ ਦੀ ਜੁੱਤੀ, ਭਾਂਡੇ ਕਲੀ ਕਰਨ ਵਾਲੇ ਦੇ ਮੋਹਰੇ ਨੂੰ ਸਰਕਾਉਂਦਿਆਂ ਬੋਲੀ, "ਭਾਈਆ, ਮੇਰੀ ਜੁੱਤੀ ਦੀ ਅੱਡੀ ਉਖੜੀ ਹੋਈ ਐ, ਟਾਂਕੇ ਲਾ ਦਊਗਾ?" ਕੁੜੀ ਦਾ ਸਵਾਲ ਸੁਣ ਕੇ ਫੇਰੀ ਵਾਲੇ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਹੀ ਰਹਿ ਗਿਆ। ਚੋਰ ਅੱਖੀਂ ਮੁੰਡਿਆਂ ਵੱਲ ਦੇਖ ਕੇ ਉਹ ਕੁੜੀ ਨੂੰ ਕਹਿੰਦਾ, "ਕੁੜੇ ਭਾਈ ਬੀਬਾ, ਮੈਂ ਤਾਂ ਭਾਂਡੇ ਕਲੀ ਕਰਦਾਂ। ਮੈਂ ਕੋਈ ਮੋਚੀ ਥੋੜ੍ਹਾਂ!" ਅਸਲ 'ਚ ਬਜ਼ੁਰਗਾਂ ਨੂੰ ਕਹਿਣਾ ਚਾਹੀਦਾ ਸੀ ਕਿ ਕਮਲੀਏ, ਤੇਰੀ ਅੱਡੀ ਦਾ ਤਾਂ ਮੈਨੂੰ ਪਤਾ ਨਹੀਂ ਪਰ ਤੇਰੀ ਮੱਤ ਜ਼ਰੂਰ 'ਉਖੜੀ' ਹੋਈ ਹੈ।

ਮੈਂ ਸਭ ਤੋਂ ਪਹਿਲਾਂ ਪੰਜਾਬੀ ਨਾਵਲ ਪੜ੍ਹਿਆ ਸੀ, 'ਵਿਚੋਲਾ'। ਢਾਡੀ ਪਾਲ ਸਿੰਘ ਪੰਛੀ ਦੇ ਲਿਖੇ ਇਸ ਇਕੋ-ਇਕ ਨਾਵਲ ਵਿਚ ਪੰਜਾਬੀ ਲੋਕ-ਯਾਨ ਭਰਿਆ ਪਿਆ ਸੀ। ਉਸ ਵਿਚ ਇਕ ਟੋਟਕਾ ਸੀ: 'ਕੁੜੀਆਂ, ਚਿੜੀਆਂ, ਬੱਕਰੀਆਂ। ਤਿੰਨੇ ਚੀਜ਼ਾਂ ਅੱਥਰੀਆਂ!' ਚਿੜੀਆਂ ਅਤੇ ਬੱਕਰੀਆਂ ਦੇ ਅੱਥਰੇਪਣ ਦੀ ਗੱਲ ਕਿਸੇ ਹੋਰ ਲੇਖ 'ਚ ਸਹੀ, ਫਿਲਹਾਲ ਇਕ ਕਾਲਜੀਏਟ ਕੁੜੀ ਦੀ ਨਾਦਾਨੀ ਦਾ ਕਿੱਸਾ ਸੁਣੋ।

ਪੂਰੀ ਲਗਨ ਅਤੇ ਮਿਹਨਤ ਨਾਲ ਪੰਜਾਬੀ ਪੜ੍ਹਾਉਣ ਵਾਲਾ ਮੇਰਾ ਪ੍ਰੋਫੈਸਰ ਦੋਸਤ ਆਪਣੀ ਕਲਾਸ ਨੂੰ ਪ੍ਰੋ. ਪੂਰਨ ਸਿੰਘ ਦੀ ਕਵਿਤਾ ਪੜ੍ਹਾ ਰਿਹਾ ਸੀ। ਝਰਨਿਆਂ ਦੇ ਨਿਰਮਲ ਪਾਣੀਆਂ ਵਾਂਗ ਅਠਖੇਲੀਆਂ ਕਰਦੀ ਅਤੇ ਆਜ਼ਾਦ ਪੰਛੀਆਂ ਵਾਂਗ ਖੁੱਲ੍ਹੇ ਅਕਾਸ਼ਾਂ ਵਿਚ ਉਡਾਰੀਆਂ ਭਰਦੀ ਪ੍ਰੋ. ਪੂਰਨ ਸਿੰਘ ਦੀ ਸਰੋਦੀ ਕਾਵਿ-ਸ਼ੈਲੀ ਦੀ ਚਰਚਾ ਕਰਦਿਆਂ ਲੈਕਚਰਾਰ ਦੋਸਤ ਦਾ ਦਿਲ ਪਸੀਜ ਗਿਆ। ਉਸ ਦੇ ਮਨ 'ਚ ਚਾਹਤ ਪੈਦਾ ਹੋਈ ਕਿ ਇਹ ਸਾਰੇ ਵਿਦਿਆਰਥੀ ਪ੍ਰੋ. ਪੂਰਨ ਸਿੰਘ ਦੇ ਕਾਵਿ-ਸੰਸਾਰ ਵਿਚ ਕਿਸੇ ਤਰ੍ਹਾਂ ਗੜੂੰਦ ਹੋ ਜਾਣ। ਅਚਨਚੇਤ ਉਸ ਨੂੰ ਖਿਆਲ ਆਇਆ ਕਿ ਥੋੜ੍ਹੇ ਦਿਨਾਂ ਨੂੰ ਪ੍ਰੋ. ਸਾਹਿਬ ਦਾ ਜਨਮ ਦਿਨ ਆ ਰਿਹਾ ਹੈ। ਕਿਉਂ ਨਾ ਉਸ ਨੂੰ ਕਲਾਸ ਦੇ ਸਮੂਹ ਵਿਦਿਆਰਥੀਆਂ ਨਾਲ ਮਿਲ ਕੇ ਮਨਾਇਆ ਜਾਏ। ਲੈਕਚਰਾਰ ਨੇ ਸਾਰੀ ਕਲਾਸ ਨਾਲ ਇਸ ਬਾਰੇ ਸਲਾਹ ਕੀਤੀ। ਪੜ੍ਹਾਕੂ ਮੁੰਡੇ-ਕੁੜੀਆਂ ਤਾਂ ਪਹਿਲੋਂ ਹੀ ਅਜਿਹਾ ਮੌਕਾ ਭਾਲਦੇ ਹੁੰਦੇ ਨੇ ਕਿ ਪੜ੍ਹਾਈ ਦਾ ਟੈਂਟਾ ਛੱਡ ਕੇ ਕੋਈ ਹਲਕਾ-ਫੁਲਕਾ ਪ੍ਰੋਗਰਾਮ ਹੋ ਜਾਏ। ਇਕ-ਦੂਜੇ ਨਾਲ ਨੋਕ-ਝੋਕ ਕਰਨ ਦਾ ਖੁੱਲ੍ਹ-ਖੁਲਾਸਾ ਸਬੱਬ ਬਣ ਜਾਂਦਾ ਹੈ। ਸੋ ਸਾਰੇ ਮੁੰਡੇ-ਕੁੜੀਆਂ ਨੇ ਜਨਮ ਦਿਨ ਮਨਾਉਣ ਦੀ ਖੁਸ਼ੀ-ਖੁਸ਼ੀ ਪ੍ਰਵਾਨਗੀ ਦੇ ਦਿੱਤੀ।

ਚਾਈਂ-ਚਾਈਂ ਸਾਰੇ ਵਿਦਿਆਰਥੀਆਂ ਨੇ ਆਪਸ ਵਿਚੀਂ ਰਾਏ ਕਰਕੇ ਥੋੜ੍ਹੇ ਜਿਹੇ ਪੈਸੇ ਵੀ ਇਕੱਠੇ ਕਰ ਲਏ। ਗਰਮਾ-ਗਰਮ ਚਾਹ ਪਕੌੜਿਆਂ ਦੇ ਨਾਲ-ਨਾਲ ਜਨਮ ਦਿਨ ਦੀ ਖੁਸ਼ੀ ਵਿਚ ਕੇਕ ਕੱਟਣ ਦਾ ਪ੍ਰੋਗਰਾਮ ਵੀ ਬਣਾ ਲਿਆ। ਕਲਾਸ ਰੂਮ ਵਿਚ ਸਾਰੇ ਜਣੇ ਇਕੱਤਰ ਹੋ ਗਏ। ਕਈ ਮੁੰਡੇ-ਕੁੜੀਆਂ ਨੇ ਨਜ਼ਮ, ਗੀਤ ਅਤੇ ਚੁਟਕਲੇ ਸੁਣਾਏ। ਕਿਸੇ ਨੇ ਸ਼ਿਅਰ-ਓ-ਸ਼ਾਇਰੀ ਸੁਣਾਈ। ਲੈਕਚਰਰ ਨੇ ਵੀ ਪ੍ਰੋ. ਪੂਰਨ ਸਿੰਘ ਦੀਆਂ ਕਵਿਤਾਵਾਂ ਦੇ ਚੋਣਵੇਂ ਸ਼ਿਅਰ ਪੜ੍ਹੇ। ਹਾਜ਼ਰ ਵਿਦਿਆਰਥੀਆਂ ਨੇ ਝੂਮਦਿਆਂ ਹੋਇਆਂ ਤਾੜੀਆਂ ਮਾਰੀਆਂ। ਲੈਕਚਰਰ ਇਹ ਸਾਰਾ ਕੁਝ ਦੇਖ ਕੇ ਗਦ-ਗਦ ਹੋ ਰਿਹਾ ਸੀ ਕਿ ਕੌਣ ਕਹਿੰਦਾ ਹੈ ਕਿ ਵਿਦਿਆਰਥੀ ਮਾਂ ਬੋਲੀ ਤੋਂ ਮੂੰਹ ਮੋੜ ਰਹੇ ਨੇ? ਅੱਜ ਮੈਂ ਪੰਜਾਬੀ ਦੇ ਇਕ ਅਲਬੇਲੇ ਸ਼ਾਇਰ ਨੂੰ ਆਪਣੇ ਵਿਦਿਆਰਥੀਆਂ ਦੇ ਦਿਲਾਂ ਵਿਚ ਸਦਾ ਲਈ ਵਸਾ ਦਿੱਤਾ ਹੈ। ਹੁਣ ਇਹ ਸਾਰੀ ਜ਼ਿੰਦਗੀ ਪ੍ਰੋ. ਪੂਰਨ ਸਿੰਘ ਨੂੰ ਨਹੀਂ ਭੁੱਲਣਗੇ।

ਆਖਰ ਮੇਜ਼ ਉਪਰ ਸਜਾਏ ਪਏ ਰੰਗ-ਬਰੰਗੇ ਕੇਕ ਵੱਲ ਇਸ਼ਾਰਾ ਕਰਦਿਆਂ ਲੈਕਚਰਾਰ ਜੀ ਬੋਲੇ, "ਹਾਂ ਬਈ, ਕੱਟੀਏ ਫਿਰ?" ਜਿਉਂ ਹੀ ਕਰਦ ਹੱਥ ਵਿਚ ਫੜ ਕੇ ਉਹ ਕੇਕ ਵੱਲ ਵਧੇ ਤਾਂ ਇਕ ਵਿਦਿਆਰਥਣ ਦੁਚਿੱਤੀ ਜਿਹੀ 'ਚ ਕਹਿੰਦੀ, "ਸ...ਰ...ਅ...ਕੇਕ ਤੁਸੀਂ ਆਪੇ ਕੱਟ ਲਉਗੇ?"

"ਹਾਂ"

"ਉਹ ਨਹੀਂ ਆਏ?"

"ਉਹ ਕੌਣ?"- ਲੈਕਚਰਾਰ ਨੇ ਹੈਰਾਨੀ ਨਾਲ ਪੁੱਛਿਆ।

ਅੱਗਿਓਂ ਨਾਦਾਨ ਜਿਹਾ ਮੂੰਹ ਬਣਾ ਕੇ ਕੁੜੀ ਬੋਲੀ, "ਸਰ...ਪ੍ਰੋਫੈਸਰ ਪੂਰਨ ਸਿੰਘ ਹੋਣੀਂ!"

# ਖਾਲਸੇ ਦੇ ਸਿਧਾਂਤ ਅਤੇ ਵਿਚਾਰ

**ਅਮਰੀਕ ਸਿੰਘ ਮਨਟਿੱਕਾ**

ਗੁਰੂ ਸਾਹਿਬ ਨੇ ਆਪਣੇ ਖ਼ਾਲਸੇ ਨੂੰ ਪੰਜਾਂ ਦਾ ਬੜਾ ਵਧੀਆ ਸਿਧਾਂਤ ਦਿੱਤਾ ਹੈ। ਜਿੱਥੇ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ ਹੈ, ਉਥੇ ਪੰਥ ਦੀ (ਪੰਜਾਂ ਦੀ) ਤਾਬਿਆ ਰਹਿਣਾ ਹੈ। ਸੱਚਖੰਡ ਤਿਆਰਾ ਕਰਨ ਤੋਂ ਪਹਿਲਾਂ ਸਿੰਘਾਂ ਨੇ ਪੁੱਛਿਆ ਗੁਰੂ ਸਾਹਿਬ ਨੂੰ ਕਿ ਤੁਸੀਂ ਸਾਨੂੰ ਕਿਸ ਦੇ ਲੜ ਲਾ ਕੇ ਚੱਲੇ ਹੋ? ਜਵਾਬ ਸੀ, "ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ। ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।" ਸਿੰਘਾਂ ਨੇ ਪੁੱਛਿਆ ਕਿ ਗੁਰੂ ਸਾਹਿਬ ਜੇ ਤੁਹਾਡੇ ਸਰੀਰਕ ਰੂਪ ਵਿਚ ਦਰਸ਼ਨ ਕਰਨੇ ਹੋਣ ਤਾਂ ਫਿਰ ਕੀ ਕਰੀਏ? ਜਵਾਬ ਸੀ, "ਪਾਂਚ ਸਿੱਖੋਂ ਮੇਂ ਮੇਰੋ ਵਾਸਾ।" ਪੰਜ ਸਿੰਘਾਂ ਦੇ ਦਰਸ਼ਨ ਕਰ ਲਿਉ, ਤਾਂ ਸਰੀਰਕ ਰੂਪ ਵਿਚ ਮੇਰੇ ਦਰਸ਼ਨ ਹੋ ਜਾਣਗੇ।

ਸਿੰਘਾਂ ਨੇ ਪੁੱਛਿਆ, ਜੇਕਰ ਪੰਜ ਨਾ ਮਿਲਣ, ਫਿਰ ਕੀ ਕਰੀਏ? ਗੁਰੂ ਸਾਹਿਬ ਨੇ ਆਖਿਆ, "ਰਹਿਣੀ ਰਹੈ ਸੋਈ ਸਿੱਖ ਮੇਰਾ ਸੋ ਸਾਹਿਬ ਮੈਂ ਉਸਕਾ ਚੇਰਾ।" ਇਉਂ ਗੁਰੂ ਸਾਹਿਬ ਨੇ ਪੰਜ ਪਰਵਾਣੂ ਕੀਤੇ ਅਤੇ ਪੰਜਾਂ ਨੂੰ ਪ੍ਰਧਾਨਗੀ ਦਿੱਤੀ। 30 ਮਾਰਚ 1699 ਦੀ ਵਿਸਾਖੀ ਵਾਲੇ ਦਿਨ ਤੇ ਆਪ ਵੀ ਪੰਜਾਂ ਦਾ ਸਤਿਕਾਰ ਕੀਤਾ ਤੇ ਪੰਜਾਂ ਦਾ ਹੁਕਮ ਮੰਨਿਆ। ਪੰਜਾਂ ਤੋਂ ਅੰਮ੍ਰਿਤ ਆਪ ਛਕਿਆ। ਚਮੌਕਰ ਦੀ ਗੜ੍ਹੀ ਅੰਦਰ 22 ਦਸੰਬਰ 1704 ਨੂੰ ਗਿਆਰਾਂ ਸਿੰਘ ਬਾਕੀ ਬਚਦੇ ਸਨ। ਭਾਈ ਦਇਆ ਸਿੰਘ ਨੇ ਆ ਕੇ ਬੇਨਤੀ ਕੀਤੀ ਕਿ ਦਾਤਾਰ ਪਿਤਾ! ਤੁਸੀਂ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਚਲੇ ਜਾਵੋ। ਤੁਹਾਥੋਂ ਬਿਨਾਂ ਪੰਥ ਦੀ ਵਾਗਡੋਰ ਕੌਣ ਸੰਭਾਲੇਗਾ। ਪੁੱਤਰਾਂ ਦੇ ਦਾਨੀ ਨੇ ਆਖਿਆ ਕਿ ਭਾਈ ਦਇਆ ਸਿੰਘ! ਜਿਸ ਧਰਤੀ 'ਤੇ ਪੁੱਤਰਾਂ ਨਾਲੋਂ ਪਿਆਰੇ ਸਿੰਘ ਸ਼ਹੀਦ ਹੋਏ ਹਨ, ਉਸ ਧਰਤੀ ਦੇ ਸ਼ਹੀਦ ਹੋ ਜਾਣ ਗੋਬਿੰਦ ਸਿੰਘ ਆਪਣੇ ਧੰਨ ਭਾਗ ਸਮਝੇਗਾ। ਸਵੇਰ ਦੀ ਜੰਗ ਅਸੀਂ ਖ਼ੁਦ ਲੜਾਂਗੇ।

ਭਾਈ ਦਇਆ ਸਿੰਘ ਨੇ ਗੁਰੂ ਸਾਹਿਬ ਦਾ ਫੈਸਲਾ ਜਾ ਕੇ ਸਿੰਘਾਂ ਨੂੰ ਦੱਸਿਆ। ਪੰਜਾਂ ਸਿੰਘਾਂ ਨੇ ਆਣ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਫਿਰ ਉਨ੍ਹਾਂ ਚਮਕੌਰ ਦੀ ਗੜ੍ਹੀ ਨੂੰ ਨਾ ਚਾਹੁੰਦਿਆਂ ਵੀ ਛੱਡ ਦਿੱਤਾ। ਅੰਮ੍ਰਿਤ ਛਕਾਉਣ ਵਾਲੇ ਵੀ ਪੰਜ ਸਿੰਘ, ਨਗਰ ਕੀਰਤਨ ਦੀ ਅਗਵਾਈ ਕਰਨ ਵਾਲੇ ਵੀ ਪੰਜ, ਪਿੰਡਾਂ ਦੀਆਂ ਪੰਚਾਇਤਾਂ ਵੀ ਪੰਜ 'ਤੇ ਆਧਾਰਤ ਹਨ। ਟਰੱਸਟ ਦੇ ਮੈਂਬਰ ਵੀ ਪੰਜ, ਪੰਥਕ ਕਮੇਟੀ ਦੇ ਮੈਂਬਰ ਪੰਜ, ਪੰਜਾਂ ਦੀ ਕੀਤੀ ਅਰਦਾਸ ਗੁਰੂ ਸੁਣਦੇ ਅਤੇ ਮੰਨਦੇ ਹਨ। ਜੇਕਰ ਕਿਸੇ ਦੇ ਘਰ ਲੰਗਰ ਛਕਣ ਜਾਣਾ ਹੋਵੇ ਤਾਂ ਵੀ ਪੰਜ ਹੀ ਜਾਂਦੇ ਹਨ। ਪੰਜਾਂ ਤਖ਼ਤਾਂ ਦੇ ਸਿੰਘ ਸਹਿਬਾਨ ਵੀ ਪੰਜ ਹੀ ਹਨ। ਜਿੱਥੇ ਸਮੇਂ ਦੀ ਸਰਕਾਰ ਨੇ ਗੁਰੂ ਪੰਥ ਅਤੇ ਗੁਰੂ ਗ੍ਰੰਥ ਸਾਹਿਬ ਦਾ ਨੁਕਸਾਨ ਕੀਤਾ ਹੈ, ਉਥੇ ਸਿੱਖੀ ਸਰੂਪ ਵਿਚ ਬੈਠੇ ਲੰਬੜਦਾਰ ਪੰਜਾਂ ਦੇ ਸਿਧਾਂਤ ਦਾ ਨੁਕਸਾਨ ਕਰਦੇ ਹਨ।

ਜ਼ਰਾ ਇਸ ਵਾਰਤਾ ਵੱਲ ਧਿਆਨ ਦਿਓ, "ਭੈਣ ਜੀ! ਅਸੀਂ ਤੁਹਾਨੂੰ ਪੰਜਾਂ ਸਿੰਘਾਂ ਦੇ ਪੇਸ਼ ਕਰਵਾ ਕੇ ਭੁੱਲ ਬਖ਼ਸ਼ਾ ਦਿਆਂਗੇ ਪਰ ਤੁਸੀਂ ਪੰਜਾਂ ਸਿੰਘ ਦੇ ਪੇਸ਼ ਹੋ ਕੇ ਆਖ ਦਿਓ ਕਿ ਫਲਾਣੇ ਸਿੰਘ ਨੇ ਮੈਨੂੰ ਕੁਝ ਨਹੀਂ ਕਿਹਾ। ਪੰਜਾਂ ਸਿੰਘਾਂ ਨੂੰ ਕਿਹੜਾ ਪਤਾ ਲੱਗਣਾ ਹੈ?" ਕੀ ਇਹੋ ਜਿਹੀ ਬਿਰਤੀ ਵਾਲਿਆਂ ਨੂੰ ਪੰਜਾਂ ਸਿੰਘਾਂ ਵਿਚ ਸ਼ਾਮਲ ਹੋਣ ਦਾ ਹੱਕ ਹੈ? ਕੀ ਇਹੋ ਜਿਹੇ ਮਨੁੱਖਾਂ ਨੂੰ ਗੁਰੂ ਘਰ ਦੀ ਸਟੇਜ ਤੋਂ ਬੋਲਣ ਦਾ ਹੱਕ ਹੈ? "ਭੈਣ ਜੀ! ਤੁਸੀਂ ਆਪਣੇ ਘਰ ਵਾਲੇ ਨਾਲ ਡਿਵੋਰਸ ਕਰ ਦਿਓ। ਅਸੀਂ ਇਸ ਸਿੰਘ ਨਾਲ ਤੁਹਾਡਾ ਪੱਕਾ ਹੀ ਵਿਆਹ ਕਰ ਦਿਆਂਗੇ।" ਕੀ ਇਹੋ ਜਿਹੀ ਬਿਰਤੀ ਵਾਲੇ ਲੰਬੜਦਾਰਾਂ ਨੂੰ ਪੰਜਾਂ ਸਿੰਘਾਂ ਵਿਚ ਜਾਂ ਫਿਰ ਸਟੇਜ ਦੀ ਸੇਵਾ ਕਰਨ ਦਾ ਹੱਕ ਹੈ? ਜਿਹੜੇ ਸਿੱਖੀ ਸਰੂਪ ਵਿਚ ਪੰਜਾਂ ਦੇ ਸਿਧਾਂਤ ਨੂੰ ਢਾਹ ਲਾਉਂਦੇ ਹਨ, ਕੀ ਉਨ੍ਹਾਂ ਨੂੰ ਸਿੱਖ ਕਹਾਉਣ ਦਾ ਹੱਕ ਹੈ?

ਖਾਲਸਾ ਜੀ, ਜਿਥੇ ਖਾਲਸੇ ਨੇ ਪੰਜਾਂ ਦੇ ਸਿਧਾਂਤ 'ਤੇ ਪਹਿਰਾ ਦੇਣਾ ਹੈ, ਉਥੇ ਪੰਜਾਂ ਦੇ ਸਿਧਾਂਤ ਦਾ ਨੁਕਸਾਨ ਕਰਨ ਵਾਲੇ ਲੰਬੜਦਾਰਾਂ ਤੋਂ ਵੀ ਸੁਚੇਤ ਰਹਿਣਾ ਹੈ। ਪੰਜ ਸਿੰਘ ਚੁਣਨ ਵੇਲੇ ਇਲਾਕਾਪ੍ਰਸਤੀ ਨਹੀਂ ਕਰਨੀ ਚਾਹੀਦੀ। 30 ਮਾਰਚ 1699 ਦੀ ਵਿਸਾਖੀ ਵਾਲਾ ਸੀਨ ਚਿਤਵ ਕੇ ਦੇਖੋ! ਅੱਸੀ ਹਜ਼ਾਰ ਦੇ ਇਕੱਠ ਵਿਚੋਂ ਪੰਜ ਕਿਵੇਂ ਉਠੇ!! ਉਹ ਸਾਹਮਣੇ ਰੱਖਾਂਗੇ ਤਾਂ ਹੀ ਗੁਰਮਤਿ ਹੈ। ਅੰਮ੍ਰਿਤ ਸੰਚਾਰ ਵਿਚ ਜਾਂ ਫਿਰ ਨਗਰ ਕੀਰਤਨ ਦੀ ਅਗਵਾਈ ਕਰਨੀ ਹੋਵੇ ਤਾਂ ਇਖਲਾਕਹੀਣ ਜਾਂ ਉਨ੍ਹਾਂ ਦੇ ਸਹਿਯੋਗੀ ਪੰਜਾਂ ਸਿੰਘਾਂ ਵਿਚ ਬਿਲਕੁਲ ਨਹੀਂ ਲੱਗਣੇ ਚਾਹੀਦੇ।

# ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ॥

ੴ ਸਤਿਗੁਰ ਪ੍ਰਸਾਦਿ
ਗਉੜੀ ਮਹਲਾ 5
ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ॥
ਕੁਸਲ ਖੇਮ ਪ੍ਰਭਿ ਆਪਿ ਬਸਾਏ॥ ਰਹਾਉ॥
ਬਿਪਤ ਤਹਾ ਜਰਾ ਹਰਿ ਸਿਮਰਨੁ ਨਾਹੀ॥
ਕੋਟਿ ਅਨੰਦ ਜਹ ਹਰਿ ਗੁਨ ਗਾਹੀ॥
ਹਰਿ ਬਿਸਰਿਐ ਦੁਖ ਰੋਗ ਘਨੇਰੇ॥
ਪ੍ਰਭ ਸੇਵਾ ਜਮੁ ਲਗੈ ਨ ਨੇਰੇ॥
ਸੋ ਵਡਭਾਗੀ ਨਿਹਚਲ ਥਾਨੁ॥
ਜਹ ਜਪੀਐ ਪ੍ਰਭ ਕੇਵਲ ਨਾਮੁ॥
ਜਹ ਜਾਈਐ ਤਹ ਨਾਲਿ ਮੇਰਾ ਸੁਆਮੀ॥
ਨਾਨਕ ਕਉ ਮਿਲਿਆ ਅੰਤਰਜਾਮੀ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਅੰਦਰ ਨਾਮ ਸਿਮਰਨ ਲਈ ਜੀਵਾਂ ਨੂੰ ਪ੍ਰੇਰਤ ਕਰ ਰਹੇ ਹਨ ਕਿ ਹੇ ਭਾਈ! ਉਹ ਹਰੀ ਪਰਮਾਤਮਾ ਜੋ ਹੈ, ਉਸ ਦਾ ਨਾਮ ਸਦਾ ਹੀ ਜਪਣਾ ਚਾਹੀਦੇ।

ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ॥
ਕੁਸਲ ਖੇਮ ਪ੍ਰਭਿ ਆਪਿ ਬਸਾਏ॥ ਰਹਾਉ॥

ਹੇ ਭਾਈ! ਜੋ ਜੀਵ ਉਸ ਗੋਬਿੰਦ ਹਰੀ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ, ਉਨ੍ਹਾਂ ਦਾ ਇਹ ਹਿਰਦਾ ਰੂਪੀ ਘਰ ਵੱਡਿਆਂ ਭਾਗਾਂ ਵਾਲਾ ਬਣ ਜਾਂਦਾ ਹੈ ਅਤੇ ਧੰਨਤਾ ਦੇ ਯੋਗ ਵੀ ਬਣ ਜਾਂਦਾ ਹੈ। ਹੇ ਭਾਈ! ਜਿਸ ਹਿਰਦੇ ਰੂਪੀ ਘਰ ਵਿਚ ਉਸ ਮਾਲਿਕ ਪ੍ਰਭੂ ਦੀ ਸਿਫ਼ਤ ਸਾਲਾਹ ਵੱਸ ਜਾਂਦੀ ਹੈ, ਉਥੇ ਫਿਰ ਪ੍ਰਭੂ ਦੀ ਕ੍ਰਿਪਾ ਸਦਕਾ ਸਾਰੇ ਸੁੱਖ ਅਨੰਦ ਅਤੇ ਖੁਸ਼ੀਆਂ ਵੀ ਆਪ ਹੀ ਆ ਵੱਸਦੇ ਹਨ।

ਬਿਪਤ ਤਹਾ ਜਰਾ ਹਰਿ ਸਿਮਰਨੁ ਨਾਹੀ॥
ਕੋਟਿ ਅਨੰਦ ਜਹ ਹਰਿ ਗੁਨ ਗਾਹੀ॥
ਹਰਿ ਬਿਸਰਿਐ ਦੁਖ ਰੋਗ ਘਨੇਰੇ॥
ਪ੍ਰਭ ਸੇਵਾ ਜਮੁ ਲਗੈ ਨ ਨੇਰੇ॥

ਹੇ ਭਾਈ! ਜਿਸ ਹਿਰਦੇ ਵਿਚ ਪ੍ਰਭੂ ਦਾ ਸਿਮਰਨ ਨਾ ਹੋਵੇ, ਉਥੇ ਤਾਂ ਸਦਾ ਹੀ ਬਿਪਤਾ ਬਣੀ ਰਹਿੰਦੀ ਹੈ ਪਰ ਜਿਥੇ ਹਰੀ ਪ੍ਰਭ ਦੇ ਗੁਣ

## ਗੁਰਬਾਣੀ ਗਿਆਨ

ਗਾਏ ਜਾਂਦੇ ਹਨ, ਉਥੇ ਕਰੋੜਾਂ ਹੀ ਅਨੰਦ ਅਤੇ ਸੁੱਖ ਆਣ ਵੱਸਦੇ ਹਨ। ਜਿਨ੍ਹਾਂ ਜੀਵਾਂ ਨੂੰ ਪ੍ਰਭੂ ਦਾ ਨਾਮ ਵਿਸਰ ਜਾਂਦਾ ਹੈ, ਉਨ੍ਹਾਂ ਨੂੰ ਅਨੇਕਾਂ ਹੀ ਦੁੱਖ ਅਤੇ ਰੋਗ ਆਣ ਘੇਰਦੇ ਹਨ ਪਰ ਪ੍ਰਭੂ ਭਗਤੀ ਕਰਨ ਵਾਲਿਆਂ ਨੂੰ ਜਮ ਤੋਂ, ਭਾਵ ਮੌਤ ਤੋਂ ਭੀ ਡਰ ਨਹੀਂ ਲਗਦਾ।

ਸੋ ਵਡਭਾਗੀ ਨਿਹਚਲ ਥਾਨੁ॥
ਜਹ ਜਪੀਐ ਪ੍ਰਭ ਕੇਵਲ ਨਾਮੁ॥
ਜਹ ਜਾਈਐ ਤਹ ਨਾਲਿ ਮੇਰਾ ਸੁਆਮੀ॥
ਨਾਨਕ ਕਉ ਮਿਲਿਆ ਅੰਤਰਜਾਮੀ॥

ਹੇ ਭਾਈ! ਉਹ ਹਿਰਦਾ ਤਾਂ ਬਹੁਤ ਵਡਭਾਗੀ ਹੈ ਅਤੇ ਸਦਾ ਅਡੋਲ ਭੀ ਰਹਿੰਦਾ ਹੈ ਜਿਸ ਵਿਚ ਕੇਵਲ ਤੇ ਕੇਵਲ ਉਸ ਪ੍ਰਭ ਪ੍ਰੀਤਮ ਦਾ ਨਾਮ ਵਸਦਾ ਹੈ। ਉਹ ਹਿਰਦਾ, ਉਹ ਘਰ ਬਹੁਤ ਭਾਗਾਂ ਵਾਲਾ ਹੈ। ਉਹ ਘਟ-ਘਟ ਦੀਆਂ ਜਾਣਨ ਵਾਲਾ ਅੰਤਰਜਾਮੀ ਪ੍ਰਭੂ ਆਪ ਹੀ ਮਿਹਰਾਂ ਕਰਕੇ ਮੈਨੂੰ ਨਾਨਕ ਨੂੰ ਮਿਲ ਪਿਆ ਹੈ। ਹੁਣ ਮੈਂ ਜਿੱਥੇ ਜਾਂਦਾ ਹਾਂ, ਉਥੇ ਹੀ ਮੈਨੂੰ ਪ੍ਰਭੂ ਦਿਖਾਈ ਦੇਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# 'ਸੌ ਵਿਚੋਂ ਨੜਿਨਵੇਂ ਬੇਈਮਾਨ, ਮੇਰਾ ਭਾਰਤ ਮਹਾਨ'

**ਸਿਆਸਤ ਦਾ ਪਿੜ**

**ਜਤਿੰਦਰ ਪਨੂੰ**

ਦਿਨ ਉਹ ਪ੍ਰਧਾਨ ਮੰਤਰੀ ਵਜੋਂ ਰਾਜੀਵ ਗਾਂਧੀ ਦੇ ਹੱਥ ਦੇਸ਼ ਦੀ ਕਮਾਨ ਵਾਲੇ ਸਨ, ਜਦੋਂ ਇੱਕੋ ਵਕਤ ਦੋ ਗੱਲਾਂ ਚਰਚਾ ਵਿਚ ਆਈਆਂ ਸਨ। ਪਹਿਲੀ ਇਹ ਕਿ ਰਾਜੀਵ ਗਾਂਧੀ ਨੇ 'ਮੇਰਾ ਭਾਰਤ ਮਹਾਨ' ਦਾ ਨਾਹਰਾ ਬੜਾ ਚੁੱਕਿਆ ਸੀ। ਦੂਜੀ ਉਸ ਦੀ ਭਾਰਤ ਦੇ ਵਿਕਾਸ ਬਾਰੇ ਇਹ ਵਿਆਖਿਆ ਸੀ ਕਿ ਉਪਰੋਂ ਭੇਜੇ ਹੋਏ ਫੰਡ ਲੋੜਵੰਦਾਂ ਤੱਕ ਨਹੀਂ ਪਹੁੰਚਦੇ। ਰਾਜੀਵ ਗਾਂਧੀ ਦੇ ਦਿੱਤੇ ਜਿਹੜੇ ਭਾਸ਼ਣ ਬੜੇ ਚਰਚਿਤ ਹੋਏ ਸਨ, ਉਨ੍ਹਾਂ ਵਿਚੋਂ ਇੱਕ ਇਹ ਸੀ ਕਿ ਕੇਂਦਰ ਤੋਂ ਭੇਜਿਆ ਰੁਪਿਆ ਰਾਜਾਂ ਤੱਕ ਪਹੁੰਚਦਾ ਪੌਣਾ ਹੋ ਜਾਂਦਾ ਹੈ, ਜ਼ਿਲੇ ਤੱਕ ਅੱਧਾ ਪੁੱਜਦਾ ਹੈ ਅਤੇ ਪਿੰਡ ਵਿਚ ਬੈਠੇ ਅਸਲ ਲੋੜਵੰਦ ਤੱਕ ਮਸਾਂ ਚਵਾਨੀ ਜਾਂਦੀ ਹੈ। ਇੱਕ ਪਾਸੇ ਭਾਰਤ ਨੂੰ ਮਹਾਨ ਆਖ ਕੇ ਵਡਿਆਉਣਾ ਤੇ ਦੂਜੇ ਪਾਸੇ ਇਸ ਵਿਚ ਭ੍ਰਿਸ਼ਟਾਚਾਰ ਦੀ ਏਨੀ ਖੁੱਲ੍ਹੀ ਵਿਆਖਿਆ ਕਰਨਾ ਲੋਕਾਂ ਵਿਚ ਕਈ ਚੁਟਕਲਿਆਂ ਤੇ ਟੱਪਿਆਂ ਦਾ ਆਧਾਰ ਬਣ ਗਿਆ ਸੀ। ਓਦੋਂ ਪਹਿਲੀ ਵਾਰੀ ਟਰੱਕਾਂ ਦੇ ਪਿੱਛੇ ਇਹ ਨਾਹਰਾ ਪੜ੍ਹਨ ਨੂੰ ਮਿਲਿਆ ਸੀ: 'ਸੌ ਵਿਚੋਂ ਨੜਿਨਵੇਂ ਬੇਈਮਾਨ, ਫੇਰ ਵੀ ਮੇਰਾ ਭਾਰਤ ਮਹਾਨ।' ਇਸ ਟੱਪੇ ਦੀ ਕਾਢ ਜਿਸ ਕਿਸੇ ਨੇ ਵੀ ਕੱਢੀ ਹੋਵੇ, ਉਹ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ ਵਿਚ ਵੱਡੇ ਵਿਦਵਾਨਾਂ ਨੂੰ ਮਾਤ ਪਾ ਗਿਆ ਸੀ।

> **ਅਸੀਂ ਦਾਅਵੇ ਨਾਲ ਇਹ ਤਾਂ ਨਹੀਂ ਕਹਿ ਸਕਦੇ ਕਿ ਭਾਰਤ ਵਿਚ ਸੌ ਵਿਚੋਂ ਨੜਿਨਵੇਂ ਬੇਈਮਾਨ ਹੋ ਗਏ ਹਨ ਜਾਂ ਹਾਲੇ ਨੱਬੇ ਕੁ ਹੋਏ ਹਨ ਪਰ ਇਹ ਕਹਿ ਸਕਦੇ ਹਾਂ ਕਿ ਬਾਕੀ ਬਚਦੇ ਇੱਕ ਫੀਸਦੀ ਹੋਣ ਜਾਂ ਦਸ ਫੀਸਦੀ, ਉਹ ਕਿਸੇ ਗਿਣਤੀ ਵਿਚ ਨਹੀਂ ਸਮਝੇ ਜਾਂਦੇ। ਸਾਡਾ ਸਮਾਜ ਪਿਛਲੇ ਸਾਲਾਂ ਵਿਚ ਏਨੀ 'ਤਰੱਕੀ' ਕਰ ਗਿਆ ਹੈ ਕਿ ਏਥੇ ਵਿਆਕਰਣ ਵੀ ਸਿਰ ਪਰਨੇ ਹੋ ਗਈ ਜਾਪਦੀ ਹੈ। ਚਾਲੀ ਕੁ ਸਾਲ ਪਹਿਲਾਂ ਲੋਕ ਗੱਲਾਂ ਕਰਦੇ ਹੁੰਦੇ ਸਨ ਕਿ 'ਫਲਾਣਾ ਬੜਾ ਬੇਈਮਾਨ ਹੈ' ਪਰ ਉਸ ਤੋਂ ਬਾਅਦ ਕਰਨ ਤੋਂ ਹਟ ਗਏ। ਹੁਣ ਫਿਰ ਗੱਲਾਂ ਕਰਨ ਲੱਗ ਪਏ ਹਨ, ਪਰ ਫਰਕ ਇਹ ਪੈ ਗਿਆ ਹੈ ਕਿ ਪਹਿਲਾਂ ਵਾਂਗ 'ਫਲਾਣਾ ਬੜਾ ਬੇਈਮਾਨ' ਕਹਿਣ ਦੀ ਥਾਂ ਇਹ ਕਿਹਾ ਜਾਂਦਾ ਹੈ ਕਿ 'ਫਲਾਣਾ ਬੜਾ ਬੇਵਕੂਫ ਹੈ, ਹਾਲੇ ਵੀ ਈਮਾਨਦਾਰੀ ਦੀਆਂ ਗੱਲਾਂ ਕਰੀ ਜਾਂਦਾ ਹੈ।'**

ਅਸੀਂ ਦਾਅਵੇ ਨਾਲ ਇਹ ਤਾਂ ਨਹੀਂ ਕਹਿ ਸਕਦੇ ਕਿ ਭਾਰਤ ਵਿਚ ਸੌ ਵਿਚੋਂ ਨੜਿਨਵੇਂ ਬੇਈਮਾਨ ਹੋ ਗਏ ਹਨ ਜਾਂ ਹਾਲੇ ਨੱਬੇ ਕੁ ਹੋਏ ਹਨ ਪਰ ਇਹ ਕਹਿ ਸਕਦੇ ਹਾਂ ਕਿ ਬਾਕੀ ਬਚਦੇ ਇੱਕ ਫੀਸਦੀ ਹੋਣ ਜਾਂ ਦਸ ਫੀਸਦੀ, ਉਹ ਕਿਸੇ ਗਿਣਤੀ ਵਿਚ ਨਹੀਂ ਸਮਝੇ ਜਾਂਦੇ। ਸਾਡਾ ਸਮਾਜ ਪਿਛਲੇ ਸਾਲਾਂ ਵਿਚ ਏਨੀ 'ਤਰੱਕੀ' ਕਰ ਗਿਆ ਹੈ ਕਿ ਏਥੇ ਵਿਆਕਰਣ ਵੀ ਸਿਰ ਪਰਨੇ ਹੋ ਗਈ ਜਾਪਦੀ ਹੈ। ਚਾਲੀ ਕੁ ਸਾਲ ਪਹਿਲਾਂ ਲੋਕ ਗੱਲਾਂ ਕਰਦੇ ਹੁੰਦੇ ਸਨ ਕਿ 'ਫਲਾਣਾ ਬੜਾ ਬੇਈਮਾਨ ਹੈ' ਪਰ ਉਸ ਤੋਂ ਬਾਅਦ ਕਰਨ ਤੋਂ ਹਟ ਗਏ। ਹੁਣ ਫਿਰ ਗੱਲਾਂ ਕਰਨ ਲੱਗ ਪਏ ਹਨ, ਪਰ ਫਰਕ ਇਹ ਪੈ ਗਿਆ ਹੈ ਕਿ ਪਹਿਲਾਂ ਵਾਂਗ 'ਫਲਾਣਾ ਬੜਾ ਬੇਈਮਾਨ' ਕਹਿਣ ਦੀ ਥਾਂ ਇਹ ਕਿਹਾ ਜਾਂਦਾ ਹੈ ਕਿ 'ਫਲਾਣਾ ਬੜਾ ਬੇਵਕੂਫ ਹੈ, ਹਾਲੇ ਵੀ ਈਮਾਨਦਾਰੀ ਦੀਆਂ ਗੱਲਾਂ ਕਰੀ ਜਾਂਦਾ ਹੈ।' ਇਹ ਸਾਡੇ ਸਮਾਜ ਦੀ ਇੱਕ ਸੌ ਅੱਸੀ ਡਿਗਰੀ ਦੀ ਤਬਦੀਲੀ ਹੈ। ਓਦੋਂ ਕਿਸੇ ਦਾ ਬੇਈਮਾਨ ਹੋਣਾ ਅਲੋਕਾਰ ਗੱਲ ਜਾਪਦੀ ਸੀ, ਅੱਜ ਕਿਸੇ ਦਾ ਈਮਾਨਦਾਰ ਹੋਣਾ ਹੈਰਾਨੀ ਵਾਲੀ ਗੱਲ ਹੈ। ਇਸੇ ਕਰ ਕੇ ਕਿਸੇ ਵੱਲੋਂ ਕਿਸੇ ਦੀ ਕੋਈ ਚੀਜ਼ ਵਾਪਸ ਕਰ ਦਿੱਤੇ ਜਾਣ ਦੀ ਖਬਰ ਛਾਪਣ ਵੇਲੇ 'ਈਮਾਨਦਾਰੀ ਹਾਲੇ ਜ਼ਿੰਦਾ ਹੈ' ਦਾ ਸਿਰਲੇਖ ਲਾਇਆ ਜਾਂਦਾ ਹੈ, ਜਿਹੜਾ ਸਾਡੀ ਇਹ ਮਾਨਸਿਕਤਾ ਜ਼ਾਹਰ ਕਰਦਾ ਹੈ ਕਿ ਅਸੀਂ ਤਾਂ ਈਮਾਨਦਾਰੀ ਦਾ ਭੋਗ ਪੈ ਗਿਆ ਸਮਝ ਚੁੱਕੇ ਸਾਂ, ਇਹ ਬੰਦਾ ਅਜੇ ਵੀ ਈਮਾਨਦਾਰੀ ਦਾ ਪੱਲਾ ਫੜੀ ਬੈਠਾ ਹੈ। ਹੈਰਾਨੀ ਇਸ ਪੱਖੋਂ ਹੁੰਦੀ ਹੈ ਕਿ ਮਾਹੌਲ ਜਦੋਂ 'ਜੈ ਬੋਲੋ ਬੇਈਮਾਨ ਕੀ' ਵਾਲਾ ਬਣ ਚੁੱਕਾ ਹੈ ਅਤੇ 'ਚੋਰ-ਚੋਰ ਮਸੇਰੇ ਭਾਈ ਬਣੇ' ਹਰ ਥਾਂ ਮਿਲਦੇ ਹਨ, ਈਮਾਨਦਾਰ ਬੰਦੇ ਦਾ ਸਾਥ ਦੇਣ ਵਾਲਾ ਵੀ ਕੋਈ ਨਹੀਂ ਲੱਭਦਾ, ਇਹ ਬੰਦਾ ਓਦੋਂ ਵੀ ਈਮਾਨ ਉਤੇ ਟਿਕਿਆ ਕਿਵੇਂ ਰਹਿ ਗਿਆ?

ਅਸੀਂ ਜਿਹੜੇ ਰਾਜੀਵ ਗਾਂਧੀ ਦੇ ਸਮੇਂ ਤੋਂ ਗੱਲ ਸ਼ੁਰੂ ਕੀਤੀ ਸੀ, ਕੇਂਦਰ ਤੋਂ ਪਿੰਡ ਤੱਕ ਰੁਪਏ ਦੀ ਮਸਾਂ ਚੁਆਨੀ ਪਹੁੰਚਦੀ ਕਹਿਣ ਵਾਲੇ ਓਸੇ ਪ੍ਰਧਾਨ ਮੰਤਰੀ ਦੇ ਸਮੇਂ ਪਹਿਲੀ ਵਾਰ ਫੌਜਾਂ ਲਈ ਤੋਪਾਂ ਦੀ ਖਰੀਦ ਦਾ ਸੌਦਾ ਵੱਡੇ ਬਖੇੜੇ ਦਾ ਕਾਰਨ ਬਣਿਆ ਸੀ ਤੇ ਓਸੇ ਨੇ ਅਗਲੇ ਸਾਰੇ ਸਕੈਂਡਲਾਂ ਦਾ ਰਾਹ ਖੋਲ੍ਹਿਆ ਸੀ। ਉਸ ਪਿੱਛੋਂ ਦੇ ਸਾਰੇ ਘਪਲਿਆਂ-ਘੋਟਾਲਿਆਂ ਦੀ ਚਰਚਾ ਅਸੀਂ ਕਈ ਵਾਰ ਕੀਤੀ ਹੈ, ਜਿਨ੍ਹਾਂ ਦੀ ਲੜੀ ਦਾ ਅੰਤ ਨਜ਼ਰ ਨਹੀਂ ਆਉਂਦਾ। ਕਹਿੰਦੇ ਹਨ ਕਿ ਸ਼ੈਤਾਨ ਦੀ ਆਂਦਰ ਦਾ ਸਿਰਾ ਨਹੀਂ ਲੱਭਦਾ ਹੁੰਦਾ। ਸ਼ੈਤਾਨੀ ਕਾਰਿਆਂ ਦੀ ਇਸ ਲੜੀ ਦਾ ਵੀ ਅੰਤ ਨਜ਼ਰ ਨਹੀਂ ਆ ਰਿਹਾ, ਹਰ ਸਾਲ ਇਨ੍ਹਾਂ ਦੀ ਗਿਣਤੀ ਵਧਦੀ ਜਾਂਦੀ ਹੈ। ਪਿਛਲੇ ਦਿਨਾਂ ਵਿਚ ਇਸ ਵਿਚ ਕੁਝ ਹੋਰ ਖਬਰਾਂ ਆਣ ਜੁੜੀਆਂ ਹਨ, ਜਿਹੜੀਆਂ ਰਾਜ ਪ੍ਰਬੰਧ ਵਿਚ ਆਪਣੇ ਲੋਕਾਂ ਦਾ ਵਿਸ਼ਵਾਸ ਹਿਲਾ ਦੇਣ ਵਾਲੀਆਂ ਵੀ ਹਨ ਅਤੇ ਦੂਜੇ ਦੇਸ਼ਾਂ ਦੇ ਲੋਕਾਂ ਦੀ ਨਜ਼ਰ ਵਿਚ ਭਾਰਤ ਦਾ ਅਕਸ ਖਰਾਬ ਕਰਨ ਵਾਲੀਆਂ ਵੀ।

ਇੱਕ ਖਬਰ ਆਈ ਹੈ ਉਸ ਤਾਮਿਲਨਾਡੂ ਰਾਜ ਦੀ ਰਾਜਨੀਤੀ ਬਾਰੇ, ਜਿਸ ਦਾ ਇੱਕ ਸੈਂਪਲ ਕੇਂਦਰ ਦਾ ਸਾਬਕਾ ਮੰਤਰੀ ਏ. ਰਾਜਾ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਹੁਣ ਜੇਲ੍ਹ ਵਿਚ ਬੈਠਾ ਹੈ। ਓਥੋਂ ਦੇ ਮੁੱਖ ਮੰਤਰੀ ਕਰੁਣਾਨਿਧੀ ਦੀ ਬੇਟੀ ਕਨੀਮੋਝੀ ਦੀ ਇਸ ਬੰਦੇ ਨਾਲ ਨੇੜਤਾ ਦੀਆਂ ਗੱਲਾਂ ਪਹਿਲਾਂ ਵੀ ਸੁਣੀਆਂ ਸਨ ਪਰ ਜਦੋਂ ਭ੍ਰਿਸ਼ਟਾਚਾਰ ਦੀ ਕਾੜ੍ਹਨੀ ਤੋਂ ਢੱਕਣ ਚੁੱਕਿਆ ਗਿਆ ਤਾਂ ਪਤਾ ਲੱਗਾ ਕਿ ਜਿਨ੍ਹਾਂ ਲੋਕਾਂ ਨੇ ਸਾਬਕਾ ਮੰਤਰੀ ਏ. ਰਾਜਾ ਦੇ ਰਾਹੀਂ ਅਰਬਾਂ ਰੁਪਏ ਦੀ ਕਮਾਈ ਕੀਤੀ ਸੀ, ਉਨ੍ਹਾਂ ਨੇ ਕਰੋੜਾਂ ਰੁਪਏ ਬੀਬੀ ਕਨੀਮੋਝੀ ਦੇ ਟੀ ਵੀ ਚੈਨਲ ਨੂੰ ਵੀ ਦਿੱਤੇ ਸਨ। ਸਾਰਾ ਕੁਝ ਜ਼ਾਹਰ ਹੋ ਜਾਣ ਪਿੱਛੋਂ ਵੀ ਅਜੇ ਤੱਕ ਮੁੱਖ ਮੰਤਰੀ ਦੀ ਬੇਟੀ ਤੱਕ ਕਾਨੂੰਨ ਦੀ ਲੰਮੀ ਬਾਂਹ ਨਹੀਂ ਪਹੁੰਚ ਸਕੀ।

ਓਸੇ ਰਾਜ ਤੋਂ ਹੁਣ ਇੱਕ ਮੰਤਰੀ ਦੀ ਕਮਾਈ ਦਾ ਕੱਚਾ ਚਿੱਠਾ ਸਾਹਮਣੇ ਆ ਗਿਆ ਹੈ। ਤਾਮਿਲਨਾਡੂ ਦੇ ਖੁਰਾਕ ਸਪਲਾਈ ਮੰਤਰੀ ਈ. ਵੇਲੂ ਨੇ ਪੰਜ ਸਾਲ ਪਹਿਲਾਂ ਜਦੋਂ ਵਿਧਾਨ ਸਭਾ ਦੀ ਚੋਣ ਲੜੀ ਸੀ ਤਾਂ ਆਪਣੇ ਫਾਰਮ ਵਿਚ ਲਿਖਿਆ ਸੀ ਕਿ ਉਸ ਦੇ ਕੋਲ ਸਿਰਫ ਇੱਕ ਲੱਖ ਰੁਪਏ ਦੀ ਜਾਇਦਾਦ, ਪੰਝੀ ਹਜ਼ਾਰ ਰੁਪਏ ਨਕਦ ਅਤੇ ਪੰਦਰਾਂ ਹਜ਼ਾਰ ਰੁਪਏ ਦੇ ਗਹਿਣੇ ਹਨ। ਪੰਜ ਸਾਲ ਵਜ਼ੀਰੀ ਮਾਣਨ ਮਗਰੋਂ ਜਦੋਂ ਉਸ ਨੇ ਓਸੇ ਚੋਣ ਲਈ ਹੁਣ ਕਾਗਜ਼ ਭਰੇ ਤਾਂ ਦਰਜ ਕੀਤਾ ਕਿ ਪਤੀ-ਪਤਨੀ ਦੋਵਾਂ ਕੋਲ ਕੁੱਲ ਮਿਲਾ ਕੇ 7 ਕਰੋੜ 80 ਲੱਖ ਰੁਪਏ ਦੀ ਜਾਇਦਾਦ ਹੈ, 17 ਲੱਖ 47 ਹਜ਼ਾਰ ਰੁਪਏ ਬੈਂਕ ਵਿਚ ਹਨ, ਪੌਣੇ ਦੋ ਕਰੋੜ ਰੁਪਏ ਦੀ ਖੇਤੀ ਵਾਲੀ ਜ਼ਮੀਨ ਅਤੇ ਸਵਾ ਕਰੋੜ ਰੁਪਏ ਦੀ ਇੱਕ ਬਿਲਡਿੰਗ ਦੇ ਨਾਲ ਚਾਰ ਕਰੋੜ ਰੁਪਏ ਦਾ ਘਰ ਵੀ ਹੈ। ਇਸ ਤੋਂ ਇਲਾਵਾ ਉਸ ਦੀ ਪਤਨੀ ਕੋਲ ਪੌਣੇ ਛੇ ਲੱਖ ਰੁਪਏ ਦੇ ਗਹਿਣੇ ਵੀ ਹਨ। ਭਾਰਤ ਹੁਣ ਏਨਾ 'ਮਹਾਨ' ਹੋ ਗਿਆ ਹੈ ਕਿ ਇਸ ਦੇ ਕਿਸੇ ਰਾਜ ਦਾ ਮੰਤਰੀ ਬਣ ਜਾਣ ਵਾਲਾ ਬੰਦਾ ਡੇਢ ਲੱਖ ਰੁਪਏ ਦੀ ਮਾਲਕੀ ਤੋਂ ਤੁਰ ਕੇ ਪੰਜਾਂ ਸਾਲਾਂ ਵਿਚ ਡੇਢ ਕਰੋੜ ਵੀ ਨਹੀਂ, ਬਾਰਾਂ ਕਰੋੜ ਦੀ ਅਸਾਮੀ ਬਣ ਸਕਦਾ ਹੈ। ਉਸ ਦੀ ਪਾਰਟੀ ਇਸ ਵਾਰੀ ਜਿੱਤਦੀ ਨਹੀਂ ਜਾਪਦੀ ਪਰ ਜਿਨ੍ਹਾਂ ਦੀ ਸਰਕਾਰ ਬਣਨੀ ਹੈ, ਉਨ੍ਹਾਂ ਦੀ ਆਗੂ ਉਹ ਬੀਬੀ ਜੈਲਲਿਤਾ ਹੈ, ਜਿਸ ਦੇ ਪੰਜ ਸਾਲ ਮੁੱਖ ਮੰਤਰੀ ਰਹਿਣ ਮਗਰੋਂ ਉਸ ਦੇ ਘਰ ਵਿਚੋਂ ਦੋ ਹਜ਼ਾਰ ਜੋੜੇ ਜੁੱਤੀਆਂ ਅਤੇ ਕਈ ਕਰੋੜ ਰੁਪਏ ਦੀ ਜਾਇਦਾਦ ਦਾ ਖੁਲਾਸਾ ਹੋਇਆ ਤਾਂ ਉਸ ਨੂੰ ਭਾਰਤ ਦੀ ਇਮੇਲਡਾ ਮਾਰਕੋਸ ਕਿਹਾ ਜਾਂਦਾ ਸੀ। ਕਾਫੀ ਸਮੇਂ ਬਾਅਦ ਉਸ ਦੀ ਵਾਰੀ ਆਉਣ ਲੱਗੀ ਹੈ ਅਤੇ ਲੋਕਾਂ ਨੂੰ ਯਕੀਨ ਹੈ ਕਿ ਇਸ ਵਾਰੀ ਉਹ ਵੀ ਕਰੁਣਾਨਿਧੀ ਦੇ ਪਰਿਵਾਰ ਦੇ ਜੀਆਂ ਅਤੇ ਚੇਲਿਆਂ-ਚਾਟਿਆਂ ਦਾ ਰਿਕਾਰਡ ਤੋੜ ਕੇ ਜਾਵੇਗੀ।

ਇਹ ਭਾਰਤ ਦੀ ਕੌਮੀ ਰਾਜਨੀਤੀ ਦਾ ਨਮੂਨਾ ਸੀ, ਪਿੰਡ ਪੱਧਰ ਦਾ ਹਾਲ ਵੇਖਣ ਲਈ ਲੁਧਿਆਣੇ ਜ਼ਿਲੇ ਦੇ ਗਿੱਲ ਪਿੰਡ ਦੀ ਖਬਰ ਪੜ੍ਹੀ ਜਾ ਸਕਦੀ ਹੈ। ਓਥੇ ਅਗਸਤ 2009 ਵਿਚ ਮਰ ਗਏ ਇੱਕ ਬਜ਼ੁਰਗ ਦੀ ਬੁਢਾਪਾ ਪੈਨਸ਼ਨ ਅਗਲੇ ਸਾਲ ਦੇ ਦਸੰਬਰ ਤੱਕ ਕਢਵਾਈ ਜਾਂਦੀ ਰਹੀ ਤੇ ਇਹ ਏਦਾਂ ਦਾ ਇੱਕੋ ਕੇਸ ਨਹੀਂ, ਓਸੇ ਪਿੰਡ ਵਿਚ ਏਦਾਂ ਹੀ ਕਈ ਮ੍ਰਿਤਕਾਂ ਦੇ ਨਾਂ ਪੈਨਸ਼ਨ ਚੱਲੀ ਜਾਂਦੀ ਰਹੀ ਹੈ। ਜੇ ਇਹ ਉਸ ਪਿੰਡ ਦਾ ਇੱਕੋ ਕੇਸ ਨਹੀਂ ਤਾਂ ਪਿੰਡ ਵੀ ਇਕੱਲਾ ਨਹੀਂ, ਜਿੱਥੇ ਏਦਾਂ ਹੋਇਆ ਹੋਵੇ। ਪੈਨਸ਼ਨਾਂ ਦਾ ਘੋਟਾਲਾ ਮੁੱਖ ਮੰਤਰੀ ਦੇ ਆਪਣੇ ਪਿੰਡ ਤੱਕ ਪਹੁੰਚਦਾ ਹੈ। ਜਦੋਂ ਪਿੰਡ-ਪਿੰਡ ਇਹੋ ਕੁਝ ਹੋਈ ਜਾਵੇ, ਓਦੋਂ 'ਸੌ ਵਿਚੋਂ ਨੜਿਨਵੇਂ ਬੇਈਮਾਨ' ਦੀ ਗੱਲ ਮੂੰਹੋਂ ਨਿਕਲਦੀ ਹੈ।

ਜਿਹੜੇ ਭਾਰਤ ਵਿਚ ਕੌਮੀ ਪੱਧਰ ਉਤੇ ਵੀ ਭ੍ਰਿਸ਼ਟਾਚਾਰ ਭਾਰੂ ਹੋ ਗਿਆ ਹੋਵੇ, ਪਿੰਡ ਪੱਧਰ 'ਤੇ ਵੀ ਇਸ ਦੀ ਲਾਗ ਜਾ ਪਹੁੰਚੀ ਹੋਵੇ, ਉਸ ਦੇ ਇੱਕ ਹੋਰ ਖੇਤਰ ਵਿਚ ਵੀ ਇਸ ਦਾ ਕੀੜਾ ਜਾ ਵੜਿਆ ਹੈ, ਜਿਸ ਨਾਲ ਦੇਸ਼ ਦੀ ਬਦਨਾਮੀ ਵਿਦੇਸ਼ਾਂ ਵਿਚ ਹੋਈ ਹੈ ਤੇ ਹਾਲੇ ਹੋਰ ਹੋਣੀ ਹੈ। ਪਿਛਲੇ ਦਿਨੀਂ ਕੁਝ ਪਾਇਲਟਾਂ ਨੂੰ ਪਹਿਲਾਂ ਸਸਪੈਂਡ ਕੀਤਾ ਗਿਆ ਤੇ ਫਿਰ ਉਹ ਗ੍ਰਿਫਤਾਰ ਕੀਤੇ ਗਏ ਹਨ। ਇਨ੍ਹਾਂ ਬਾਰੇ ਪਤਾ ਲੱਗਾ ਹੈ ਕਿ ਜਾਂ ਤਾਂ ਲਾਇਸੈਂਸ ਜਾਅਲੀ ਸਨ ਤੇ ਜਾਂ ਲਾਇਸੈਂਸ ਅਸਲੀ, ਪਰ ਲਾਇਸੈਂਸ ਲੈਣ ਲਈ ਪੇਸ਼ ਕੀਤੇ ਗਏ ਕਾਗਜ਼ਾਂ ਵਿਚ ਹੇਰ-ਫੇਰ ਕੀਤਾ ਗਿਆ ਸੀ। ਜਦੋਂ ਇੱਕ ਹਵਾਈ ਜਹਾਜ਼ ਹਾਦਸੇ ਦਾ ਸ਼ਿਕਾਰ ਹੁੰਦਾ ਮਸਾਂ ਬਚਿਆ ਤਾਂ ਸਾਰਾ ਖਿਲਾਰਾ ਪੈ ਗਿਆ। ਪੜਤਾਲ ਕੀਤੀ ਤਾਂ ਗੰਢੇ ਦੀਆਂ ਛਿੱਲਾਂ ਲੱਥਣ ਲੱਗ ਪਈਆਂ। ਜਿਸ ਜਹਾਜ਼ ਨੂੰ ਹਾਦਸਾ ਪੇਸ਼ ਆਉਣ ਲੱਗਾ ਸੀ, ਉਹ ਇੱਕ ਕੁੜੀ ਚਲਾ ਰਹੀ ਸੀ, ਜਿਸ ਤੋਂ ਇਹ ਗਲਤੀ ਹੋ ਗਈ ਕਿ ਉਤਰਨ ਵੇਲੇ ਪਿਛਲੇ ਪਹੀਏ ਪਹਿਲਾਂ ਲਾਉਣ ਦੀ ਬਜਾਏ ਅਗਲੇ ਪਹੀਏ ਦੇ ਸਹਾਰੇ ਜਹਾਜ਼ ਰੰਨ-ਵੇਅ ਉਤੇ ਉਤਾਰ ਦਿੱਤਾ। ਘਟਨਾ ਦੀ ਜਾਂਚ ਉਸ ਨੂੰ ਟਰੇਨਿੰਗ ਦੇਣ ਵਾਲੇ ਇੰਸਟੀਚਿਊਟ ਤੱਕ ਜਾ ਪਹੁੰਚੀ ਤਾਂ ਪਤਾ ਲੱਗਾ ਕਿ ਬੀਬੀ ਨੇ ਟਰੇਨਿੰਗ ਹੀ ਨਹੀਂ ਸੀ ਕੀਤੀ, ਦੂਜਿਆਂ ਨਾਲ ਬੈਠ-ਬਿਠਾ ਕੇ ਸਿੱਖ ਲਿਆ ਸੀ ਤੇ ਜਾਅਲੀ ਕਾਗਜ਼ ਬਣਾ ਕੇ ਨੌਕਰੀ ਲੈ ਲਈ ਸੀ। ਉਸ ਤੋਂ ਬਾਅਦ ਬਾਕੀ ਪਾਇਲਟਾਂ ਦੇ ਲਾਇਸੈਂਸ ਚੈਕ ਕੀਤੇ ਤਾਂ ਇਹੋ ਜਿਹੇ ਚਾਰ-ਪੰਜ ਹੋਰ ਨਿਕਲ ਆਏ ਤੇ ਇਹ ਵੀ ਰਾਜ਼ ਖੁੱਲ੍ਹ ਗਿਆ ਕਿ ਸ਼ਹਿਰੀ ਹਵਾਬਾਜ਼ੀ ਦੇ ਦਫਤਰ ਵਿਚ ਬੈਠਾ ਇੱਕ ਵੱਡਾ ਅਧਿਕਾਰੀ ਆਪਣੇ ਵਰਗੇ ਪੰਜ-ਛੇ ਹੋਰਨਾਂ ਨੂੰ ਰਲਾ ਕੇ ਕਾਗਜ਼ਾਂ ਦੀ ਕੱਟ-ਵੱਢ ਕਰ ਕੇ ਲਾਇਸੈਂਸ ਦੇਣ ਦਾ ਅੱਡਾ ਚਲਾਈ ਜਾਂਦਾ ਸੀ। ਕੁਝ ਪਾਇਲਟ ਇਹੋ ਜਿਹੇ ਨਿਕਲੇ, ਜਿਨ੍ਹਾਂ ਨੇ ਟਰੇਨਿੰਗ ਤਾਂ ਪੂਰੀ ਕੀਤੀ ਸੀ ਪਰ ਪ੍ਰੈਕਟਿਸ ਦੇ ਜਿੰਨੇ ਘੰਟੇ ਜਹਾਜ਼ ਉਡਾਏ ਹੋਣੇ ਚਾਹੀਦੇ ਸਨ, ਉਹ ਪੂਰੇ ਨਹੀਂ ਸਨ ਕੀਤੇ। ਦੋ ਜਣੇ ਤਾਂ ਇਹੋ ਜਿਹੇ ਨਿਕਲ ਆਏ, ਜਿਨ੍ਹਾਂ ਨੇ ਪ੍ਰੈਕਟਿਸ ਦੀ ਉਡਾਰੀ ਦੇ ਘੰਟੇ ਵੀ ਪੂਰੇ ਕੀਤੇ ਹੋਏ ਸਨ ਪਰ ਜਿੱਥੇ ਅਤੇ ਜਦੋਂ ਪੂਰੇ ਕੀਤੇ ਸਨ, ਓਦੋਂ ਓਥੇ ਜਹਾਜ਼ ਹੀ ਕੋਈ ਨਹੀਂ ਸਨ। ਇੱਕ ਟਰੇਨਿੰਗ ਕਲੱਬ ਨੇ ਆਪਣਾ ਜਹਾਜ਼ ਮੁਰੰਮਤ ਲਈ ਭੇਜ ਦਿੱਤਾ, ਦੂਜਾ ਕੋਈ ਕਿਰਾਏ ਉਤੇ ਲਿਆ ਨਹੀਂ ਸੀ ਪਰ ਲਾਗ ਬੁੱਕ ਵਿਚ ਭਰਦੇ ਰਹੇ ਕਿ ਅੱਜ ਐਨੇ ਘੰਟੇ ਫਲਾਣੇ ਪਾਇਲਟ ਨੇ ਪ੍ਰੈਕਟਿਸ ਵਜੋਂ ਜਹਾਜ਼ ਦੀ ਉਡਾਰੀ ਲਾਈ ਹੈ। ਉਡਾਣ ਦਾ ਰਿਕਾਰਡ ਉਸ ਖੇਤਰ ਦੇ ਏਅਰ ਟਰੈਫਿਕ ਕੰਟਰੋਲ ਉਤੇ ਦਰਜ ਹੁੰਦਾ ਹੈ ਤੇ ਉਸ ਏਅਰ ਟਰੈਫਿਕ ਕੰਟਰੋਲ ਵਾਲੇ ਵੀ ਪੈਸੇ ਲੈ ਕੇ ਆਪਣੇ ਕੋਲੋਂ ਇਹ ਸਰਟੀਫਿਕੇਟ ਦੇਈ ਗਏ ਕਿ ਉਡਾਣ ਹੋਈ ਹੈ, ਜਦ ਕਿ ਰਿਕਾਰਡ ਰੱਖਣ ਵਾਲੇ ਕੰਪਿਊਟਰ ਮੁਤਾਬਕ ਉਨ੍ਹਾਂ ਦਿਨਾਂ ਵਿਚ ਓਥੇ ਕੋਈ ਫਲਾਈਟ ਉਡੀ ਹੀ ਨਹੀਂ ਸੀ।

ਇਹ ਕੰਮ ਕਰਨ ਵਾਲੀਆਂ ਤਾਂ ਗੈਰ-ਸਰਕਾਰੀ ਏਜੰਸੀਆਂ ਹੋਣਗੀਆਂ, ਕੀ ਤੁਸੀਂ ਕਦੇ ਇਹ ਸੁਣਿਆ ਹੈ ਕਿ ਕੋਈ ਸਰਕਾਰ ਵੀ ਜਾਅਲੀ ਪੱਤਰ ਜਾਰੀ ਕਰਦੀ ਹੈ? ਪੰਜਾਬ ਵਿਚ ਇਹ ਕੰਮ ਹੋ ਗਿਆ ਹੈ। ਪਿਛਲੇ ਦਿਨੀਂ ਏਥੇ ਅਧਿਆਪਕਾਂ ਦਾ ਇਕ ਵਰਗ ਆਪਣੀਆਂ ਮੰਗਾਂ ਮੰਨਵਾਉਣ ਲਈ ਜ਼ਰਾ ਜ਼ਿਆਦਾ ਤਿੱਖਾ ਵਗ ਪਿਆ। ਉਨ੍ਹਾਂ ਤੋਂ ਖਹਿੜਾ ਛੁਡਾਉਣ ਲਈ ਸਰਕਾਰ ਵੀ ਮੁਕਾਬਲੇ ਦੀ ਤਿੱਖੀ ਤੋਰ ਵਗ ਪਈ। ਬੀਤੀ 22 ਮਾਰਚ ਨੂੰ ਚੰਡੀਗੜ੍ਹ ਨੇੜੇ ਪਿੰਡ ਲਾਂਡਰਾਂ ਦੀ ਟੈਂਕੀ ਉਤੇ ਚੜ੍ਹੇ ਹੋਏ ਅਧਿਆਪਕ ਜਦੋਂ ਹੋਰ ਕਿਸੇ ਤਰੀਕੇ ਹੇਠਾਂ ਉਤਰਨਾ ਨਾ ਮੰਨੇ ਤਾਂ ਸਰਕਾਰ ਨੇ ਇਕ ਅਫਸਰ ਭੇਜ ਕੇ ਖੜੇ ਪੈਰ ਨੌਕਰੀ ਦੇ ਨਿਯੁਕਤੀ ਪੱਤਰ ਦੇਣੇ ਸ਼ੁਰੂ ਕਰ ਦਿੱਤੇ। ਏਦਾਂ ਦੇ 7654 ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਜਦੋਂ ਉਹ ਨੌਕਰੀ ਲੈਣ ਗਏ, ਓਦੋਂ ਪਤਾ ਲੱਗਾ ਕਿ ਪੱਤਰ ਜਾਅਲੀ ਹਨ। ਗੱਲ ਬਾਹਰ ਨਿਕਲੀ ਤਾਂ ਜਾਅਲੀ ਪੱਤਰ ਦੇਣ ਵਾਲੇ ਅਫਸਰ ਤੋਂ ਪੁੱਛਿਆ ਗਿਆ। ਐਲੀਮੈਂਟਰੀ ਸਿੱਖਿਆ ਵਿਭਾਗ ਦਾ ਇਹ ਵੱਡਾ ਅਧਿਕਾਰੀ ਅੱਗੋਂ ਕਹਿਣ ਲੱਗਾ ਕਿ 'ਮੈਂ ਨਾ ਤਾਂ ਇਹੋ ਜਿਹੇ ਪੱਤਰ ਜਾਰੀ ਕਰਨੇ ਸਨ, ਨਾ ਨੌਕਰੀਆਂ ਦੀ ਚੋਣ ਕਮੇਟੀ ਵਿਚ ਸਾਂ, ਮੈਨੂੰ ਇਹੋ ਜਿਹੇ ਪੱਤਰ ਦੇ ਕੇ ਕਿ ਮੌਕਾ ਟਾਲਣ ਲਈ ਭੇਜਿਆ ਗਿਆ ਸੀ, ਬਾਕੀ ਦਾ ਮੈਨੂੰ ਕੁਝ ਨਹੀਂ ਪਤਾ, ਸਰਕਾਰ ਹੀ ਦੱਸ ਸਕਦੀ ਹੈ।' ਕਾਰਨ ਭਾਵੇਂ ਕੋਈ ਵੀ ਹੋਵੇ, ਪਰ ਇਹ ਪਹਿਲੀ ਵਾਰੀ ਹੋਇਆ ਹੈ ਕਿ ਸਰਕਾਰ ਦੇ ਪੱਧਰ ਉਤੇ ਜਾਅਲੀ ਪੱਤਰ ਜਾਰੀ ਕਰਨ ਦੀ ਗੱਲ ਮੰਨੀ ਗਈ ਹੈ।

ਜਿਸ ਦੇਸ਼ ਵਿਚ ਏਨਾ ਕੁਝ ਹੈਰਾਨ ਕਰਨ ਵਾਲਾ ਹੋਈ ਜਾਂਦਾ ਹੈ, ਉਸ ਦੇਸ਼ ਦੇ ਲੋਕ ਵਿਦੇਸ਼ ਤੋਂ ਆਈਆਂ ਦੋ ਖਬਰਾਂ ਹੋਰ ਪੜ੍ਹ ਚੁੱਕੇ ਹੋਣਗੇ। ਪਹਿਲੀ ਇਹ ਕਿ ਦੁਨੀਆਂ ਵਿਚ ਧਰਮ ਨੂੰ ਢਾਹ ਲੱਗ ਰਹੀ ਹੈ। ਹਰ ਵਾਰੀ ਜਦੋਂ ਮਰਦਮਸ਼ੁਮਾਰੀ ਕੀਤੀ ਜਾਂਦੀ ਹੈ ਤਾਂ ਧਰਮ ਨੂੰ ਨਾ ਮੰਨਣ ਵਾਲਿਆਂ ਦੀ ਗਿਣਤੀ ਪਹਿਲਾਂ ਤੋਂ ਹੋਰ ਵਧ ਗਈ ਹੁੰਦੀ ਹੈ। ਇਸ ਵਾਰੀ ਇਹ ਖਬਰ ਆਈ ਹੈ ਕਿ ਨੌਂ ਦੇਸ਼ਾਂ ਵਿਚ ਅੱਧੀ ਆਬਾਦੀ ਦੇ ਲਗਭਗ ਇਸ ਸੋਚ ਵਾਲੀ ਬਣ ਚੁੱਕੀ ਹੈ ਤੇ ਇੱਕ ਦੇਸ਼ ਚੈਕ ਗਣਰਾਜ ਇਹੋ ਜਿਹਾ ਵੀ ਹੈ, ਜਿੱਥੇ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਮਸਾਂ ਚਾਲੀ ਕੁ ਫੀਸਦੀ ਰਹਿ ਗਏ ਹਨ। ਦੂਜੀ ਖਬਰ ਵੀ ਧਰਮ ਬਾਰੇ ਹੈ, ਪਰ ਇਹ ਵਿਸ਼ਵਾਸ ਰੱਖਣ ਜਾਂ ਨਾ ਰੱਖਣ ਵਾਲਿਆਂ ਬਾਰੇ ਨਹੀਂ, ਭਾਰਤ ਵਿਚ ਧਰਮ ਦਾ ਕਾਰੋਬਾਰ ਕਰਨ ਵਾਲਿਆਂ ਬਾਰੇ ਹੈ। ਬਰਤਾਨੀਆ ਦੀ ਕੈਂਬਰਿਜ ਯੂਨੀਵਰਸਿਟੀ ਦੀ ਟੀਮ ਨੇ ਭਾਰਤ ਵਿਚ ਹਿੰਦੂਆਂ, ਮੁਸਲਮਾਨਾਂ, ਈਸਾਈਆਂ ਤੇ ਸਿੱਖਾਂ ਦੀਆਂ 568 ਸੰਸਥਾਵਾਂ ਦਾ ਸਰਵੇਖਣ ਕਰ ਕੇ ਸਿੱਟਾ ਕੱਢਿਆ ਹੈ ਕਿ ਇਹ ਬਾਕਾਇਦਾ ਕਾਰੋਬਾਰੀ ਅਦਾਰਿਆਂ ਵਾਂਗ ਚੱਲ ਰਹੀਆਂ ਹਨ। ਇਨ੍ਹਾਂ ਵੱਲੋਂ ਖੂਨ ਦਾਨ ਦੇ ਕੈਂਪ ਲਾਉਣ ਤੋਂ ਲੈ ਕੇ ਸਕੂਲ ਚਲਾਉਣ ਤੱਕ ਦਾ ਕੰਮ ਹੁੰਦਾ ਹੈ ਪਰ ਸੇਵਾ ਜਾਂ ਧਾਰਮਿਕ ਭਾਵਨਾ ਦੀ ਥਾਂ ਆਪਣੇ ਵਿਰੋਧੀ ਡੇਰੇ ਤੋਂ ਅੱਗੇ ਲੰਘ ਜਾਣ ਦੀ ਮੁਕਾਬਲੇਬਾਜ਼ੀ ਭਾਰੂ ਰਹਿੰਦੀ ਹੈ ਤਾਂ ਕਿ ਉਨ੍ਹਾਂ ਦੇ ਚੇਲੇ ਵਿਰੋਧੀ ਦੇ ਚੇਲਿਆਂ ਨਾਲੋਂ ਵਧਦੇ ਜਾਣ। ਹੁੰਦਾ ਤਾਂ ਕਾਰੋਬਾਰ ਹੀ ਹੈ, ਪਰ ਨਾਂ ਧਰਮ ਦਾ ਦਿੱਤਾ ਜਾਂਦਾ ਹੈ।

ਧਰਮ ਨੂੰ ਕਾਰੋਬਾਰ ਦੀ ਲੀਹੇ ਪਾ ਚੁੱਕੇ ਇਸ ਦੇਸ਼ ਵਿਚ ਰਾਜਨੀਤੀ ਵੀ ਧਰਮ ਦੀ ਦੁਰਵਰਤੋਂ ਕਰਨ ਲਈ ਤਿਆਰ ਰਹਿੰਦੀ ਹੈ। ਕਈ ਸੰਤ ਅਤੇ ਸਵਾਮੀ ਡੇਰਿਆਂ ਆਸਰੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿਚ ਜਾ ਪੁੱਜਦੇ ਹਨ। ਅੱਜ ਦੀ ਪੰਜਾਬ ਵਿਧਾਨ ਸਭਾ ਵਿਚ ਵੀ ਕੁਝ ਸੰਤ ਵਿਧਾਇਕ ਹਨ ਤੇ ਪਾਰਲੀਮੈਂਟ ਵਿਚ ਭਾਰਤੀ ਜਨਤਾ ਪਾਰਟੀ ਦੇ ਮਹੰਤ ਅਵੈਦ ਨਾਥ ਵਰਗੇ ਵੀ ਦਿਖਾਈ ਦੇਂਦੇ ਹਨ। ਸੰਤਾਂ ਤੇ ਸਵਾਮੀਆਂ ਦੀ ਓਥੋਂ ਤੱਕ ਪਹੁੰਚ ਦਾ ਸਾਧਨ ਇਹ ਕਾਰੋਬਾਰ ਕਰਨ ਵਾਲੇ ਧਾਰਮਿਕ ਡੇਰੇ ਬਣਦੇ ਹਨ। ਪਾਰਟੀਆਂ ਨੂੰ ਬੰਦੇ ਦੀ ਅਕਲ ਦੀ ਲੋੜ ਨਹੀਂ, ਭਾਵੇਂ ਉਹ ਸ਼ੋਕ-ਮਤਾ ਪਾਸ ਕਰਨ ਵੇਲੇ ਵੀ ਉਠਣ ਦੀ ਥਾਂ ਕੁਰਸੀ ਉਤੇ ਦੋਵੇਂ ਲੱਤਾਂ ਦਾ ਚੌਕੜਾ ਲਾ ਕੇ ਦੂਜਿਆਂ ਵੱਲ ਬਿਟਰ-ਬਿਟਰ ਝਾਕਦਾ ਰਹੇ, ਉਸ ਦੇ ਪੈਰੋਕਾਰਾਂ ਦੀਆਂ ਵੋਟਾਂ ਤੇ ਅਸੈਂਬਲੀ ਵਿਚ ਉਸ ਦੀ ਆਪਣੀ ਵੋਟ ਦੀ ਲੋੜ ਹੁੰਦੀ ਹੈ, ਜਿਹੜੀ ਪੂਰੀ ਹੋ ਜਾਂਦੀ ਹੈ।

ਰਾਜਨੀਤੀ ਨੇ ਧਰਮ ਦੀ ਦੁਰਵਰਤੋਂ ਦੇ ਜਿੰਨੇ ਮਾੜੇ ਨਤੀਜੇ ਭਾਰਤ ਵਿਚ ਪੇਸ਼ ਕੀਤੇ ਸਨ, ਉਨ੍ਹਾਂ ਵਿਰੁੱਧ ਸੁਭਵਾਨ ਹਲਕਿਆਂ ਦੀ ਤਿੱਖੀ ਸੁਰ ਵੇਖ ਕੇ ਸਰਕਾਰ ਨੇ 1988 ਵਿਚ ਇੱਕ ਕਾਨੂੰਨ ਬਣਾ ਦਿੱਤਾ ਕਿ ਧਾਰਮਿਕ ਅਸਥਾਨਾਂ ਵਿਚ ਰਾਜਸੀ ਸਰਗਰਮੀਆਂ ਨਹੀਂ ਹੋਣੀਆਂ ਚਾਹੀਦੀਆਂ। ਮਾਡਰੇਟ ਅਕਾਲੀ ਆਗੂ ਮੰਨੇ ਜਾਂਦੇ ਸੁਰਜੀਤ ਸਿੰਘ ਬਰਨਾਲਾ ਨੇ ਇਸ ਕਾਨੂੰਨ ਦੇ ਵਿਰੁਧ ਹਾਈ ਕੋਰਟ ਵਿਚ ਜਾ ਅਰਜ਼ੀ ਪਾਈ। ਸਿੱਖ ਧਰਮ ਦੀ ਸਿਆਸਤ ਵਿਚੋਂ ਮੁੱਖ ਮੰਤਰੀ ਤੇ ਕੇਂਦਰੀ ਮੰਤਰੀ ਦੀ ਕੁਰਸੀ ਤੱਕ ਪਹੁੰਚ ਚੁੱਕੇ ਬਰਨਾਲਾ ਸਾਹਿਬ ਨੂੰ ਇਹ ਪਟੀਸ਼ਨ ਕਰਨ ਤੋਂ ਬਾਅਦ ਕਿਸੇ ਰਾਜ ਦਾ ਗਵਰਨਰ ਲੱਗਣ ਦਾ ਸੁਭਾਗ ਪ੍ਰਾਪਤ ਹੋ ਗਿਆ। ਇੱਕ ਵਾਰੀ ਮੌਕਾ ਮਿਲਿਆ ਤਾਂ ਸਾਰਿਆਂ ਨਾਲ ਰਲ-ਮਿਲ ਕੇ ਚੱਲਣ ਦਾ ਹੁਨਰ ਜਾਣਦੇ ਬਰਨਾਲਾ ਸਾਹਿਬ ਕਾਂਗਰਸੀ ਰਾਜ ਦੌਰਾਨ ਵੀ ਗਵਰਨਰ ਬਣੇ ਰਹੇ, ਦੇਵਗੌੜਾ ਤੇ ਗੁਜਰਾਲ ਦੇ ਤੀਜੇ ਮੋਰਚੇ ਵਾਲੇ ਰਾਜ ਵਿਚ ਵੀ, ਭਾਜਪਾ ਰਾਜ ਵਿਚ ਵੀ ਤੇ ਅੱਜ ਵੀ ਗਵਰਨਰੀ ਮਾਣ ਰਹੇ ਹਨ। ਗਵਰਨਰ ਹੁੰਦੇ ਹੋਏ ਇਸ ਕੇਸ ਦੀ ਪੈਰਵੀ ਕਰਨ ਅਦਾਲਤ ਵਿਚ ਜਾਣਾ ਚੰਗਾ ਨਹੀਂ ਲੱਗਦਾ, ਇਸ ਲਈ ਇਹ ਤਾਂ ਨਹੀਂ ਕੀਤਾ ਕਿ ਕੇਸ ਵਾਪਸ ਲੈ ਲੈਣ, ਤੇਈ ਸਾਲਾਂ ਬਾਅਦ ਜਦੋਂ ਕੇਸ ਦੀ ਸੁਣਵਾਈ ਦਾ ਮਹੂਰਤ ਨਿਕਲਿਆ ਤਾਂ ਇਹ ਅਰਜ਼ੀ ਪਾ ਦਿੱਤੀ ਕਿ ਮੇਰੀ ਗਵਰਨਰੀ ਦੇ ਦੌਰ ਤੱਕ ਸੁਣਵਾਈ ਅੱਗੇ ਪਾਈ ਜਾਵੇ। ਜਿਸ ਕੇਸ ਦੀ ਪਹਿਲਾਂ ਹੀ ਤੇਈ ਸਾਲਾਂ ਪਿੱਛੋਂ ਤਾਰੀਖ ਨਿਕਲੀ ਹੈ, ਹੋਰ ਅੱਗੇ ਪਾ ਕੇ ਲਮਕਾਈ ਰੱਖਣ ਦਾ ਰਾਹ ਇਸ ਕਰ ਕੇ ਫੜ ਲਿਆ ਕਿ ਜਦੋਂ ਤੱਕ ਗਵਰਨਰੀ ਮਿਲਦੀ ਹੈ, ਕਰੀ ਜਾਵਾਂਗੇ, ਜਦੋਂ ਛੁੱਟੀ ਜਾਂ ਛਾਂਟੀ ਹੋ ਗਈ, ਓਦੋਂ ਧਰਮ ਦੀ ਰੱਖਿਆ ਦਾ ਝੰਡਾ ਚੁੱਕ ਕੇ ਅਦਾਲਤ ਵਿਚ ਕੇਸ ਦੀ ਪੈਰਵੀ ਕਰਨ ਚਲੇ ਜਾਵਾਂਗੇ।

ਸਾਨੂੰ ਤਸੱਲੀ ਰੱਖਣੀ ਚਾਹੀਦੀ ਹੈ ਕਿ ਜਿਸ ਦੇਸ਼ ਵਿਚ 'ਸੌ ਵਿਚੋਂ ਨੜਿਨਵੇਂ ਬੇਈਮਾਨ' ਦੀ ਗੱਲ ਚੱਲਦੀ ਹੈ, ਬੇਈਮਾਨ ਆਮ ਕਾਰੋਬਾਰ ਤੋਂ ਲੈ ਕੇ ਰਾਜਨੀਤੀ ਅਤੇ ਧਰਮ ਦੇ ਖੇਤਰ ਵਿਚ ਵੀ ਚੋਖੇ ਹਨ, ਉਸ ਦੇਸ਼ ਦਾ ਨਾਂ ਅਜੇ ਧਰਮ ਨੂੰ ਤਿਲਾਂਜਲੀ ਦੇਣ ਵਾਲਿਆਂ ਵਿਚ ਨਹੀਂ ਆਇਆ। ਜਾਣਨ ਵਾਲੀ ਗੱਲ ਇਹ ਹੈ ਕਿ ਜਿੱਥੋਂ ਦੇ ਲੋਕ ਧਰਮ ਨੂੰ ਤਿਲਾਂਜਲੀ ਦੇ ਰਹੇ ਹਨ, ਉਹ ਇੰਜ ਕਿਉਂ ਕਰ ਰਹੇ ਹਨ? ਸਿਰਫ ਇਸ ਲਈ ਕਿ ਧਰਮ ਹੁਣ ਆਦਮੀ ਅਤੇ ਅਕਾਲ ਪੁਰਖ ਵਿਚਾਲੇ ਆਪਸੀ ਰਿਸ਼ਤੇਦਾਰੀ ਨਾ ਰਹਿ ਕੇ ਇਹੋ ਜਿਹਾ ਕਾਰੋਬਾਰ ਬਣਦਾ ਜਾ ਰਿਹਾ ਹੈ, ਜਿਸ ਵਿਚ ਹਰ ਹੋਰ ਕਾਰੋਬਾਰ ਵਾਂਗ ਆਪਣੀ ਦੁਕਾਨ ਉਤੇ ਆ ਗਈ ਚੁੰਗ ਦੀ ਜੇਬ ਕੱਟਣ ਦਾ ਮਨੋਰਥ ਮੁੱਖ ਰਹਿ ਗਿਆ ਹੈ। ਇਸ ਕਾਰੋਬਾਰ ਨੇ ਬੇਈਮਾਨੀ ਘਟਾਈ ਨਹੀਂ, ਲੋਕਾਂ ਦਾ ਸਾਹ ਸੌਖਾ ਕੀਤਾ ਨਹੀਂ, ਫਿਰ ਅੱਕ ਕੇ ਇੱਕ ਦਿਨ ਲੋਕ 'ਭੱਠ ਪਵੇ ਸੋਨਾ, ਜਿਹੜਾ ਕੰਨਾਂ ਨੂੰ ਖਾਵੇ' ਕਿਉਂ ਨਾ ਕਹਿ ਦੇਣਗੇ? ਕਦੇ ਭਾਰਤ ਵੀ ਇਸ ਪਾਸੇ ਤੁਰ ਸਕਦਾ ਹੈ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਨਵੀਂ ਇਮਾਰਤ ਮੁਕੰਮਲ ਹੋਣ 'ਤੇ ਅਕਾਲ ਪੁਰਖ ਦਾ ਕੋਟਾਨਿ ਕੋਟਿ ਸ਼ੁਕਰਾਨਾ ਅਤੇ ਸੰਗਤਾਂ ਨੂੰ ਲਖ ਲਖ ਵਧਾਈ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਵੀਂ ਇਮਾਰਤ ਦੇ ਗੁਰੂ ਅਰਪਣ ਸਮਾਗਮ ਵਿਚ ਹੁਮ ਹੁਮਾ ਕੇ ਹਾਜ਼ਰੀਆਂ ਭਰੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ। ਅਸੀਂ ਸੰਗਤਾਂ ਦੇ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦੇ ਸਹਿਯੋਗ ਸਦਕਾ ਵਾਹਿਗੁਰੂ ਦੇ ਮਿਹਰ ਨਾਲ ਉਸਾਰੀ ਦਾ ਇਹ ਇੱਡਾ ਵੱਡਾ ਪ੍ਰਾਜੈਕਟ ਨੇਪਰੇ ਚਾੜ੍ਹਿਆ ਜਾ ਸਕਿਆ।

ਆਓ, ਇਸ ਮੌਕੇ ਸਾਰੇ ਗੁਰੂ ਦੇ ਲੜ ਲੱਗਣ ਅਤੇ ਗੁਰਮਤਿ ਜੀਵਨ ਦੇ ਧਾਰਨੀ ਬਣਨ ਦਾ ਪ੍ਰਣ ਲਈਏ।

## ਸੰਗਤਾਂ ਦੇ ਦਾਸ


ਹਰਦੇਵ ਸਿੰਘ ਤੱਖਰ


ਜੀਤ ਸਿੰਘ ਬੈਣੀਵਾਲ


ਭੁਪਿੰਦਰ ਸਿੰਘ ਢਿੱਲੋਂ


ਮਹਿੰਗਾ ਸਿੰਘ ਰਾਜਾਸਾਂਸੀ


ਪ੍ਰੀਤਮ ਸਿੰਘ ਗਰੇਵਾਲ


ਮਹਿੰਦਰ ਸਿੰਘ ਤੱਖਰ


ਸੁਰਿੰਦਰ ਸਿੰਘ ਪੁਰੇਵਾਲ


ਰਾਜਿੰਦਰ ਸਿੰਘ ਮੰਘਰ


ਨਰਿੰਦਰਪਾਲ ਸਿੰਘ



ਕਿਰਪਾਲ ਅਟਵਾਲ


ਸੁਖਦੇਵ ਸਿੰਘ ਬੈਣੀਵਾਲ


ਸੁਰਜੀਤ ਸਿੰਘ ਬੈਂਸ


ਡਾ. ਗੁਰਿੰਦਰਪਾਲ ਸਿੰਘ


ਹਰਭਜਨ ਸਿੰਘ ਜੌਹਲ


ਕੁਲਵੰਤ ਸਿੰਘ ਸਿੱਧੂ


ਸ. ਕਲਸੀ



ਸਤਪਾਲ ਸਿੰਘ ਸਿੱਧੂ



ਨੀਤੂ ਸਿੰਘ ਕਾਹਲੋਂ


ਸਰਬਜੋਤ ਸਿੰਘ ਸਵੱਦੀ


ਮਹਿੰਦਰ ਸਿੰਘ ਬਾਜਵਾ


ਸਤਵੀਰ ਸਿੰਘ ਪਾਹਵਾ


ਪੁਸ਼ਪਿੰਦਰ ਕੌਰ


ਮਲਿੰਦਰ ਸਿੰਘ ਕੋਹਲੀ


ਸੋਹਨ ਸਿੰਘ ਧਨੋਤਾ


ਨਰਿੰਦਰ ਕੌਰ ਮਹੇੜੂ


ਤਰਲੋਚਨ ਸਿੰਘ ਦੁਪਾਲਪੁਰ


ਇੰਦਰਜੀਤ ਸਿੰਘ ਥਿੰਦ


ਸਤਿੰਦਰ ਸਿੰਘ ਮੰਘਰ


ਹਰਪ੍ਰਕਾਸ਼ ਸਿੰਘ ਢਿੱਲੋਂ


ਗੁਰਜੰਟ ਸਿੰਘ


ਜਸਵੀਰ ਸਿੰਘ ਪਵਾਰ


ਟੋਨੀ ਗਰੇਵਾਲ

Since 1990 Non Profit

# Punjabi Cultural Society Sacramento (U.S.A.)

ਵਲੋਂ ਪੇਸ਼ ਹੈ 22ਵਾਂ

# ਵਿਸਾਖੀ ਮੇਲਾ

# Visakhi Mela

Host by : Jaswant S Shad

**Celebration On Saturday,**

## 16th APRIL 2011

## At 4.00 P. M.

**AT**

## S.E.S. Hall

**10427 E. STOCKTON BLVD.**
**ELK GROVE, CA 95624**



**Featuring : Songs, Gidha & Bhangra, Dances, Skits and Much More**

ਕੈਲੇਫੋਰਨੀਆ ਦੇ ਉੱਘੇ ਕਲਾਕਾਰ ਇਸ ਵਿੱਚ ਭਾਗ ਲੈ ਰਹੇ ਹਨ ।
ਸਮੂਹ ਪੰਜਾਬੀ ਭਾਈਚਾਰੇ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੁੰਮ ਹੁਮਾ ਕੇ ਪਹੁੰਚੋ ।

Spcl. Appearance
Bhangra & Gidda
TEAMS FROM : UNIVERSITY

*For More Information Please Contact :*

Rashpal Pharwala (916) 682-7321 Tirath Sahota (916) 271-8382
Amrik Singh (916) 502-0064 Jaswant S. Shad (209) 992-7185

## SPONSORS

Indo American Desh Bhagat Foundation, Indus Valley American Chamber of Commerce, Punjab Arts & Culture Promotions, Indo American Cultural Organization, Harjit Singh (Mountain Mike's Pizza Elkgrove), Inderjit Singh (Mountain Mike's Pizza Elkgrove Florin), Bagga Palace, India House of Grocery, Desi Bazar, India spices& music in Elkgrove, Rajinder Singh, Gurnek Singh, Jaswinder Sandhu, Avtar Atwal, Charan Badwal, Baljinder Johal, Piara Singh Parhar, Malkit Boparai, Jassi (Power Mart), Aklesh Singh, A V Sweets, Sukhchain Singh, Joga Ghuman, Hardeep Singh, Manjeet Dhillon (Modesto), Raghvir Gill, S.P.Singh, Amarjit Singh, Manpreet Singh, Inderjit Singh, Parminderjit Singh, Jaswant Singh, Gurchetan Singh, Manjit Singh, Kulwinder Bobby, Varinder Sekhon & Manjit Singh (Punjab Insurance & Immigration Tax Service) & Paramjit Dhaliwal (Fresno), Bakhshish Gill, Amarjit Dulai, Gurmukh Gosal (Sheration) Wells Fargo Bank, Sky West Real Estate, Money Gram(Fast Trip Florin Rd) P. Mann Trucking, Manjit Singh, Nirmal Singh, Gurdeep Dhillon, Sukhchan Singh, Jaswinder Boparai, Jasvir Thandi (Century21 Real Estate) & Alex Singh (Quality Vending).

## ORGANIZING COMMITTEE

Rajinder Pal Singh, Amrik Singh, Harjinder Basra, Tirath Sahota, Paramjit Dhillon, Surinder Bindra, Ajaib Kahlon, Rashpal Pharwala, Jarnail Sarpanch, Debi Gill, Sukhraj Singh, Bhupinder Rehal, Jaswinder Pooni, Jaswant Shad, Arjinder Kukki, M.S.Chahal, Pavittar Nahal, Satwinder Rangi, Varinder Sanghera, Kamal Banga, Paminder Virk, Jascharan Gill, Balbir Johal, Avtar Dodd, Harjinder Pandher, Satvinder Sarhadi, Pal Singh, Manhor Lal Ratti & Kamal Singh.

**ADMISSION FREE** Please No Alcohol, No Food or Drinks Inside the Hall
No Cameras Will Be Allowed Inside The Hall, Security Will Be Tightly Enforced

Website : www.punjabiculturalsocietysacramento.com

Printer : Barapind Printing Press (E-mail: barapindpress@gmail.com)

# ਦੋਵੇਂ ਬਾਦਲਾਂ ਨੂੰ ਬੱਬਰ ਖਾਲਸਾ ਤੋਂ ਖਤਰਾ

**ਨਵੀਂ ਦਿੱਲੀ:** ਕੇਂਦਰੀ ਸੂਹੀਆ ਏਜੰਸੀ ਇੰਟੈਲੀਜੈਂਸ ਬਿਊਰੋ ਨੇ ਅੱਠ ਮਹੀਨਿਆਂ 'ਚ ਹੁਣ ਦੂਜੀ ਵਾਰ ਪੰਜਾਬ 'ਚ ਸਿੱਖ ਖਾੜਕੂਵਾਦ ਦੇ ਮੁੜ ਸੁਰਜੀਤ ਹੋਣ ਸਬੰਧੀ ਚਿਤਾਵਾਨੀ ਦਿੱਤੀ ਹੈ। ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਖਾੜਕੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਕੋਲੋਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਜਾਨ ਨੂੰ ਖਤਰਾ ਹੈ।

ਜ਼ਿਕਰਯੋਗ ਹੈ ਕਿ ਬੱਬਰ ਖਾਲਸਾ ਜਥੇਬੰਦੀ ਦੇ ਮੈਂਬਰ ਮਨੁੱਖੀ ਬੰਬ ਦਿਲਾਵਰ ਸਿੰਘ ਨੇ 1995 'ਚ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਵਿਧਾਨ ਸਭਾ ਦੇ ਬਾਹਰ ਬੰਬ ਨਾਲ ਉਡਾ ਦਿੱਤਾ ਸੀ। ਬੱਬਰ ਖਾਲਸਾ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪਾਬੰਦੀਸ਼ੁਦਾ ਜਥੇਬੰਦੀਆਂ ਦੀ ਸੂਚੀ 'ਚ ਆਉਂਦੀ ਹੈ। ਏਜੰਸੀ ਨੇ ਆਪਣੀ ਰਿਪੋਰਟ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਭੇਜ ਦਿੱਤੀ ਹੈ ਤੇ ਇਸ ਰਿਪੋਰਟ 'ਚ ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਬੱਬਰ ਖਾਲਸਾ ਨੇ ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ 'ਤੇ ਹਮਲੇ ਲਈ ਵੱਖਰੀ ਜੁਗਤ ਬਣਾਈ ਹੈ। ਬੱਬਰ ਖਾਲਸਾ ਨੇ ਪੰਜਾਬੀ ਮੂਲ ਦੇ ਦੋ ਅਮਰੀਕੀ ਨਾਗਰਿਕ ਮੈਂਬਰਾਂ ਨੂੰ ਨੇਪਾਲ ਭੇਜਿਆ ਸੀ ਜਿਸ ਦੀ ਸਥਾਨਕ ਅਧਿਕਾਰੀਆਂ ਨੇ ਪੁਸ਼ਟੀ ਕਰ ਦਿੱਤੀ ਹੈ। ਇਨ੍ਹਾਂ ਵੱਲੋਂ ਜਨਤਕ ਰੈਲੀਆਂ ਦੌਰਾਨ ਮਾਈਕਰੋਫੋਨ ਤੇ ਸਪੀਕਰਾਂ ਰਾਹੀਂ ਬੰਬ ਨਾਲ ਹਮਲਾ ਕਰਨ ਦੀ ਯੋਜਨਾ ਹੈ। ਪਿਛਲੇ ਸਮੇਂ ਦੌਰਾਨ ਇਸ ਜਥੇਬੰਦੀ ਦੇ ਬਹੁਤ ਸਾਰੇ ਮੈਂਬਰ ਧਮਾਕਾਖੇਜ਼ ਸਮਗਰੀ ਸਮੇਤ ਗ੍ਰਿਫਤਾਰ ਕੀਤੇ ਗਏ ਹਨ। ਇਨ੍ਹਾਂ ਕੋਲੋਂ ਬਰਾਮਦ ਹੋਇਆ ਆਰ. ਡੀ. ਐਕਸ ਪਾਕਿਸਤਾਨ ਤੋਂ ਆਇਆ ਹੈ। ਏਜੰਸੀ ਨੇ ਸਾਰੇ ਰਾਜਾਂ ਦੇ ਪੁਲਿਸ ਮੁਖੀਆਂ ਨੂੰ ਰੈਲੀ ਦੌਰਾਨ ਵਰਤੇ ਜਾਂਦੇ ਸਾਮਾਨ ਦੀ ਚੰਗੀ ਤਰ੍ਹਾਂ ਜਾਂਚ ਕਰਨ ਲਈ ਕਿਹਾ ਹੈ।

*Visit us on the web:* ***www.punjabtimesusa.com***
***To Advertise with us Call: 847-359-0746,*** ***e-mial: punjabtimes1@sbcglobal.net***












# ਅਟਾਰਨੀ ਜਸਪ੍ਰੀਤ ਸਿੰਘ ਨੇ 3 ਹੋਰਾਂ ਨੂੰ ਸਿਟੀਜ਼ਨਸ਼ਿਪ ਦੁਆਈ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਅਟਾਰਨੀ ਜਸਪ੍ਰੀਤ ਸਿੰਘ ਨੇ ਤਿੰਨ ਹੋਰ ਵਿਅਕਤੀਆਂ ਮਨਜੀਤ ਕੌਰ, ਸੁਦਰਸ਼ਨ ਕੌਰ ਅਤੇ ਗਿਆਨੋ ਨੂੰ ਅਮਰੀਕਾ ਦੀ ਸਿਟੀਜ਼ਨਸ਼ਿਪ ਦੁਆਈ ਹੈ। ਇਨ੍ਹਾਂ ਨੂੰ ਅੰਗਰੇਜ਼ੀ ਬਹੁਤ ਹੀ ਘੱਟ ਆਉਂਦੀ ਸੀ। ਮਨਜੀਤ ਕੌਰ ਨੂੰ ਸੈਨ ਹੋਜ਼ੇ, ਸੁਦਰਸ਼ਨ ਕੌਰ ਨੂੰ ਫਰਿਜ਼ਨੋ ਅਤੇ ਗਿਆਨੋ ਨੂੰ ਸੈਕਰਾਮੈਂਟੋ ਵਿਚ ਸਿਟੀਜ਼ਨਸ਼ਿਪ ਮਿਲੀ।

ਇਸ ਤੋਂ ਇਲਾਵਾ ਜਸਪ੍ਰੀਤ ਸਿੰਘ ਨੇ ਇਕ ਵਿਅਕਤੀ ਟੇਕ ਚੰਦ ਨੂੰ ਨਿਊ ਯਾਰਕ ਵਿਚ ਰਾਜਸੀ ਸ਼ਰਣ ਦੁਆਈ ਹੈ। ਅਟਾਰਨੀ ਜਸਪ੍ਰੀਤ ਸਿੰਘ ਅਨੁਸਾਰ ਇਸ ਦਾ ਕੇਸ ਬਹੁਤ ਹੀ ਗੁੰਝਲਦਾਰ ਸੀ ਅਤੇ ਡੀਪੋਰਟੇਸ਼ਨ ਤੁੜਵਾ ਕੇ ਰਾਜਸੀ ਸ਼ਰਣ ਦੁਆਈ।

*To Advertise with Punjab Times Call: 847-359-0746*


M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*



ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ
ਫੋਨ:209-856-2131



Century 21
M&M AND ASSOCIATES
Each office is independently owned and operated.
MLS


Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334



Dhillon Truck Stop
Dhillon Road Service
Interstate 40, exit 356, San Jon, NM
*Gill Manj Gurdaspur Wale*




ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



Are Worries Keeping You Awake?
*Watch Your Business AnyTime Any Place.*




Attention Business Owners!!

Are You Worried About Your Business When You`re Not There?

Watch your business from anywhere on iPhone with our new technology

QuikStop Shell am pm 7 ELEVEN 76 Holiday Inn Denny's Arby's

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

DVR UNLIMITED
*Call:1-(888) 233-4566* *www.dvrunlimited.com*

# NRI SABHA

ਵੱਲੋਂ:- **ਵਿਸਾਖੀ** ਦੀ ਲੱਖ ਲੱਖ ਵਧਾਈ

## ਅਸੀ ਕੈਪਟਨ ਬਲਬੀਰ ਸਿੰਘ ਬਾਠ (ਐਨ ਆਰ ਆਈ ਮੰਤਰੀ ਪੰਜਾਬ) ਦੇ 9 ਅਪ੍ਰੈਲ ਨੂੰ ਅਮਰੀਕਾ ਆਉਣ ਤੇ ਜੀ ਆਇਆਂ ਨੂੰ ਕਹਿੰਦੇ ਹਾਂ


ਪ੍ਰਕਾਸ਼ ਸਿੰਘ ਬਾਦਲ
(ਮੁੱਖ ਮੰਤਰੀ ਪੰਜਾਬ)


ਸੇਵਾ ਸਿੰਘ ਸੇਖਵਾਂ
(ਸਿਖਿਆ ਮੰਤਰੀ ਪੰਜਾਬ)


ਬਲਬੀਰ ਸਿੰਘ ਬਾਠ
(ਐਨ ਆਰ ਆਈ ਮੰਤਰੀ ਪੰਜਾਬ)


ਕਮਲਜੀਤ ਸਿੰਘ ਹੇਅਰ
(ਪ੍ਰਧਾਨ ਐਨ ਆਰ ਆਈ ਸਭਾ ਪੰਜਾਬ)


ਜੋਬਨਜੀਤ ਸਿੰਘ ਚੇਅਰਮੈਨ
(ਐਨ ਆਰ ਆਈ ਸਭਾ ਯੂ.ਐਸ.ਏ)


ਜਸਪ੍ਰੀਤ ਸਿੰਘ ਅਟਾਰਨੀ
(ਪ੍ਰਧਾਨ ਐਨ ਆਰ ਆਈ ਸਭਾ ਯੂ.ਐਸ.ਏ)


ਤੇਜਪਾਲ ਸਿੰਘ ਨਿਕੱਸਨ
(ਸਕੱਤਰ ਜਨਰਲ ਐਨ ਆਰ ਆਈ ਸਭਾ ਯੂ.ਐਸ.ਏ)


ਮਨਜੀਤ ਸਿੰਘ ਜਨਰਲ ਸਕੱਤਰ
(ਐਨ ਆਰ ਆਈ ਸਭਾ ਯੂ.ਐਸ.ਏ)

## ਪ੍ਰਾਪਤੀਆਂ

ਲੀਡਰੀ ਅਤੇ ਚੌਧਰ ਦੀ ਭੁੱਖ ਵਧਣ ਕਾਰਨ ਥਾਂ ਥਾਂ ਤੇ ਕਈ ਤਰ੍ਹਾਂ ਦੀਆਂ ਸੰਸਥਾਵਾਂ ਸਥਾਪਤ ਹੰਦੀਆ ਜਾ ਰਹੀਆਂ ਹਨ ਜਿੰਨਾ ਦਾ ਕੰਮ ਲੋਕਾਂ ਨੂੰ ਲਾਰਾ ਲੱਪਾ ਲਾ ਕੇ ਆਪਣੇ ਵੱਡੇ ਹੋਣ ਦਾ ਪ੍ਰਦਰਸ਼ਨ ਕਰਨਾ ਹੈ। ਪਰ N.R.I ਸਭਾ ਇੱਕੋ ਇੱਕ ਪੰਜਾਬ ਸਰਕਾਰ ਵੱਲੋ ਮਨਜ਼ੂਰ ਸ਼ੁਦਾ ਸੰਸਥਾ ਹੈ ਜਿਸ ਨੇ ਕੁਝ ਕੁ ਮਹੀਨਿਆਂ ਵਿੱਚ ਹੀ ਕਈ ਸਾਲਾਂ ਤੋ ਅਟਕੇ ਕੰਮ ਕਰਕੇ ਸਾਬਤ ਕਰ ਦਿੱਤਾ ਹੈ ਕਿ ਲੋਕ ਭਲਾਈ ਕਰਨਾ ਹੀ ਉਹਨਾਂ ਦਾ ਪਹਿਲਾ ਫਰਜ਼ ਹੈ।N.R.I ਨੇ ਹੇਠ ਲਿਖੇ ਕੰਮ ਕਰਵਾ ਕੇ ਬੜਾ ਵੱਡਾ ਯੋਗਦਾਨ ਪਾਇਆ ਹੈ।

1.ਮਹਿੰਦਰ ਸਿੰਘ ਨਿਊਯਾਰਕ ਤੇ ਇੰਡੀਆ ਗਿਆ ਸੀ ਤਾਂ ਉਸ ਦਾ ਕਤਲ ਹੋ ਗਿਆ ਸੀ ਕਾਤਲਾਂ ਦੇ ਸਬੰਧ ਉਹਨਾਂ ਬੰਦਿਆਂ ਨਾਲ ਸਨ ਜਿੰਨਾ ਵੱਲ ਪੁਲਿਸ ਦੇਖਦੀ ਵੀ ਨਹੀ ਸੀ। ਸਭਾ ਨੇ ਉਸ ਦੇ ਕਾਤਲਾਂ ਨੂੰ ਫੜਵਾਇਆ।
2. ਅਜੀਤ ਸਿੰਘ ਲੌਸ ਏਜ਼ਲਸ, ਕੈਲੇਫੋਰਨੀਆਂ ਤੋਂ ਜਿਸ੍ਹ ਦੀ ਜਮੀਨ ਇੰਡੀਆ ਵਿੱਚ ਰਿਸਤੇਦਾਰਾਂ ਨੇ ਦਬਾ ਲਈ ਸੀ ਉਸ ਨੂੰ ਵਾਪਸ ਦਿਲਵਾਈ।
3. ਮੇਜਰ ਸਿੰਘ ਕਪਤਾਨ ਦੀ ਮੋਹਾਲੀ ਕੋਠੀ ਦਾ ਕਬਜ਼ਾ ਦਵਾਇਆ।
4. ਬੋਸਟਨ ਯੂ.ਐਸ.ਏ. ਤੋ ਰਘਬੀਰ ਸਿੰਘ ਦੇ ਪਲਾਟਾਂ ਦਾ ਕਬਜ਼ਾ ਦਵਾਇਆ।
5. ਸਤਪਾਲ ਸਿੰਘ, ਗੜਦੀਵਾਲ,ਹੁਸ਼ਿਆਰਪੁਰ ਨੂੰ ਜ਼ਮੀਨ ਦਾ ਕਬਜ਼ਾ ਦਵਾਇਆ।
6. ਕੁਲਬੀਰ ਸਿੰਘ, ਟੱਰਲਕ ਕੈਲੇਫੋਰਨੀਆਂ,ਜਿੰਨ੍ਹਾ ਵਿੱਰੁਧ ਇੰਡੀਆ ਵਿੱਚ ਗਲਤF.R.I ਦਰਜ ਕਰਵਾਈ ਗਈ ਸੀ ਪਰN.R.I ਸਭਾ ਨੇ ਪੂਰਾ ਜ਼ੋਰ ਲਾ ਕੇ ਕੁਲਬੀਰ ਸਿੰਘ ਨੂੰ ਇੰਡੀਆ ਤੋ ਯੂ.ਐਸ.ਏ ਵਾਪਸ ਮੰਗਵਾਇਆ।
7. ਦੁੱਬਈ ਤੋਂ ਦਿਲਬਾਗ ਸਿੰਘ ਕਪੂਰਥਲਾ ਦੇ ਨਾਲ ਮਨੀ ਫਰਾਡ ਹੋਇਆ ਸੀ ਉਸ ਦੇ ਸਾਰੇ ਪੈਸੇ ਵਾਪਸ ਕਰਵਾਏ।
8. ਜਲੰਧਰ ਤੋਂ ਸਰਬਜੀਤ ਕੌਰ ਜਿਸ ਦੇ ਸਾਹੁਰੇ ਅਮਰੀਕਾ ਵਿੱਚ ਸੀ ਉਸਦੇ ਪੇਪਰ ਅਪਲਾਈ ਨਹੀਂ ਕਰ ਰਹੇ ਸਨ ਉਹਨਾਂ ਦਾ ਫੈਸਲਾ ਕਰਾ ਕੇ ਸ਼ੋਭਾ ਪ੍ਰਾਪਤ ਕੀਤੀ।
9. ਅਮਰੀਕਾ ਤੋਂ ਤਰਨਤਾਰਨ ਵਿੱਚ ਕੋਠੀ ਤੇ ਜਮੀਨ ਦੇ ਮਾਲਕਾਂ ਨੂੰ ਦਸ ਸਾਲ ਬਾਅਦ ਕਬਜ਼ਾ ਵਾਪਸ ਦਵਾਇਆ।
10.ਜੰਡੀ ਪਿੰਡ ਲੁਧਿਆਣੇ ਤੋ ਅਮਰੀਕਾ ਵਿੱਚ ਰਹਿ ਰਹੇ ਦੋ ਭਰਾਵਾਂ ਵਿੱਚੋ ਇਕ ਭਰਾ ਨੇ ਇਮਾਨਦਾਰ ਭਰਾ ਦੀ ਧੋਖੇ ਨਾਲ ਜ਼ਮੀਨ ਵੇਚ ਦਿੱਤੀ ਹੈ ਉਸ ਦੀ ਸ਼ਿਕਾਇਤ ਪਿਛਲੇ ਹਫਤੇ ਹੀ N.R.I ਸਭਾ ਕੋਲ ਪਹੁੰਚੀ ਹੈ ਇਸ ਤੇ ਬਹੁਤ ਹੀ ਧਿਆਨ ਨਾਲ ਜਾਂਚ ਕੀਤੀ ਜਾ ਰਹੀ ਹੈ।

Designed by:NK SIGNS(661)978-7319

Jobanjit Singh ,CA Chairman, Jaspreet Singh Attorney at law, CA & NY President, Nazar Sing Kooner ,CA Vice President, Pritam singh Grewal,CA Vice President Jarnail Singh Gilzian ,NY Senior vice president, Gurman singh Pamma,CA Senior vice president, Amarbir singh Ghoman ,IN Senior Vice President,Tejpal singh Nixon, CA Secretary General, Bhupinder singh Boparai,NY Vice president, Gurmej Singh,NY Vice Present, Raunaq singh,CA Vice President, Dalvir Singh Nijjar,CA General Secretary Gurdav Singh Kang,NY Gernal Secretary, Manjit singh,CA Gernal Secratary, Raghbir singh Ghodewan,NY Tresurer, Gurdeep Singh Sandhu, CA Assesent Tresurer, Narinderpal Singh Hundal, CA Chief Spokesman, Mandeep Singh Mann,CA Media Advisor, Jagdish S. Dhillon, Vice Chairman.

ਜਾਰੀ ਕਰਤਾ: ਮਾਨ ਮਨਦੀਪ (ਮੀਡੀਆ ਸਲਾਹਕਾਰ NRI SABHA USA) 661-889-1927

# NRI SABHA

ਵੱਲੋਂ:- **ਵਿਸਾਖੀ** ਦੀ ਲੱਖ ਲੱਖ ਵਧਾਈ


ਅਸੀ ਕੈਪਟਨ ਬਲਬੀਰ ਸਿੰਘ ਬਾਠ (ਐਨ ਆਰ ਆਈ ਮੰਤਰੀ ਪੰਜਾਬ) ਦੇ 9 April ਨੂੰ ਅਮਰੀਕਾ ਆਉਣ ਤੇ ਜੀ ਆਇਆਂ ਨੂੰ ਕਹਿੰਦੇ ਹਾਂ



ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ ਪੰਜਾਬ)



ਸੇਵਾ ਸਿੰਘ ਸੇਖਵਾਂ (ਸਿਖਿਆ ਮੰਤਰੀ ਪੰਜਾਬ)



ਬਲਬੀਰ ਸਿੰਘ ਬਾਠ (ਐਨ ਆਰ ਆਈ ਮੰਤਰੀ ਪੰਜਾਬ)



ਕਮਲਜੀਤ ਸਿੰਘ ਹੇਅਰ (ਪ੍ਰਧਾਨ ਐਨ ਆਰ ਆਈ ਸਭਾ ਪੰਜਾਬ)



## ਵੱਲੋਂ:- NRI SABHA, Bakersfield,CA

ਚੇਅਰਮੈਨ:
ਗੁਰਜੀਤ ਸਿੰਘ ਮਾਣਕ
661-444-7799

ਪ੍ਰਧਾਨ:
ਰਛਪਾਲ ਸਿੰਘ(ਪਾਲ ਮੰਨਣ)
661-900-2878

Designed by:NK SIGNS(661)978-7319

ਜਾਰੀ ਕਰਤਾ: ਮਾਨ ਮਨਦੀਪ (ਮੀਡੀਆ ਸਲਾਹਕਾਰ NRI SABHA USA) 661-889-1927

# ਵਿਸਫੋਟ:ਭਾਰਤ ਦੀ ਵਸੋਂ 121 ਕਰੋੜ ਤੱਕ ਪੁੱਜੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ 'ਚ 21ਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਕੌਮੀ ਆਬਾਦੀ 'ਚ 18.1 ਕਰੋੜ ਦਾ ਵਾਧਾ ਹੋਇਆ ਹੈ ਜਿਸ ਨਾਲ ਦੇਸ਼ ਦੀ ਕੁੱਲ ਅਬਾਦੀ ਦੇ ਅੰਕੜੇ ਇਕ ਅਰਬ 21 ਕਰੋੜ ਤੱਕ ਪੁੱਜ ਚੁੱਕੇ ਹਨ। ਇਸ ਤਰ੍ਹਾਂ ਭਾਰਤ ਅਮਰੀਕਾ, ਇੰਡੋਨੇਸ਼ੀਆ, ਬਰਾਜ਼ੀਲ, ਪਾਕਿਸਤਾਨ, ਬੰਗਲਾਦੇਸ਼ ਤੇ ਜਪਾਨ ਦੀ ਕੁੱਲ ਆਬਾਦੀ ਦੇ ਬਰਾਬਰ ਵਾਲਾ ਦੇਸ਼ ਬਣ ਗਿਆ ਹੈ ਪਰ ਇਸ ਵਾਧੇ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਪਿਛਲੇ ਨੌਂ ਦਹਾਕਿਆਂ ਵਿਚ ਦੇਸ਼ ਦੀ ਆਬਾਦੀ ਜਿਸ ਤੇਜ਼ੀ ਨਾਲ ਵਧ ਰਹੀ ਸੀ ਉਸ ਦੇ ਮੁਕਾਬਲੇ ਪਿਛਲੇ ਦਹਾਕੇ ਦੌਰਾਨ ਉਸ ਰਫ਼ਤਾਰ ਨੂੰ ਕੁਝ ਬਰੇਕਾਂ ਲੱਗੀਆਂ ਹਨ। ਸਰਕਾਰ ਵੱਲੋਂ ਜਾਰੀ 2011 ਦੇ ਮਰਦਮਸ਼ੁਮਾਰੀ ਅੰਕੜਿਆਂ ਮੁਤਾਬਕ ਭਾਰਤ ਵਿਚ ਦੁਨੀਆ ਦੀ 17.5 ਫ਼ੀਸਦੀ ਆਬਾਦੀ ਹੈ। ਇਸ ਵਿਚ 62.37 ਕਰੋੜ ਪੁਰਸ਼ ਤੇ 58.65 ਕਰੋੜ ਔਰਤਾਂ ਹਨ। ਆਬਾਦੀ ਦੇ ਲਿਹਾਜ਼ ਪੱਖੋਂ ਚੀਨ ਦੁਨੀਆ ਦੇ ਨੰਬਰ ਇਕ ਸਥਾਨ 'ਤੇ ਬਰਕਰਾਰ ਹੈ ਤੇ ਉੱਥੇ ਕੁੱਲ ਸੰਸਾਰ ਦੀ 19.4 ਫ਼ੀਸਦੀ ਜਨਤਾ ਰਹਿ ਰਹੀ ਹੈ।

ਰਿਪੋਰਟ ਮੁਤਾਬਕ ਸਾਲ 2001-2011 ਦੌਰਾਨ ਦੇਸ਼ ਦੀ ਆਬਾਦੀ ਵਿਚ 18.1 ਕਰੋੜ ਦਾ ਵਾਧਾ ਹੋਇਆ । ਸਾਲ 2011 'ਚ ਜਿੱਥੇ ਆਬਾਦੀ ਦੀ ਵਾਧਾ ਦਰ 17.64 ਫ਼ੀਸਦੀ ਰਹੀ ਉੱਥੇ ਇਹ ਦਰ 2001 ਵਿਚ 21.15 ਫੀਸਦੀ ਸੀ। ਰਜਿਸਟਰਾਰ ਜਨਰਲ ਆਫ਼ ਇੰਡੀਆ ਤੇ ਸੈਂਸਸ ਕਮਿਸ਼ਨਰ ਆਫ਼ ਇੰਡੀਆ ਸੀ. ਚੰਦਰਾਮੌਲੀ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਵਿਚ ਦੇਸ਼ ਦੀ ਸਭ ਤੋਂ ਵੱਧ 19.9 ਕਰੋੜ ਆਬਾਦੀ ਹੈ ਜਦਕਿ ਲਕਸ਼ਦੀਪ ਵਿਚ ਸਭ ਤੋਂ ਘੱਟ 64,429 ਲੋਕ ਰਹਿ ਰਹੇ ਹਨ। ਜੇਕਰ ਉੱਤਰ ਪ੍ਰਦੇਸ਼ ਤੇ ਮਹਾਰਾਸ਼ਟਰ ਦੀ ਆਬਾਦੀ ਮਿਲਾ ਲਈ ਜਾਵੇ ਤਾਂ ਇਹ ਅਮਰੀਕਾ ਦੀ ਆਬਾਦੀ ਤੋਂ ਵੱਧ ਬਣਦੀ ਹੈ।ਆਬਾਦੀ ਦੀ ਘਣਤਾ ਪੱਖੋਂ ਦਿੱਲੀ ਦਾ ਉੱਤਰ-ਪੂਰਬੀ ਜ਼ਿਲ੍ਹਾ ਹੈ ਇੱਥੇ ਪ੍ਰਤੀ ਵਰਗ ਕਿਲੋਮੀਟਰ ਵਿਚ 37,346 ਵਿਅਕਤੀ ਰਹਿ ਰਹੇ ਹਨ, ਜਦਕਿ ਸਭ ਤੋਂ ਘੱਟ ਘਣਤਾ ਵਾਲਾ ਇਲਾਕਾ ਅਰੁਣਾਚਲ ਪ੍ਰਦੇਸ਼ ਦਾ ਦੀਬਾਂਗ ਹੈ, ਇੱਥੇ ਪ੍ਰਤੀ ਵਰਗ ਕਿਲੋਮੀਟਰ ਵਿਚ ਇਕ ਵਿਅਕਤੀ ਰਹਿ ਰਿਹਾ ਹੈ। ਦਿੱਲੀ 'ਚ ਪ੍ਰਤੀ ਵਰਗ ਕਿਲੋਮੀਟਰ ਵਿਚ 11297 ਤੇ ਚੰਡੀਗੜ੍ਹ 'ਚ 9252 ਵਿਅਕਤੀ ਰਹਿ ਰਹੇ ਹਨ। ਦੇਸ਼ ਭਰ 'ਚ ਪ੍ਰਤੀ ਵਰਗ ਕਿਲੋਮੀਟਰ 'ਚ 382 ਵਿਅਕਤੀ ਹਨ, ਜਦਕਿ 2001 ਵਿਚ 325 ਵਿਅਕਤੀ ਸਨ।ਮਰਦਮਸ਼ੁਮਾਰੀ ਵਿਚ ਇਸ ਵਾਰ ਵੀ ਮੁੰਡਿਆਂ ਦੀ ਜਨਮ ਦਰ ਕੁੜੀਆਂ ਨਾਲੋਂ ਵੱਧ ਹੈ। ਦੇਸ਼ ਵਿਚ ਇਸ ਵੇਲੇ ਇਕ ਹਜ਼ਾਰ ਪੁਰਸ਼ਾਂ ਮਗਰ 914 ਔਰਤਾਂ ਹਨ। ਇਸ ਅਨੁਪਾਤ ਵਿਚਲਾ ਵਕਫ਼ਾ ਦੇਸ਼ ਦੀ ਆਬਾਦੀ ਮਗਰੋਂ ਸਭ ਤੋਂ ਵੱਧ ਹੈ। ਦੇਸ਼ ਵਿਚ ਸਾਖਰਤਾ ਦਰ ਜਿੱਥੇ ਸਾਲ 2001 ਵਿਚ 64.83 ਫੀਸਦੀ ਸੀ ਉਹ ਹੁਣ 74.04 ਫ਼ੀਸਦੀ 'ਤੇ ਪੁੱਜ ਚੁੱਕੀ ਹੈ। ਇਸ ਵਿਚ 9.21 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ।



ਉੱਤਰ ਪ੍ਰਦੇਸ਼ ਮਗਰੋਂ ਆਬਾਦੀ ਪੱਖੋਂ ਮਹਾਰਾਸ਼ਟਰ ਦੂਜੇ ਨੰਬਰ ਹੈ। ਇੱਥੇ ਆਬਾਦੀ 11.23 ਕਰੋੜ ਦਰਜ ਕੀਤੀ ਗਈ ਹੈ। ਇਸ ਮਗਰੋਂ ਬਿਹਾਰ ਦੀ ਆਬਾਦੀ 10.38 ਕਰੋੜ, ਪੱਛਮੀ ਬੰਗਾਲ ਦੀ 9.13 ਕਰੋੜ ਤੇ ਆਂਧਰਾ ਪ੍ਰਦੇਸ਼ ਦੀ 8.46 ਕਰੋੜ ਹੈ। ਇਹ ਪਹਿਲੀ ਵਾਰ ਹੈ ਜਦੋਂ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਉੱਤਰਾਖੰਡ, ਝਾਰਖੰਡ, ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਉੜੀਸਾ ਵਿਚ ਆਬਾਦੀ ਦੀ ਵਾਧਾ ਦਰ ਡਿੱਗੀ ਹੈ। ਦੇਸ਼ ਵਿਚ 0-6 ਸਾਲ ਦੇ 15.88 ਕਰੋੜ ਬੱਚੇ ਹਨ, ਜੋ ਕਿ 2001 ਦੀ ਮਰਦਮਸ਼ੁਮਾਰੀ ਦੇ ਮੁਕਾਬਲੇ 50 ਲੱਖ ਘੱਟ ਹਨ। ਕੇਰਲ, ਲਕਸ਼ਦੀਪ, ਮਿਜ਼ੋਰਮ, ਤ੍ਰਿਪੁਰਾ, ਗੋਆ, ਦਮਨ ਤੇ ਦੀਊ, ਪੁੱਡੂਚੇਰੀ, ਚੰਡੀਗੜ੍ਹ, ਐਨ.ਸੀ.ਆਰ. ਦਿੱਲੀ, ਅੰਡੇਮਾਨ ਤੇ ਨਿਕੋਬਾਰ ਸਣੇ 18 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ 85 ਫ਼ੀਸਦੀ ਤੋਂ ਵੱਧ ਦਾ ਸਾਖਰਤਾ ਟੀਚਾ ਪਾਰ ਕਰ ਲਿਆ ਹੈ। ਇਹ ਟੀਚਾ ਯੋਜਨਾ ਕਮਿਸ਼ਨ ਨੇ ਤੈਅ ਕੀਤਾ ਸੀ। ਕੇਰਲ ਵਿਚ ਸਾਖਰਤਾ ਦਰ 93.91 ਫ਼ੀਸਦੀ ਤੇ ਲਕਸ਼ਦੀਪ ਵਿਚ 92.28 ਫ਼ੀਸਦੀ ਰਹੀ। ਬਿਹਾਰ ਵਿਚ ਸਭ ਤੋਂ ਘੱਟ 63.82 ਫ਼ੀਸਦੀ ਲੋਕ ਸਾਖਰ ਹਨ। ਦੇਸ਼ ਵਿਚ 1872 ਤੋਂ ਮਰਦਮਸ਼ੁਮਾਰੀ ਸ਼ੁਰੂ ਹੋਈ ਸੀ ਤੇ 2011 ਵਿਚ ਕੀਤੀ ਮਰਦਮਸ਼ੁਮਾਰੀ ਦੇਸ਼ ਦੀ 15ਵੀਂ ਮਰਦਮਸ਼ੁਮਾਰੀ ਹੈ। ਇਹ ਦੇਸ਼ ਦੇ ਸਾਰੇ 35 ਰਾਜ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਕੀਤੀ ਗਈ। ਇਸ ਕੰਮ ਉਪਰ 2,2000 ਕਰੋੜ ਰੁਪਏ ਖਰਚ ਆਏ ਤੇ 27 ਲੱਖ ਮੁਲਾਜ਼ਮਾਂ ਨੇ ਇਸ ਨੂੰ ਨੇਪਰੇ ਚਾੜ੍ਹਿਆ। ਇਸ ਉਪਰ 8000 ਟਨ ਕਾਗਜ਼ ਤੇ 10,500 ਟਨ ਹੋਰ ਸਮੱਗਰੀ ਖਰਚ ਹੋਈ।

## ਲਿੰਗ ਅਨੁਪਾਤ 'ਚ ਪੰਜਾਬ ਤੇ ਹਰਿਆਣਾ ਪਛੜੇ

ਹਰਿਆਣਾ ਤੇ ਪੰਜਾਬ ਲਈ ਇਸ ਰਿਪੋਰਟ ਵਿਚ ਕੁਝ ਮਾੜੇ ਅੰਕੜੇ ਹਨ। ਇਸ ਮੁਤਾਬਕ ਬਾਲ ਲਿੰਗ ਅਨੁਪਾਤ (0-6 ਸਾਲ) ਦੇ ਮਾਮਲੇ 'ਚ ਇਨ੍ਹਾਂ ਦੋਵਾਂ ਰਾਜਾਂ ਦੀ ਹਾਲਤ ਮਾੜੀ ਹੈ। ਹਰਿਆਣਾ ਵਿਚ ਇਕ ਹਜ਼ਾਰ ਲੜਕਿਆਂ ਮਗਰ 830 ਲੜਕੀਆਂ ਹਨ ਜਦਕਿ ਪੰਜਾਬ ਵਿਚ ਇਹ ਗਿਣਤੀ 846 ਹੈ ਪਰ ਪਿਛਲੇ ਅੰਕੜਿਆਂ ਦੇ ਮੁਕਾਬਲੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਗੁਜਰਾਤ, ਤਾਮਿਲਨਾਡੂ, ਮਿਜ਼ੋਰਮ ਤੇ ਅੰਡੇਮਾਨ ਨਿਕੋਬਾਰ 'ਚ ਕੁਝ ਸੁਧਾਰ ਹੋਇਆ ਹੈ।

ਲਿੰਗ ਅਨੁਪਾਤ ਪੱਖੋਂ ਮਿਜ਼ੋਰਮ ਦੇਸ਼ ਭਰ ਚੋਂ ਬਾਜ਼ੀ ਮਾਰ ਗਿਆ। ਇੱਥੇ ਇਕ ਹਜ਼ਾਰ ਲੜਕਿਆਂ ਮਗਰ 971 ਲੜਕੀਆਂ ਹਨ, ਜਦਕਿ ਦੂਜੇ ਸਥਾਨ 'ਤੇ ਮੇਘਾਲਿਆ ਹੈ, ਇੱਥੇ ਇਹ ਗਿਣਤੀ 970 ਹੈ। ਹਰਿਆਣਾ ਦੇ ਝੱਜਰ ਵਿਚ ਹਜ਼ਾਰ ਲੜਕਿਆਂ ਮਗਰ 777 ਤੇ ਮਹਿੰਦਰਗੜ੍ਹ 'ਚ 778 ਲੜਕੀਆਂ ਹਨ, ਜਦਕਿ ਹਿਮਾਚਲ ਦੇ ਲਾਹੌਲ-ਸਪਿਤੀ ਵਿਚ ਹਜ਼ਾਰ ਲੜਕਿਆਂ ਮਗਰ 1013 ਲੜਕੀਆਂ ਹਨ। ਸਾਖਰਤਾ ਪੱਖੋਂ 2001-2011 ਵਿਚ ਜਿੱਥੇ 82.14 ਪੁਰਸ਼ ਪੜ੍ਹੇ ਲਿਖੇ ਹਨ, ਉੱਥੇ ਇਸ ਵਰਗ ਵਿਚ 65.46 ਫ਼ੀਸਦੀ ਔਰਤਾਂ ਹਨ।

# ਭਾਰਤ ਦੁਨੀਆਂ 'ਚ ਸਭ ਤੋਂ ਵੱਧ ਭ੍ਰਿਸ਼ਟ !

**ਸਿੰਗਾਪੁਰ:** ਭਾਰਤ ਨੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਤਰੱਕੀ ਕਰਦੇ ਹੋਏ ਫ਼ਿਲੀਪੀਨਜ਼ ਤੇ ਕੰਬੋਡੀਆ ਵਰਗੇ ਮੁਲਕਾਂ ਦੀ ਕਤਾਰ ਵਿਚ ਥਾਂ ਬਣਾ ਲਈ ਹੈ। ਏਸ਼ੀਆ-ਪ੍ਰਸ਼ਾਂਤ ਖੇਤਰ ਦੇ 16 ਦੇਸ਼ਾਂ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਭਾਰਤ ਚੌਥੇ ਸਥਾਨ 'ਤੇ ਹੈ। ਇਹ ਸਿੱਟਾ ਹਾਂਗਕਾਂਗ ਦੀ ਕਨਸਲਟੈਂਸੀ ਫਰਮ ਪੀ.ਈ.ਆਰ.ਸੀ. ਵੱਲੋਂ ਖ਼ਿੱਤੇ ਦੇ ਦੇਸ਼ਾਂ ਬਾਰੇ ਕਰਵਾਏ ਸਰਵੇਖਣ ਵਿਚ ਕੱਢਿਆ ਗਿਆ ਹੈ। ਪੁਲੀਟੀਕਲ ਐਂਡ ਇਕਨਾਮਿਕ ਰਿਸਕ ਕੰਸਲਟੈਂਸੀ ਲਿਮਟਿਡ ਨੇ ਸਿਫ਼ਰ ਤੋਂ 10 ਅੰਕਾਂ ਦੇ ਪੈਮਾਨੇ 'ਤੇ ਭਾਰਤ ਦੇ 8.67 ਅੰਕ ਹਨ ਜਿਸ ਤੋਂ ਭਾਵ ਹੈ ਕਿ ਇੱਥੇ ਭ੍ਰਿਸ਼ਟਾਚਾਰ ਦੀ ਹਾਲਤ ਬੇਹੱਦ ਖ਼ਰਾਬ ਹੈ।

ਇਸ ਤੋਂ ਵੱਧ ਫਿਲਪੀਨਜ਼ (8.0 ਅੰਕ), ਇੰਡੋਨੇਸ਼ੀਆ (9.25 ਅੰਕ) ਤੇ ਕੰਬੋਡੀਆ (9.27 ਅੰਕ) ਹਨ। ਥਾਈਲੈਂਡ 7.55 ਅੰਕਾਂ ਨਾਲ 11ਵੇਂ ਜਦਕਿ ਚੀਨ 7.93 ਅੰਕਾਂ ਨਾਲ ਦਸਵੇਂ ਤੇ ਵੀਅਤਨਾਮ 8.3 ਅੰਕਾਂ ਨਾਲ ਨੌਵੇਂ ਸਥਾਨ 'ਤੇ ਹਨ। ਇਨ੍ਹਾਂ ਦੇ ਮੁਕਾਬਲੇ ਸਿੰਗਾਪੁਰ 0.37 ਅੰਕਾਂ ਨਾਲ ਸਭ ਤੋਂ ਸਾਫ ਸੁਥਰਾ ਦੇਸ਼ ਗਿਣਿਆ ਗਿਆ ਹੈ ਜਦਕਿ ਇਸ ਤੋਂ ਬਾਅਦ ਹਾਂਗਕਾਂਗ (1.10), ਆਸਟਰੇਲੀਆ (1.39), ਜਪਾਨ (1.90) ਤੇ ਅਮਰੀਕਾ (2.39) ਦੇ ਸਥਾਨ ਹਨ। ਰਿਪੋਰਟ ਮੁਤਾਬਕ ਭਾਰਤ ਵਿਚ ਕੌਮੀ ਪੱਧਰ ਦੇ ਸਿਆਸੀ ਆਗੂਆਂ ਨਾਲ ਸੂਬਾਈ ਤੇ ਮੁਕਾਮੀ ਪੱਧਰ ਦੇ ਸਿਆਸੀ ਆਗੂ ਤੇ ਅਧਿਕਾਰੀ ਵੱਧ ਭ੍ਰਿਸ਼ਟ ਹਨ। ਇਨ੍ਹਾਂ ਵਿਚ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਮੁਕਾਮੀ ਨੇਤਾਵਾਂ ਨੂੰ 9.27 ਜਦਕਿ ਕੌਮੀ ਨੇਤਾਵਾਂ ਨੂੰ 8.97 ਅੰਕ ਦਿੱਤੇ ਗਏ। ਸ਼ਹਿਰਾਂ ਵਿਚਲੇ ਸਿਵਲ ਅਧਿਕਾਰੀਆਂ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ 8.18 ਅੰਕ ਕਮਾਏ ਜਦਕਿ ਕੌਮੀ ਪੱਧਰ ਦੇ ਸਿਵਲ ਅਧਿਕਾਰੀ 7.76 ਅੰਕ ਲੈ ਗਏ।

ਏਸ਼ਿਆਈ ਕਾਰੋਬਾਰ ਤੇ ਰਾਜਨੀਤੀ ਬਾਰੇ ਏਸ਼ੀਅਨ ਇੰਟੈਲੀਜੈਂਸ ਰਿਪੋਰਟ ਵਿਚ ਪੀ.ਈ.ਆਰ.ਸੀ. ਨੇ ਕਿਹਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੇ ਦੂਜੇ ਕਾਰਜਕਾਲ ਦੌਰਾਨ ਭ੍ਰਿਸ਼ਟਾਚਾਰ ਦਾ ਮੁੱਦਾ ਕਾਫ਼ੀ ਹਾਵੀ ਹੋ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਟੈਲੀਕਾਮ ਲਾਇਸੈਂਸ, ਰਾਸ਼ਟਰਮੰਡਲ ਖੇਡਾਂ ਦੀਆਂ ਤਿਆਰੀਆਂ, ਆਲ੍ਹਾ ਮਿਆਰੀ ਫ਼ੌਜੀ ਅਫਸਰਾਂ ਦਾ ਜ਼ਮੀਨ ਘੁਟਾਲਾ ਤੇ ਸਰਕਾਰੀ ਵਿੱਤੀ ਸੰਸਥਾਵਾਂ ਵੱਲੋਂ ਦਿੱਤੇ ਗ਼ਲਤ ਪ੍ਰਾਪਰਟੀ ਕਰਜ਼ਿਆਂ ਦੇ ਕਈ ਸਕੈਂਡਲਾਂ ਨਾਲ ਸਰਕਾਰ ਘਿਰੀ ਹੋਈ ਹੈ। ਹਾਲਾਂਕਿ ਜਾਂਚ ਦਾ ਅਮਲ ਚੱਲ ਰਿਹਾ ਹੈ ਤੇ ਇਸ ਤੋਂ ਬਾਅਦ ਮੁਕੱਦਮੇ ਵੀ ਚੱਲਣਗੇ ਪਰ ਭਾਰਤ ਦੇ ਆਮ ਲੋਕਾਂ ਦੇ ਮਨਾਂ ਵਿਚ ਅਜੇ ਵੀ ਸ਼ੰਕੇ ਹਨ ਕਿ ਕੀ ਭ੍ਰਿਸ਼ਟਾਚਾਰ ਦੀ ਅਦਾਲਤ ਨਾਲ ਸਿੱਝਣ ਲਈ ਪ੍ਰਧਾਨ ਮੰਤਰੀ ਦੀ ਰਾਜਸੀ ਇੱਛਾ ਸ਼ਕਤੀ ਹੈ ਤੇ ਕੀ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮ ਸਿਰਫ਼ ਦਿਖਾਵੇ ਲਈ ਹਨ ਜਾਂ ਫਿਰ ਭ੍ਰਿਸ਼ਟ ਕਾਰੋਬਾਰੀ ਅਮਲਾਂ 'ਤੇ ਕਰਾਰਾ ਵਾਰ ਕਰਨ ਲਈ ਠੋਸ ਸਬੂਤ ਲੱਭੇ ਜਾ ਰਹੇ ਹਨ। ਸੰਸਥਾ ਦਾ ਮੱਤ ਹੈ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਬਚਾਅ ਦੀ ਮੁਦਰਾ ਆਪਣਾ ਰਹੇ ਹਨ ਤੇ ਉਨ੍ਹਾਂ ਦੇ ਹਾਲੀਆ ਦੇ ਕਈ ਬਿਆਨਾਂ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਉਹ ਜਾਤੀ ਤੌਰ 'ਤੇ ਭ੍ਰਿਸ਼ਟਾਚਾਰ ਵਿਚ ਸ਼ਾਮਲ ਨਹੀਂ ਹਾਲਾਂਕਿ ਉਨ੍ਹਾਂ ਦੇ ਆਲੇ-ਦੁਆਲੇ ਤਕਰੀਬਨ ਸਾਰੇ ਜਣੇ ਇਸ ਵਿਚ ਸ਼ਾਮਲ ਦਿਸ ਰਹੇ ਹਨ।

ਵਿਕੀਲੀਕਸ ਖੁਲਾਸਿਆਂ ਵਿਚ ਵੀ ਇਹ ਗੱਲ ਆਈ ਹੈ ਕਿ ਭਾਰਤ-ਅਮਰੀਕਾ ਪਰਮਾਣੂ ਸੰਧੀ ਨੂੰ ਪਾਸ ਕਰਾਉਣ ਵੇਲੇ ਸਰਕਾਰ ਦੀ ਹੋਂਦ ਬਰਕਰਾਰ ਰੱਖਣ ਲਈ ਸੰਸਦ ਮੈਂਬਰਾਂ ਨੂੰ ਵੱਢੀ ਦਿੱਤੀ ਗਈ ਸੀ। ਪੀ.ਈ.ਆਰ.ਸੀ. ਨੇ ਕਿਹਾ ਕਿ ਭਾਵੇਂ ਭਾਰਤ ਦੇ ਕਾਰੋਬਾਰੀ ਸੰਘ ਭ੍ਰਿਸ਼ਟਾਚਾਰ ਦੇ ਸਵਾਲ 'ਤੇ ਦੇਸ਼ ਦੇ ਅਕਸ ਨੂੰ ਲੱਗ ਰਹੇ ਧੱਬੇ ਤੋਂ ਚਿੰਤਤ ਹਨ ਪਰ ਤਾਲੀ ਇਕ ਹੱਥ ਨਾਲ ਨਹੀਂ ਵੱਜਦੀ।

# ਚੀਨ ਵੱਲੋਂ ਇਕ ਤੋਂ ਵੱਧ ਬੱਚੇ ਪੈਦਾ ਕਰਨ ਦੀ ਆਗਿਆ

**ਪੇਇਚਿੰਗ:** ਚੀਨ ਨੇ ਸ਼ੰਘਾਈ ਮਗਰੋਂ ਹੁਣ ਪੇਇਚਿੰਗ ਸ਼ਹਿਰ 'ਚ ਵੀ ਪਰਿਵਾਰ ਨਿਯੋਜਨ ਦੀ ਨੀਤੀ ਵਿਚ ਕੁਝ ਨਰਮੀ ਲਿਆਉਣ ਦਾ ਫ਼ੈਸਲਾ ਲਿਆ ਹੈ। ਚੀਨ ਵਿਚ ਪਿਛਲੇ 30 ਵਰ੍ਹਿਆਂ ਤੋਂ ਇਕ ਤੋਂ ਵੱਧ ਬੱਚੇ ਪੈਦਾ ਕਰਨ ਵਾਲੇ ਜੋੜਿਆਂ 'ਤੇ ਸਖ਼ਤ ਸ਼ਰਤਾਂ ਲਾਗੂ ਕੀਤੀਆਂ ਜਾ ਰਹੀਆਂ ਹਨ।

ਨਵੀਂ ਨੀਤੀ ਅਨੁਸਾਰ ਦੋ ਬੱਚੇ ਪੈਦਾ ਕਰਨ ਵਾਲੇ ਜੋੜਿਆਂ ਵਿਚ ਜੇ ਮਾਂ ਦੀ ਉਮਰ 28 ਸਾਲ ਤੋਂ ਘੱਟ ਹੋਵੇ ਤੇ ਦੋ ਬੱਚਿਆਂ ਦੀ ਉਮਰ ਦਾ ਵਕਫ਼ਾ ਚਾਰ ਸਾਲਾਂ ਤੋਂ ਘੱਟ ਹੋਵੇ ਤਾਂ ਉਨ੍ਹਾਂ ਨੂੰ ਜੁਰਮਾਨਾ ਦੇਣਾ ਪਵੇਗਾ। ਜਦਕਿ ਪੁਰਾਣੀ ਨੀਤੀ ਤਹਿਤ ਉਪਰੋਕਤ ਦੋਹਾਂ ਸ਼ਰਤਾਂ 'ਚੋਂ ਕਿਸੇ ਇਕ ਸ਼ਰਤ ਦੇ ਪੂਰੇ ਹੋਣ 'ਤੇ ਵੀ ਜੋੜੇ ਨੂੰ ਜੁਰਮਾਨਾ ਦੇਣਾ ਪੈਂਦਾ ਸੀ। ਉਹ ਜੋੜੇ ਜਿਨ੍ਹਾਂ ਵਿਚ ਪਤੀ ਜਾਂ ਪਤਨੀ ਵਿਚੋਂ ਕਿਸੇ ਇਕ ਦਾ ਵੀ ਕੋਈ ਭੈਣ ਜਾਂ ਭਰਾ ਹੈ, ਇਸ ਨਵੀਂ ਨੀਤੀ ਦਾ ਲਾਭ ਨਹੀਂ ਉਠਾ ਸਕਣਗੇ। ਚੀਨ ਦੀ ਇਕ ਬੱਚਾ ਪੈਦਾ ਕਰਨ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਨਾਲ ਵਧ ਰਹੀ ਵੱਸੋਂ ਦੀ ਸਮੱਸਿਆ 'ਤੇ ਕਾਬੂ ਜ਼ਰੂਰ ਪਾਇਆ ਜਾ ਸਕਿਆ ਹੈ ਪਰ ਇਸ ਨਾਲ ਪੈਨਸ਼ਨ ਸਿਸਟਮ 'ਤੇ ਦਬਾਅ ਪਿਆ ਹੈ ਤੇ ਮਾੜਾ ਲਿੰਗ ਅਨੁਪਾਤ ਸਾਹਮਣੇ ਆਇਆ ਹੈ।

ਉਧਰ ਮਾਹਰਾਂ ਦਾ ਕਹਿਣਾ ਹੈ ਕਿ ਨਵੀਂ ਨੀਤੀ ਨਾਲ ਘੱਟ ਰਹੀ ਵੱਸੋਂ ਦਰ 'ਤੇ ਕਾਬੂ ਨਹੀਂ ਪਾਇਆ ਜਾ ਸਕੇਗਾ। ਪਰਕਿੰਗ ਯੂਨੀਵਰਸਿਟੀ ਦੇ ਮਾਹਰ ਪ੍ਰੋ. ਮਿਉ ਗੁਆਂਗਜ਼ੋਂਗ ਨੇ ਕਿਹਾ ਹੈ ਕਿ ਸਰਕਾਰ ਸਾਰੇ ਜੋੜਿਆਂ ਨੂੰ ਦੋ ਬੱਚੇ ਪੈਦਾ ਕਰਨ ਦੇਵੇ। ਸਰਕਾਰ ਦੀ ਇਕ ਬੱਚਾ ਪੈਦਾ ਕਰਨ ਦੀ ਨੀਤੀ ਕਾਰਨ 134 ਕਰੋੜ ਦੀ ਵੱਸੋਂ ਵਾਲੇ ਚੀਨ ਦੀ 12.5 ਫੀਸਦੀ ਵੱਸੋਂ 60 ਸਾਲ ਤੋਂ ਵੱਧ ਦੇ ਬਜ਼ੁਰਗਾਂ ਦੀ ਹੈ ਜੋ ਕਿ ਪੈਨਸ਼ਨ 'ਤੇ ਨਿਰਭਰ ਹਨ ਜਦਕਿ ਕੰਮ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਜ਼ਰੂਰਤ ਤੋਂ ਘੱਟ ਹੈ।ਸਰਕਾਰੀ ਦਾਅਵੇ ਅਨੁਸਾਰ ਘੱਟ ਬੱਚੇ ਪੈਦਾ ਕਰਨ ਦੀ ਨੀਤੀ ਤਹਿਤ 45 ਕਰੋੜ ਦੀ ਵਸੋਂ 'ਤੇ ਕਾਬੂ ਪਾਇਆ ਗਿਆ ਹੈ। ਮਾਹਿਰਾਂ ਅਨੁਸਾਰ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਗਿਣਤੀ ਹਰ ਵਰ੍ਹੇ 3 ਫੀਸਦੀ ਵੱਧ ਰਹੀ ਹੈ ਜੋ ਕਿ 2050 ਤੱਕ 45 ਕਰੋੜ 'ਤੇ ਪਹੁੰਚ ਜਾਵੇਗੀ।

# ਰਾਸ਼ਟਰਮੰਡਲ ਖੇਡਾਂ ਦੇ ਠੇਕਿਆਂ 'ਚ 1600 ਕਰੋੜ ਦਾ ਰਗੜਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਰਾਸ਼ਟਰਮੰਡਲ ਖੇਡਾਂ ਦੌਰਾਨ ਹੋਈਆਂ ਬੇਨਿਯਮੀਆਂ ਦੀ ਪੜਤਾਲ ਲਈ ਕਾਇਮ ਕੀਤੀ ਸ਼ੁੰਗਲੂ ਕਮੇਟੀ ਨੇ ਖੇਡਾਂ ਤੇ ਸਿਖਲਾਈ ਦੇ ਸਥਾਨਾਂ ਦੀ ਉਸਾਰੀ ਤੇ ਮੁਰੰਮਤ ਦੌਰਾਨ ਲੱਗੇ 1600 ਕਰੋੜ ਰੁਪਏ ਦੇ ਰਗੜੇ ਬਾਰੇ ਪਤਾ ਲਗਾਇਆ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨੇ ਪਿਛਲੇ ਸਾਲ ਅਕਤੂਬਰ 'ਚ ਰਾਸ਼ਟਰਮੰਡਲ ਖੇਡਾਂ ਦੀ ਸਮਾਪਤੀ ਤੋਂ ਜਲਦੀ ਹੀ ਮਗਰੋਂ ਸ਼ੁੰਗਲੂ ਪੈਨਲ ਨੂੰ ਖੇਡਾਂ ਦੌਰਾਨ ਹੋਈਆਂ ਕੁਤਾਹੀਆਂ ਤੇ ਘਪਲਿਆਂ ਦੀ ਜਾਂਚ ਦਾ ਕੰਮ ਸੌਂਪਿਆ ਸੀ।

ਕਮੇਟੀ ਨੇ ਆਪਣੀ ਚੌਥੀ ਰਿਪੋਰਟ ਵਿਚ ਕੇਂਦਰੀ ਲੋਕ ਨਿਰਮਾਣ ਵਿਭਾਗ, ਦਿੱਲੀ ਡਿਵੈਲਪਮੈਂਟ ਅਥਾਰਟੀ, ਲੋਕ ਨਿਰਮਾਣ ਵਿਭਾਗ, ਨਵੀਂ ਦਿੱਲੀ ਮਿਉਂਸਪਲ ਕਮੇਟੀ ਤੇ ਰਾਈਟਸ ਸਮੇਤ ਕਈ ਸਰਕਾਰੀ ਵਿਭਾਗਾਂ ਦੇ ਉੱਚ ਅਧਿਕਾਰੀਆਂ 'ਤੇ ਵੱਧ ਪੈਸਾ ਖਰਚਣ ਤੇ ਟੈਂਡਰਾਂ ਵਿਚ ਹੇਰਾਫੇਰੀ ਕਰਨ ਦਾ ਦੋਸ਼ ਲਾਇਆ ਹੈ। ਕਮੇਟੀ ਨੇ ਕਿਹਾ ਹੈ ਕਿ ਉਸਾਰੀ ਤੇ ਮੁਰੰਮਤ ਵਿਚ ਹੋਈ ਦੇਰੀ ਕਾਰਨ 800 ਕਰੋੜ ਰੁਪਏ ਦਾ ਘਾਟਾ ਪਿਆ। ਵਿੱਤੀ ਅਣਗਹਿਲੀਆਂ ਕਾਰਨ ਠੇਕੇਦਾਰਾਂ ਨੂੰ ਬੇਲੋੜੇ 250 ਕਰੋੜ ਰੁਪਏ ਵੱਧ ਦੇਣੇ ਪਏ। ਕਮੇਟੀ ਅਨੁਸਾਰ 574 ਕਰੋੜ ਰੁਪਏ ਬੇਲੋੜਾ ਸਾਮਾਨ ਖਰੀਦਣ ਲਈ ਖਰਚੇ ਗਏ। ਦੋ ਮੈਂਬਰੀ ਸ਼ੁੰਗਲੂ ਕਮੇਟੀ ਸਾਬਕਾ ਕੰਪਟਰੋਲਰ ਤੇ ਆਡੀਟਰ ਜਨਰਲ ਵੀ.ਕੇ. ਸ਼ੁੰਗਲੂ ਦੀ ਅਗਵਾਈ ਹੇਠ ਬਣਾਈ ਗਈ ਸੀ। ਇਸ ਕਮੇਟੀ ਨੇ ਖੇਡਾਂ ਦੇ 16 ਸਥਾਨਾਂ ਤੇ ਸਿਖਲਾਈ ਦੇ 10 ਸਥਾਨਾਂ 'ਤੇ ਹੋਏ ਖ਼ਰਚਿਆਂ ਦੀ ਜਾਂਚ ਕੀਤੀ ਹੈ।

ਕਮੇਟੀ ਨੇ ਕਿਹਾ ਕਿ ਉਸਾਰੀ ਤੇ ਮੁਰੰਮਤ ਦੇ ਕੰਮਾਂ ਨੂੰ ਸ਼ੁਰੂ ਕਰਨ ਵਿਚ ਬੇਲੋੜੀ ਦੇਰੀ ਕਾਰਨ ਖਰਚੇ ਵਿਚ ਚੋਖਾ ਵਾਧਾ ਹੋਇਆ ਪਰ ਇਸ ਵਾਧੇ ਦੇ ਬਾਵਜੂਦ ਕੋਈ ਵੀ ਸਥਾਨ ਸਮੇਂ ਸਿਰ ਤਿਆਰ ਨਾ ਹੋ ਸਕਿਆ। ਕਮੇਟੀ ਨੇ ਕਿਹਾ ਕਿ ਸਿਖਲਾਈ ਦੇ ਸਥਾਨਾਂ 'ਤੇ ਸੁਰੱਖਿਆ ਲਈ ਕੈਮਰੇ ਤੇ ਅਤਿ ਆਧੁਨਿਕ ਯੰਤਰ ਲਗਾਏ ਗਏ ਜਿਸ 'ਤੇ 30 ਕਰੋੜ ਦਾ ਖਰਚਾ ਆਇਆ ਜਦਕਿ ਇਨ੍ਹਾਂ ਸਥਾਨਾਂ 'ਤੇ ਬਹੁਤੇ ਦਰਸ਼ਕਾਂ ਦੇ ਆਉਣ ਦੀ ਉਮੀਦ ਨਹੀਂ ਸੀ। ਖੇਡਾਂ ਦੇ ਤੇ ਸਿਖਲਾਈ ਦੇ ਅਨੇਕਾਂ ਸਥਾਨਾਂ 'ਤੇ ਬੈਠਣ ਲਈ ਲਗਾਈਆਂ ਸੀਟਾਂ 'ਤੇ ਵੀ ਲੋੜੋਂ ਵੱਧ ਖਰਚਾ ਕੀਤਾ ਗਿਆ। ਸ਼ੁੰਗਲੂ ਕਮੇਟੀ ਨੇ ਪ੍ਰਬੰਧਕ ਕਮੇਟੀ ਦੇ ਖ਼ਜ਼ਾਨਚੀ ਅਨਿਲ ਖੰਨਾ ਵੱਲੋਂ ਆਰ.ਕੇ. ਖੰਨਾ ਟੈਨਿਸ ਸਟੇਡੀਅਮ ਦੀ ਮੁਰੰਮਤ 'ਤੇ ਕੀਤੇ ਖਰਚੇ 'ਤੇ ਵੀ ਉਂਗਲ ਉਠਾਈ ਹੈ।

## ਸ਼ੁੰਗਲੂ ਪੈਨਲ ਵੱਲੋਂ ਅਹਿਮ ਖੁਲਾਸੇ

ਸ਼ੁੰਗਲੂ ਪੈਨਲ ਨੇ ਸੁਰੇਸ਼ ਕਲਮਾਡੀ ਦੀ ਆਲੋਚਨਾ ਕੀਤੀ ਹੈ ਕਿ ਉਸ ਨੇ ਰਾਸ਼ਟਰਮੰਡਲ ਖੇਡਾਂ ਲਈ ਬਿਨਾਂ ਪਾਰਦਰਸ਼ਤਾ ਤੇ ਜੁਆਬਦੇਹੀ ਦੇ ਆਰਗੇਨਾਈਜ਼ਿੰਗ ਕਮੇਟੀ ਦਾ ਢੌਂਗ ਰਚਿਆ। ਆਪਣੀ ਛੇਵੀਂ ਤੇ ਆਖਰੀ 103 ਸਫ਼ਿਆਂ ਦੀ ਰਿਪੋਰਟ ਜਨਤਕ ਕਰਦਿਆਂ ਕਮੇਟੀ ਨੇ ਕਿਹਾ ਹੈ ਕਿ ਖੇਡਾਂ ਕਰਾਉਣ ਵਾਲੀ ਕਮੇਟੀ (ਓ.ਸੀ.) ਦਾ ਮੁਖੀ ਬਣਨ ਲਈ ਕਲਮਾਡੀ ਨੇ ਸਰਕਾਰੀ ਦਸਤਾਵੇਜ਼ਾਂ 'ਚ ਵੱਡੇ 'ਫੇਰਬਦਲ' ਕੀਤੇ ਤੇ ਨਾਲ ਹੀ ਇਸ ਕਮੇਟੀ 'ਤੇ ਬੇਹਿਸਾਬੇ ਪ੍ਰਸ਼ਾਸਕੀ ਕਬਜ਼ੇ ਦਾ ਵੀ ਜੁਗਾੜ ਬਣਾਇਆ। ਰਿਪੋਰਟ 'ਚ ਕਿਹਾ ਗਿਆ ਹੈ ਕਿ ਓ.ਸੀ. ਬਣਾਈ ਹੀ ਰਾਸ਼ਟਰਮੰਡਲ ਖੇਡਾਂ 'ਤੇ ਪੂਰੇ-ਸੂਰੇ ਤੇ ਬੇਰੋਕ ਕੰਟਰੋਲ ਲਈ ਗਈ ਸੀ ਤੇ ਇਸ ਵਾਸਤੇ ਇਕ ਅਜਿਹੀ ਕਮੇਟੀ ਕਾਇਮ ਕਰਨ ਦਾ ਢਕਵੰਜ ਰਚਿਆ ਗਿਆ ਜਿਸ ਦੀ ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ.ਓ.ਏ.) ਦੇ ਮੁਕਾਬਲੇ ਵੀ ਜੁਆਬਦੇਹੀ ਤੇ ਪਾਰਦਰਸ਼ਤਾ ਨਹੀਂ ਸੀ। ਕਮੇਟੀ ਨੇ ਇਹ ਵੀ ਜ਼ਿਕਰ ਕੀਤਾ ਹੈ ਕਿ ਖੇਡ ਮੰਤਰਾਲੇ ਵੱਲੋਂ ਨਵੰਬਰ 2003 ਤੋਂ ਸਤੰਬਰ 2004 ਤਕ ਕਲਮਾਡੀ ਨਾਲ ਰਾਸ਼ਟਰਮੰਡਲ ਖੇਡਾਂ ਨੂੰ ਲੈ ਕੇ ਵਿਚਾਰ ਕਰਨ ਦੇ ਸਾਰੇ ਉਪਰਾਲੇ ਅਸਫਲ ਰਹੇ ਕਿਉਂਕਿ ਕਲਮਾਡੀ ਨੂੰ ਜਦੋਂ ਤਕ ਓ.ਸੀ. ਦਾ ਚੇਅਰਮੈਨ ਹੋਣ ਦਾ ਭਰੋਸਾ ਨਹੀਂ ਹੋਇਆ ਤਦ ਤਕ ਉਹ ਗੱਲਬਾਤ ਲਈ ਹੀ ਰਾਜ਼ੀ ਨਹੀਂ ਹੋਇਆ।

ਓ.ਸੀ. ਕਾਇਮ ਕੀਤੇ ਜਾਣ 'ਤੇ ਵੀ ਸਵਾਲ ਖੜ੍ਹੇ ਕਰਦਿਆਂ ਸ਼ੁੰਗਲੂ ਪੈਨਲ ਨੇ ਕਿਹਾ ਕਿ 15 ਫਰਵਰੀ 2005 ਨੂੰ ਕਲਮਾਡੀ ਨੇ ਖੇਡ ਪ੍ਰਬੰਧਕ ਕਮੇਟੀ (ਓ.ਸੀ.), ਸੁਸਾਇਟੀਆਂ ਦੇ ਰਜਿਸਟਰੇਸ਼ਨ ਐਕਟ 1860 ਅਧੀਨ ਰਜਿਸਟਰ ਕਰਾਈ। ਇਹ ਸੁਸਾਇਟੀ, ਇਸ ਦਾ ਮੈਮੋਰੰਡਮ, ਨਿਯਮ ਤੇ ਕਾਰਜਕਾਰੀ ਬੋਰਡ ਤੇ ਮੈਂਬਰਾਂ ਨੂੰ ਮੰਤਰੀਆਂ ਦੇ ਗਰੁੱਪ ਦੀ ਪ੍ਰਵਾਨਗੀ ਹੋਣੀ ਜ਼ਰੂਰੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ। 17 ਮਾਰਚ 2005 ਨੂੰ ਕਲਮਾਡੀ ਨੇ ਕੁਝ ਮਹੀਨੇ ਪਹਿਲਾਂ ਯੁਵਾ ਮਾਮਲਿਆਂ ਤੇ ਖੇਡ ਮੰਤਰਾਲੇ ਵੱਲੋਂ ਤਿਆਰ ਮੈਮੋਰੰਡਮ ਸਭ ਨੂੰ ਦਿਖਾ ਦਿੱਤਾ। ਮੰਤਰਾਲੇ ਦੀ ਫਾਈਲ ਤੇ ਕਲਮਾਡੀ ਵੱਲੋਂ 10 ਫਰਵਰੀ 2005 ਨੂੰ ਰਜਿਸਟਰ ਦਸਤਾਵੇਜ਼ 'ਚ ਅੰਤਾਂ ਦੇ ਫਰਕ ਹਨ ਤੇ ਸਾਰੇ ਅਧਿਕਾਰ ਆਪਣੇ ਹੱਥ 'ਚ ਲੈਣ ਲਈ ਇਸ 'ਚ ਬਹੁਤ ਸਾਰੇ ਫੇਰਬਦਲ ਕੀਤੇ ਗਏ ਸਨ। ਕਮੇਟੀ ਅਨੁਸਾਰ ਕਲਮਾਡੀ ਨੇ ਬਿਨਾਂ ਸਰਕਾਰ ਦੇ ਮਸ਼ਵਰੇ ਜਾਂ ਪ੍ਰਵਾਨਗੀ ਦੇ ਆਪਣੇ ਆਪ ਨੂੰ ਓ.ਸੀ. ਦਾ ਚੇਅਰਮੈਨ ਲਾਇਆ।ਉਧਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਹੈ ਕਿ ਸ਼ੁੰਗਲੂ ਕਮੇਟੀ ਦੀ ਰਿਪੋਰਟ ਦੀ ਵੱਖ-ਵੱਖ ਮੰਤਰਾਲਿਆਂ ਵੱਲੋਂ ਛਾਣਬੀਣ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਰੇਕ ਕਾਰਵਾਈ ਦਾ ਬਾਕਾਇਦਾ ਢੰਗ-ਤਰੀਕਾ ਹੁੰਦਾ ਹੈ। ਇਸ ਰਿਪੋਰਟ ਦੀ ਵੱਖ-ਵੱਖ ਮੰਤਰਾਲਿਆਂ ਵੱਲੋਂ ਛਾਣਬੀਣ ਕੀਤੀ ਜਾ ਰਹੀ ਹੈ।

# ਆਸਟਰੇਲੀਅਨ ਸਟੂਡੈਂਟ ਵੀਜ਼ਾ ਨੀਤੀ ’ਤੇ ਹੋਵੇਗੀ ਮੁੜ ਵਿਚਾਰ

**ਨਵੀਂ ਦਿੱਲੀ:** ਆਸਟਰੇਲੀਆ ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਸੰਖਿਆ ਵਿਚ ਭਾਰੀ ਵਾਧਾ ਹੋਣ ਕਾਰਨ ਆਸਟਰੇਲੀਆ ਸਰਕਾਰ ਸਟੂਡੈਂਟ ਵੀਜ਼ਾ ਨੀਤੀ ’ਤੇ ਮੁੜ ਵਿਚਾਰ ਕਰੇਗੀ। ਜ਼ਿਕਰਯੋਗ ਹੈ ਕਿ ਆਸਟਰੇਲੀਆ ਵਿਚ ਵਿਦੇਸ਼ੀ ਵਿਦਿਆਰਥੀਆਂ ਦਾ ਪੜ੍ਹਨ ਆਉਣ ਤੀਜਾ ਵੱਡਾ ਬਰਾਮਦ ਕਾਰੋਬਾਰ ਹੈ।

ਆਸਟਰੇਲੀਆ ਵਿਚ ਪਿਛਲੇ ਦਸ ਸਾਲ ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਸੰਖਿਆ ਵਧ ਕੇ ਦੁੱਗਣੀ ਹੋ ਗਈ ਹੈ ਜੋ ਇਸ ਸਮੇਂ 5 ਲੱਖ ਦੇ ਕਰੀਬ ਹੈ। ਇਸ ਲਈ ਸਰਕਾਰ ਸਟੂਡੈਂਟ ਵੀਜ਼ਾ ਪ੍ਰਬੰਧ ’ਤੇ ਪੁਨਰ-ਮੁਲਾਂਕਣ ਕਰ ਰਹੀ ਹੈ। ਆਸਟਰੇਲੀਅਨ ਸਰਕਾਰ ਵੱਲੋਂ ਵਿਚਾਰ-ਵਟਾਂਦਰੇ ਲਈ ਜਾਰੀ ਕੀਤੇ ਇਕ ਪਰਚੇ ਵਿਚ ਇਹ ਗੱਲ ਕਹੀ ਗਈ ਹੈ ਕਿ ਇਸ ਨੀਤੀ ਦੇ ਪੁਨਰ-ਮੁਲਾਂਕਣ ਦੀ ਇਸ ਕਰਕੇ ਲੋੜ ਹੈ ਕਿ ਲੋਕ ਪੜ੍ਹਾਈ ਦੀ ਆੜ ’ਚ ਇਥੇ ਪੱਕੀ ਰਿਹਾਇਸ਼ ਹਾਸਲ ਕਰਨ ਦੇ ਗੁੱਝੇ ਢੰਗ ਅਪਣਾਉਂਦੇ ਹਨ।

ਪਰਵਾਸ ਤੇ ਨਾਗਰਿਕਤਾ ਮੰਤਰਾਲੇ, ਸੰਘੀ ਸਿੱਖਿਆ ਕਾਰਜਕੁਸ਼ਲਤਾ ਤੇ ਜੌਬ ਤੇ ਵਰਕਪਲੇਸ ਰਿਲੇਸ਼ਨਜ਼ ਮੰਤਰਾਲੇ ਨੇ ਸਾਬਕਾ ਮੰਤਰੀ ਮਾਈਕਲ ਨਾਈਟ ਨੂੰ ਆਸਟਰੇਲੀਅਨ ਸਟੂਡੈਂਟ ਵੀਜ਼ਾ ਪ੍ਰਣਾਲੀ ਦੇ ਨਿਰਪੱਖ ਅਧਿਐਨ ਲਈ ਨਿਯੁਕਤ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਉਹ ਇਸ ਸਾਲ ਦੇ ਅੱਧ ਤੱਕ ਆਪਣੀ ਰਿਪੋਰਟ ਦੇ ਦੇਣਗੇ। ਆਸਟਰੇਲਿਆਈ ਸਰਕਾਰ ਨੇ ਇਸ ਮਾਮਲੇ ’ਤੇ ਵਿਚਾਰ-ਚਰਚਾ ਲਈ ਪੇਪਰ ਜਾਰੀ ਕੀਤਾ ਹੈ ਤੇ 15 ਅਪਰੈਲ ਤੱਕ ਵਿਚਾਰ ਮੰਗੇ ਹਨ। ਜ਼ਿਕਰਯੋਗ ਹੈ ਕਿ ਭਾਰਤ ਤੋਂ ਬਾਅਦ ਚੀਨ ਤੋਂ ਵੀ ਵੱਡੀ ਗਿਣਤੀ ’ਚ ਵਿਦਿਆਰਥੀ ਆਸਟਰੇਲੀਆ ਪੜ੍ਹਨ ਜਾ ਰਹੇ ਹਨ ਪਰ ਪਿਛਲੇ ਕੁਝ ਸਮੇਂ ਵਿਚ ਇਹ ਰੁਝਾਨ ਘਟਿਆ ਹੈ।



## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**



## ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ ’ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



## Quik Signs

Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪ੍ਰਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਉਤਰਾਖੰਡ ਸਰਕਾਰ ਗੁਰਦੁਆਰੇ ਲਈ ਜ਼ਮੀਨ ਦੇਣ ਲਈ ਤਿਆਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਉਤਰਾਖੰਡ ਦੇ ਮੁੱਖ ਮੰਤਰੀ ਰਮੇਸ਼ ਪੋਖਰਿਆਲ ਨੇ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਹਰਿਦੁਆਰ ਸਥਿਤ ਹਰਿ ਕੀ ਪਾਉੜੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਧਾਰਮਿਕ ਅਸਥਾਨ ਗੁਰਦੁਆਰਾ ਸ੍ਰੀ ਗਿਆਨ ਗੋਦੜੀ ਸਾਹਿਬ ਜਿਸ ਨੂੰ ਸੁੰਦਰੀਕਰਨ ਯੋਜਨਾ ਤਹਿਤ ਇਥੋਂ ਹਟਾ ਦਿੱਤਾ ਗਿਆ ਸੀ, ਲਈ ਢੁਕਵੀਂ ਜ਼ਮੀਨ ਦੇਣ ਬਾਰੇ ਸਿੱਖ ਭਾਵਨਾਵਾਂ ਅਨੁਸਾਰ ਫੈਸਲਾ ਕਰਨਗੇ। ਮੁੱਖ ਮੰਤਰੀ ਨੇ ਇਹ ਭਰੋਸਾ ਇਕ ਅਪਰੈਲ ਨੂੰ ਸ਼੍ਰੋਮਣੀ ਕਮੇਟੀ ਦੇ ਵਫ਼ਦ ਨਾਲ ਹੋਈ ਮੁਲਾਕਾਤ 'ਚ ਦਿੱਤਾ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਗਿਆਨ ਜੋਦੜੀ ਉਹ ਇਤਿਹਾਸਕ ਸਥਾਨ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਗੋਸ਼ਟੀ ਕੀਤੀ ਸੀ। ਇਸ ਥਾਂ 'ਤੇ ਇਕ ਗੁਰਦੁਆਰਾ ਸਥਾਪਿਤ ਸੀ ਜੋ 1987 ਵਿਚ ਹਰਿ ਕੀ ਪਉੜੀ ਸੁੰਦਰਤਾ ਲਈ ਬਣਾਈ ਯੋਜਨਾ ਦੀ ਭੇਟ ਚੜ੍ਹ ਗਿਆ। ਇਸ ਮਾਮਲੇ ਨੂੰ ਪਿਛਲੇ ਵਰ੍ਹੇ ਹੀ ਸਿੱਖ ਜਥੇਬੰਦੀਆਂ ਵੱਲੋਂ ਉਭਾਰਿਆ ਗਿਆ ਸੀ ਤੇ ਉਤਰਾਖੰਡ ਸਰਕਾਰ ਕੋਲੋਂ ਗੁਰਦੁਆਰੇ ਲਈ ਢੁਕਵੀਂ ਥਾਂ ਦੀ ਮੰਗ ਕੀਤੀ ਗਈ ਸੀ। ਸਿੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਸ ਮਾਮਲੇ ਵਿਚ ਕੀਤੀ ਗਈ ਜਾਂਚ ਤੋਂ ਬਾਅਦ ਇਹ ਸਾਹਮਣੇ ਆਇਆ ਸੀ ਕਿ ਇਹ ਗੁਰਦੁਆਰੇ ਦਾ ਰਿਕਾਰਡ ਉਥੋਂ ਦੇ ਮਾਲੀਆ ਰਿਕਾਰਡ ਵਿਚ ਵੀ ਦਰਜ ਹੈ ਜੋ ਇਹ ਸਾਬਤ ਕਰਦਾ ਹੈ ਕਿ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਹੁੰਦਾ ਸੀ। ਇਸ ਮੰਗ ਨੂੰ ਲੈ ਕੇ ਕੁਝ ਸਿੱਖ ਜਥੇਬੰਦੀਆਂ ਵੱਲੋਂ ਉਥੇ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ ਸੀ। ਇਸੇ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਹਰਿਦੁਆਰ ਦਾ ਦੌਰਾ ਕਰਕੇ ਆਏ ਸਨ।



ਦੇਹਰਾਦੂਨ ਵਿਖੇ ਮੁੱਖ ਮੰਤਰੀ ਨਾਲ ਹੋਈ ਮੁਲਾਕਾਤ ਬਾਰੇ ਵੇਰਵੇ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਇਹ ਮੁਲਾਕਾਤ ਬੜੇ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ। ਸ਼੍ਰੋਮਣੀ ਕਮੇਟੀ ਵੱਲੋਂ ਮੰਗ ਪੱਤਰ ਮੁੱਖ ਮੰਤਰੀ ਨੂੰ ਸੌਂਪਿਆ ਗਿਆ ਜਿਸ 'ਚ ਉਨ੍ਹਾਂ ਨੂੰ ਦੱਸਿਆ ਗਿਆ ਕਿ ਗੰਗਾ ਕੰਢੇ ਹਰਿ ਕੀ ਪਾਉੜੀ ਨੇੜੇ ਇਸ ਇਤਿਹਾਸਕ ਗੁਰਦੁਆਰੇ ਨੂੰ ਸੁੰਦਰੀਕਰਨ ਯੋਜਨਾ ਤਹਿਤ ਢਾਹ ਦਿੱਤਾ ਗਿਆ ਸੀ। ਇਹ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਸੀ ਜਿਥੇ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਦੌਰਾਨ ਗਿਆਨ ਗੋਸ਼ਟੀ ਕੀਤੀ ਸੀ। ਇਹ ਇਤਿਹਾਸਕ ਗੁਰਦੁਆਰਾ ਸੀ ਜਿਸ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਸਨ। ਇਸ ਨੂੰ ਇਥੋਂ ਹਟਾਉਣ ਉਪਰੰਤ ਇਸ ਗੁਰਦੁਆਰੇ ਦੀ ਉਸਾਰੀ ਵਾਸਤੇ ਉਤਰਾਖੰਡ ਸਰਕਾਰ ਵੱਲੋਂ ਸਿੱਖ ਕੌਮ ਨੂੰ ਕੋਈ ਜਗ੍ਹਾ ਨਹੀਂ ਦਿੱਤੀ ਗਈ ਸੀ ਜਿਸ ਕਾਰਨ ਸਿੱਖ ਸੰਗਤਾਂ ਵਿਚ ਭਾਰੀ ਰੋਸ ਹੈ। ਸਿੱਖ ਸੰਗਤਾਂ ਵੱਲੋਂ ਇਸ ਬਾਰੇ ਸ਼੍ਰੋਮਣੀ ਕਮੇਟੀ ਕੋਲ ਪਹੁੰਚ ਕੀਤੀ ਗਈ ਸੀ ਤਾਂ ਜੋ ਇਤਿਹਾਸਕ ਗੁਰਦੁਆਰੇ ਦੀ ਮੁੜ ਉਸਾਰੀ ਕਰਵਾਈ ਜਾ ਸਕੇ। ਸ਼੍ਰੋਮਣੀ ਕਮੇਟੀ ਵੱਲੋਂ ਇਹ ਮਾਮਲਾ ਭਾਰਤ ਸਰਕਾਰ ਦੇ ਘੱਟ ਗਿਣਤੀ ਕਮਿਸ਼ਨ ਕੋਲ ਵੀ ਉਠਾਇਆ ਗਿਆ ਸੀ ਤੇ ਕਮਿਸ਼ਨ ਦੇ ਜੁਆਇੰਟ ਸਕੱਤਰ ਵੱਲੋਂ ਹਰਿਦੁਆਰ ਦੇ ਜ਼ਿਲ੍ਹਾ ਮੈਜਿਸਟਰੇਟ ਨੂੰ ਪੱਤਰ ਨੰਬਰ ਐਸ/29/32/3/00-ਐਨ.ਸੀ.ਐਮ. ਰਾਹੀਂ ਇਸ ਗੁਰਦੁਆਰੇ ਦੀ ਉਸਾਰੀ ਲਈ ਉਸੇ ਥਾਂ 'ਤੇ ਲੋੜੀਂਦੀ ਜ਼ਮੀਨ ਦੇਣ ਲਈ ਕਿਹਾ ਸੀ। ਸਿੱਖ ਵਫ਼ਦ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਸਿੱਖ ਭਾਵਨਾਵਾਂ ਦੀ ਕਦਰ ਕਰਦੇ ਹੋਏ ਉਤਰਾਖੰਡ ਸਰਕਾਰ ਇਸ ਇਤਿਹਾਸਕ ਗੁਰਦੁਆਰੇ ਲਈ ਲੋੜੀਂਦੀ ਜ਼ਮੀਨ ਹਰਿ ਕੀ ਪਾਉੜੀ ਵਿਖੇ ਹੀ ਦੇਵੇ। ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਉਹ ਸਿੱਖ ਭਾਵਨਾਵਾਂ ਦੀ ਕਦਰ ਕਰਦੇ ਹੋਏ ਇਸ ਸਬੰਧੀ ਫੈਸਲਾ ਕਰਨਗੇ ਤੇ ਗੁਰਦੁਆਰੇ ਵਾਸਤੇ ਲੋੜੀਂਦੀ ਜਗ੍ਹਾ ਜਲਦੀ ਦਿੱਤੀ ਜਾਵੇਗੀ।

## ਝੀਂਡਾ ਵੱਲੋਂ ਹੋਰ ਥਾਂ ਗੁਰਦੁਆਰਾ ਉਸਾਰਨ ਦੀ ਤਜਵੀਜ਼ ਰੱਦ

**ਚੰਡੀਗੜ੍ਹ:** ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰ ਰਹੇ ਅਕਾਲੀ ਆਗੂ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਹੈ ਕਿ ਹਰਿਦੁਆਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਧਾਰਮਿਕ ਅਸਥਾਨ ਗੁਰਦੁਆਰਾ ਸ੍ਰੀ ਗਿਆਨ ਗੋਦੜੀ ਸਾਹਿਬ ਨੂੰ ਹਰਿ ਕੀ ਪਾਉੜੀ ਤੋਂ ਲਾਂਭੇ ਨਹੀਂ ਉਸਾਰਨ ਦਿੱਤਾ ਜਾਵੇਗਾ।

ਉਨ੍ਹਾਂ ਨੇ ਉਤਰਾਖੰਡ ਦੇ ਮੁੱਖ ਮੰਤਰੀ ਰਮੇਸ਼ ਪੋਖਰਿਆਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦਰਮਿਆਨ ਗੁਰਦੁਆਰਾ ਸਾਹਿਬ ਲਈ ਢੁਕਵੀਂ ਥਾਂ ਦੇਣ ਦੀ ਆਪਸੀ ਸਹਿਮਤੀ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦੀ ਉਸਾਰੀ ਸਮੂਹ ਸਿੱਖ ਸੰਗਤ ਵੱਲੋਂ ਹਰਿ ਕੀ ਪਾਉੜੀ ਵਿਖੇ ਕਾਰ ਸੇਵਾ ਰਾਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਹਰਿ ਕੀ ਪਾਉੜੀ ਵਿਖੇ ਉਸਾਰੀ ਸ਼ੁਰੂ ਕਰਨ ਲਈ ਤਰੀਕ ਮੁਕੱਰਰ ਕਰਨ ਵਾਸਤੇ 22 ਰਾਜਾਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਇਕ ਸੰਮੇਲਨ 16 ਅਪਰੈਲ ਨੂੰ ਹਰਿਦੁਆਰ ਵਿਖੇ ਸੱਦ ਲਿਆ ਗਿਆ ਹੈ।

## ਖਾਲਸਾ ਕਾਲਜ ਦੇ ਮੁੱਦੇ 'ਤੇ ਸਰਕਾਰ ਕਸੂਤੀ ਫਸੀ

*(ਸਫਾ ਇਕ ਦੀ ਬਾਕੀ)*

ਗੁਰਬਖਸ਼ ਸਿੰਘ ਸ਼ੇਰਗਿੱਲ ਨੇ ਕਿਹਾ ਹੈ ਕਿ ਖਾਲਸਾ ਕਾਲਜ ਨੂੰ ਸਿੱਖ ਯੂਨੀਵਰਸਿਟੀ ਬਣਾਉਣ ਦਾ ਸੁਪਨਾ ਸ਼ੁਰੂ ਤੋਂ ਹੀਂ ਦੇਖਿਆ ਜਾ ਰਿਹਾ ਸੀ। ਉਨ੍ਹਾਂ ਨੇ ਕਿਹਾ ਕਿ 1920 ਵਿਚ ਕਾਲਜ ਨੂੰ ਯੂਨੀਵਰਸਿਟੀ ਦਾ ਦਰਜਾ ਦੇਣ ਦਾ ਐਲਾਨ ਐਨ ਮੌਕੇ 'ਤੇ ਆ ਕੇ ਰਹਿ ਗਿਆ ਸੀ। ਉਨ੍ਹਾਂ ਕਿਹਾ ਹੈ ਕਿ 1920 ਵਿਚ ਪ੍ਰਿੰਸ ਆਫ ਵੇਲਜ਼ ਵੱਲੋਂ ਬਨਾਰਸ ਹਿੰਦੂ ਕਾਲਜ ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਤੇ ਅਲੀਗੜ੍ਹ ਮੁਸਲਿਮ ਓਰੀਐਂਟਲ ਕਾਲਜ ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਬਣਾ ਦਿੱਤਾ ਗਿਆ ਪਰ ਜਦੋਂ ਉਹ ਖਾਲਸਾ ਕਾਲਜ ਨੂੰ ਸਿੱਖ ਯੂਨੀਵਰਸਿਟੀ ਬਣਾਉਣ ਦਾ ਐਲਾਨ ਕਰਨ ਆਏ ਤਾਂ ਅਕਾਲੀ ਦਲ ਤੇ ਵਿਦਿਆਰਥੀਆਂ ਵੱਲੋਂ ਬਾਈਕਾਟ ਕਰ ਦਿੱਤਾ ਗਿਆ ਜਿਸ ਕਰਕੇ ਸਿੱਖ ਯੂਨੀਵਰਸਿਟੀ ਦੀ ਸਥਾਪਨਾ ਹੋਣ ਤੋਂ ਰਹਿ ਗਈ ਸੀ। ਇਸ ਤੋਂ ਪਿੱਛੋਂ ਜਿੰਨੀਆਂ ਵੀ ਆਲ ਇੰਡੀਆ ਸਿੱਖ ਐਜੂਕੇਸ਼ਨ ਕਾਨਫਰੰਸਾਂ ਹੁੰਦੀਆਂ ਰਹੀਆਂ ਉਨ੍ਹਾਂ ਵਿਚ ਵੀ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦਾ ਮਤਾ ਪਾਸ ਹੁੰਦਾ ਰਿਹਾ।

**ਕਲਕੱਤਾ ਵਲੋਂ ਆਲੋਚਨਾ:** ਉਧਰ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਹੈ ਕਿ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਵਿਚ ਤਬਦੀਲ ਕਰਨ ਦੇ ਫੈਸਲੇ ਪਿੱਛੇ ਸਿੱਖ ਕੌਮ ਦੇ ਭਵਿੱਖ ਨੂੰ ਦਿਸ਼ਾ ਪ੍ਰਦਾਨ ਕਰਨ ਦੀ ਬਜਾਏ ਅਹੁਦਿਆਂ 'ਤੇ ਬਣੇ ਰਹਿਣ ਦੀ ਲਾਲਸਾ ਕੰਮ ਕਰ ਰਹੀ ਹੈ ਜਿਸ ਨੂੰ ਸਮਝਣ ਤੇ ਪ੍ਰਚਾਰਨ ਦੀ ਲੋੜ ਹੈ। ਉਨ੍ਹਾਂ ਕਿਹਾ ਹੈ ਕਿ ਖਾਲਸਾ ਕਾਲਜ ਵਿਦਿਅਕ ਸੰਸਥਾਵਾਂ ਦੇ ਸਮੁੱਚੇ ਪ੍ਰਬੰਧ ਲਈ ਇਕ ਸੌ ਮੈਂਬਰੀ ਗਵਰਨਿੰਗ ਕੌਂਸਲ ਤੇ 27 ਮੈਂਬਰੀ ਅੰਤਰਿੰਗ ਕਮੇਟੀ ਦਾ ਵਿਧਾਨ ਹੈ ਜਿਸ 'ਚ ਬਹੁਮਤ ਤਿੰਨ ਵਿਅਕਤੀਆਂ ਦੇ ਨਜ਼ਦੀਕੀਆਂ ਤੇ ਪਰਿਵਾਰਕ ਜੀਆਂ ਦਾ ਹੈ। ਇਹੀ ਹਾਲਤ ਕਾਲਜ ਵਿਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰ ਰਹੇ ਮੁਲਾਜ਼ਮਾਂ ਦੀ ਹੈ ਜਿਥੇ ਉਨ੍ਹਾਂ ਵਿਅਕਤੀਆਂ ਦੇ ਧੀਆਂ, ਪੁੱਤਰ, ਜਵਾਈ ਤੇ ਹੋਰ ਕਰੀਬੀ ਰਿਸ਼ਤੇਦਾਰ ਨਿਯੁਕਤ ਹਨ।

## ਮਿਆਂਮਾਰ 'ਚ ਫ਼ੌਜੀ ਰਾਜ ਦਾ ਭੋਗ ਪਿਆ

**ਯਾਂਗੋਨ:** ਮਿਆਂਮਾਰ ਦੀ ਫ਼ੌਜ ਨੇ 50 ਸਾਲ ਸੱਤਾ 'ਚ ਰਹਿਣ ਮਗਰੋਂ ਸੱਤਾ ਦੀ ਵਾਗ-ਡੋਰ ਅਖੌਤੀ ਸਿਵਲੀਅਨ ਸਰਕਾਰ ਦੇ ਸਪੁਰਦ ਕਰ ਦਿੱਤੀ ਹੈ ਤੇ ਫ਼ੌਜੀ ਸਰਕਾਰ ਭੰਗ ਕਰਕੇ ਨਵਾਂ ਰਾਸ਼ਟਰਪਤੀ ਨਿਯੁਕਤ ਕਰ ਦਿੱਤਾ ਗਿਆ ਹੈ। ਸੀਨੀਅਰ ਜਰਨੈਲ ਥਾਨ ਸ਼ਵੀ ਵੱਲੋਂ ਜਾਰੀ ਫ਼ਰਮਾਨ ਜਿਸ ਨੂੰ ਸਰਕਾਰੀ ਟੈਲੀਵਿਜ਼ਨ 'ਤੇ ਨਸ਼ਰ ਕੀਤਾ ਗਿਆ 'ਚ, ਕਿਹਾ ਗਿਆ ਹੈ ਕਿ ਜੁੰਟਾਂ ਦੀ ਰਾਜਕੀ ਅਮਨ ਤੇ ਵਿਕਾਸ ਕੌਂਸਲ (ਐਸ.ਡੀ.ਪੀ.ਸੀ.) ਨੂੰ ਸਰਕਾਰੀ ਤੌਰ 'ਤੇ ਭੰਗ ਕਰ ਦਿੱਤਾ ਗਿਆ ਹੈ।

ਥਾਨ ਸ਼ਵੀ 1992 ਤੋਂ ਡੰਡੇ ਨਾਲ ਰਾਜ ਚਲਾਉਂਦਾ ਆ ਰਿਹਾ। ਇਨ੍ਹਾਂ ਤਬਦੀਲੀਆਂ ਦੇ ਬਾਵਜੂਦ ਬਹੁਤ ਸਾਰੇ ਸਮੀਖਿਅਕਾਂ ਦਾ ਕਹਿਣਾ ਹੈ ਕਿ ਮਿਆਂਮਾਰ ਵਿਚ ਸੱਤਾ 'ਤੇ ਫ਼ੌਜ ਦੀ ਜਕੜ ਬਣੀ ਰਹੇਗੀ ਤੇ ਥਾਨ ਸ਼ਵੀ ਪਰਦੇ ਦੇ ਪਿੱਛੋਂ ਸੱਤਾ ਚਲਾਉਂਦੇ ਰਹਿਣਗੇ। ਮਿਆਂਮਾਰ ਵਿਚ 1962 ਤੋਂ ਫ਼ੌਜੀ ਸੱਤਾ ਚਲੀ ਆ ਰਹੀ ਹੈ ਪਰ ਐਸ.ਪੀ.ਡੀ.ਸੀ. ਜਿਸ ਨੂੰ ਪਹਿਲਾਂ ਰਾਜਕੀ ਕਾਨੂੰਨ ਵਿਵਸਥਾ ਬਹਾਲੀ ਕੌਂਸਲ ਕਿਹਾ ਜਾਂਦਾ ਸੀ, ਨੇ 1988 ਵਿਚ ਸੱਤਾ ਸੰਭਾਲ ਲਈ ਸੀ। ਸੱਤਾ ਤਬਾਦਲੇ ਦਾ ਇਹ ਇਤਿਹਾਸਕ ਐਲਾਨ ਉਦੋਂ ਹੋਇਆ ਜਦੋਂ ਇਕ ਅਧਿਕਾਰੀ ਨੇ ਇਹ ਸੂਚਨਾ ਦਿੱਤੀ ਕਿ ਜਨਰਲ ਥਾਨ ਸ਼ਵੀ ਨੇ ਨਵੇਂ ਰਾਸ਼ਟਰਪਤੀ ਥੀਨ ਸੀਨ ਦੇ ਸਹੁੰ ਚੁੱਕ ਸਮਾਰੋਹ ਵਿਚ ਸ਼ਿਰਕਤ ਕੀਤੀ।

## ਯੁਧਵੀਰ ਮਾਣਕ-ਉਠ ਬੈਠ ਸਰਬਣ ਪੁੱਤਰਾ!

**ਧੁੱਪੇ ਬੈਠੀਆਂ ਯਾਦਾਂ**

ਬੱਚੇ ਜੰਮਣ ਵੇਲੇ ਮਾਂ ਦੀ ਪ੍ਰਸੂਤਾ ਪੀੜਾ ਦਾ ਅਸਹਿ ਦਰਦ ਸਿਰਫ ਮਾਂ ਨੂੰ ਹੀ ਪਤਾ ਹੁੰਦਾ ਹੈ ਪਰ ਇਸ ਦਰਦ ਦੇ ਪਿਛਲੇ ਪਾਸੇ ਜਿਹੜਾ ਚਾਅ ਲੁਕਿਆ ਹੋਇਆ ਹੈ ਉਹ ਇਹ ਹੈ ਕਿ ਉਸਦੀ ਕੁਖ ਨੇ ਜਨਮ ਕਿਸ ਨੂੰ ਦਿੱਤਾ ਹੈ? ਕੁਲਦੀਪ ਮਾਣਕ ਦੁਨੀਆਂ ਭਰ ਵਿਚ ਵਸਦੇ ਪੰਜਾਬੀਆਂ ਲਈ ਇਕ ਸਤਿਕਾਰ ਭਰਿਆ ਨਾਂ ਹੈ। ਉਹਦੇ ਇਕਲੌਤੇ ਪੁਤਰ ਯੁਧਵੀਰ ਮਾਣਕ ਨੇ ਬਾਪ ਦੀਆਂ ਪਾਈਆਂ ਵਿਰਾਸਤੀ ਪੈੜਾਂ ਵਿਚ ਮਾਣ ਨਾਲ ਕਦਮ ਟਿਕਾਏ ਹਨ। ਪਿਓ-ਪੁਤਰ ਨੂੰ ਇਕੱਠਿਆਂ ਸੁਣ ਕੇ ਵੇਖਿਓ, ਦੋਹਾਂ ਦੀ ਆਵਾਜ਼ ਵਿਚ ਫਰਕ ਲਭਣਾ ਔਖਾ ਹੋ ਜਾਂਦਾ ਹੈ। ਜਰਾ ਧਿਆਨ ਕਰਕੇ ਵੇਖੋ, ਇਕ ਪੁਤਰ ਉਹ ਵੀ ਸਰਵਣ ਵਰਗਾ ਹੋਵੇ, ਇਸ ਹੱਦ ਤਕ ਬੀਮਾਰ ਪੈ ਜਾਵੇ ਕਿ ਮੌਤ ਨਾਲ ਤੂੰ-ਤੂੰ, ਮੈਂ-ਮੈਂ ਹੀ ਨਹੀਂ, ਹੱਥੋਪਾਈ ਹੋਣਾ ਪੈ ਜਾਵੇ ਤਾਂ ਮਾਂ-ਬਾਪ ਦੇ ਦੁਖ ਦੀ ਵਿਥਿਆ ਸਮਝਣੀ ਸੌਖੀ ਨਹੀਂ ਹੋ ਸਕਦੀ। ਮੈਂ ਉਸੇ ਯੁਧਵੀਰ ਦੀ ਗੱਲ ਕਰ ਰਿਹਾ ਹਾਂ, ਜੀਹਨੂੰ ਮਾਣਕ ਦੇ ਨੇੜਲੇ ਯੁਧੀ ਕਰਕੇ ਬੁਲਾਉਂਦੇ ਨੇ, ਜਿਹਦੀ ਤੰਦਰੁਸਤੀ ਲਈ ਥਾਂ-ਥਾਂ ਪੰਜਾਬੀ ਦੁਆਵਾਂ-ਫਰਿਆਦਾਂ ਕਰ ਰਹੇ ਹਨ, ਹੱਥ ਜੋੜ ਕੇ ਸਿਰ ਹੇਠਾਂ ਨੂੰ ਕਰਕੇ ਵਾਹਿਗੁਰੂ ਕੋਲੋਂ ਉਹਦੇ ਸੁਆਸਾਂ ਦੀ ਭੀਖ ਮੰਗ ਰਹੇ ਹਨ ਤੇ ਉਹ ਇਸ ਵੇਲੇ ਲੁਧਿਆਣੇ ਦੇ ਡੀ ਐਮ ਸੀ ਹਸਪਤਾਲ ਵਿਚ ਪਿਛਲੇ ਕੁਝ ਦਿਨਾਂ ਤੋਂ ਬਰੇਨ ਹੈਮਰੇਜ ਹੋਣ ਕਰਕੇ ਚੁਪ ਪਿਆ ਦੁਨੀਆਂਦਾਰੀ ਤੋਂ ਬੇਖਬਰ ਹੈ।

ਹੋ ਸਕਦਾ ਹੈ ਕਿ ਦੁਖ ਮੇਰੇ ਨਾਲੋਂ ਹੋਰਨਾਂ ਨੂੰ ਵਧ ਵੀ ਹੋਵੇ ਪਰ ਮਾਣਕ ਨਾਲ ਬਿਤਾਏ 32 ਸਾਲਾਂ ਵਿਚ ਮੇਰੀਆਂ ਯੁਧੀ ਨਾਲ ਸਾਂਝਾਂ ਬੜੀਆਂ ਨੇ। ਅਸੀਂ ਉਹਦੇ ਜੰਮਣ ਵੇਲੇ ਦੇਵ ਦੇ ਪਿੰਡ ਥਰੀਕੇ 'ਚ ਭੰਗੜਾ ਪਾਇਆ, ਲੋਹੜੀ 'ਤੇ ਵੀ ਨੱਚੇ ਤੇ ਵਿਆਹ ਉਤੇ ਵੀ ਚਾਵਾਂ ਨਾਲ ਲੱਕ ਹਿਲਾਏ। ਜਲੰਧਰ ਦੂਰਦਰਸ਼ਨ ਜਰੀਏ ਚਰਚਿਤ ਹੋਏ ਮਾਸਟਰ ਸਲੀਮ ਅਤੇ ਯੁਧਵੀਰ ਨੂੰ ਮੈਂ ਸ਼ੌਕੀ ਮੇਲੇ ਤੇ ਕੁਛੜ ਚੁਕ ਕੇ 'ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ ਮਾਹੀਆ, ਮੈਨੂੰ ਯਾਦ ਆਂਵਦਾ...' ਅਤੇ 'ਘੁੰਮ ਨੀ ਭੰਬੀਰੀਏ ਤੂੰ ਘੁੰਮ ਘੁੰਮ ਘੁੰਮ' ਸੁਣਾਇਆ ਅਤੇ ਉਸ ਵਲੋਂ ਗਾਇਆ 'ਕਾਤਲ ਕੋਕਾ ਕਤਲ ਕਰਾ ਦਊ, ਕੱਢ ਲੈ ਘੁੰਡ ਫੁਲਕਾਰੀ ਦਾ' ਮੇਰੀ ਹਾਜਰੀ ਵਿਚ ਰਿਕਾਰਡ ਹੋਇਆ। ਕੁਝ ਮਹੀਨੇ ਪਹਿਲਾਂ ਮੇਰੇ ਘਰੇ ਇਕ ਸਾਧਾਰਨ ਸਮਾਗਮ ਨੂੰ 7 ਘੰਟੇ ਮੇਲੇ ਵਾਂਗ ਬਣਾਉਣ ਵਾਲੇ ਭਗਵੰਤ ਮਾਨ ਵਰਗੇ ਵਡੇ ਕਲਾਕਾਰਾਂ ਵਿਚ ਯੁਧਵੀਰ ਨੇ ਜਦੋਂ ਸਭ ਤੋਂ ਵਧੀਆ ਗਾਇਆ ਤਾਂ ਮਾਣਕ ਕਹਿਣ ਲੱਗਾ, 'ਹੁਣ ਮੇਰੇ ਗਾਉਣ ਦੀ ਲੋੜ ਨਹੀਂ ਰਹੀ।' ਇਤਫਾਕ ਇਹ ਵੀ ਸੀ ਕਿ ਉਸ ਦਿਨ ਮਾਣਕ ਤੋਂ ਸਿਵਾ ਯੁਧਵੀਰ, ਮਾਣਕ ਦੀ ਪਤਨੀ ਸਰਬਜੀਤ, ਨੂੰਹ, ਧੀ ਸ਼ਕਤੀ ਜਿਹਨੂੰ ਅਸੀਂ ਲਾਡ ਨਾਲ ਬਿੱਦੂ ਕਹਿਨੇ ਆਂ, ਜਵਾਈ ਇੰਦਰਜੀਤ ਤੇ ਕੁੜਮ ਕਬੀਲਾ ਵੀ ਹਾਜਰ ਸੀ। ਯੁਧੀ ਨੂੰ ਕੁਛੜ ਚੁਕ ਕੇ ਖਿਡਾਉਣ, ਗਵਾਉਣ ਤੋਂ ਲੈ ਕੇ ਉਹਨੂੰ ਸਾਹਮਣੇ ਬੈਠ ਕੇ ਸੁਣਨ ਵਾਲੇ ਬੜੇ ਮੌਕਿਆਂ ਦਾ ਵੀ ਮਜ਼ਾ ਲਿਆ ਹੈ ਤੇ ਹੁਣ ਦਿਲ ਭੁਬੀਂ ਇਸ ਕਰਕੇ ਰੋ ਰਿਹਾ ਹੈ ਕਿ ਉਹ ਜੁਬਾਨ ਬੰਦ ਕਰਕੇ ਨਾ ਸੁਣ ਰਿਹਾ ਹੈ ਅਤੇ ਨਾ ਬੋਲ ਰਿਹਾ ਹੈ। ਪਲ ਪਲ ਦੀ ਖਬਰ ਲਈ ਫੋਨ ਖੜਕਾਈ ਜਾ ਰਹੇ ਹਾਂ। ਸਰਬਜੀਤ ਰੋ ਰੋ ਕੇ ਕਹੀ ਜਾ ਰਹੀ ਹੈ, 'ਯੁਧੀ ਓ ਯੁਧੀ ਉਠ' ਪਰ ਹਾਲੇ ਸਭ ਚੁਪ ਹੈ। ਕੁਲਦੀਪ ਮਾਣਕ ਨਾਲ ਜਦ ਵੀ ਗੱਲ ਹੁੰਦੀ ਹੈ ਤਾਂ ਉਹ ਇਹੋ ਆਖਦਾ ਹੈ, 'ਮੇਰੇ ਪੁਤ ਲਈ ਦੁਆਵਾਂ ਕਰੋ' ਕਲੀਆਂ ਦਾ ਬਾਦਸ਼ਾਹ ਪੁਤਰ ਲਈ ਭਿਖਾਰੀਆਂ ਵਾਂਗ ਪਰਮਾਤਮਾ, ਅੱਲਾ ਅਗੇ ਪੱਲਾ ਅੜੀ ਖੜਾ ਵੇਖਿਆ ਨਹੀਂ ਜਾਂਦਾ।



*ਯੁਧਬੀਰ ਅਤੇ ਉਸ ਦੀ ਭੈਣ ਸ਼ਕਤੀ*

ਇਹ ਫੋਟੋ, ਯੁਧਵੀਰ ਜਦੋਂ 7 ਸਾਲ ਦਾ ਸੀ ਤੇ ਸ਼ਕਤੀ 5 ਸਾਲ ਦੀ, ਖਿੱਚੀ ਤਾਂ ਚਾਵਾਂ ਨਾਲ ਵਡੇ ਹੋਏ ਨੂੰ ਵਿਖਾਇਆ ਕਰਾਂਗੇ ਪਰ ਤੁਹਾਡੇ ਹੱਥਾਂ 'ਚ ਫੜਾਉਣ ਇਹ ਸੋਚ ਕੇ ਲੱਗਾ ਹਾਂ ਕਿ ਜਿੰਨੀਆਂ ਵੀ ਅੱਖਾਂ ਵੇਖਣ, ਉਹ ਇਹਦੇ ਬੀਮਾਰ ਹੋਣ ਦੀ ਖਬਰ ਸੁਣ ਕੇ ਦਿਲ ਨੂੰ ਕਹਿਣ, 'ਹੱਥ ਜੋੜ ਮਹਾਨ ਕਲਾਕਾਰ ਦੇ ਮਹਾਨ ਪੁਤਰ ਦੀ ਤੰਦਰੁਸਤੀ ਲਈ ਫਰਿਆਦ ਕਰ'। ਸਿਆਣੇ ਕਹਿੰਦੇ ਨੇ ਬਹੁਗਿਣਤੀ 'ਚ ਜੁੜੇ ਹੱਥਾਂ ਨੂੰ ਵਾਹਿਗੁਰੂ ਨੇ ਕਦੇ ਠੁਕਰਾਇਆ ਨਹੀਂ, ਫਿਰ ਸਾਡਾ ਯੁਧੀ ਤੇ ਤੁਹਾਡਾ ਯੁਧਵੀਰ ਮਾਣਕ ਜਰੂਰ ਉਠ ਕੇ ਗਾਉਣ ਲਗ ਪਵੇਗਾ 'ਤੇਰੇ ਦਿਲ ਤੋਂ ਅਹੁ ਸੂਰਤ ਦੀਂਹਦੀ ਹੀਰ ਦੀ'। **-ਐਸ. ਅਸ਼ੋਕ ਭੌਰਾ**

# ਫਿਟਕਾਰ: ਸੁਪਰੀਮ ਕੋਰਟ ਫ਼ੌਜੀ ਹਥਿਆਰਾਂ ਦੀ ਵਿਕਰੀ 'ਤੇ ਖ਼ਫ਼ਾ

ਨਵੀਂ ਦਿੱਲੀ: ਸੁਪਰੀਮ ਨੇ ਕੋਰਟ ਫ਼ੌਜ ਦੇ ਅਧਿਕਾਰੀਆਂ ਵੱਲੋਂ ਪਾਬੰਦੀਸ਼ੁਦਾ ਹਥਿਆਰਾਂ ਦੀ ਬੇਰੋਕ ਕੀਤੀ ਜਾ ਰਹੀ ਗ਼ੈਰਕਨੂੰਨੀ ਵਿਕਰੀ 'ਤੇ ਰੱਖਿਆ ਮੰਤਰਾਲੇ ਦੇ ਰਵੱਈਏ ਤੋਂ ਖ਼ਫ਼ਾ ਹੁੰਦਿਆਂ ਕਿਹਾ ਹੈ ਕਿ ਉਹ ਹੈਰਾਨ ਹਨ ਕਿ ਇਸ ਬੇਹੱਦ ਗੰਭੀਰ ਮਾਮਲੇ ਵੱਲ ਨਾ ਫ਼ੌਜ ਤੇ ਨਾ ਹੀ ਰੱਖਿਆ ਮੰਤਰਾਲਾ ਧਿਆਨ ਦੇ ਰਿਹਾ ਹੈ। ਅਦਾਲਤ ਨੇ ਕਿਹਾ ਕਿ ਫ਼ੌਜ ਦੇ ਅਧਿਕਾਰੀਆਂ ਵੱਲੋਂ ਜਿਨ੍ਹਾਂ ਤਕਰੀਬਨ 800 ਵਿਅਕਤੀਆਂ ਨੂੰ ਹਥਿਆਰ ਵੇਚੇ ਗਏ ਹਨ, ਉਨ੍ਹਾਂ ਵਿਚ ਅਤਿਵਾਦੀ ਤੇ ਅਪਰਾਧੀ ਵੀ ਸ਼ਾਮਲ ਹਨ ਪਰ ਨਾ ਜਾਂਚ ਕੀਤੀ ਜਾ ਰਹੀ ਹੈ ਤੇ ਨਾ ਹੀ ਅਨੁਸ਼ਾਸਨੀ ਕਾਰਵਾਈ।

ਜਸਟਿਸ ਬੀ. ਸੁਦਰਸ਼ਨ ਰੈਡੀ ਤੇ ਜਸਟਿਸ ਐਸ.ਐਸ. ਨਿੱਝਰ ਦੇ ਬੈਂਚ ਨੇ ਐਡੀਸ਼ਨਲ ਸੋਲੀਸਟਰ ਜਨਰਲ ਵਿਵੇਕ ਨੂੰ ਜਨਹਿਤ ਪਟੀਸ਼ਨ ਦੀ ਸੁਣਵਾਈ ਦੌਰਾਨ ਕਿਹਾ ਕਿ ਅਸੀਂ ਇਹ ਦੇਖ ਕੇ ਹੈਰਾਨ ਹਾਂ ਕਿ ਇੰਨੇ ਗੰਭੀਰ ਮਾਮਲੇ ਵਿਚ ਫ਼ੌਜ ਤੇ ਰੱਖਿਆ ਮੰਤਰਾਲੇ ਨੇ ਕਿੰਨਾ ਬੇਪ੍ਰਵਾਹ ਰਵੱਈਆ ਅਖ਼ਤਿਆਰ ਕੀਤਾ ਹੋਇਆ ਹੈ ਤੇ ਇਨ੍ਹਾਂ ਨੇ ਮਾਮਲੇ ਨੂੰ ਛੋਟੀ-ਮੋਟੀ ਗੱਲ ਸਮਝਿਆ ਹੈ। ਜਦੋਂ ਐਡੀਸ਼ਨਲ ਸੋਲੀਸਟਰ ਜਨਰਲ ਨੇ ਅਦਾਲਤ ਨੂੰ ਦੱਸਿਆ ਕਿ ਰੱਖਿਆ ਮੰਤਰਾਲੇ ਨੇ ਫ਼ੌਜ ਨੂੰ ਆਪਣੇ ਅਧਿਕਾਰੀਆਂ ਨੂੰ ਆਪਣੀ ਨਿੱਜੀ ਵਰਤੋਂ ਲਈ ਹਥਿਆਰ ਦੇਣ ਬਾਰੇ ਨੀਤੀ 'ਤੇ ਨਜ਼ਰਸਾਨੀ ਕਰਨ ਲਈ ਆਖਿਆ ਹੈ ਤਾਂ ਇਸ ਅਦਾਲਤ ਨੇ ਅਪਣਾਏ ਜਾ ਰਹੇ ਮਾੜੇ ਰਵੱਈਏ 'ਤੇ ਅਫ਼ਸੋਸ ਪ੍ਰਗਟਾਇਆ। ਅਦਾਲਤ ਨੇ ਕਿਹਾ ਕਿ ਫ਼ੌਜ ਤੇ ਸੁਰੱਖਿਆ ਫੋਰਸਾਂ ਵਿਚ ਜੋ ਹੋ ਰਿਹਾ ਹੈ ਉਹ ਬਹੁਤ ਸ਼ਰਮਨਾਕ ਤੇ ਗੰਭੀਰ ਹੈ ਤੇ ਇਸ ਕਾਰਨ ਸਾਨੂੰ ਸਭ ਤੋਂ ਵੱਧ ਦੁੱਖ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਹਥਿਆਰ ਨੀਤੀ ਬਾਰੇ ਨਜ਼ਰਸਾਨੀ ਕਰਨ ਨਾਲ ਗੱਲ ਨਹੀਂ ਬਣਨੀ ਸਗੋਂ ਹਥਿਆਰਾਂ ਦੀ ਥੋਕ ਵਿਕਰੀ 'ਤੇ ਪਾਬੰਦੀ ਲੱਗੇ। ਜਦੋਂ ਐਡੀਸ਼ਨਲ ਸੋਲੀਸਟਰ ਜਨਰਲ ਨੇ ਅਦਾਲਤ ਨੂੰ ਭਰੋਸਾ ਦਿੱਤਾ ਕਿ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ



ਤਾਂ ਬੈਂਚ ਨੂੰ ਇਸ ਭਰੋਸੇ 'ਤੇ ਭੋਰਾ ਵੀ ਇਤਬਾਰ ਨਾ ਆਇਆ। ਉਸ ਨੇ ਪੁੱਛਿਆ ਕਿ ਕੀ ਤੁਹਾਨੂੰ ਪਤਾ ਹੈ ਕਿ ਹਥਿਆਰ ਕਿਨ੍ਹਾਂ ਕੋਲੋਂ ਕਿਨ੍ਹਾਂ ਦੇ ਹੱਥਾਂ ਵਿਚ ਜਾ ਰਹੇ ਹਨ।

ਪਟੀਸ਼ਨਰ ਨੇ ਕਿਹਾ ਹੈ ਕਿ ਉੱਚ ਰੈਂਕ ਵਾਲੇ ਫ਼ੌਜੀ ਅਧਿਕਾਰੀਆਂ ਵੱਲੋਂ ਫ਼ੌਜ ਕੋਲੋਂ 500 ਰੁਪਏ ਦਾ ਮੁੱਲ ਤਾਰ ਕੇ ਜਿਹੜਾ ਹਥਿਆਰ ਖ਼ਰੀਦਿਆ ਗਿਆ ਉਸ ਨੂੰ ਅੱਗੇ 10 ਲੱਖ ਰੁਪਏ ਤੋਂ ਵੱਧ ਭਾਅ 'ਤੇ ਵੇਚਿਆ ਗਿਆ। ਪਟੀਸ਼ਨਰ ਐਡਵੋਕੇਟ ਅਰਵਿੰਦ ਕੁਮਾਰ ਸ਼ਰਮਾ ਨੇ ਕਿਹਾ ਕਿ ਇਸ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਵਿਚ ਫ਼ੌਜੀ ਤੇ ਸਿਵਲ ਅਧਿਕਾਰੀਆਂ ਖ਼ਿਲਾਫ਼ ਸੀ.ਬੀ.ਆਈ. ਜਾਂਚ ਹੋਈ ਸੀ ਪਰ ਪਤਾ ਨਹੀਂ ਲੱਗਿਆ ਕਿ ਉਸ ਜਾਂਚ ਦਾ ਕੀ ਬਣਿਆ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 29 ਅਪਰੈਲ ਨੂੰ ਕਰਨ ਦਾ ਫ਼ੈਸਲਾ ਕੀਤਾ ਤੇ ਰੱਖਿਆ ਸਕੱਤਰ ਤੇ ਰਾਜਸਥਾਨ ਦੇ ਮੁੱਖ ਸਕੱਤਰ ਨੂੰ ਉਸ ਦਿਨ ਜਾਂਚ ਪ੍ਰਗਤੀ ਰਿਪੋਰਟ ਪੇਸ਼ ਕਰਨ ਲਈ ਕਿਹਾ।


## ਕ੍ਰਿਕਟ ਤੇ ਕੂਟਨੀਤੀ ਨੂੰ ਵੱਖਰਾ ਰੱਖਿਆ ਜਾਏ: ਭਾਜਪਾ

**ਚੇਨਈ:** ਭਾਰਤੀ ਜਨਤਾ ਪਾਰਟੀ ਦੀ ਨੇਤਾ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਕ੍ਰਿਕਟ ਤੇ ਕੂਟਨੀਤੀ ਨੂੰ ਇਕ-ਦੂਜੇ ਤੋਂ ਦੂਰ ਰੱਖਿਆ ਜਾਵੇ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੂੰ ਮੁਹਾਲੀ ਵਿਖੇ ਭਾਰਤ ਤੇ ਪਾਕਿਸਤਾਨ ਦਰਮਿਆਨ ਖੇਡੇ ਜਾ ਰਹੇ ਵਿਸ਼ਵ ਕੱਪ ਕ੍ਰਿਕਟ ਦੇ ਸੈਮੀਫਾਈਨਲ ਮੈਚ ਨੂੰ ਵੇਖਣ ਲਈ ਦਿੱਤੇ ਸੱਦੇ ਬਾਰੇ ਸੁਸ਼ਮਾ ਨੇ ਭਾਜਪਾ ਵੱਲੋਂ ਲਏ ਸਟੈਂਡ ਦੀ ਹਮਾਇਤ ਕੀਤੀ।

ਜਦੋਂ ਉਨ੍ਹਾਂ ਨੂੰ ਵਿਕੀਲੀਕਸ ਦੇ ਉਸ ਖ਼ੁਲਾਸੇ ਬਾਰੇ ਪੁੱਛਿਆ ਗਿਆ ਜਿਸ ਵਿਚ ਕਿਹਾ ਗਿਆ ਸੀ ਕਿ ਭਾਜਪਾ ਨੇਤਾ ਅਰੁਣ ਜੇਤਲੀ ਨੇ ਹਿੰਦੂਤਵ ਨੂੰ ਭਾਜਪਾ ਦਾ ਸੱਤਾ ਪ੍ਰਾਪਤੀ ਲਈ ਮੌਕੇ ਮੁਤਾਬਕ ਵਰਤਿਆ ਹਰਬ ਸੀ ਤਾਂ ਉਨ੍ਹਾਂ ਕਿਹਾ ਕਿ ਸ੍ਰੀ ਜੇਤਲੀ ਵਰਗੇ ਸੂਝਵਾਨ ਨੇਤਾ ਅਜਿਹਾ ਕਹਿ ਹੀ ਨਹੀਂ ਸਕਦੇ।

# ਬਾਖੜਾ ਦੁੱਧ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਜਦ ਮੱਝ ਦੁੱਧੋਂ ਹਟਣ ਲੱਗਦੀ ਹੈ ਤਾਂ ਹੌਲੀ ਹੌਲੀ ਲੱਗੇ ਡੰਗ ਹੋ ਜਾਂਦੀ ਹੈ, ਉਸ ਦਾ ਦੁੱਧ ਸੰਘਣਾ ਹੋ ਜਾਂਦਾ ਹੈ, ਕਿਉਂਕਿ ਉਸ ਵਿਚ ਪਾਣੀ ਦੀ ਮਿਕਦਾਰ ਘਟ ਜਾਂਦੀ ਤੇ ਮੱਖਣ ਦੀ ਵਧ ਜਾਂਦੀ ਹੈ। ਅਜਿਹੇ ਸੰਘਣੇ ਦੁੱਧ ਬਾਰੇ ਕਿਹਾ ਜਾਂਦਾ ਹੈ, ਦੁੱਧ ਬਾਖੜਾ ਹੋ ਗਿਆ। ਅਮਰੀਕਾ ਵਿਚ ਅੱਜ ਕਿਸੇ ਅਜਿਹੇ ਵਿਅਕਤੀ ਨੂੰ ਜਿਸ ਨੇ ਇੰਡੀਆ ਵਿਚ ਮੱਝਾਂ ਰੱਖੀਆਂ ਹੋਣ, ਪੁੱਛੋ ਕਿ ਬਾਖੜਾ ਦੁੱਧ ਕੀ ਹੁੰਦਾ ਹੈ ਤਾਂ ਉਹ ਭੱਖੜੇ ਦੀ ਗੱਲ ਕਰਨ ਲੱਗੇਗਾ। ਸਾਡੇ ਘਰ ਵਿਚ ਕਦੇ ਮੱਝਾਂ ਦਾ ਚੌਣਾ ਨਹੀਂ ਸੀ ਹੋਇਆ, ਬੱਸ, ਇਕ ਅੱਧ ਨਾਲ ਹੀ ਗੁਜ਼ਾਰਾ ਹੁੰਦਾ ਸੀ ਪਰ ਬਾਖੜਾ ਦੁੱਧ ਦਾ ਮੈਨੂੰ ਜ਼ਰੂਰ ਪਤਾ ਲੱਗ ਗਿਆ ਸੀ। ਇਹ ਸ਼ਬਦ ਸਿਰਫ਼ ਦੁੱਧ ਲਈ ਹੀ ਵਰਤਿਆ ਜਾਂਦਾ ਹੈ, ਹੋਰ ਕਿਸੇ ਸੰਘਣੇ ਤਰਲ ਪਦਾਰਥ ਦੇ ਵਿਸ਼ੇਸ਼ਕ ਵਜੋਂ ਇਸ ਦੀ ਵਰਤੋਂ ਨਹੀਂ ਹੁੰਦੀ।

ਪੜਤਾਲ ਕਰਨ 'ਤੇ ਪਤਾ ਲਗਦਾ ਹੈ ਕਿ ਇਹ ਸ਼ਬਦ ਪਹਿਲਾਂ ਪਹਿਲ ਇਕ ਪਾਸੇ ਗਾਂ ਦੇ ਉਸ ਵੱਛੇ ਲਈ ਵਰਤਿਆ ਜਾਂਦਾ ਸੀ ਜੋ ਦੁਧ ਚੁੰਘਣੋਂ ਹਟ ਗਿਆ ਹੋਵੇ ਜਾਂ ਉਸ ਦੀ ਉਮਰ ਏਨੀ ਕੁ ਹੋ ਗਈ ਹੋਵੇ ਕਿ ਦੁਧੋਂ ਹਟਾਇਆ ਜਾ ਸਕਦਾ ਹੈ ਤੇ ਦੂਜੇ ਪਾਸੇ ਉਸ ਗਾਂ ਲਈ ਜੋ ਦੁਧ ਤੋਂ ਹਟਣ ਵਾਲੀ ਹੋਵੇ ਪਰ ਹੌਲੀ ਹੌਲੀ ਇਹ ਸ਼ਬਦ ਮੱਝ ਦੀ ਅਜਿਹੀ ਸਥਿਤੀ ਲਈ ਵੀ ਵਰਤਿਆ ਜਾਣ ਲੱਗਾ ਕਿਉਂਕਿ ਪੰਜਾਬ ਵਿਚ ਲਵੇਰੇ ਲਈ ਵਧੇਰੇ ਮੱਝਾਂ ਹੀ ਰੱਖੀਆਂ ਜਾਂਦੀਆਂ ਹਨ। ਅਜਿਹੀ ਗਾਂ ਜਾਂ ਮੱਝ ਨੂੰ ਬਾਖੜਾ (ਜਾਂ ਤੋਕੜ) ਹੋ ਗਈ ਕਿਹਾ ਜਾਂਦਾ ਹੈ। ਹੌਲੀ ਹੌਲੀ ਇਹ ਸ਼ਬਦ ਅਜਿਹੀ ਗਾਂ-ਮੱਝ ਦੇ ਦੁੱਧ ਲਈ ਹੀ ਵਰਤਿਆ ਜਾਣ ਲੱਗਾ। ਹਿੰਦੀ ਵਿਚ ਲਗਭਗ ਅਜਿਹੇ ਹੀ ਅਰਥਾਂ ਲਈ ਬਕੇਨ, ਬਾਖਤੀ ਜਾਂ ਬਾਖਲੀ ਸ਼ਬਦ ਵਰਤੇ ਜਾਂਦੇ ਹਨ ਅਤੇ ਸੰਸਕ੍ਰਿਤ ਵਿਚ ਵਸ਼ਕਿਯਾਣੀ। ਬਾਖੜਾ ਗਾਂ, ਮੱਝ ਨੂੰ ਸੰਸਕ੍ਰਿਤ ਵਿਚ ਚਿਰਪ੍ਰਸੂਤਾ ਵੀ ਕਿਹਾ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਪਿਛੋਕੜ ਵੈਦਿਕੀ ਸ਼ਬਦ 'ਵਤਸ' ਹੈ ਜਿਸ ਦਾ ਅਰਥ ਬੱਚਾ ਹੁੰਦਾ ਹੈ। ਇਸ ਤੋਂ ਵਤਸਲ ਸ਼ਬਦ ਬਣਿਆ ਹੈ ਜਿਸ ਦਾ ਭਾਵ ਪਿਆਰਾ, ਲਾਡ-ਲਡਿਕਾ, ਖਾਸ ਤੌਰ 'ਤੇ ਮਾਂ-ਪਿਓ ਲਈ ਆਪਣੇ ਧੀ ਪੁਤਰ। ਗੁਰਬਾਣੀ ਵਿਚ ਇਸ ਦਾ ਰੂਪ ਵਛਲ ਮਿਲਦਾ ਹੈ ਤੇ ਹਰ ਵਾਰੀ 'ਭਗਤ ਵਛਲ' ਜੁੱਟ ਵਜੋਂ ਆਇਆ ਹੈ। ਏਥੇ ਮਾਂ-ਪਿਓ ਦੀ ਥਾਂ ਪਰਮਾਤਮਾ ਨੇ ਲੈ ਲਈ ਹੈ ਤੇ ਔਲਾਦ ਦੀ ਪਰਮਾਤਮਾ ਦੇ ਭਗਤ ਨੇ। ਅਸਲ ਵਿਚ ਹਿੰਦੀ ਸੰਸਕ੍ਰਿਤ ਤੇ ਹੋਰ ਭਾਸ਼ਾਵਾਂ ਵਿਚ ਇਹ ਜੁਟ 'ਭਕਤਵਤਸਲ' ਦੇ ਰੂਪ ਵਿਚ ਭਗਤੀ ਸਾਹਿਤ ਵਿਚ ਆਮ ਹੀ ਵਰਤਿਆ ਜਾਂਦਾ ਹੈ। ਭਗਵਾਨ ਵਿਸ਼ਨੂੰ ਨੂੰ ਭਕਤਵਤਸਲ ਕਿਹਾ ਜਾਂਦਾ ਹੈ। ਤੁਲਸੀ ਦਾਸ ਰਾਮ ਚਰਿਤਮਾਨਸ ਵਿਚ 'ਅਤਰੀ ਉਸਤਤੀ' ਅਧੀਨ ਲਿਖਦੇ ਹਨ:

ਨਮਾਮਿ ਭਕਤ ਵਤਸਲੰ,
ਕ੍ਰਿਪਾਲੁ ਸ਼ੀਲ ਕੋਮਲੰ।

ਹੇ ਭਗਤਾਂ ਨੂੰ ਪਿਆਰਨ ਵਾਲੇ, ਹੇ ਕਿਰਪਾਲੂ, ਹੇ ਕੋਮਲ ਸੁਭਾਅ ਵਾਲੇ, ਆਪ ਨੂੰ ਨਮਸਕਾਰ ਹੈ।

ਸੁਖਮਣੀ ਸਾਹਿਬ ਵਿਚ ਗੁਰੂ ਅਰਜਨ ਦੇਵ ਫਰਮਾਉਂਦੇ ਹਨ:

ਭਗਤ ਵਛਲ ਸਦਾ ਕ੍ਰਿਪਾਲ॥

ਗੁਰੂ ਅਮਰ ਦਾਸ ਜੀ ਦੇ ਸ਼ਬਦ ਹਨ:


ਭਗਤਿ ਵਛਲੁ ਹਰਿ ਮਨਿ ਵਸਿਆ
ਸਹਜਿ ਮਿਲਿਆ ਪ੍ਰਭੁ ਸੋਇ॥

ਵਤਸ ਸ਼ਬਦ ਆਪਣੇ ਆਪ ਵਿਚ ਇਕ ਹੋਰ ਸ਼ਬਦ ਵਤਸਰ ਦਾ ਸੰਕੁਚਿਤ ਰੂਪ ਹੈ ਜਿਸ ਦਾ ਅਰਥ ਵਰਸ਼, ਸਾਲ; ਵਿਸ਼ਨੂੰ ਅਤੇ ਫੱਗਣ ਹੁੰਦਾ ਹੈ। ਵਤਸ ਸ਼ਬਦ ਪੰਜਾਬੀ ਵਿਚ ਪਿਆਰਾ; ਬੱਚਾ; ਗਊ ਆਦਿ ਦਾ ਬੱਚਾ ਦੇ ਅਰਥਾਂ ਵਿਚ ਕਈ ਥਾਂਈਂ ਵਰਤ ਹੋਇਆ ਹੈ:

ਵਤਸ ਬ੍ਰਿੰਦ ਬਹੁ ਪੁਸਟ ਸਹਾਏ॥

ਵਤਸ ਤੋਂ ਹੀ ਇਕ ਅਸੁਰ ਦਾ ਨਾਂ ਵਤਸਾਸੁਰ ਵੀ ਪਿਆ ਹੈ ਜਿਸ ਦੀ ਸ਼ਕਲ ਵੱਛੇ ਵਰਗੀ ਸੀ ਤੇ ਜਿਸ ਨੂੰ ਕ੍ਰਿਸ਼ਨ ਨੇ ਮਾਰਿਆ ਦੱਸਿਆ ਜਾਂਦਾ ਹੈ। ਇਸ ਦੀ ਕਥਾ ਭਾਗਵਤ ਪੁਰਾਣ ਵਿਚ ਆਉਂਦੀ ਹੈ। ਇਸ ਨੂੰ ਵੱਛ ਜਾਂ ਬੱਛ ਵੀ ਕਿਹਾ ਜਾਂਦਾ ਹੈ। ਇਕ ਹੋਰ ਮਹੱਤਵਪੂਰਨ ਸ਼ਬਦ 'ਸੰਮਤ' (ਜਿਵੇਂ ਵਿਕ੍ਰਮੀ ਸੰਮਤ ਆਦਿ) ਦਾ ਸਬੰਧ ਵੀ ਵਤਸਰ ਨਾਲ ਜੁੜਦਾ ਹੈ। ਵਤਸਰ ਦੇ ਅੱਗੇ 'ਸੰ' ਅਗੇਤਰ ਲੱਗ ਕੇ ਸ਼ਬਦ ਬਣਿਆ ਸੰਵਤਸਰ, ਬਾਅਦ ਵਿਚ ਇਸ ਦਾ ਰੂਪ ਬਦਲ ਕੇ ਸੰਵਤ ਤੇ ਸੰਮਤ ਹੋ ਗਿਆ। ਸਪਸ਼ਟ ਹੈ, ਇਸ ਸ਼ਬਦ ਦਾ ਅਰਥ ਸਾਲ, ਵਰ੍ਹਾ ਹੀ ਹੈ।

ਵਤਸ ਤੋਂ ਹੀ ਇਕ ਪਾਸੇ ਪੰਜਾਬੀ ਵੱਛਾ ਜਾਂ ਵਛੜਾ (ਦੁਆਬੀ ਵਿਚ ਬੱਛਾ/ਬਛੜਾ) ਅਤੇ ਦੂਜੇ ਪਾਸੇ ਜ਼ਿਕਰ ਕੀਤਾ ਜਾ ਰਿਹਾ ਸ਼ਬਦ ਬਾਖੜਾ ਜਾਂ ਵਾਖੜਾ ਬਣੇ ਹਨ। ਵਤਸਰ ਦੇ ਮੁਢਲੇ ਅਰਥ ਵਰਸ਼ ਹੋਣ ਤੋਂ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਵਤਸ ਜਾਂ ਵੱਛੇ ਦਾ ਪੁਰਾਤਨ ਅਰਥ ਗਾਂ ਦਾ ਇਕ ਸਾਲ ਜਾਂ ਲਗਭਗ ਇਕ ਸਾਲ ਦਾ ਬੱਚਾ ਹੈ। ਵੱਛਾ ਸ਼ਬਦ ਦੇ ਵਿਕਾਸ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ: ਵਤਸ > ਵੱਛ > ਵੱਛਾ (ਬੱਛਾ)। ਕਈ ਵਿਦਵਾਨ ਵਤਸ ਸ਼ਬਦ ਤੋਂ ਹੀ ਬੱਚਾ ਸ਼ਬਦ ਦਾ ਵਿਕਾਸ ਮੰਨਦੇ ਹਨ: ਵਤਸ > ਬੱਚ > ਬੱਚਾ। ਪਰ ਇਸ ਸਬੰਧ ਵਿਚ



ਸਮੱਸਿਆ ਇਹ ਹੈ ਕਿ ਸੰਸਕ੍ਰਿਤ ਵਿਚ ਬੱਚਾ ਸ਼ਬਦ ਮੌਜੂਦ ਨਹੀਂ ਹੈ। ਗੁਰਬਾਣੀ ਵਿਚ ਵੀ ਬੱਚਾ ਸ਼ਬਦ ਨਹੀਂ ਹੈ, ਹਾਂ ਬਚਰਾ ਜ਼ਰੂਰ ਆਇਆ ਹੈ:

ਊਡੇ ਊਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ॥
-ਗੁਰੂ ਅਰਜਨ ਦੇਵ

ਕੂੰਜ ਉਡ ਉਡ ਕੇ ਸੈਂਕੜੇ ਕੋਹ ਨਿਕਲ ਜਾਂਦੀ ਹੈ। ਉਸ ਨੇ ਪਿਛੇ ਆਪਣੇ ਬੱਚੇ ਇਕੱਲੇ ਹੀ ਛੱਡੇ ਹੋਏ ਹੁੰਦੇ ਹਨ। ਪੰਜਾਬੀ ਵਿਚ ਬੱਚਾ ਦਾ ਇਕ ਹੋਰ ਰੁਪਾਂਤਰਣ ਬਚਾ ਵੀ ਮਿਲਦਾ ਹੈ ਜੋ ਆਮ ਤੌਰ 'ਤੇ ਕਿਸੇ ਪੰਛੀ ਦੇ ਬੋਟ ਲਈ ਵਰਤਿਆ ਜਾਂਦਾ ਹੈ। ਬੱਚੂ, ਬਚਪਨ, ਬਚਗਾਨਾ ਆਦਿ ਵੀ ਇਸੇ ਨਾਲ ਸਬੰਧਤ ਸ਼ਬਦ ਹਨ। ਅਸਲ ਵਿਚ ਕੁਝ ਸਰੋਤ ਬੱਚਾ ਸ਼ਬਦ ਨੂੰ ਫਾਰਸੀ ਤੋਂ ਆਇਆ ਮੰਨਦੇ ਹਨ। ਅਜਿਹੀ ਘਾਲਾਮਾਲੀ ਸਥਿਤੀ ਵਿਚ ਕੁਝ ਵੀ ਨਿਰਣਾ ਕਰਨਾ ਮੁਸ਼ਕਿਲ ਹੈ। ਹਾਂ, ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਫਾਰਸੀ ਬੱਚਾ ਤੇ ਪੰਜਾਬੀ ਤੇ ਭਾਰਤ ਦੀਆਂ ਹੋਰ ਆਰਿਆਈ ਭਾਸ਼ਾਵਾਂ ਦਾ ਬੱਚਾ ਆਪੋ ਵਿਚ ਸਕੇ ਸੋਹਦਰੇ ਹਨ। ਏਨਾ ਹੀ ਨਹੀਂ, ਇਨ੍ਹਾਂ ਦੇ ਸਕੇ ਯੂਰਪ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਹਨ ਜਿਵੇਂ ਗਰੀਕ iroc (ਵਰ੍ਹਾ), ਲਾਤੀਨੀ vetus (ਪੁਰਾਣਾ), vitulus (ਵੱਛਾ), ਜਰਮਨ wider (ਇਕ ਸਾਲ ਦਾ ਲੇਲਾ)। ਮੌਨਸੂਨ ਪੌਣਾਂ ਦੀ ਤਰ੍ਹਾਂ Etsian Winds ਵੀ ਹੁੰਦੀਆਂ ਹਨ ਜੋ ਸਾਲ ਦੇ ਇਕ ਖਾਸ ਸਮੇਂ ਹੀ ਸਮੁੰਦਰ ਵਿਚ ਚਲਦੀਆਂ ਹਨ। ਇਨ੍ਹਾਂ ਨੂੰ ਵਾਰਸ਼ਿਕ ਪੌਣਾਂ ਕਿਹਾ ਜਾ ਸਕਦਾ ਹੈ। Etsian ਸ਼ਬਦ ਵੀ ਪਿਛੇ ਦਰਸਾਏ ਗਰੀਕ ਸ਼ਬਦ iroc (ਵਰ੍ਹਾ) ਤੋਂ ਬਣਿਆ ਹੈ। ਪਿਛੇ ਵਰਣਿਤ ਲਾਤੀਨੀ ਸ਼ਬਦਾਂ ਤੋਂ ਹੀ ਫਰਾਂਸੀਸੀ ਰਾਹੀਂ ਅੰਗਰੇਜ਼ੀ ਸ਼ਬਦ ਬਣਿਆ veal (ਗੋਸ਼ਤ ਲਈ ਪਾਲਿਆ ਵੱਛਾ)। ਬਹੁਤੇ ਇਤਿਹਾਸਕਾਰ ਤੇ ਭਾਸ਼ਾ ਵਿਗਿਆਨੀ ਮੰਨਦੇ ਹਨ ਕਿ ਇਟਲੀ ਦੇਸ਼ ਦਾ ਨਾਂ ਵੀ ਲਾਤੀਨੀ vitulus ਨਾਲ ਜੁੜਿਆ ਹੋਇਆ ਹੈ। ਇਟਲੀ ਦੇ ਲੋਕ ਆਪਣੇ ਦੇਸ਼ ਨੂੰ ਇਤਾਲੀਆ ਸੱਦਦੇ ਹਨ। ਇਹ ਲਾਤੀਨੀ ਸ਼ਬਦ ਗਰੀਕ ਭਾਸ਼ਾ ਰਾਹੀਂ ਆਇਆ ਹੈ ਜਿਸ ਨੇ ਇਸ ਨੂੰ ਦੱਖਣੀ ਇਟਲੀ ਦੀ ਆਰਿਆਈ ਭਾਸ਼ਾ ਔਸਕਨ ਤੋਂ ਲਿਆ ਸੀ। ਉਸ ਭਾਸ਼ਾ ਵਿਚ ਇਸ ਸ਼ਬਦ ਦਾ ਰੂਪ ਸੀ 'ਵਿਤੇਲਿਊ' ਤੇ ਅਰਥ ਸੀ 'ਵੱਛਿਆਂ ਦਾ ਦੇਸ਼.' ਗੌਰਤਲਬ ਹੈ ਕਿ ਰੋਮਨਾਂ ਦੇ ਖਿਲਾਫ਼ ਦੱਖਣੀ ਇਟਲੀ ਦੇ ਕਬੀਲਿਆਂ ਦੇ ਯੁਧਾਂ ਦੌਰਾਨ ਉਨ੍ਹਾਂ ਦਾ ਯੁਧ-ਚਿੰਨ੍ਹ ਬਲਦ ਸੀ ਜੋ ਰੋਮਨਾਂ ਦੇ ਬਘਿਆੜ ਨੂੰ ਆਪਣੇ ਸਿੰਗਾਂ ਨਾਲ ਪਾੜ ਸੁੱਟਦਾ ਸੀ। ਸਬੱਬ ਦੀ ਗੱਲ ਹੈ ਕਿ ਪੁਰਾਣਾਂ ਵਿਚ 'ਵਤਸ ਦੇਸ' ਦਾ ਜ਼ਿਕਰ ਮਿਲਦਾ ਹੈ। ਕਾਸ਼ੀ ਦੇ ਰਾਜਾ ਦਿਵੋਦਾਸ ਦੇ ਪੁੱਤਰ ਵਤਸ ਨੇ ਇਸ ਦੀ ਸਥਾਪਨਾ ਕੀਤੀ ਸੀ। ਉਧਰ ਦੰਦ ਕਥਾਵਾਂ ਅਨੁਸਾਰ 'ਇਤਾਲੀਆ' ਦੇ ਮੁਢਲੇ ਰਾਜੇ ਦਾ ਨਾਂ 'ਇਤਾਲਸ' ਸੀ। ਅਰਸਤੂ ਅਨੁਸਾਰ ਇਸ ਦੇਸ਼ ਦਾ ਨਾਂ ਇਸ ਰਾਜੇ ਦੇ ਨਾਂ ਪਿਛੇ ਪਿਆ। ਗ੍ਰੰਥਾਂ ਵਿਚ ਵਤਸ ਗਣ ਦਾ ਵੀ ਜ਼ਿਕਰ ਆਉਂਦਾ ਹੈ ਜਿਸ ਨੇ ਪਾਂਡਵਾਂ ਦਾ ਸਾਥ ਦਿੱਤਾ ਸੀ।

ਅੰਗਰੇਜ਼ੀ ਸ਼ਬਦ veteran (ਤਜਰਬੇਕਾਰ ਸਿਪਾਹੀ), veterinarian (ਡੰਗਰ ਡਾਕਟਰ, ਸਲੋਤਰੀਆ) ਅਤੇ wether ਜਿਸ ਦਾ ਅਰਥ ਖੱਸੀ ਭੇਡੂ ਅਤੇ ਪਿਛਲੇ ਸਾਲ ਲਾਹੀ ਉਨ ਹੁੰਦਾ ਹੈ, ਵੀ ਇਸੇ ਕੜੀ ਵਿਚ ਆਉਂਦੇ ਸ਼ਬਦ ਹਨ। ਇਨ੍ਹਾਂ ਸਾਰੇ ਸ਼ਬਦਾਂ ਦੇ ਪਿਛੇ ਕਾਰਜਸ਼ੀਲ ਸੰਕਲਪ 'ਇਕ ਸਾਲਾ' ਹੀ ਹੈ। ਏਥੇ ਇਹ ਗੱਲ ਵੀ ਧਿਆਨਯੋਗ ਹੈ ਕਿ ਇਕੋ ਮੂਲ ਤੋਂ ਉਲਟ-ਭਾਵੀ ਸ਼ਬਦਾਂ ਦਾ ਵਿਕਾਸ ਹੋ ਰਿਹਾ ਹੈ। ਜਿਵੇਂ ਬੱਚਾ ਜਾਂ ਬਚਪਨਾ ਦਾ ਭਾਵ ਨਾਸਮਝੀ, ਕਚੇਰਾਪਣ ਹੈ ਤੇ ਇਸ ਪਿਛੇ ਸਮੇਂ ਦੀ ਅਲਪ ਮਾਤਰਾ ਅਰਥਾਤ ਇਕੋ ਸਾਲ ਆਪਣਾ ਰੰਗ ਦਿਖਾ ਰਿਹਾ ਹੈ। ਦੂਜੇ ਪਾਸੇ ਵੈਟਰਨ (ਤਜਰਬੇਕਾਰ ਸਿਪਾਹੀ) ਵਿਚ ਪ੍ਰੌੜਤਾ ਦਾ ਭਾਵ ਇਸ ਲਈ ਸਮਾ ਗਿਆ ਹੈ ਕਿਉਂਕਿ ਇਸ ਵਿਚ ਇਕ ਸਾਲ ਦਾ ਨਹੀਂ ਬਲਕਿ ਸਾਲਾਂ ਦਾ ਭਾਵ ਜੁੜ ਗਿਆ ਹੈ।

ਵਿਦਵਾਨਾਂ ਨੇ ਇਨ੍ਹਾਂ ਸਾਰੇ ਸ਼ਬਦਾਂ ਦਾ ਭਾਰੋਪੀ ਮੂਲ wet ਨਿਰਧਾਰਿਤ ਕੀਤਾ ਹੈ ਜਿਸ ਦਾ ਅਰਥ ਸਾਲ ਹੈ। ਇਸੇ ਤੋਂ ਪਹਿਲਵੀ ਵਿਚ ਬਚਕ ਜਾਂ ਵਚਕ ਤੇ ਕੁਰਦਿਸ਼ ਵਿਚ ਵਾਰਾ ਸ਼ਬਦ ਬਣੇ। ਪੰਜਾਬੀ ਦਾ ਵਹਿੜਾ ਜਾਂ ਵਹਿੜਕਾ ਸ਼ਬਦ ਮੈਨੂੰ ਵਹਨ (ਢੋਣ) ਤੋਂ ਬਣਿਆ ਲਗਦਾ ਹੈ ਅਰਥਾਤ ਗਊ ਦਾ ਉਹ ਵੱਛਾ ਜੋ ਭਾਰ ਢੋਣ ਜਾਂ ਵਾਹੀ ਦੇ ਯੋਗ ਹੋ ਗਿਆ ਹੋਵੇ।

# ਕਾਮਨਵੈਲਥ ਖੇਡਾਂ:ਗੁਲਾਮੀ ਦੀ ਨਿਸ਼ਾਨੀ

## ਦੁਖਦੀ ਰਗ

ਦਲਬਾਰਾ ਸਿੰਘ ਮਾਂਗਟ

ਭਾਰਤ ਨੂੰ ਆਜ਼ਾਦ ਹੋਇਆਂ ਭਾਵੇਂ ਛੇ ਦਹਾਕੇ ਤੋਂ ਵੱਧ ਸਮਾਂ ਹੋ ਚੁੱਕਿਆ ਹੈ ਪਰ ਫਿਰ ਵੀ ਗੁਲਾਮੀ ਕਿਸੇ ਨਾ ਕਿਸੇ ਸਾਧਨ ਜ਼ਰੀਏ ਆਪਣੀ ਯਾਦ ਕਰਵਾ ਹੀ ਦਿੰਦੀ ਹੈ। ਇਸ ਸਬੰਧੀ ਹੁਣ ਦੀ ਮਿਸਾਲ ਰਾਸ਼ਟਰਮੰਡਲ (ਕਾਮਨਵੈਲਥ) ਖੇਡਾਂ ਹਨ। ਇਨ੍ਹਾਂ ਖੇਡਾਂ ਦੀ ਸ਼ੁਰੂਆਤ ਸੰਨ 1955 ਵਿਚ ਹੋਈ ਸੀ ਅਤੇ ਉਦੋਂ ਤੋਂ ਹੀ ਲਗਾਤਾਰ ਹਰ ਚਾਰ ਸਾਲ ਬਾਅਦ ਇਹ ਕਰਵਾਈਆਂ ਜਾਂਦੀਆਂ ਹਨ। ਫਰਕ ਇੰਨਾ ਹੈ ਕਿ ਇਹ ਏਸ਼ੀਆਈ ਅਤੇ ਉਲੰਪਿਕ ਖੇਡਾਂ ਤੋਂ ਦੋ ਸਾਲ ਅੱਗੇ-ਪਿੱਛੇ ਸਮੇਂ ਦਰਮਿਆਨ ਹੁੰਦੀਆਂ ਹਨ। ਇਨ੍ਹਾਂ ਖੇਡਾਂ ਵਿਚ ਕੇਵਲ ਉਹੀ ਦੇਸ਼ ਹਿੱਸਾ ਲੈਂਦੇ ਹਨ ਜੋ ਕਿਸੇ ਵੇਲੇ ਅੰਗਰੇਜ਼ਾਂ ਦੇ ਅਧੀਨ ਰਹੇ ਹਨ, ਭਾਵ ਅੰਗਰੇਜ਼ਾਂ ਦੇ ਗੁਲਾਮ ਸਨ; ਜਿਵੇਂ ਭਾਰਤ, ਪਾਕਿਸਤਾਨ, ਆਸਟਰੇਲੀਆ, ਕੈਨੇਡਾ, ਬੰਗਲਾਦੇਸ਼, ਦੱਖਣੀ ਅਫਰੀਕਾ, ਮਲੇਸ਼ੀਆ, ਨਿਊਜ਼ੀਲੈਂਡ, ਸਕਾਟਲੈਂਡ, ਵੇਲਜ਼, ਜਮਾਇਕਾ, ਸਿੰਘਾਪੁਰ, ਜ਼ਾਂਬੀਆ, ਕੈਮਰੂਨ, ਮਾਲਟਾ, ਮਲਾਵੀ, ਤਨਜ਼ਾਨੀਆ, ਸ੍ਰੀਲੰਕਾ, ਨਾਇਜੀਰੀਆ, ਨਾਂਬੀਆ, ਮਾਰੀਸ਼ਸ, ਮਾਲਦੀਵ, ਕੀਨੀਆ, ਰਵਾਂਡਾ, ਡੋਮੀਨੀਕਾ, ਸਾਈਪਰਸ, ਬਰੂਨੀ, ਗੁਈਆਨਾ, ਬਹਾਮਸ ਆਦਿ। ਹੁਣ ਤੱਕ ਇਹ ਖੇਡਾਂ ਚੌਦਾਂ ਵਾਰੀ ਹੋ ਚੁੱਕੀਆਂ ਹਨ:

1958 ਕਾਰਡਿਫ (ਵੇਲਜ਼)
1962 ਪਰਥ (ਅਸਟਰੇਲੀਆ)
1966 ਕਿੰਗਸਟਨ (ਜਮਾਇਕਾ)
1970 ਐਡਿਨਬਰਗ (ਸਕਾਟਲੈਂਡ)
1974 ਕਰਾਈਸਟ ਚਰਚ (ਨਿਊਜ਼ੀਲੈਂਡ)
1978 ਐਡਮੰਟਨ (ਕੈਨੇਡਾ)
1982 ਬ੍ਰਿਸਬੇਨ (ਆਸਟਰੇਲੀਆ)
1986 ਐਡਿਨਬਰਗ (ਸਕਾਟਲੈਂਡ)
1990 ਆਕਲੈਂਡ (ਨਿਊਜ਼ੀਲੈਂਡ)
1994 ਵਿਕਟੋਰੀਆ (ਕੈਨੇਡਾ)
1998 ਕੁਆਲਾਲੰਪੁਰ (ਮਲੇਸ਼ੀਆ)
2002 ਮਾਨਚੈਸਟਰ (ਇੰਗਲੈਂਡ)
2006 ਮੈਲਬੌਰਨ (ਆਸਟਰੇਲੀਆ)

2010 ਦੀਆਂ ਖੇਡਾਂ ਪਹਿਲੀ ਵਾਰੀ ਦਿੱਲੀ ਵਿਚ ਕਰਵਾਈਆਂ ਗਈਆਂ ਜਿਸ ਦੀ ਤਿਆਰੀ ਲਈ ਤਕਰੀਬਨ 8 ਸਾਲ ਦਾ ਸਮਾਂ ਮਿਲਦਾ ਹੈ। 2002 ਵਿਚ ਮਾਨਚੈਸਟਰ (ਇੰਗਲੈਂਡ) ਦੀਆਂ ਖੇਡਾਂ ਵੇਲੇ ਭਾਰਤ ਨੂੰ ਇਹ ਖੇਡਾਂ ਦਿੱਲੀ ਸ਼ਹਿਰ ਦੇ ਮੇਅਰ ਰਾਹੀਂ ਸੌਂਪੀਆਂ ਗਈਆਂ ਸਨ। ਉਥੇ ਹੀ ਭਾਰਤੀ ਮਹਿਲਾ ਹਾਕੀ ਟੀਮ ਨੇ ਵਿਵਾਦ ਵਾਲੇ ਗੋਲ ਰਾਹੀਂ ਹਾਕੀ ਵਿਚ ਸੋਨੇ ਦਾ ਤਮਗਾ ਜਿੱਤ ਕੇ ਇਤਿਹਾਸ ਬਣਾਇਆ ਸੀ। ਕਹਿਣ ਦਾ ਭਾਵ ਹੈ ਕਿ ਖੇਡਾਂ ਕਰਵਾਉਣ ਵਾਲੇ ਦੇਸ਼ ਨੂੰ ਜ਼ਰੂਰਤ ਤੋਂ ਵੱਧ ਸਮਾਂ ਮਿਲਦਾ ਹੈ; ਹਰ ਚੀਜ਼ ਦੀ ਤਿਆਰੀ ਕਰਨ ਲਈ ਜਿਵੇਂ ਬੁਨਿਆਦੀ ਢਾਂਚਾ, ਸਪੋਰਟਸ ਕੈਂਪਸ, ਸਕਿਊਰਿਟੀ ਅਤੇ ਖੇਡਾਂ ਲਈ ਸਾਮਾਨ ਆਦਿ। ਅਸੀਂ ਅੱਠ ਸਾਲ ਬਗੈਰ ਕਿਸੇ ਤਾਣੇ-ਬਾਣੇ ਤੋਂ ਲੰਮੀਆਂ ਤਾਣ ਕੇ ਸੁੱਤੇ ਰਹੇ। ਅਖੀਰ ਜਦੋਂ ਟਿੱਡੀ ਦਲ ਸਿਰ 'ਤੇ ਹੀ ਆ ਗਿਆ ਤਾਂ ਪੀਪੇ ਖੜਕਾਉਣੇ ਸ਼ੁਰੂ ਕਰ ਦਿੱਤੇ ਜਿਸ ਦਾ ਨਤੀਜਾ ਅਸੀਂ ਦੇਖ ਹੀ ਲਿਆ ਹੈ। ਇਹੀ ਵਜ੍ਹਾ ਹੈ ਕਿ ਅੱਜ ਤੱਕ ਸਾਨੂੰ ਉਲੰਪਿਕ ਖੇਡਾਂ ਪ੍ਰਾਪਤ ਨਹੀਂ ਹੋ ਸਕੀਆਂ ਜਦੋਂਕਿ ਛੋਟੇ-ਛੋਟੇ ਮੁਲਕ ਜਾਪਾਨ, ਕੋਰੀਆ ਨੇ ਇਹ ਕਾਰਨਾਮਾ 1964 ਅਤੇ 1988 ਵਿਚ ਕਰ ਵਿਖਾਇਆ।



ਪਹਿਲਾਂ ਤਾਂ ਸਵਾਲ ਇਹ ਹੈ ਕਿ ਖੇਡਾਂ ਦੀ ਵਾਗਡੋਰ ਉਨ੍ਹਾਂ ਲੋਕਾਂ ਦੇ ਹੱਥ ਵਿਚ ਦੇ ਦੇਣੀ ਜਿਹੜੇ ਕੇਵਲ ਜੀ ਹਜ਼ੂਰੀ ਅਤੇ ਚਾਪਲੂਸੀ ਤੋਂ ਸਿਵਾਏ ਕੁਝ ਨਹੀਂ ਜਾਣਦੇ, ਕਿੰਨੀ ਕੁ ਸਿਆਣਪ ਹੈ। ਸਭ ਤੋਂ ਵੱਡੀ ਗਲਤੀ ਸੁਰੇਸ਼ ਕਲਮਾਡੀ ਅਤੇ ਭਨੋਟ ਨੂੰ ਮੋਹਰੀ ਬਣਾਉਣਾ ਸੀ ਜਿਨ੍ਹਾਂ ਕਦੇ ਕੱਛੇ-ਬੁਨੈਣ ਵਿਚ ਕੋਈ ਖੇਡ ਵੀ ਨਹੀਂ ਖੇਡੀ। ਹਾਂ, ਰਾਜਨੀਤੀ ਵਿਚ ਹੋਣ ਕਰਕੇ ਇਕ-ਅੱਧੀ ਵਾਰ ਟੁੱਟੀ-ਫੁੱਟੀ ਮੈਰਾਥਨ ਜ਼ਰੂਰ ਕਰਵਾ ਦਿੱਤੀ ਸੀ। ਭਾਰਤੀ ਉਲੰਪਿਕ ਸੰਘ ਦੇ ਲੰਮੇ ਸਮੇਂ ਤੋਂ ਮੁਖੀ ਰਹਿ ਚੁੱਕੇ ਮਰਹੂਮ ਰਾਜਾ ਭਲਿੰਦਰ ਸਿੰਘ ਦੇ ਪੁੱਤਰ ਰਣਧੀਰ ਸਿੰਘ ਜ਼ਰੂਰ ਢੁਕਵੀਂ ਚੋਣ ਸੀ ਜਿਸੇ ਨੇ ਆਪਣੇ ਕੈਰੀਅਰ ਵਿਚ ਰਾਈਫਲ ਸ਼ੂਟਿੰਗ ਵਿਚ ਏਸ਼ੀਆਈ ਤੇ ਉਲੰਪਿਕ ਖੇਡਾਂ ਵਿਚ ਦੇਸ਼ ਦਾ ਨਾਂ ਉਚਾ ਕੀਤਾ ਸੀ। ਇਹੋ ਵਜ੍ਹਾ ਹੈ ਕਿ ਉਨ੍ਹਾਂ ਉਪਰ ਦਾਗ਼ ਵੀ ਕੋਈ ਨਹੀਂ ਲੱਗਾ।

ਦੂਸਰੀ ਗੱਲ ਕਿ ਜਦੋਂ 1982 ਦੀਆਂ ਏਸ਼ੀਆ ਖੇਡਾਂ ਦੌਰਾਨ ਬਣਾਏ ਗਏ ਨਹਿਰੂ ਸਟੇਡੀਅਮ, ਤਾਲਕਟੋਰਾ ਸਵਿਮਿੰਗ ਪੂਲ, ਤੁਗਲਕਾਬਾਦ ਸ਼ੂਟਿੰਗ ਰੇਂਜ, ਰਾਜਘਾਟ ਵੈਲੋਡਰੋਮ ਵਰਗੇ ਨਵੇਂ ਕੰਪਲੈਕਸਾਂ ਦੇ ਹੁੰਦਿਆਂ ਨਵੇਂ ਖੇਡ ਪਿੰਡ ਦੀ ਕੀ ਲੋੜ ਸੀ? ਉਹ ਵੀ ਉਦੋਂ ਜਦੋਂ ਮੁਲਕ ਭੁੱਖ-ਨੰਗ ਨਾਲ ਜੂਝ ਰਿਹਾ ਹੈ। ਰਾਜਧਾਨੀ ਦੇ ਦੱਖਣੀ ਹਿੱਸੇ ਵਿਚ 1982 ਵੇਲੇ ਇਕ ਸ਼ਾਨਦਾਰ 'ਸਪੋਰਟਸ ਵਿਲੇਜ' ਬਣਾਇਆ ਗਿਆ ਸੀ ਜਿਹੜਾ ਮੁੱਖ ਸਟੇਡੀਅਮ ਜੇ.ਐਲ.ਐਨ. ਤੋਂ ਤਕਰੀਬਨ ਦਸ ਮਿੰਟ ਦੀ ਦੂਰੀ 'ਤੇ ਹੀ ਸੀ ਅਤੇ ਖਿਡਾਰੀਆਂ ਲਈ ਆਉਣ-ਜਾਣ ਦੀ ਵੱਡੀ ਸਹੂਲਤ ਵੀ ਸੀ। ਏਸ਼ੀਆਈ ਖੇਡਾਂ ਖ਼ਤਮ ਹੁੰਦਿਆਂ ਹੀ ਅਫ਼ਸਰਸ਼ਾਹਾਂ ਨੇ ਇਸ ਨੂੰ ਸਸਤੇ ਭਾਅ ਖਰੀਦ ਕੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਜਿਥੋਂ ਤੱਕ ਖੇਡਾਂ ਵਿਚ ਇਸਤੇਮਾਲ ਹੋਣ ਵਾਲੇ ਸਾਮਾਨ ਦੀ ਗੱਲ ਹੈ, ਉਂਜ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਜਲੰਧਰ ਅਤੇ ਮੇਰਠ ਖੇਡਾਂ ਦੇ ਸਾਮਾਨ ਦਾ ਘਰ ਹਨ, ਪਰ ਕੌਮਾਂਤਰੀ ਪੱਧਰ ਦੀ ਸੂਈ ਤੱਕ ਵੀ ਨਹੀਂ ਬਣਦੀ ਅਤੇ ਬਾਹਰਲੇ ਦੇਸ਼ਾਂ ਤੋਂ ਹੀ ਸਾਰਾ ਸਮਾਨ ਮੰਗਵਾਉਣਾ ਪੈਂਦਾ ਹੈ। ਸਾਊਥ ਈਸਟ ਏਸ਼ੀਆ ਦੇ ਗਰੀਬ ਮੁਲਕ ਥਾਈਲੈਂਡ ਨੇ ਚਾਰ ਵਾਰੀ ਏਸ਼ੀਆਈ ਖੇਡਾਂ, ਪੁਰਾਣੇ ਸਟੇਡੀਅਮਾਂ ਨੂੰ ਅਪਡੇਟ ਕਰਕੇ ਕਰਵਾਈਆਂ ਸਨ। ਇਉਂ ਸਾਡੀ ਵੀ ਕਰੋੜਾਂ ਦੀ ਲਾਗਤ ਬਚ ਸਕਦੀ ਸੀ ਅਤੇ 'ਗੁਲਾਮੀ ਖੇਡਾਂ' ਵੀ ਹੋ ਜਾਂਦੀਆਂ, ਪਰ ਨਹੀਂ ਅਜਿਹਾ ਕੀਤਾ ਨਹੀਂ ਗਿਆ। ਇਹੀ ਵਜ੍ਹਾ ਹੈ ਕਿ ਆਏ ਦਿਨ ਆਲੂ-ਟਮਾਟਰਾਂ ਦੇ ਭਾਅ ਆਕਾਸ਼ ਨੂੰ ਛੂਹ ਰਹੇ ਹਨ। ਮਸਲਾ ਤਾਂ ਇਹੀ ਹੈ ਕਿ ਜੇਕਰ ਨਵੀਂ ਚੀਜ਼ ਨਾ ਬਣਦੀ ਤਾਂ ਚੌਧਰੀਆਂ ਦੀਆਂ ਜੇਬਾਂ ਕਿਵੇਂ ਭਰਦੀਆਂ? ਤੇ ਸਵਿਸ ਬੈਂਕ ਵਿਚ ਖਾਤੇ ਕਿਵੇਂ ਖੁੱਲ੍ਹਦੇ? ਫਿਰ ਬਾਬਾ ਰਾਮ ਦੇਵ ਨੂੰ ਆਪਣਾ ਲੰਗੋਟਾ ਕੱਸ ਕੇ ਬਾਹਰਲੀਆਂ ਬੈਂਕਾਂ ਵਿਚ ਪਿਆ ਕਾਲਾ ਧਨ ਵਾਪਿਸ ਕਰਵਾਉਣ ਲਈ ਅੰਦੋਲਨ ਕਰਨ ਦੀ ਲੋੜ ਵੀ ਨਾ ਪੈਂਦੀ ਅਤੇ ਭਨੋਟ ਵਰਗਿਆਂ ਨੂੰ ਜੇਲ੍ਹ ਕੋਠੜੀ ਵਿਚ ਵੀ ਨਾ ਜਾਣਾ ਪੈਂਦਾ।

ਅਕਸਰ ਸੁਣਨ ਵਿਚ ਆਉਂਦਾ ਰਿਹਾ ਹੈ ਕਿ 'ਹਮਾਰੇ ਸ਼ੇਰੋਂ' ਨੇ ਸੋਨੇ ਦੇ 101 ਤਮਗੇ ਜਿੱਤ ਕੇ ਇਤਿਹਾਸ ਬਣਾ ਦਿੱਤਾ। ਮੁਆਫ਼ ਕਰਨਾ, ਇਨ੍ਹਾਂ ਖੇਡਾਂ ਵਿਚ ਹਿੱਸਾ ਲੈਣ ਵਾਲੇ ਦੇਸ਼ਾਂ ਦੀਆਂ ਥਰਡ ਕਲਾਸ ਟੀਮਾਂ ਅਤੇ ਖਿਡਾਰੀ ਹਿੱਸਾ ਲੈਂਦੇ ਹਨ ਤਾਂ ਕਿ ਉਨ੍ਹਾਂ ਨੂੰ ਤਜਰਬਾ ਹੋ ਸਕੇ। ਜੇ ਅਸਲੀਅਤ ਦੇਖਣੀ ਹੈ ਤਾਂ ਭਾਰਤ ਆਸਟਰੇਲੀਆ ਵਿਚਾਲੇ ਹੋਏ ਹਾਕੀ ਫਾਈਨਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਜਿਸ ਵਿਚ 8 ਗੋਲ ਖਾ ਕੇ ਵੀ ਇਤਿਹਾਸ ਬਣਾਇਆ ਗਿਆ ਜਿਹੜਾ ਪਹਿਲਾਂ ਕਦੀ ਨਹੀਂ ਸੀ ਹੋਇਆ। ਰਹਿੰਦੀ ਕਸਰ ਕੁਝ ਦਿਨਾਂ ਬਾਅਦ ਚੀਨ ਵਿਚ ਹੋਈਆਂ ਏਸ਼ੀਆਈ ਖੇਡਾਂ ਦੇ ਨਤੀਜਿਆਂ ਨੇ ਪੂਰੀ ਕਰ ਦਿੱਤੀ ਜਿਸ ਵਿਚ ਕੇਵਲ ਗਿਣਵੇਂ-ਚੁਣਵੇਂ ਤਮਗੇ ਹੀ ਮਿਲ ਸਕੇ। ਭਾਰਤੀ ਹਾਕੀ ਟੀਮ ਸੈਮੀ ਫਾਈਨਲ ਵਿਚ ਹਾਰ ਗਈ। ਟੈਨਿਸ ਸਟਾਰ ਸਾਨੀਆ ਮਿਰਜ਼ਾ ਪਹਿਲੇ ਮੈਚ 'ਚੋਂ ਹੀ ਬਾਹਰ ਹੋ ਗਈ ਅਤੇ ਬਿੰਦਰਾ ਦੀ ਬੰਦੂਕ ਨੂੰ ਸੱਪ ਸੁੰਘ ਗਿਆ ਜਦੋਂਕਿ ਪਾਕਿਸਤਾਨ ਹਾਰ ਕੇ ਵੀ ਬਾਜ਼ੀ ਮਾਰ ਗਿਆ। ਗੁਆਂਢੀ ਦੇਸ਼ ਚੀਨ ਨੇ 2003 ਅਤੇ 2010 ਦੀਆਂ ਉਲੰਪਿਕ ਅਤੇ ਏਸ਼ੀਆਈ ਖੇਡਾਂ ਕਰਵਾ ਕੇ ਚਿਤੀ ਨਹੀਂ ਫਟਕਣ ਦਿੱਤੀ, ਪਰ ਅਸੀਂ 'ਖਾਣੇ ਛੋਲੇ, ਡਕਾਰ ਬਦਾਮਾਂ ਦੇ' ਦੀਆਂ ਹਰਕਤਾਂ ਤੋਂ ਬਾਜ਼ ਨਹੀਂ ਆਉਂਦੇ। ਧੰਨਵਾਦ ਕਰੋ ਕਸਾਬ ਵਰਗਿਆਂ ਦਾ ਕਿ ਖੇਡਾਂ ਦੌਰਾਨ ਕੋਈ ਵਾਰਦਾਤ ਨਹੀਂ ਹੋਈ ਜਿਸ ਨੂੰ ਕਿਰਨ ਬੇਦੀ ਵਰਗੀ ਅੱਵਲ ਟਰੈਫਿਕ ਜਾਂ ਸਕਿਊਰਿਟੀ ਇੰਚਾਰਜ ਦਾ ਵਧੀਆ ਇੰਤਜ਼ਾਮ ਕਿਹਾ ਜਾ ਸਕਦਾ ਹੈ।

ਵਿਸ਼ਵ ਦੇ ਬਦਲ ਰਹੇ ਰੁਝਾਨ ਨੂੰ ਦੇਖਦਿਆਂ ਕਿੰਨਾ ਚੰਗਾ ਹੁੰਦਾ, ਜੇ ਦਿੱਲੀ ਦੀਆਂ ਕਾਮਨਵੈਲਥ ਖੇਡਾਂ ਦੇ ਉਦਘਾਟਨ-ਸਮਾਪਤੀ ਸਮਾਗਮ ਛੱਡ ਕੇ ਬਾਕੀ ਖੇਡਾਂ ਅਲੱਗ-ਅਲੱਗ ਰਾਜਾਂ ਦੇ ਸ਼ਹਿਰਾਂ ਵਿਚ ਕਰਵਾ ਲਈਆਂ ਜਾਂਦੀਆਂ ਜਿਵੇਂ ਹਾਕੀ ਪੰਜਾਬ ਵਿਚ, ਫੁਟਬਾਲ ਪੱਛਮੀ ਬੰਗਾਲ ਅਤੇ ਕੁਸ਼ਤੀ ਹਰਿਆਣਾ ਵਿਚ, ਆਦਿ। ਅਜਿਹਾ ਕਰਨ ਨਾਲ ਉਠ ਰਹੀ ਨਵੀਂ ਪਨੀਰੀ ਵਿਚ ਖੇਡਾਂ ਲਈ ਉਤਸ਼ਾਹ ਵੀ ਪੈਦਾ ਹੋ ਜਾਂਦਾ ਅਤੇ ਖਰਚੇ ਦਾ ਭਾਰ ਵੀ ਵੰਡਿਆ ਜਾਂਦਾ ਜਿਵੇਂ ਵਿਸ਼ਵ ਕ੍ਰਿਕਟ ਕੱਪ ਵਾਲਿਆਂ ਨੇ ਕੀਤਾ ਹੈ। ਕੌਮਾਂਤਰੀ ਉਲੰਪਿਕ ਕਮੇਟੀ ਦੇ ਪ੍ਰਧਾਨ ਸਪੇਨ ਨੇ 1982 ਦੀਆਂ ਏਸ਼ੀਆਈ ਖੇਡਾਂ ਮਗਰੋਂ ਉਦੋਂ ਦੇ ਪ੍ਰਧਾਨ ਮੰਤਰੀ ਨੂੰ ਸੋਨੇ ਦਾ ਤਮਗਾ ਦੇ ਕੇ ਸਨਮਾਨਤ ਕੀਤਾ ਸੀ ਪਰ ਕਾਮਨਵੈਲਥ ਖੇਡਾਂ ਨੇ ਡਾ. ਮਨਮੋਹਨ ਸਿੰਘ ਨੂੰ ਪਾਰਲੀਮੈਂਟ ਵਿਚ ਵਿਰੋਧੀ ਧਿਰ ਦੇ ਮਿਹਣਿਆਂ ਭ੍ਰਿਸ਼ਟਾਚਾਰ ਨਾ ਰੋਕ ਸਕਣ ਦੇ ਦੋਸ਼ਾਂ ਤੋਂ ਸਿਵਾਏ ਕੁਝ ਨਹੀਂ ਮਿਲਿਆ। ਡਾ. ਮਨਮੋਹਨ ਸਿੰਘ ਵੀ ਸੋਚਦੇ ਹੋਣਗੇ ਕਿ ਜੇਕਰ ਇਨ੍ਹਾਂ ਖੇਡਾਂ 'ਚ ਇਤਨਾ ਧਨ ਹੀ ਚੁੱਲ੍ਹੇ ਪਾਉਣਾ ਸੀ ਤਾਂ ਬਲਦੀ ਅੱਗ 'ਚ ਥੋੜ੍ਹਾ ਜਿਹਾ ਹੋਰ ਤੇਲ ਪਾ ਕੇ ਉਲੰਪਿਕ ਖੇਡਾਂ ਹੀ ਕਰਵਾ ਲੈਂਦੇ! ਫਿਰ ਇਹ ਕਹਿਣ ਜੋਗੇ ਤਾਂ ਹੁੰਦੇ ਕਿ ਭਾਰਤ ਵੀ ਉਲੰਪਿਕ ਖੇਡਾਂ ਕਰਵਾ ਸਕਦਾ ਹੈ। ਨਾਲੇ ਆਜ਼ਾਦ ਹੋ ਕੇ ਵੀ ਗੁਲਾਮੀ ਨੂੰ ਵੀ ਯਾਦ ਨਾ ਕਰਨਾ ਪੈਂਦਾ!!

# ਗੁਰਮਤਿ ਅਤੇ ਭਾਰਤੀ ਦਰਸ਼ਨ ਸ਼ਾਸਤਰ-7

**ਡਾ. ਗੁਰਨਾਮ ਕੌਰ**

ਪਿਛਲੇ ਲੇਖ ਵਿਚ 'ਬਚਿੱਤਰ ਨਾਟਕ' ਬਾਰੇ ਗੱਲ ਕਰਦਿਆਂ ਯੋਗ ਅਤੇ ਤਪ-ਸਾਧਨਾ ਪ੍ਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਚਾਰਧਾਰਾ ਵੱਲ ਇਸ਼ਾਰਾ ਕੀਤਾ ਗਿਆ ਸੀ। 'ਅਕਾਲ ਉਸਤਤਿ' ਜਿਸ ਨੂੰ ਬਹੁ-ਗਿਣਤੀ ਸਿੱਖ ਜਗਤ ਵੱਲੋਂ ਦਸਮ ਪਾਤਿਸ਼ਾਹ ਹਜ਼ੂਰ ਦੀ ਰਚਨਾ ਮੰਨਿਆ ਗਿਆ ਹੈ, ਵਿਚ ਵੀ ਤਪ-ਸਾਧਨਾ, ਤੀਰਥ-ਇਸ਼ਨਾਨ, ਸੰਨਿਆਸ ਆਦਿ ਕ੍ਰਿਆਵਾਂ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ ਸਗੋਂ ਅਜਿਹੀਆਂ ਕ੍ਰਿਆਵਾਂ ਦੀ ਬੜੇ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ। ਅੱਖਾਂ ਬੰਦ ਕਰਕੇ ਸਮਾਧੀ ਲਾਉਣ ਨੂੰ ਬਗਲੇ ਨਾਲ ਤਸ਼ਬੀਹ ਦਿੱਤੀ ਹੈ ਜੋ ਇੱਕ ਟੰਗ ਦੇ ਭਾਰ ਅੱਖਾਂ ਬੰਦ ਕਰਕੇ ਪਾਣੀ ਵਿਚ ਮੱਛੀਆਂ ਦਾ ਸ਼ਿਕਾਰ ਕਰਨ ਲਈ ਖੜ੍ਹਾ ਰਹਿੰਦਾ ਹੈ। ਥਾਂ ਥਾਂ ਘੁੰਮ ਕੇ ਤੀਰਥ-ਇਸ਼ਨਾਨ ਕਰਨ ਵਾਲਿਆਂ ਨੂੰ ਆਪਣਾ ਇਹ ਜਹਾਨ ਅਤੇ ਉਹ ਜਹਾਨ

## ਗੁਰਮਤਿ ਚਿੰਤਨ

ਵੀ ਗੁਆਉਣ ਵਾਲੇ ਕਿਹਾ ਗਿਆ ਹੈ। ਇਸੇ ਤਰ੍ਹਾਂ ਵੈਰਾਗ ਅਤੇ ਸੰਨਿਆਸ ਧਾਰਨ ਕਰਨ ਨੂੰ ਫੋਕਟ ਤੇ ਭਰਮ-ਮੂਲਕ ਕਰਮ ਕਿਹਾ ਹੈ:

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ
ਬੈਠਿ ਰਹਿਓ ਬਕ ਧਿਆਨ ਲਗਾਇਓ॥
ਨਾਤ ਫਿਰਿਓ ਲੀਏ ਸਾਤ ਸਮੁਦ੍ਰਨਿ
ਲੋਕ ਗਯੋ ਪਰਲੋਕ ਗਵਾਇਓ॥...
ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥10॥30॥
ਬੈਰਾਗ ਕਹੂ ਸੰਨਿਆਸ॥
ਕਹੂ ਫਿਰਤ ਰੂਪ ਉਦਾਸ॥19॥49॥
ਸਭ ਕਰਮ ਫੋਕਟ ਜਾਨ॥
ਸਭ ਧਰਮ ਨਿਹਫਲ ਮਾਨ॥
ਬਿਨ ਏਕ ਨਾਮ ਅਧਾਰ॥
ਸਭ ਕਰਮ ਭਰਮ ਬਿਚਾਰ॥20॥50॥

ਇਹੀ ਨਹੀਂ 'ਅਕਾਲ ਉਸਤਤਿ' ਵਿਚ ਅੱਗੇ ਕਿਹਾ ਹੈ ਕਿ ਜੇ ਸਰੀਰ ਉਤੇ ਕਸ਼ਟ ਸਹਿਣ ਨਾਲ ਉਸ ਪਰਮਾਤਮਾ ਨੂੰ ਪਾ ਸਕਦੇ ਹੋਈਏ ਤਾਂ ਘਾਇਲ ਅਦਮੀ ਦਾ ਸਰੀਰ ਤਾਂ ਕਿੰਨਾ ਕਸ਼ਟ ਸਹਿੰਦਾ ਹੈ? ਇਸੇ ਤਰ੍ਹਾਂ ਜੇ ਮਹਿਜ ਜਾਪ ਕਰਨ ਨਾਲ ਉਸ ਨੂੰ ਪਾ ਸਕੀਏ ਤਾਂ ਪਪੀਹਾ ਤਾਂ ਹਮੇਸ਼ਾ 'ਤੂੰ ਤੂੰ' ਜਪਦਾ ਰਹਿੰਦਾ ਹੈ। ਜੇ ਅੱਗ ਵਿਚ ਜਲਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੋਵੇ ਫਿਰ ਤਾਂ ਉਹ ਸਤੀ ਜੋ ਪਤੀ ਦੀ ਚਿਖਾ ਤੇ ਜਲਦੀ ਹੈ, ਸਿੱਧੀ ਹੀ ਮੁਕਤੀ ਪ੍ਰਾਪਤ ਕਰ ਲਵੇਗੀ। ਇਸੇ ਤਰ੍ਹਾਂ ਜੇ ਗੁਫਾਵਾਂ ਵਿਚ ਸਮਾਧੀਆਂ ਲਾਉਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਫਿਰ ਸੱਪ ਆਦਿ ਵੀ ਮੁਕਤੀ ਪ੍ਰਾਪਤ ਕਰ ਲੈਣਗੇ ਜਿਹੜੇ ਰਹਿੰਦੇ ਹੀ ਧਰਤੀ ਦੇ ਅੰਦਰ ਹਨ:

ਤਾਪ ਕੇ ਸਹੈ ਤੇ ਜੋ ਪੈ ਪਾਈਐ
ਅਤਾਪ ਨਾਥ ਤਾਪਨਾ
ਅਨੇਕ ਤਨ ਘਾਇਲ ਸਹਿਤ ਹੈ॥
ਜਾਪ ਕੇ ਕੀਏ ਤੇ ਜੋ ਪੈ ਪਾਯਤ
ਅਜਾਪ ਦੇਵ ਪੂਦਨਾ ਸਦੀਵ
ਤੂ ਹੀ ਤੂ ਹੀ ਉਚਰਤ ਹੈ॥

ਦੋ ਰਚਨਾਵਾਂ 'ਅਕਾਲ ਉਸਤਤਿ' ਅਤੇ 'ਬਚਿੱਤਰ ਨਾਟਕ' ਗੁਰੂ ਗੋਬਿੰਦ ਸਿੰਘ ਦੀਆਂ ਹੋ ਕੇ ਆਪਸ ਵਿਚ ਵਿਰੋਧੀ ਕਿਵੇਂ ਹੋ ਸਕਦੀਆਂ ਹਨ? 'ਹੇਮ ਕੁੰਟ ਪਰਬਤ ਹੈ ਜਹਾਂ', ਇਸ ਰਚਨਾ ਨੂੰ ਆਧਾਰ ਬਣਾ ਕੇ 'ਹੇਮ ਕੁੰਡ' ਸਥਾਨ ਵੀ ਬਣਾ ਦਿੱਤਾ ਗਿਆ ਹੈ ਪਰ ਇਹ ਸੋਚਣ ਵਾਲੀ ਗੱਲ ਹੈ ਕਿ ਜਿੱਥੇ ਯਾਤਰਾ ਕਰਨ ਜਾਣ ਲਈ ਰਸਤਾ ਵੀ ਕੁੱਝ ਸੀਮਤ ਸਮੇਂ ਲਈ ਹੀ ਖੁੱਲ੍ਹਦਾ ਹੈ, ਕੀ ਉਸ ਬਰਫਾਂ ਲੱਦੇ ਸਥਾਨ 'ਤੇ ਲਗਾਤਾਰ ਰਹਿ ਕੇ ਤਪੱਸਿਆ ਕੀਤੀ ਜਾ ਸਕਦੀ ਹੈ? ਪਰ ਗੁਰਮਤਿ ਚਿੰਤਨ ਵਿਚ ਤਾਂ ਜਦੋਂ ਤਪੱਸਿਆ ਵਰਗੇ ਸੰਕਲਪ ਨੂੰ ਮੁੱਢੋਂ ਹੀ ਨਕਾਰ ਦਿੱਤਾ ਗਿਆ ਹੈ ਫਿਰ 'ਹੇਮ ਕੁੰਟ' ਵਰਗੇ ਸਥਾਨ ਦੀ ਗੱਲ ਕਰਨਾ ਸੰਦਰਭ ਤੋਂ ਹੀ ਬਾਹਰ ਹੈ। ਗੁਰਬਾਣੀ ਵਿਚ ਤਾਂ ਇਸ ਕਿਸਮ ਦੀ ਤਪੱਸਿਆ ਬਾਰੇ ਕਿਹਾ ਹੈ,

ਤਨ ਹੈ ਮੰਚਲਿ ਗਾਲੀਐ ਭੀ
ਮਨ ਤੇ ਰੋਗੁ ਨ ਜਾਇ॥
ਹਰਿ ਨਾਮੈ ਤੁਲਿ ਨ ਪੁਜਈ
ਸਭ ਡਿਠੀ ਠੋਕਿ ਵਜਾਇ॥ (ਪੰਨਾ 620)

ਅੱਗੇ ਦੱਸਿਆ ਹੈ ਕਿ ਅਸੀਂ (ਗੁਰੂ ਗੋਬਿੰਦ ਸਿੰਘ ਨੇ) ਮਹਾਂਕਾਲ ਕਾਲਕਾ ਦੀ ਅਰਾਧਨਾ ਕੀਤੀ। ਸਿੱਖ ਧਰਮ ਚਿੰਤਨ ਵਿਚ 'ਮਹਾ ਕਾਲ' ਅਤੇ 'ਕਾਲਕਾ' ਦੀ ਅਰਾਧਨਾ ਦਾ ਕੋਈ ਸੰਕਲਪ ਪ੍ਰਾਪਤ ਨਹੀਂ ਹੈ। ਦਸਮ ਗ੍ਰੰਥ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਮੰਨਣ ਵਾਲੇ ਕੁੱਝ ਵਿਦਵਾਨ 'ਮਹਾਂਕਾਲ' ਦਾ ਅਰਥ ਪਰਮਾਤਮਾ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਅਕਾਲ ਪੁਰਖ' ਸ਼ਬਦ ਪਰਮਾਤਮਾ ਲਈ ਆਇਆ ਹੈ। ਅਕਾਲ ਤੋਂ ਭਾਵ ਹੈ ਜੋ ਸਮੇਂ ਦੇ ਬੰਧਨ ਤੋਂ ਉਪਰ ਹੈ, ਜੋ ਜਨਮ-ਮਰਨ ਵਿਚ ਨਹੀਂ ਆਉਂਦਾ ਅਤੇ 'ਅਕਾਲ ਮੂਰਤਿ' ਤੋਂ ਭਾਵ ਹੈ ਜੋ ਸਮੇਂ ਤੋਂ ਉਪਰ ਹੈ ਪਰ ਇਹ ਦਿਸਦਾ ਸੰਸਾਰ ਉਸੇ ਤੋਂ ਹੈ:

ਅਕਾਲ ਪੁਰਖ ਅਗਾਧ ਬੋਧ॥
ਸੁਨਤ ਜਸੋ ਕੋਟਿ ਅਘ ਖੋਏ॥ (ਪੰਨਾ 212)
ਅਕਾਲ ਮੂਰਤਿ ਹੈ ਸਾਧ ਸੰਤਨ ਕੀ
ਠਾਹਰ ਨੀਕੀ ਧਿਆਨ ਕਉ॥ (ਪੰਨਾ 120)

'ਮੂਲ ਮੰਤ੍ਰ' ਵਿਚ ਉਸ ਪਰਮਾਤਮਾ ਦੇ ਗੁਣਾਂ ਦੀ ਵਿਆਖਿਆ ਕਰਦਿਆਂ ਉਸ ਨੂੰ 'ਕਰਤਾ ਪੁਰਖ' ਅਤੇ 'ਅਕਾਲ ਮੂਰਤਿ' ਕਿਹਾ ਹੈ ਪਰ ਕਿਧਰੇ ਵੀ ਉਸ ਨੂੰ 'ਮਹਾਂ ਕਾਲ' ਨਹੀਂ ਕਿਹਾ ਗਿਆ ਕਿਉਂਕਿ 'ਕਾਲ' ਬੰਧਨ ਦਾ, ਸਮੇਂ ਦਾ ਲਖਾਇਕ ਹੈ ਅਤੇ ਸਿੱਖ ਧਰਮ ਚਿੰਤਨ ਅਨੁਸਾਰ ਪਰਮਾਤਮਾ ਸਮੇਂ ਦੇ ਬੰਧਨ ਵਿਚ ਨਹੀਂ ਆਉਂਦਾ। ਹਿੰਦੂ ਮਿਥਿਹਾਸ, ਖਾਸ ਕਰਕੇ ਪੌਰਾਣਕ ਸਾਹਿਤ ਵਿਚ ਤ੍ਰੈ-ਦੇਵ ਦਾ ਸੰਕਲਪ ਮਿਲਦਾ ਹੈ ਜਿਸ ਅਨੁਸਾਰ ਬ੍ਰਹਮਾ ਨੂੰ ਉਤਪਤੀ ਕਰਨ ਵਾਲਾ, ਵਿਸ਼ਨੂੰ ਨੂੰ ਪਾਲਣ ਵਾਲਾ ਅਤੇ ਸ਼ਿਵਜੀ ਨੂੰ ਸੰਘਾਰ ਕਰਨ ਵਾਲਾ ਦੇਵਤਾ ਮੰਨਿਆ ਹੈ। ਇਸ ਤਰ੍ਹਾਂ ਕਰਤਾ, ਧਰਤਾ ਅਤੇ ਹਰਤਾ ਦਾ ਸੰਕਲਪ ਤ੍ਰੈ-ਦੇਵ ਦੇ ਰੂਪ ਵਿਚ ਪ੍ਰਾਪਤ ਹੈ ਜਿਸ ਨੂੰ ਸਿੱਖ ਧਰਮ ਚਿੰਤਨ ਵਿਚ ਨਕਾਰ ਦਿੱਤਾ ਗਿਆ ਹੈ। ਸਿੱਖ ਧਰਮ ਚਿੰਤਨ ਵਿਚ ਇੱਕ ਅਕਾਲ ਪੁਰਖ ਹੀ ਸਰਬ ਸ਼ਕਤੀਮਾਨ ਹੈ ਜੋ ਪੈਦਾ ਕਰਨ ਵਾਲਾ, ਪਾਲਣ ਵਾਲਾ ਅਤੇ ਮਾਰਨ ਵਾਲਾ ਹੈ। ਹਿੰਦੂ ਮਿਥਿਹਾਸ ਵਿਚ ਦੇਵੀ ਨੂੰ ਵਿਸ਼ਵ-ਮਾਤਾ ਦੇ ਰੂਪ ਵਿਚ ਪੂਜਦਿਆਂ ਇਸ ਦੇ ਕਈ ਰੂਪ ਚਿਤਵੇ ਗਏ ਹਨ ਜਿਵੇਂ ਲਕਸ਼ਮੀ, ਸਰਸਵਤੀ, ਪਾਰਵਤੀ, ਦੁਰਗਾ ਅਤੇ ਕਾਲੀ ਆਦਿ। ਸ਼ਕਤੀ ਸੰਪਰਦਾ ਵਾਲੇ ਸ਼ਕਤੀ ਨੂੰ ਪਰਮ ਦੇਵੀ ਮੰਨਦੇ ਹਨ। ਹਿੰਦੂ ਧਾਰਮਿਕ ਸਾਹਿਤ ਵਿਚ ਮਹਾਂਦੇਵੀ ਦਾ ਸੰਕਲਪ ਇੱਕ ਪਰਮ ਦੇਵੀ ਦੇ ਤੌਰ 'ਤੇ ਉਭਰਿਆ ਜੋ ਕਿ ਦੇਵੀਆਂ ਦੇ ਸ਼ਕਤੀਸ਼ਾਲੀ ਅਤੇ ਮਹਾਂ-ਪ੍ਰਭਾਵੀ ਸੁਭਾ ਨੂੰ ਦਰਸਾਉਂਦਾ ਹੈ। ਕਾਲਿਕਾ ਦਾ ਸਬੰਧ ਹਿੰਦੂ ਧਰਮ ਵਿਚ ਦੇਵੀ ਪੂਜਾ ਨਾਲ, ਖਾਸ ਕਰਕੇ ਸ਼ਿਵਜੀ ਦੀ ਸ਼ਕਤੀ ਦੇ ਰੂਪ ਵਿਚ ਤਾਂ ਸਥਾਪਤ ਹੁੰਦਾ ਹੈ ਪਰ ਗੁਰੂ ਗੋਬਿੰਦ ਸਿੰਘ ਦੇ ਨਾਮ ਨਾਲ 'ਮਹਾਂਕਾਲ ਕਾਲਿਕਾ ਅਰਾਧੀ' ਜੋੜਨਾ ਕਿਸੇ ਤਰ੍ਹਾਂ ਵੀ ਤਰਕ ਸੰਗਤ ਨਹੀਂ ਹੈ ਜਿਨ੍ਹਾਂ ਨੇ ਖਾਲਸੇ ਨੂੰ ਇੱਕ ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਨੂੰ ਵੀ ਧਿਆਉਣ ਦੀ ਮਨਾਹੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਦੇਵੀ-ਦੇਵਤਿਆਂ ਨੂੰ ਪਰਮਾਤਮਾ ਦੀ ਹੀ ਰਚਨਾ ਮੰਨਿਆ ਗਿਆ ਹੈ ਜੋ ਉਸ ਰਚਨਹਾਰ ਦਾ ਭੇਦ ਨਹੀਂ ਪਾ ਸਕੇ। ਇਸ ਸਬੰਧ ਵਿਚ ਗੁਰੂ ਅਰਜਨ ਦੇਵ ਦਾ ਫੁਰਮਾਨ ਹੈ:

ਦੇਵੀਆ ਨਹੀ ਜਾਨੈ ਮਰਮ॥
ਸਭ ਊਪਰਿ ਅਲਖ ਪਾਰਬ੍ਰਹਮ॥
ਸੰਕਰਾ ਨਹੀ ਜਾਨਹਿ ਭੇਵ॥
ਖੋਜਤ ਹਾਰੇ ਦੇਵ॥ (ਪੰਨਾ 894)

ਇਸੇ ਤਰ੍ਹਾਂ ਗੁਰੂ ਅਮਰਦਾਸ ਪਰਮਾਤਮਾ ਦੀ ਭਗਤੀ ਅਤੇ ਉਸ ਦੇ ਭਗਤ ਦਾ ਉਤਮ ਸਥਾਨ ਦੱਸਣ ਲਈ ਪ੍ਰਹਿਲਾਦ ਭਗਤ ਦੀ ਪੌਰਾਣਕ ਕਹਾਣੀ ਦੇ ਹਵਾਲੇ ਨਾਲ ਸਮਝਾਉਂਦੇ ਹਨ ਕਿ ਪਰਮਾਤਮਾ ਦੇ ਨਰਸਿੰਘ ਰੂਪ ਨੂੰ ਲਕਸ਼ਮੀ ਵੀ ਨਹੀਂ ਪਛਾਣ ਸਕੀ ਅਤੇ ਕੋਲ ਜਾਣ ਤੋਂ ਡਰਦੀ ਰਹੀ ਪਰ ਭਗਤ ਪ੍ਰਹਿਲਾਦ ਆ ਕੇ ਉਸ ਦੇ ਚਰਨੀਂ ਲੱਗ ਗਿਆ ਕਿਉਂਕਿ ਉਹ ਉਸ ਦੇ ਰੂਪ ਨੂੰ ਸਮਝ ਗਿਆ ਸੀ, ਜਿਸ ਦਾ ਅਰਥ ਇਹ ਹੋਇਆ ਕਿ ਭਗਤ ਦਾ ਸਥਾਨ ਦੇਵੀ-ਦੇਵਤਿਆਂ ਤੋਂ ਉਪਰ ਹੈ:

ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ॥
ਮਾਤਾ ਨਰਸਿੰਘ ਕਾ ਰੂਪੁ ਨਿਵਾਰੁ॥
ਲਖਿਮੀ ਭਉ ਕਰੈ ਨ ਸਾਕੈ ਜਾਇ॥
ਪ੍ਰਹਲਾਦ ਜਨੁ ਚਰਣੀ ਲਾਗਾ ਆਇ॥ (ਪੰਨਾ 1154)

ਗੁਰੂ ਨਾਨਕ ਦੇਵ ਫੁਰਮਾਉਂਦੇ ਹਨ ਕਿ ਦੇਵੀ-ਦੇਵਤਿਆਂ ਦੀ ਪੂਜਾ ਕਿਉਂ ਕਰਨੀ ਹੈ ਅਤੇ ਉਨ੍ਹਾਂ ਕੋਲੋਂ ਕੀ ਮੰਗਣਾ ਹੈ ਕਿਉਂਕਿ ਉਹ ਕੁੱਝ ਵੀ ਦੇਣ ਦੇ ਸਮਰੱਥ ਨਹੀਂ ਹਨ। ਜੋ ਕੁੱਝ ਵੀ ਮੰਗਣਾ ਹੈ ਉਸ ਪਰਮਾਤਮਾ ਕੋਲੋਂ ਮੰਗੋ। ਦੇਵੀ-ਦੇਵਤਿਆਂ ਨੂੰ ਤਾਂ ਜੇ ਪਾਣੀ ਵਿਚ ਤਾਰੀਏ ਤਾਂ ਉਹ ਡੁੱਬ ਜਾਣਗੇ ਕਿਉਂਕਿ ਪੱਥਰ ਪਾਣੀ 'ਤੇ ਤੈਰ ਨਹੀਂ ਸਕਦਾ, ਉਸ ਨੇ ਤਾਂ ਡੁੱਬਣਾ ਹੀ ਹੈ:

ਦੇਵੀ ਦੇਵਾ ਪੂਜੀਐ ਭਾਈ
ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ
ਭਾਈ ਜਲ ਮਹਿ ਬੂਡਹਿ ਤੇਹਿ॥ (ਪੰਨਾ 637)

ਫਿਰ ਨਾਨਕ ਜੋਤਿ ਦੇ ਵਾਰਿਸ, ਜਿਨ੍ਹਾਂ ਨੇ ਖਾਲਸੇ ਨੂੰ ਇੱਕ ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਨੂੰ ਪੂਜਣ ਤੋਂ ਵੀ ਵਰਜਿਆ ਹੈ, ਉਨ੍ਹਾਂ ਨੂੰ ਕਾਲਿਕਾ ਧਿਆਉਣ ਵਾਲੇ ਕਹਿਣਾ ਇੱਕ ਤਰ੍ਹਾਂ ਨਾਲ ਉਨ੍ਹਾਂ ਦੇ ਹੁਕਮ ਦੀ ਅਵੱਗਿਆ ਹੈ। ਪਹਿਲਾਂ ਵੀ ਭਾਈ ਗੁਰਦਾਸ ਦੇ ਸੰਦਰਭ ਵਿਚ ਭਾਰਤੀ ਸ਼ਾਸਤਰਾਂ ਅਤੇ ਗੁਰਮਤਿ ਦੀ ਗੱਲ ਕਰਦਿਆਂ ਸ੍ਰਿਸ਼ਟੀ ਰਚਨਾ ਬਾਰੇ ਕਿਹਾ ਸੀ ਕਿ ਕਰਤਾ ਪੁਰਖ ਨੇ ਇਹ ਸਾਰੀ ਰਚਨਾ ਆਪਣੇ ਭਾਣੇ ਵਿਚ, ਆਪਣੇ ਹੁਕਮ 'ਚ ਅਤੇ ਉਸ ਨੇ ਆਪਣੇ ਆਪ ਤੋਂ ਕੀਤੀ ਹੈ। ਇਸ ਦੇ ਨਾਲ ਹੀ ਗੁਰਮਤਿ ਚਿੰਤਨ ਵਿਚ ਪਰਮਾਤਮਾ ਨੂੰ ਹੀ ਇੱਕ ਅਭੁੱਲ ਸ਼ਕਤੀ ਮੰਨਿਆ ਹੈ ਬਾਕੀ ਸਾਰਾ ਸੰਸਾਰ ਭੁੱਲਣਹਾਰ ਹੈ। ਗੁਰਬਾਣੀ ਵਿਚ ਤਾਂ ਗੁਰੂ ਨੂੰ ਵੀ 'ਅਭੁੱਲ' ਮੰਨਿਆ ਹੈ ਜੋ ਭੁਲਿਆਂ ਨੂੰ ਵੀ ਰਸਤੇ ਪਾ ਦਿੰਦਾ ਹੈ ਅਤੇ ਕਰਤਾ ਪੁਰਖ ਤਾਂ ਹੈ ਹੀ 'ਅਭੁੱਲ'। ਸਾਰਾ ਸੰਸਾਰ ਭੁੱਲਣਹਾਰ ਹੈ ਪਰ ਗੁਰੂ ਅਤੇ ਕਰਤਾਰ ਦੋਵੇਂ 'ਅਭੁੱਲ' ਹਨ। ਇਸ ਲਈ ਕਰਤਾ ਪੁਰਖ ਨੂੰ ਅਵਤਾਰਾਂ ਜਾਂ ਪੈਗੰਬਰਾਂ ਦੀ ਰਚਨਾ ਕਰਕੇ, ਫਿਰ ਆਪਣੀ ਰਚਨਾ 'ਤੇ ਅਫਸੋਸ ਕਰਦੇ ਦਿਖਾਉਣਾ ਯੁਕਤੀ-ਸੰਗਤ ਨਹੀਂ ਹੈ। 'ਬਚਿੱਤਰ ਨਾਟਕ' ਵਿਚ ਕਿਹਾ ਹੈ ਕਿ ਪਰਮਾਤਮਾ ਨੇ ਇੱਕ ਤਰ੍ਹਾਂ ਨਾਲ ਅਵਤਾਰਾਂ, ਰਾਮਾਨੰਦ ਵਰਗੇ ਭਗਤਾਂ ਅਤੇ ਮਹਾਂਦੀਨ ਦੀ ਰਚਨਾ ਕਰਕੇ ਗਲਤੀ ਕੀਤੀ ਕਿਉਂਕਿ ਉਨ੍ਹਾਂ ਨੇ ਪਰਮਾਤਮਾ ਦਾ ਨਾਂ ਜਪਾਉਣ ਦੀ ਥਾਂ 'ਸਭ ਅਪਨੀ ਅਪਨੀ ਉਰਝਾਨਾ। ਪਾਰ ਬ੍ਰਹਮ ਕਾਹੂੰ ਨ ਪਛਾਨਾ' ਕੀਤਾ। 'ਬਚਿੱਤਰ ਨਾਟਕ' ਦੀਆਂ ਮੁੱਢਲੀਆਂ ਪੰਕਤੀਆਂ ਵਿਚ ਹੀ ਦੋ ਵੱਡੀਆਂ ਸਿਧਾਂਤਕ ਗਲਤੀਆਂ ਇਹ ਦਰਸਾਉਂਦੀਆਂ ਹਨ ਕਿ ਇਸ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਦੇ ਨਾਂ ਨਾਲ ਜੋੜਨਾ ਯੁਕਤੀ-ਸੰਗਤ ਨਹੀਂ। ਪਹਿਲੀ ਗੱਲ ਭਗਤ ਰਾਮਾਨੰਦ ਬਾਰੇ ਹੈ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਵੀ ਭਗਤ, ਸੰਤ ਦਾ ਜੋ ਸ਼ਬਦ ਜਾਂ ਰਚਨਾ ਸ਼ਾਮਲ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ ਅਤੇ ਗੁਰੂ ਸਾਹਿਬਾਨ ਦੀ ਬਾਣੀ ਦੀ ਤਰ੍ਹਾਂ ਹੀ ਸਤਿਕਾਰ ਦਾ ਪਾਤਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਸੰਤਾਂ, ਭਗਤਾਂ ਦੀ ਅਤੇ ਉਹੀ ਬਾਣੀ ਸ਼ਾਮਲ ਕੀਤੀ ਗਈ ਜੋ ਸਿਧਾਂਤਕ ਤੌਰ 'ਤੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ। ਇਸ ਦਾ ਅਰਥ ਹੈ ਕਿ ਭਗਤ ਰਾਮਾਨੰਦ ਦੀ ਵਿਚਾਰਧਾਰਾ ਗੁਰੂ-ਸਿਧਾਂਤਾਂ ਨਾਲ ਮੇਲ ਖਾਂਦੀ ਹੈ ਅਤੇ ਸ਼ਬਦ-ਗੁਰੂ ਦਾ ਹਿੱਸਾ ਹੋਣ ਕਰਕੇ ਸਾਡੇ ਸਤਿਕਾਰ ਦੀ ਪਾਤਰ ਹੈ। ਫਿਰ ਦਸਮ ਪਾਤਿਸ਼ਾਹ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕਰਕੇ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦਿੱਤਾ ਭਗਤ ਰਾਮਾ ਨੰਦ ਬਾਰੇ ਇਸ ਤਰ੍ਹਾਂ ਕਿਉਂ ਲਿਖਣਗੇ ਜੋ ਪਰਮਾਤਮਾ ਨੂੰ ਰਾਮਾਨੰਦ ਬਾਰੇ ਕਹਿੰਦੇ ਦਿਖਾਇਆ ਹੈ ਕਿ ਫਿਰ ਰਾਮਾਨੰਦ ਨੂੰ ਪੈਦਾ ਕੀਤਾ ਜਿਸ ਨੇ ਵੈਰਾਗੀ ਦਾ ਭੇਸ ਬਣਾ ਲਿਆ, ਗਲ ਵਿਚ ਕਾਠ ਦੀ ਮਾਲਾ ਪਾ ਲਈ ਅਤੇ ਪਰਮਾਤਮਾ ਦੀ ਕ੍ਰਿਆ ਨੂੰ ਨਹੀਂ ਪਛਾਣਿਆ:

ਪੁਨਿ ਹਰ ਰਾਮਾਨੰਦ ਕੋ ਕਰਾ।
ਭੇਸ ਬੈਰਾਗੀ ਕੋ ਜਿਨ ਧਰਾ।
ਕੰਠੀ ਕੰਠਿ ਕਾਠ ਕੀ ਡਾਰੀ।
ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ। (25)

ਭਗਤ ਰਾਮਾਨੰਦ ਭਾਵੇਂ ਜਾਤ ਦੇ ਬ੍ਰਾਹਮਣ ਸਨ ਪਰ ਧਰਮ-ਆਗੂ ਬ੍ਰਾਹਮਣਾਂ ਦੇ ਪਾਏ ਹੋਏ ਭਰਮ-ਭੁਲੇਖਿਆਂ, ਮੂਰਤੀ ਪੂਜਾ ਅਤੇ ਮੰਦਰਾਂ ਵਿਚ ਜਾ ਕੇ ਪੂਜਾ ਕਰਨ, ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਆਦਿ ਕ੍ਰਿਆਵਾਂ ਦਾ ਖੰਡਨ ਕਰਦੇ ਸਨ। ਭਗਤ ਰਾਮਾਨੰਦ ਅਨੁਸਾਰ ਤੀਰਥ ਇਸ਼ਨਾਨ ਅਤੇ ਮੂਰਤੀ-ਪੂਜਾ ਨਾਲ ਮਨ ਦੀ ਅਵਸਥਾ ਉਚੀ ਨਹੀਂ ਹੋ ਸਕਦੀ। ਜੇ ਪੂਰੇ ਗੁਰੂ ਦੀ ਸ਼ਰਨ ਪਈਏ ਤਾਂ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ ਅਤੇ ਪਰਮਾਤਮਾ ਹਰ ਥਾਂ ਵਿਆਪਕ ਅਤੇ ਆਪਣੇ ਅੰਦਰ ਵੱਸਦਾ ਦਿਸਦਾ ਹੈ। ਸਤਿਗੁਰੂ ਦਾ ਸ਼ਬਦ ਹੀ ਜਨਮਾਂ ਜਨਮਾਂਤਰਾਂ ਦੇ ਮੰਦੇ ਕਰਮਾਂ ਦਾ ਨਾਸ ਕਰਨ ਦੇ ਸਮਰਥ ਹੈ:

ਕਤ ਜਾਈਐ ਰੇ ਘਰਿ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥ਰਹਾਉ॥...
ਸਤਿਗੁਰ ਮੈ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ (ਪੰਨਾ 1195)

'ਬਚਿੱਤਰ ਨਾਟਕ' ਦੀਆਂ ਅਗਲੀਆਂ ਪੰਕਤੀਆਂ ਬਹੁਤ ਹੀ ਗੰਭੀਰ ਚਿੰਤਨ ਦੀ ਮੰਗ ਕਰਦੀਆਂ ਹਨ ਕਿਉਂਕਿ ਜਿਸ ਕਿਸਮ ਦੀ ਸਿਧਾਂਤਕ ਅਤੇ ਇਤਿਹਾਸਕ ਗਲਤੀ ਇਨ੍ਹਾਂ ਪੰਕਤੀਆਂ ਵਿਚ ਮਿਲਦੀ ਹੈ ਉਹ ਗੁਰੂ ਗੋਬਿੰਦ ਸਿੰਘ ਵਰਗੀ 'ਅਭੁਲ ਗੁਰੂ ਕਰਤਾਰ' ਹਸਤੀ ਕਦੇ ਵੀ ਨਹੀਂ ਕਰ ਸਕਦੀ। ਉਹ ਨਾ ਸਿਰਫ ਵਿਦਵਾਨ ਸਨ ਸਗੋਂ 'ਪੂਰਨ ਗੁਰੂ' ਸਨ। ਇਤਿਹਾਸਕ ਗਲਤੀ ਇਹ ਹੈ ਕਿ ਹਜ਼ਰਤ ਮੁਹੰਮਦ, ਇਸਲਾਮ ਦੇ ਬਾਨੀ ਨੂੰ ਭਗਤ ਰਾਮਾਨੰਦ ਤੋਂ ਪਿੱਛੋਂ ਹੋਏ ਦੱਸਿਆ ਹੈ ਜਦਕਿ ਭਗਤ ਰਾਮਾਨੰਦ ਦਾ ਸਮਾਂ ਹਜ਼ਰਤ ਮੁਹੰਮਦ ਤੋਂ ਪਿੱਛੋਂ (ਸੰਮਤ 1423 ਤੋਂ ਸੰਮਤ 1524) ਦਾ ਹੈ ਅਤੇ ਹਜ਼ਰਤ ਮੁਹੰਮਦ ਦਾ ਜਨਮ 570 ਈਸਵੀ ਅਤੇ ਫੌਤ ਦਾ ਸਮਾਂ 632 ਈਸਵੀ ਹੈ। ਦੂਸਰੀ ਸਿਧਾਂਤਕ ਗਲਤੀ ਇਹ ਹੈ ਕਿ ਇਸਲਾਮ ਜਿਸ ਦੇ ਬਾਨੀ ਹਜ਼ਰਤ ਮੁਹੰਮਦ ਹਨ, ਇੱਕ ਖ਼ੁਦਾ ਤੋਂ ਬਿਨਾ ਕਿਸੇ ਹੋਰ ਹਸਤੀ ਵਿਚ ਵਿਸ਼ਵਾਸ ਨਹੀਂ ਕਰਦਾ। ਖ਼ੁਦਾ ਦੀ ਇਬਾਦਤ ਕੀਤੀ ਜਾਂਦੀ ਹੈ, ਉਸ ਅੱਗੇ ਦੁਆ ਕੀਤੀ ਜਾਂਦੀ ਹੈ, ਉਸ ਦੀ ਪੂਜਾ ਨਹੀਂ ਕੀਤੀ ਜਾਂਦੀ। ਹਜ਼ਰਤ ਮੁਹੰਮਦ ਨੇ ਕਿਤੇ ਆਪਣਾ ਨਾਂ ਜਪਾਉਣ ਦੀ ਗੱਲ ਨਹੀਂ ਕੀਤੀ। ਉਨ੍ਹਾਂ ਨੇ ਆਪਣੇ ਆਪ ਨੂੰ ਖ਼ੁਦਾ ਦੇ ਪੈਗਾਮ ਦਾ ਸਿਰਫ ਸੰਦੇਸ਼-ਵਾਹਕ ਕਿਹਾ ਹੈ। 'ਪੈਗੰਬਰ' ਦਾ ਅਰਥ ਹੀ ਸੁਨੇਹਾ ਪਹੁੰਚਾਉਣ ਵਾਲਾ ਹੁੰਦਾ ਹੈ। ਬਚਿਤਰ ਨਾਟਕ ਵਿਚ ਲਿਖਿਆ ਹੈ:

ਜੋ ਪ੍ਰਭੁ ਪਰਮ ਪੁਰਖ ਉਪਜਾਏ।
ਤਿਨ ਤਿਨ ਅਪਨੇ ਰਾਹ ਚਲਾਏ।
ਮਹਾ ਦੀਨ ਤਬ ਪ੍ਰਭ ਉਪਰਾਜਾ।
ਅਰਬ ਦੇਸ ਕੋ ਕੀਨੋ ਰਾਜਾ। (26)
ਤਿਨ ਭੀ ਏਕ ਪੰਥ ਉਪਰਾਜਾ।
ਲਿੰਗ ਬਿਨਾ ਕੀਨੇ ਸਭ ਰਾਜਾ।
ਸਭ ਤੇ ਅਪਨਾ ਨਾਮ ਜਪਾਯੋ।
ਸਤਿਨਾਮ ਕਾਹੂ ਨ ਦ੍ਰਿੜਾਯੋ। (2)

ਗੁਰੂ ਗੋਬਿੰਦ ਸਿੰਘ ਨੂੰ ਇਸਲਾਮ ਬਾਰੇ ਕਿੰਨੀ ਸਪਸ਼ਟਤਾ ਸੀ ਇਹ 'ਜ਼ਫ਼ਰਨਾਮਾ' ਤੋਂ ਬਹੁਤ ਸਪਸ਼ਟ ਹੈ ਜੋ ਉਨ੍ਹਾਂ ਨੇ ਕੱਟੜਵਾਦੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਲਿਖ ਕੇ ਭੇਜਿਆ ਸੀ।

ਅੱਗੇ ਚੱਲ ਕੇ ਇੱਕ ਹੋਰ ਤੱਥ ਗੁਰਮਤਿ ਵਿਚਾਰਧਾਰਾ ਦੇ ਖਿਲਾਫ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਹੈ ਕਿ ਗੁਰੂ ਤੇਗ ਬਹਾਦਰ, ਨੌਵੀਂ ਨਾਨਕ ਜੋਤਿ ਨੇ ਪੂਰਬ ਵੱਲ ਤੀਰਥ ਯਾਤਰਾਵਾਂ ਕੀਤੀਆਂ। ਤ੍ਰਿਬੈਣੀ ਵਿਖੇ ਜਾ ਕੇ ਇਸ਼ਨਾਨ ਕੀਤਾ, ਕਈ ਕਿਸਮ ਦੇ ਪੁੰਨ ਦਾਨ ਕੀਤੇ ਤਾਂ ਜਾ ਕੇ ਉਨ੍ਹਾਂ ਨੂੰ ਪੁੱਤਰ (ਗੁਰੂ ਗੋਬਿੰਦ ਸਿੰਘ) ਦੀ ਦਾਤ ਪ੍ਰਾਪਤ ਹੋਈ:

ਮੁਰ ਪਿਤ ਪੂਰਬ ਕੀਯਸਿ ਪਯਾਨਾ।
ਭਾਂਤਿ ਭਾਂਤਿ ਕੇ ਤੀਰਥ ਨਾਨਾ।
ਜਬ ਹੀ ਜਾਤ ਤ੍ਰਿਬੇਣੀ ਭਏ।
ਪੁੰਨ ਦਾਨ ਦਿਨ ਕਰਤ ਬਿਤਏ।
ਤਹੀ ਪ੍ਰਕਾਸ਼ ਹਮਾਰਾ ਭਯੋ।
ਪਟਨਾ ਸਹਰ ਬਿਖੇ ਭਵ ਲਯੋ। (2)

ਗੁਰੂ ਤੇਗ਼ ਬਹਾਦਰ ਦੀ ਬਾਣੀ ਨੂੰ ਧਿਆਨ ਨਾਲ ਵਾਚੀਏ ਤਾਂ ਉਪਰ ਦਿੱਤੀਆਂ ਪੰਕਤੀਆਂ ਦਾ ਬੜੇ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਤਾਂ ਇਸ ਸੰਸਾਰ ਵਿਚ ਰਹਿੰਦਿਆਂ ਖੁਸ਼ੀ ਅਤੇ ਗਮ, ਮਿੱਟੀ ਅਤੇ ਸੋਨੇ ਨੂੰ ਇੱਕੋ ਜਿਹਾ ਮੰਨ ਕੇ ਚੱਲਣ ਦਾ ਉਪਦੇਸ਼ ਕੀਤਾ ਹੈ। ਭਾਵ ਸੰਸਾਰ ਵਿਚ ਰਹਿੰਦਿਆਂ ਵੀ ਸੰਸਾਰਕ ਹਰਖ-ਸੋਗ, ਮਾਇਆ ਆਦਿ ਤੋਂ ਨਿਰਲੇਪ ਹੋ ਕੇ ਜਿਊਣ ਲਈ ਕਿਹਾ ਹੈ। ਅਕਾਲ ਪੁਰਖ ਦੀ ਪ੍ਰਾਪਤੀ ਲਈ ਕਿਸੇ ਵੀ ਕਿਸਮ ਦਾ ਭੇਖ ਧਾਰਨ ਕਰਨ ਦੀ ਥਾਂ ਗੁਰੂ ਦੇ ਉਪਦੇਸ਼ 'ਤੇ ਚੱਲਣ ਲਈ ਕਿਹਾ ਹੈ:

ਮਨ ਰੇ ਗਹਿਓ ਨ ਗੁਰ ਉਪਦੇਸੁ॥
ਕਹਾ ਭਇਓ ਜਉ ਮੂਡੁ ਮੁਡਾਇਓ
ਭਗਵਉ ਕੀਨੋ ਭੇਸੁ॥ਰਹਾਉ॥ (ਪੰਨਾ 633)
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ॥ (633)

ਗੁਰੂ ਤੇਗ਼ ਬਹਾਦਰ ਤਾਂ ਜੰਗਲਾਂ ਜਾਂ ਤੀਰਥਾਂ 'ਤੇ ਜਾ ਕੇ ਰੱਬ ਨੂੰ ਖੋਜਣ ਜਾਂ ਪਾਉਣ ਦੀ ਗੱਲ ਨੂੰ ਧੁਰੋਂ ਨਕਾਰਦੇ ਹਨ। ਉਹ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਫੁੱਲ ਵਿਚ ਖੁਸ਼ਬੋ ਵੱਸਦੀ ਹੈ ਅਤੇ ਸ਼ੀਸ਼ੇ ਵਿਚ ਅਕਸ ਵੱਸਦਾ ਹੈ ਇਸੇ ਤਰ੍ਹਾਂ ਪਰਮਾਤਮਾ ਮਨੁੱਖ ਦੇ ਹਿਰਦੇ ਵਿਚ ਵੱਸਦਾ ਹੈ। ਇਸ ਲਈ ਉਸ ਨੂੰ ਜੰਗਲਾਂ ਜਾਂ ਕਿਸੇ ਹੋਰ ਅਜਿਹੀ ਥਾਂ ਲੱਭਣ ਦੀ ਥਾਂ ਆਪਣੇ ਹਿਰਦੇ ਵਿਚ ਢੂੰਡ। ਬਾਹਰ ਅੰਦਰ ਉਹ ਹਰ ਥਾਂ ਵੱਸ ਰਿਹਾ ਹੈ। ਉਸ ਨੂੰ ਪਾਉਣ ਲਈ ਆਪਾ-ਚੀਨਣ ਦੀ ਜ਼ਰੂਰਤ ਹੈ:

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ॥ ਰਹਾਉ॥...
ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ॥

(ਚਲਦਾ...)

## ਸਿਆਣਿਆਂ ਦਾ ਕਿਹਾ

(1) 'ਅਣਖ' ਅਥਵਾ 'ਗੈਰਤ' ਜਿਉਂਦੀਆਂ ਜਾਗਦੀਆਂ ਕੌਮਾਂ ਦੇ ਦਿਲ ਦੀ ਧੜਕਣ ਹੋਇਆ ਕਰਦੀ ਹੈ। ਜਿਨ੍ਹਾਂ ਕੌਮਾਂ ਕੋਲ ਅਣਖ ਇੱਜ਼ਤ ਦੇ ਅਨਮੋਲ ਗਹਿਣੇ ਹੋਣ ਉਹ ਧਰਤੀ ਦੀ ਹਿੱਕ ਤੇ ਜ਼ੁਲਮ ਜਬਰ ਦੇ ਬੋਝ ਨੂੰ ਕਦੇ ਸਹਿਣ ਨਹੀਂ ਕਰਦੀਆਂ।

(2) ਹਕੂਮਤ ਦਾ ਨਸ਼ਾ ਏਨਾ ਜ਼ਹਿਰੀਲਾ ਹੈ ਕਿ ਇਹ ਘੱਟ ਤੋਂ ਘੱਟ ਅਧਰਮੀ ਹਾਕਮਾਂ ਨੂੰ ਇਸ ਕਦਰ ਮਦਹੋਸ਼ ਕਰ ਦਿੰਦਾ ਹੈ ਕਿ ਉਹ ਇਹ ਭਰਮ ਪਾਲ ਬੈਠਦੇ ਹਨ ਕਿ ਬਹਾਰਾਂ ਨੂੰ ਹੰਢਾਉਣਾ ਕੇਵਲ ਹਾਕਮ ਅਤੇ ਹਕੂਮਤੀ ਮਸ਼ੀਨਰੀ ਦਾ ਹੀ ਧੁਰੋਂ ਮਿਲਿਆ ਹੱਕ ਹੈ।

(3) ਅਧਰਮੀ ਹਕੂਮਤ ਜੋ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੁੰਦੀ ਹੈ, ਉਸ ਦੀ ਗੁਰਮਤਿ ਦੇ ਪੈਰੋਕਾਰਾਂ ਨਾਲ ਟੱਕਰ ਯਕੀਨੀ ਹੁੰਦੀ ਹੈ।

(4) ਮੁਗ਼ਲ ਹਕੂਮਤ ਜਿਥੇ ਵਿਰੋਧੀਆਂ ਨੂੰ ਕੁਚਲਣ ਲਈ ਆਪਣੀ ਸਰੀਰਕ ਸ਼ਕਤੀ 'ਤੇ ਹੀ ਯਕੀਨ ਰੱਖਦੀ ਸੀ ਉਥੇ ਅੰਗਰੇਜ਼ ਹਕੂਮਤ ਆਪਣੀ ਦਿਮਾਗੀ ਸਮਰੱਥਾ 'ਤੇ ਵਧੇਰੇ ਯਕੀਨ ਰੱਖਦੀ ਸੀ। ਮੌਜੂਦਾ ਹਿੰਦੂ ਹਕੂਮਤ ਨੇ ਮੁਗ਼ਲ ਅਤੇ ਅੰਗਰੇਜ਼ ਹਾਕਮਾਂ ਤੋਂ ਉਨਾ ਹੀ ਸਮਾਂ ਹਕੂਮਤੀ ਤਜਰਬੇ ਸਿੱਖਣ 'ਤੇ ਲਾਇਆ ਹੈ ਜਿੰਨਾ ਕਿ ਸਿੱਖਾਂ ਨੇ ਉਨ੍ਹਾਂ ਹਕੂਮਤਾਂ ਨਾਲ ਲੜਨ ਵਿਚ। ਇਸ ਲਈ ਮੌਜੂਦਾ ਹਿੰਦੂ ਹਕੂਮਤ ਸਿੱਖਾਂ ਲਈ ਉਪਰੋਕਤ ਦੋਨੋਂ ਹੀ ਹਕੂਮਤਾਂ ਤੋਂ ਕਈ ਪੱਖਾਂ ਤੋਂ ਵਧੇਰੇ ਖਤਰਨਾਕ ਸਾਬਤ ਹੋਏ ਅਤੇ ਹੋ ਰਹੇ ਹਨ।

(5) ਜੰਗ ਵਿਚ ਕਾਨੂੰਨ ਨਹੀਂ, ਦੁਸ਼ਮਣ ਦਾ ਖਾਤਮਾ ਹੀ ਸਭ ਕੁਝ ਹੁੰਦਾ ਹੈ।

(6) ਭਾਰਤ ਵਿਚ ਸਿੱਖਾਂ ਖਿਲਾਫ ਉਠੀਆਂ ਹਿੰਦੂ ਮਾਫੀਆ ਦੀਆਂ ਤੇਗਾਂ ਨੂੰ ਵਾਪਸ ਮਿਆਨ ਵਿਚ ਜਾਣ ਤੇ ਮਜਬੂਰ ਕਰਨ ਲਈ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵਲੋਂ ਸ਼ੁਰੂ ਕੀਤੇ ਗਏ ਧਰਮ ਯੁੱਧ ਮੋਰਚੇ ਦੀ ਜਿੱਤ ਲਾਜ਼ਮੀ ਹੈ।

(7) ਭਾਰਤ ਵਿਚ ਅਹਿੰਸਾ ਪਰਮੋ ਧਰਮ ਦਾ ਜਾਪ ਕਰਨ ਵਾਲੇ ਰਾਜ ਵੀ ਕਰ ਰਹੇ ਹਨ ਅਤੇ ਮਨੁੱਖਤਾ ਦੀ ਲੁੱਟ ਵੀ ਕਰ ਰਹੇ ਹਨ ਉਪਰੰਤ ਹੱਕ ਮੰਗਣ ਵਾਲਿਆਂ ਨੂੰ ਡਰਾ ਧਮਕਾ ਵੀ ਰਹੇ ਹਨ। ਹੱਕ ਮੰਗਣ ਵਾਲਿਆਂ ਦੇ ਮੂੰਹ ਵਿਚ ਤਿੱਖੀਆਂ ਸੰਗੀਨਾਂ ਤੁੰਨ ਕੇ ਉਨ੍ਹਾਂ ਨੂੰ ਅਹਿੰਸਾ ਦਾ ਪਾਠ ਵੀ ਪੜ੍ਹਾਇਆ ਜਾ ਰਿਹਾ ਹੈ।

(8) ਜੇ ਕਿਸੇ ਨਿਰਪੱਖ ਦਰਸ਼ਕ ਨੇ ਭਾਰਤੀ ਹਾਕਮਾਂ ਦੀ ਪਰਮ ਧਰਮ ਅਹਿੰਸਾ ਦਾ ਕੋਈ ਨਮੂਨਾ ਵੇਖਣਾ ਹੋਵੇ ਤਾਂ ਉਹ ਪੁਲਿਸ ਹਿਰਾਸਤ ਵਿਚੋਂ ਦੌੜਨ ਦੇ ਯਤਨ ਵਿਚ ਮਾਰੇ ਗਏ ਕਿਸੇ ਬਾਗੀ ਦੀ ਲਾਸ਼ ਨੂੰ ਵੇਖ ਸਕਦਾ ਹੈ। ਉਸ ਦੇ ਕੋਹੇ ਹੋਏ ਸਰੀਰ ਦੇ ਇਕ ਇਕ ਜਖਮ ਵਿਚੋਂ ਹਿੰਦੋਸਤਾਨੀ ਹਾਕਮਾਂ ਦੀ ਅਹਿੰਸਾ ਦਾ ਇਕ ਕਰੂਪ ਚਿਹਰਾ ਵੇਖਣ ਨੂੰ ਮਿਲੇਗਾ।

(9) ਸਿੱਖ ਕੌਮ ਨੂੰ ਭਾਰਤੀ ਅਤਿਵਾਦੀ ਹਿੰਦੂ ਹਾਕਮਾਂ ਦੀ ਅਹਿੰਸਾ ਦਾ ਕਹਿਰ ਇਸ ਕਾਰਨ ਝੱਲਣਾ ਪਿਆ ਸੀ ਅਤੇ ਹੈ ਕਿਉਂਕਿ ਸਿੱਖ ਵੀ ਆਪਣਾ ਮੁਢਲਾ ਆਜ਼ਾਦੀ ਦਾ ਹੱਕ ਮਾਨਣਾ ਚਾਹੁੰਦੇ ਸੀ ਅਤੇ ਹਨ।

(10) ਪੰਜਾਬ ਵਿਚ ਇਕ ਨਹੀਂ ਇਥੇ ਲੱਖਾਂ ਮਾਂਵਾਂ ਰੋਂਦੀਆਂ ਨੇ, ਖੋਹ ਲਏ ਨੇ ਜਿਨ੍ਹਾਂ ਦੇ ਚਿਰਾਗ ਵੇ। ਮਾਈ ਭਾਗੋ ਵਾਂਗ ਹੁਣ ਲੜਨਾ ਹੈ ਜ਼ਾਲਮਾਂ ਨਾਲ, ਅਸੀਂ ਵੀ ਪਈਆਂ ਹੁਣ ਜਾਗ ਵੇ।

(11) ਜੰਗ ਇਕ ਅਜਿਹੀ ਬਲਾਅ ਹੈ ਜੋ ਮਨੁੱਖੀ ਬਲੀਆਂ ਮੰਗਦੀ ਹੈ।

(12) ਕਿਸੇ ਵੀ ਪਾਪ ਦੀ ਜੰਞ ਦੇ ਸਿਰ ਆ ਚੜ੍ਹਨ 'ਤੇ ਰਣ ਵਿਚ ਜੂਝਣਾ ਇਕ ਪਵਿੱਤਰ ਫਰਜ਼ ਹੈ।

(13) ਪਤੀਆਂ ਨੂੰ ਜੰਗ ਵਿਚ ਜੂਝਣ ਦੇ ਫਰਜ਼ ਤੋਂ ਦੂਰ ਰੱਖਣ ਵਾਲੀ ਕਮਜ਼ੋਰ ਮਾਨਸਿਕਤਾ ਦਾ ਸ਼ਿਕਾਰ ਬਣਨ ਦੀ ਬਜਾਏ, ਖੁਦ ਪਤਨੀਆਂ ਨੂੰ ਵੀ ਪਤੀ ਦੇ ਮੋਢੇ ਨਾਲ ਮੋਢਾ ਜੋੜ ਕੇ ਧਰਮ ਯੁੱਧ ਵਿਚ ਜੂਝਦਿਆਂ, ਜੀਵਨ ਸਾਥ ਦੇ ਵਾਅਦੇ ਤੇ ਪੂਰਾ ਉਤਰਨਾ ਸਿਖਾਇਆ ਗਿਆ ਹੈ।

(14) ਗੁਰਮਤਿ ਦੀ ਗੁੜ੍ਹਤੀ ਨੇ ਸਿੱਖ ਔਰਤ ਨੂੰ ਏਨਾ ਕਾਬਲ ਬਣਾ ਦਿੱਤਾ ਹੈ ਕਿ ਉਹ ਧਰਮ ਯੁੱਧ ਦੇ ਸਮੇਂ, ਫਰਜ਼ ਤੋਂ ਕੁਤਾਹੀ ਕਰਨ ਵਾਲਿਆਂ ਨੂੰ ਉਸ ਅੰਦਰਲੀ ਕਮਜ਼ੋਰੀ ਦਾ ਅਹਿਸਾਸ ਕਰਵਾ ਕੇ ਛੱਡੇ ਹੋਏ ਰਣ ਖੇਤਰ ਵਿਚ ਦੁਬਾਰਾ ਜਾ ਵੜਨ ਲਈ ਵੰਗਾਰ ਪਾਉਂਦੀ ਹੈ।

(15) ਸਮੁੱਚਾ ਸਿੱਖ ਇਤਿਹਾਸ ਹੀ ਧਰਮ ਯੁੱਧ ਦਾ ਇਤਿਹਾਸ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

# ਇਤਰ ਫੁਲੇਲ ਦੀ ਸ਼ੀਸ਼ੀ:ਜੱਗਾ ਜੱਟ

**ਗੁਰਸੇਵਕ ਸਿੰਘ ਪ੍ਰੀਤ**

ਸ੍ਰੀ ਮੁਕਤਸਰ ਸਾਹਿਬ ਤੋਂ 54 ਕਿਲੋਮੀਟਰ ਪੂਰਬ ਮਲੋਟ-ਡੱਬਵਾਲੀ ਮਾਰਗ ਉਪਰ ਪਿੰਡ ਬਣਵਾਲਾ ਅਨੂ (ਮਾਲ ਰਿਕਾਰਡ ਅਨੁਸਾਰ ਵਣਵਾਲਾ ਅਨੂ) ਪੈਂਦਾ ਹੈ। ਵਿਧਾਨ ਸਭਾ ਹਲਕਾ ਲੰਬੀ ਹੈ। ਇਸ ਪਿੰਡ ਦੀ ਚੰਗੀ ਉਪਜਾਊ ਜ਼ਮੀਨ ਹੈ। ਆਰਥਿਕ ਪੱਖੋਂ ਲੋਕ ਖੁਸ਼ਹਾਲ ਹਨ। ਕਹਿੰਦੇ ਹਨ ਕਿ ਪਿੰਡ ਦੀ ਮੋਹੜੀ ਅਨੂ ਮੁਹੰਮਦ ਨਾਂ ਦੇ ਮੁਸਲਮਾਨ ਜਾਗੀਰਦਾਰ ਨੇ ਗੱਡੀ ਸੀ। ਉਸ ਦੇ ਦੋ ਪੁੱਤਰ ਸਨ। ਬਾਅਦ ਵਿਚ ਵੱਡੇ ਮੁੰਡੇ ਦੇ ਹਿੱਸੇ ਦੀ ਅੱਧੀ ਜ਼ਮੀਨ 'ਭਗਤਾ ਭਾਈਕਾ' ਦਿਆਂ ਨੇ ਮੁੱਲ ਲੈ ਲਈ। ਇਸ ਤਰ੍ਹਾਂ ਪਿੰਡ ਵਿਚ ਸਿੱਧੂ ਗੋਤੀ ਰਹਿਣ ਲੱਗ ਪਏ। ਬਾਕੀ ਬਚਦੀ ਜ਼ਮੀਨ ਪਾਕਿਸਤਾਨ ਤੋਂ ਆਏ ਲੋਕਾਂ ਨੂੰ ਅਲਾਟ ਕਰ ਦਿੱਤੀ ਗਈ।

ਸਰਦੀਆਂ ਦੀ ਦੁਪਹਿਰ ਦਾ ਵੇਲਾ, ਪਿੰਡ ਦੇ ਵਿਚਾਲੇ ਖੁੱਲ੍ਹੇ-ਡੁੱਲ੍ਹੇ ਮਕਾਨ ਦੇ ਵਿਹੜੇ ਵਿਚ ਬੈਠੀ ਬਜ਼ੁਰਗ ਔਰਤ ਧੁੱਪ ਸੇਕਦੀ ਮੰਜੇ ਕੋਲ ਪਿਆ ਪੰਘੂੜਾ ਵੀ ਹਿਲਾ ਰਹੀ ਹੈ। ਇਹ ਔਰਤ ਪੰਜਾਬੀ ਗੀਤਾਂ ਅਤੇ ਭੰਗੜਾ ਬੋਲੀਆਂ ਦਾ ਸ਼ਿੰਗਾਰ 'ਜੱਗੇ ਜੱਟ' ਦੀ ਧੀ ਹੈ। ਉਸ ਦਾ ਨਾਂ ਗੁਲਾਬ ਕੌਰ ਉਰਫ਼ ਗਾਬੋ ਉਰਫ਼ ਗੱਭੋ ਅਤੇ ਹੁਣ ਰੇਸ਼ਮ ਕੌਰ ਹੈ। ਉਸ ਦਾ ਪੇਕਿਆਂ ਦਾ ਨਾਂ ਗੁਲਾਬ ਕੌਰ ਸੀ, ਲਾਡ ਨਾਲ ਸਾਰੇ ਗਾਬੋ ਤੇ ਗੱਭੋ ਕਹਿੰਦੇ ਸੀ। ਸਹੁਰੇ ਘਰ ਰੇਸ਼ਮ ਕੌਰ ਰੱਖਿਆ ਗਿਆ। ਉਮਰ ਕਰੀਬ 86 ਸਾਲ। ਸਿਹਤ ਚੰਗੀ ਹੈ, ਨਿਗ੍ਹਾ ਠੀਕ ਹੈ। ਥੋੜ੍ਹਾ ਉਚਾ ਸੁਣਦਾ ਹੈ। ਯਾਦਦਾਸ਼ਤ ਕਮਾਲ ਦੀ ਹੈ। ਬਚਪਨ ਦੀਆਂ ਗੱਲਾਂ ਹੂ-ਬ-ਹੂ ਯਾਦ ਨੇ। ਆਪਣੇ ਬਾਪ ਭਾਵ ਜੱਗਾ ਡਾਕੂ ਦੇ ਸਾਥੀਆਂ ਦੇ ਨਾਂ, ਉਨ੍ਹਾਂ ਦੇ ਪਿੰਡ, ਉਸ ਵੇਲੇ ਦੇ ਹਾਕਮ, ਜਗੀਰਦਾਰ ਅਤੇ ਘਟਨਾਵਾਂ ਬਿਨਾ ਅਟਕੇ ਲਗਾਤਾਰ ਘੰਟਿਆਂਬੱਧੀ ਸੁਣਾਈ ਜਾਂਦੇ ਹਨ। ਅੰਮਾ ਜੀ ਨਿੱਤਨੇਮੀ ਹਨ। ਅਖ਼ਬਾਰ ਪੜ੍ਹਦੇ ਹਨ ਅਤੇ ਆਪਣੇ ਬਾਪ ਜੱਗੇ ਡਾਕੂ ਨਾਲ ਸਬੰਧਤ ਫਿਲਮਾਂ ਵੀ ਵੇਖੀਆਂ ਹਨ। ਉਨ੍ਹਾਂ ਨੇ ਕੋਈ ਸਕੂਲੀ ਵਿੱਦਿਆ ਨਹੀਂ ਲਈ, ਇੱਕ ਤਾਂ ਸਕੂਲ ਨਹੀਂ ਸੀ, ਦੂਜਾ ਬਾਪ ਡਾਕੂ ਬਣ ਗਿਆ। ਮਾਤਾ ਜੀ ਨੇ ਪੜ੍ਹਨਾ ਆਪਣੀ ਚਾਚੀ ਬਲਵੰਤ ਕੌਰ ਤੋਂ ਸਿੱਖਿਆ। ਬਲਵੰਤ ਕੌਰ ਨੇ ਅੱਖਰ ਉਠਾਉਣੇ ਪਿੰਡ ਦੇ ਪਟਵਾਰੀ ਦੀ ਘਰਵਾਲੀ 'ਪਟਵਾਰਨ' ਕੋਲੋਂ ਸਿੱਖੇ ਸਨ। ਪਹਿਲਾਂ ਤਾਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਨਿੱਤ ਕਰਦੇ ਸੀ, ਹੁਣ ਨਿਗ੍ਹਾ ਕਮਜ਼ੋਰ ਹੋਣ ਕਰਕੇ ਥੋੜ੍ਹਾ-ਥੋੜ੍ਹਾ ਪੜ੍ਹਦੇ ਹਨ। ਜਪੁਜੀ ਸਾਹਿਬ ਅਤੇ ਕੀਰਤਨ ਸੋਹਿਲਾ ਮੂੰਹ ਜ਼ੁਬਾਨੀ ਪੜ੍ਹ ਲੈਂਦੇ ਹਨ। ਮਾਤਾ ਨੇ ਮਾਪਿਆਂ ਵੱਲੋਂ ਦਾਜ ਵਿਚ ਦਿੱਤੀ ਦੋਹਰ (ਘਰ ਦੇ ਕੱਤੇ ਸੂਤ ਦੀ ਬਣਾਈ ਚਾਦਰ ਜਿਸਨੂੰ ਦੂਹਰੀ ਕਰਕੇ ਅੱਠ ਵਾਰ ਵਿਛਾਇਆ ਜਾਂਦਾ ਸੀ) ਅਤੇ ਬਾਪੂ ਜੱਗੇ ਨੂੰ ਨਾਨਕਿਆਂ ਵੱਲੋਂ ਦਿੱਤੀ ਦੁੱਧ ਪੀਣ ਵਾਲੀ ਪਿੱਤਲ ਦੀ ਗਿਲਾਸੀ ਅਜੇ ਵੀ ਸੰਭਾਲ ਕੇ ਰੱਖੀ ਹੋਈ ਹੈ। ਇਕ ਗੜ੍ਹਵੀ ਸੀ ਜਿਹੜੀ ਕੋਈ ਰਿਸ਼ਤੇਦਾਰ ਲੈ ਗਿਆ।

ਜੱਗੇ ਦਾ ਜਨਮ 1903 ਦੇ ਨੇੜ-ਤੇੜ ਦਾ ਹੋ ਸਕਦਾ ਹੈ। ਧੀ ਰੇਸ਼ਮ ਕੌਰ ਦੀ ਇਸ ਵੇਲੇ ਉਮਰ 86 ਸਾਲ ਹੈ। ਜਦੋਂ ਜੱਗੇ ਦੀ ਮੌਤ ਕਰੀਬ 30 ਕੁ ਸਾਲ ਦੀ ਉਮਰ ਵਿਚ ਹੋਈ, ਉਦੋਂ ਉਸਦੀ ਉਮਰ 9 ਸਾਲ ਸੀ। 1959 ਵਿਚ ਗੀਤਾ ਦੱਤ ਅਤੇ ਮੰਨਾ ਡੇਅ ਵੱਲੋਂ ਬਣਾਈ ਗਈ ਫਿਲਮ 'ਜੱਗਾ ਡਾਕੂ' ਦਾ ਗਾਣਾ 'ਤੂ ਰੂਪ ਕੀ ਨਗਰੀ ਕਾ ਰਾਜਾ' ਬੜਾ ਚੱਲਿਆ ਸੀ। ਹੁਣ ਤੱਕ ਪਾਕਿਸਤਾਨ ਅਤੇ ਭਾਰਤ ਵਿਚ ਜੱਗੇ ਡਾਕੂ 'ਤੇ ਕਈ ਫਿਲਮਾਂ ਬਣ ਚੁੱਕੀਆਂ ਹਨ। ਪੰਜਾਬ 'ਚ ਜੱਗੇ ਡਾਕੂ 'ਤੇ ਆਖ਼ਰੀ ਫਿਲਮ 1991 ਵਿਚ ਬਣੀ ਜਿਸ ਵਿਚ ਯੋਗਰਾਜ, ਦਲਜੀਤ ਕੌਰ ਅਤੇ ਸਰਦੂਲ ਸਿਕੰਦਰ ਨੇ ਅਦਾਕਾਰੀ ਕੀਤੀ। ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੇ ਵੀ ਜੱਗੇ ਨੂੰ ਰੂਹ ਨਾਲ ਗਾਇਆ।

ਬੇਬੇ ਰੇਸ਼ਮ ਕੌਰ ਨਾਲ ਗੱਲ ਕਰਨ ਤੋਂ ਇਕ ਗੱਲ ਸਪੱਸ਼ਟ ਜਾਪਦੀ ਹੈ ਕਿ ਜੱਗਾ ਚੜ੍ਹਦੀ ਉਮਰੇ ਹੀ ਤੋਰੇ-ਫੇਰੇ ਵਿਚ ਪੈ ਗਿਆ। ਕੰਮ ਦਾ ਕੋਈ ਫ਼ਿਕਰ ਨਹੀਂ ਸੀ। ਚੰਗਾ ਖਾਣਾ ਪੀਣਾ ਸੀ। ਜ਼ੋਰਾਵਰ ਸਰੀਰ ਅਤੇ ਅਣਖੀਲੇ ਸੁਭਾਅ ਕਾਰਨ ਉਹ ਕਿਸੇ ਦੀ ਟੈਂ ਨਹੀਂ ਸੀ ਮੰਨਦਾ। ਉਸ ਸਮੇਂ ਸਮਾਜਿਕ ਤੌਰ 'ਤੇ ਜ਼ੈਲਦਾਰ, ਪਟਵਾਰੀ ਅਤੇ ਥਾਣੇਦਾਰ ਬਹੁਤ ਤਾਕਤ ਰੱਖਦੇ ਤੇ ਅਕਸਰ ਲੋਕਾਂ 'ਤੇ ਜ਼ੁਲਮ ਕਰਦੇ। ਉਹ ਅੰਗਰੇਜ਼ਾਂ ਦੀ ਹਕੂਮਤ ਨਾ ਮੰਨਣ ਵਾਲੇ ਦੇ ਦੋਖੀ ਹੁੰਦੇ। ਜੱਗੇ ਦਾ ਇਨ੍ਹਾਂ ਨਾਲ ਪੂਰਾ ਆਢਾ ਰਹਿੰਦਾ। ਇਸ ਲਈ ਉਸ ਨੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਆਪਣੇ ਆਪ ਨੂੰ ਪੁਲਿਸ ਨਾਲ ਦਸਤਪੰਜਾ ਲੈਣ ਲਈ ਤਿਆਰ ਕਰ ਲਿਆ। ਕੁਝ ਹਾਲਾਤ ਇਸ ਤਰ੍ਹਾਂ ਦੇ ਬਣੇ ਕਿ ਉਹ ਡਾਕੂ ਬਣ ਗਿਆ। ਮਾਤਾ ਰੇਸ਼ਮ ਕੌਰ ਨੇ ਦੱਸਿਆ ਕਿ ਜੱਗੇ ਦੇ ਗਲੇ ਵਿਚ ਗੌਣਾ (ਮੂੰਹ ਵਿਚ ਪੈਸੇ ਲੁਕਾਉਣ ਵਾਸਤੇ ਬਣਾਈ ਗੁਪਤ ਜਗ੍ਹਾ) ਸੀ। ਮਾਤਾ ਨੇ ਦੱਸਿਆ ਕਿ ਗੌਣ ਬਣਾਉਣ ਲਈ ਮੂੰਹ ਵਿਚ ਗਲੇ ਕੋਲ ਮਾਸ ਟੁੱਕ ਕੇ ਵਿਚ ਸਿੱਕੇ ਦੀ ਗੋਲੀ ਪਾ ਦਿੱਤੀ ਜਾਂਦੀ ਸੀ। ਫਿਰ ਹੌਲੀ ਹੌਲੀ ਸਿੱਕੇ ਵਾਲੀ ਥਾਂ ਪੱਕੀ ਮੋਰੀ ਬਣ ਜਾਂਦੀ ਤਾਂ ਸਿੱਕੇ ਨੂੰ ਕੱਢ ਦਿੱਤਾ ਜਾਂਦਾ। ਜੱਗਾ ਉਸ ਗੌਣੇ ਵਿਚ ਸੋਨੇ ਦੇ ਪੈਸੇ ਪਾ ਕੇ ਰੱਖਦਾ ਸੀ ਤਾਂ ਕਿ ਜੇਲ੍ਹ ਜਾਂ ਹੋਰ ਬਿਪਤਾ ਵੇਲੇ ਕੰਮ ਆ ਸਕਣ। ਉਸ ਸਮੇਂ ਇਹ ਗੁਪਤ ਖਜ਼ਾਨਾ ਹੁੰਦਾ ਸੀ। ਗੌਣ ਬਣਾਉਣ ਲਈ ਜੱਗੇ ਨੇ ਦੋ ਮਹੀਨੇ ਰੋਟੀ ਨਹੀਂ ਸੀ ਖਾਧੀ। ਸਿਰਫ ਦੁੱਧ ਪੀਤਾ ਅਤੇ ਖੀਰ ਖਾਧੀ। ਬਹੁਤ ਤਕਲੀਫ਼ ਸਹੀ। ਇਸੇ ਦੌਰਾਨ ਉਸ ਨੇ ਆਪਣੀ ਛੇ ਕੁ ਸਾਲਾਂ ਦੀ ਧੀ ਦਾ ਰਿਸ਼ਤਾ ਵੀ ਪੱਕਾ ਕਰ ਦਿੱਤਾ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਡਾਕੂਆਂ ਦੀ ਉਮਰ ਥੋੜ੍ਹੀ ਹੁੰਦੀ ਹੈ।

ਗੱਲ ਸ਼ੁਰੂ ਕਰਦੇ ਹਾਂ ਤਾਂ ਬੇਬੇ ਰੇਸ਼ਮ ਕੌਰ ਬੋਲਦੀ ਹੈ: ਮੈਂ ਰੇਸ਼ਮ ਕੌਰ ਆਂ, ਸਰਦਾਰ ਜਗਤ ਸਿੰਘ ਸੰਧੂ ਦੀ ਧੀ। ਜਗਤ ਸਿੰਘ ਜਿਸਨੂੰ ਸਾਰੇ ਜੱਗਾ ਡਾਕੂ ਕਹਿੰਦੇ ਨੇ ਪਰ ਮੇਰਾ ਬਾਪ ਉਹ ਡਾਕੂ ਨ੍ਹੀਂ ਸੀ ਜਿਹੜੇ ਆਪਣੀ ਐਸ਼ ਲਈ ਲੁੱਟਦੇ ਨੇ। ਉਹ ਤਾਂ ਲੋਕਾਂ ਦਾ ਰਾਖਾ ਸੀ। ਅਮੀਰਾਂ ਨੂੰ ਲੁੱਟ ਕੇ ਗਰੀਬਾਂ ਨੂੰ ਵੰਡ ਦਿੰਦਾ ਸੀ। ਡਾਕੂ ਬਣਨ ਤੋਂ ਬਾਅਦ ਘਰ ਨਹੀਂ ਆਇਆ। ਬੱਸ ਮੇਰੇ ਕੋਲ ਤਾਂ ਉਹਦੀ ਯਾਦ ਈ ਆ। ਹੁਣ ਤਾਂ ਭਾਈ ਮੇਰਾ ਪਿੰਡ ਵਣਵਾਲਾ ਅਨੂ ਈ ਆ। ਮੈਨੂੰ ਬਾਪ ਦਾ ਅਜੇ ਵੀ ਬਹੁਤ ਵਿਯੋਗ ਆ। ਇਕੱਲੀਓ ਈ ਹਾਂ ਮੈਂ। ਕੋਈ ਭੈਣ ਭਾਈ ਨ੍ਹੀਂ। ਜਦੋਂ ਕੋਈ ਅਖ਼ਬਾਰ ਵਾਲਾ ਬਾਪੂ ਬਾਰੇ ਪੁੱਛਦੈ ਤਾਂ ਦੁੱਖ ਹਰਾ ਹੋ ਜਾਂਦੈ। ਫਿਰ ਕਈ ਦਿਨ ਮੈਂ ਰੋਂਦੀ ਰਹਿਨੀ ਆਂ। ਬਾਪੂ ਨੂੰ ਕੋਈ ਡਾਕੂ ਕਹਿੰਦੈ ਕੋਈ ਦੇਵਤਾ, ਪਰ ਭਾਈ ਮੇਰਾ ਤਾਂ ਉਹ ਪਿਓ ਸੀ। ਮੈਂ ਪਿਓ ਦਾ ਸੁੱਖ ਨ੍ਹੀਂ ਭੋਗਿਆ। ਹੁਣ ਬਥੇਰਾ ਲਾਣਾ ਮੇਰਾ। ਚਾਰ ਪੁੱਤਰ ਆ। ਅਜੀਤ ਸਿੰਘ ਸੁੱਖ ਨਾਲ ਸੱਤਰ ਸਾਲਾਂ ਦਾ। ਉਸ ਤੋਂ ਛੋਟਾ ਬਗੀਚਾ ਸਿੰਘ, ਅਮਰੀਕ ਸਿੰਘ ਤੇ ਸੂਬਾ ਸਿੰਘ। ਅਜੀਤ ਸਿੰਘ ਦੇ ਸੁੱਖ ਨਾਲ ਚਾਰ ਬੱਚੇ ਹਨ। ਬਾਕੀਆਂ ਸਾਰਿਆਂ ਦੇ ਦੋ-ਦੋ। ਮੈਂ ਅਜੀਤ ਸਿੰਘ ਦੇ ਪੁੱਤਰ ਕੁਲਬੀਰ ਸਿੰਘ ਨਾਲ ਰਹਿਨੀ ਆਂ (ਮਾਤਾ ਨੇ ਆਪਣੀ ਤਿੰਨ ਕੁ ਮਹੀਨਿਆਂ ਦੀ ਪੜਪੋਤੀ ਜਸਕੀਰਤ ਕੌਰ ਦੇ ਝੂਲੇ ਨੂੰ ਹਿਲਾਉਂਦਿਆਂ ਗੱਲ ਜਾਰੀ ਰੱਖੀ) ਪਰ ਪਿਓ ਵਾਲਾ ਖਾਨਾ ਖਾਲੀ ਆ।

ਮੇਰੇ ਬਾਪ ਬਾਰੇ ਲੋਕ ਬਹੁਤ ਕੁਝ ਕਹਿੰਦੇ ਨੇ। ਫਿਲਮਾਂ ਵੀ ਬਣੀਆਂ ਨੇ ਪਰ ਇਸ ਸਭ ਕਾਸੇ ਵਿਚ ਬਹੁਤਾ ਮਨਘੜਤ ਆ। ਕੋਈ ਉਸ ਨੂੰ ਮੁਸਲਮਾਨ ਦੱਸਦੈ, ਕੋਈ ਗੁੱਜਰ। ਮੈਂ ਦੱਸਦੀ ਹਾਂ, ਸੱਚਾਈ ਕੀ ਆ। ਹਰਨੇਕ ਸਿੰਘ ਘੜੂੰਆਂ ਨੇ ਬਾਪੂ ਬਾਰੇ ਸਭ ਤੋਂ ਪਹਿਲਾਂ ਪਤਾ ਲਾਇਆ। ਮੇਰੇ ਕੋਲ ਪਿੰਡ ਵੀ ਆਇਆ। ਮੇਰਾ ਬਾਪ ਪਾਕਿਸਤਾਨੀ ਪੰਜਾਬ ਦੇ ਪਿੰਡ ਰਣ ਸਿੰਘ ਵਾਲਾ ਥਾਣਾ ਅਤੇ ਤਹਿਸੀਲ ਚੂਣੀਆਂ ਜ਼ਿਲ੍ਹਾ ਲਾਹੌਰ ਦਾ ਰਹਿਣ ਵਾਲਾ ਸੀ। ਉਹ ਭਰ ਜਵਾਨੀ ਵਿਚ ਚਲਾ ਗਿਆ। ਮਾਪਿਆਂ ਘਰ ਮੇਰਾ ਬਾਪ ਇਕੱਲਾ ਪੁੱਤਰ ਹੀ ਸੀ। ਇਸੇ ਲਈ ਕਿਸੇ ਨੇ ਗੀਤ ਬਣਾ 'ਤਾ:

"ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ, ਇਕ ਦੀ ਥਾਂ ਦੋ ਜੰਮਦੀ"

ਇਹ ਗ਼ਲਤ ਆ। ਅਸਲ ਵਿਚ ਉਸ ਦੇ ਇਕੱਲੇ ਹੋਣ ਦੀ ਵੀ ਗੱਲ ਹੋਰ ਆ। ਦੱਸਦੀ ਹਾਂ ਕਿਵੇਂ। ਮੇਰੀ ਦਾਦੀ ਦਾ ਨਾਂ ਭਾਗਣ ਸੀ। ਉਸ ਨੇ ਇੱਕ ਦੋ ਨਹੀਂ, ਛੇ ਪੁੱਤ ਜੰਮੇ ਪਰ ਹੋਣੀ ਰੱਬ ਦੀ ਕਿ ਹਰ ਨਿਆਣਾ ਅੱਠਮਾਹਾ ਮਰ ਜਾਂਦਾ ਸੀ। ਫਿਰ ਦਾਦੇ ਨੇ ਪਿੰਡ ਸੋਢੀਵਾਲਾ ਦੇ ਸੰਤ ਇੰਦਰ ਸਿੰਘ ਕੋਲੋਂ ਰੱਖ ਲਿਆਂਦੀ। ਸੰਤਾਂ ਨੇ ਕਿਹਾ ਕਿ ਬੱਚੇ ਦਾ ਹੱਥ ਲਵਾ ਕੇ, ਪਾਲ ਪੋਸ ਕੇ, ਪੀਰ ਦਾ ਬੱਕਰਾ ਛੱਡ ਦਿਓ, ਬੱਚਾ ਜਿਉਂਦਾ ਰਹੂਗਾ। ਮਾਪਿਆਂ ਨੇ ਬੱਚੇ (ਜੱਗੇ) ਦੇ ਜਨਮ ਤੋਂ ਪਹਿਲਾਂ ਬੱਕਰਾ ਖਰੀਦ ਲਿਆ ਅਤੇ ਬੱਚੇ ਦੇ ਜਨਮ ਤੋਂ ਬਾਅਦ ਉਸ ਦਾ ਹੱਥ ਲਵਾ ਕੇ ਘਰੇ ਬੰਨ੍ਹੀ ਰੱਖਿਆ ਪਰ ਕੁਝ ਦਿਨਾਂ ਬਾਅਦ ਬੱਕਰੇ ਦੀਆਂ ਲੱਤਾਂ ਮਰ ਗਈਆਂ ਤੇ ਫਿਰ ਬੱਕਰਾ ਮਰ ਗਿਆ। ਫਿਰ ਇੰਦਰ ਸਾਈਂ ਦੇ ਕਹੇ ਹੋਰ ਬੱਕਰਾ ਖਰੀਦਿਆ। ਉਸ ਦੇ ਹੱਥ ਲਵਾਇਆ। ਉਹ ਵੀ ਕੁਝ ਦਿਨਾਂ ਬਾਅਦ ਮਰ ਗਿਆ। ਇਸ ਤਰ੍ਹਾਂ ਬਾਰਾਂ ਮਹੀਨੇ ਬੱਕਰੇ ਮਰਦੇ ਰਹੇ। ਜਿਹੜਾ ਬੱਕਰਾ ਮਰਦਾ ਉਸ ਨੂੰ ਵਿਹੜੇ ਵਿਚ ਦੱਬ ਦਿੱਤਾ ਜਾਂਦਾ। ਮੇਰੇ ਵਿਆਹ ਵੇਲੇ ਜਦੋਂ ਹਲਵਾਈਆਂ ਨੇ ਚੁਰਾਂ (ਵੱਡੇ ਚੁੱਲ੍ਹੇ) ਪੱਟੀਆਂ ਤਾਂ ਜ਼ਮੀਂ ਵਿਚੋਂ ਕਰੰਗ ਨਿਕਲੇ ਸਨ। ਤੇਰਵਾਂ ਬੱਕਰਾ ਬਚਿਆ। ਉਹਨੂੰ ਛੱਡ ਦਿੱਤਾ। ਖੁੱਲ੍ਹੇ ਫਿਰਦੇ ਨੂੰ 'ਮੰਡੇ ਕਿਆਂ' ਦੇ ਤੇਲੀ ਨੇ ਫੜ ਕੇ ਵੱਢ ਲਿਆ। ਗੋਸ਼ਤ ਵੇਚ ਦਿੱਤਾ। ਬਾਅਦ ਵਿਚ ਉਹਦਾ ਬਹੁਤ ਨੁਕਸਾਨ ਹੋਇਆ ਅਤੇ ਉਹਨੇ ਬੱਕਰਾ ਲੈ ਕੇ ਛੱਡਿਆ ਤਾਂ ਜਾ ਕੇ ਉਹਦੀ ਬੰਦ-ਖਲਾਸੀ ਹੋਈ। ਫਿਰ ਕਿਤੇ ਜਾ ਕੇ ਜੱਗਾ ਪੈਰਾਂ ਸਿਰ ਹੋਇਆ।

ਬਾਪੂ ਹੋਰੀਂ ਦੋ ਭੈਣਾਂ ਤੇ ਇਕ ਭਾਈ ਜਿਓਂਦੇ ਰਹੇ। ਭੂਆ ਜੀਵਾਂ, ਮੁਕਲਾਵੇ ਗਈ ਕੱਤੇ ਦੀ ਬਿਮਾਰੀ ਨਾਲ ਮਰ ਗਈ। ਉਹ ਰਾਈਆਂ ਛੋਟੀ ਉਰਫ਼ ਰਾਏ ਵਿੰਡ ਪਾਕਿਸਤਾਨ ਵਿਆਹੀ ਸੀ। ਦੂਜੀ ਭੂਆ ਸਮੋ, ਸਰਹਾਲੀ ਭੁੱਲਰਾਂ ਨੇੜੇ ਕਸੂਰ ਲਲਿਆਣੀ (ਪਕਿਸਤਾਨ) ਵਿਖੇ ਵਿਆਹੀ ਸੀ। ਵੰਡ ਤੋਂ ਬਾਅਦ ਉਹਨੂੰ ਅੰਮ੍ਰਿਤਸਰ ਲਾਗੇ ਪਿੰਡ ਘਰਿਆਲੇ ਵਿਖੇ ਅਲਾਟਮੈਂਟ ਹੋਈ। ਫਿਰ ਕਈ ਥਾਈਂ ਉਜੜਦੇ-ਪੁੱਜੜਦੇ ਵਿਚਾਰੇ ਸਾਈਆਂ ਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇੜੇ ਵੱਸ ਗਏ। ਮੇਰੀ ਮਾਂ ਇਕਲੌਤੀ ਸੀ। ਇਸ ਲਈ ਮੈਨੂੰ ਪਿੰਡ ਝੰਡੇ ਕਲਾਂ ਜ਼ਿਲ੍ਹਾ ਮਾਨਸਾ ਵਿਖੇ ਪੇਕਿਆਂ ਦੀ ਜ਼ਮੀਨ ਅਲਾਟ ਹੋਈ। ਸਹੁਰਿਆਂ ਦੀ ਜ਼ਮੀਨ ਇਸੇ ਪਿੰਡ ਬਣਵਾਲਾ ਅਨੂ ਅਲਾਟ ਹੋਈ। ਫਿਰ ਪੇਕਿਆਂ ਵਾਲੀ ਜ਼ਮੀਨ ਵੇਚ ਕੇ ਬਣਵਾਲਾ ਅਨੂ ਪੈਲੀ ਲੈ ਲਈ। ਹੁਣ ਇੱਥੇ 70 ਕੁ ਕਿਲੇ ਦੀ ਢੇਰੀ ਆ। ਮੇਰਾ ਪਤੀ ਜਥੇਦਾਰ ਅਵਤਾਰ ਸਿੰਘ ਵੀ 2005 ਵਿਚ ਇਸੇ ਪਿੰਡ ਬਣਵਾਲਾ ਅਨੂ ਵਿਖੇ ਸਵਰਗਵਾਸ ਹੋਇਆ। ਮੇਰੀ ਮਾਂ ਇੰਦਰ ਕੌਰ ਵੀ 1983 ਵਿਚ ਇਸੇ ਪਿੰਡ ਬਣਵਾਲਾ ਅਨੂ ਵਿਖੇ ਹੀ ਸਵਰਗਵਾਸ ਹੋਈ। ਮੇਰੇ ਪੇਕੇ ਜੱਟ ਸਿੱਖ ਸਿੱਧੂ ਆ ਅਤੇ ਸਹੁਰਿਆਂ ਦਾ ਗੋਤ ਸੰਧੂ ਆ। ਨੌਂ ਕੁ ਸਾਲ ਦੀ ਸਾਂ ਜਦੋਂ ਬਾਪੂ ਤੁਰ ਗਿਆ ਪਰ ਉਸ ਦੇ ਨਕਸ਼ ਅਜੇ ਵੀ ਮੈਨੂੰ ਯਾਦ ਨੇ। ਉਹ ਮੁਹੰਮਦ ਸਦੀਕ ਵਾਂਗ ਦੋ ਤੁਰਲਿਆਂ ਵਾਲੀ ਪੱਗ ਬੰਨ੍ਹਦਾ ਸੀ। ਇਕ ਉਪਰ ਨੂੰ ਇੱਕ ਹੇਠਾਂ। ਪੱਗ ਅਕਸਰ ਚਿੱਟੇ ਰੰਗ ਦੀ ਹੁੰਦੀ ਸੀ। ਦੂਹਰੀਆਂ ਕੁੰਢੀਆਂ ਮੁੱਛਾਂ। ਧੂਹਵਾਂ ਚਾਦਰਾ। ਛਾਤੀ ਚੌੜੀ ਸੀ। ਘੁਲਣ ਦਾ ਸ਼ੌਕੀਨ ਸੀ। ਰੰਗ ਪੱਕਾ ਸੀ ਪਰ ਰੂਪ ਬਹੁਤ ਸੀ ਉਹਦੇ 'ਤੇ। ਨੱਕ ਜਿਵੇਂ ਕਾਗਜ਼ ਦਾ ਕੱਟ ਕੇ ਬਣਾਇਆ ਹੋਵੇ, ਤਿੱਖਾ। ਅੱਖ ਬਹੁਤ ਤੇਜ਼ ਸੀ। ਸਿੱਧੀ ਨਿਗ੍ਹਾ ਨਾਲ ਝਾਕ ਨਹੀਂ ਸੀ ਹੁੰਦਾ ਬਾਪੂ ਦੀ ਅੱਖ ਵੱਲ। ਖਵਰੈ ਚੜ੍ਹੇ ਪਹਿਰ ਸ਼ਰਾਬ ਪੀਣ ਕਰਕੇ ਸੀ। ਦਾਦੇ ਮੱਖਣ ਸਿੰਘ ਹੋਰਾਂ ਕੋਲੇ ਪੈਲੀ ਬਥੇਰੀ ਸੀ। ਪੈਂਹਟ ਕਿੱਲੇ ਪੈਲੀ 'ਤੇ ਤਾਂ ਖੇਤੀ ਕਰਦਾ ਸੀ, ਬਾਕੀ ਖਾਲੀ ਪਈ ਸੀ। ਮਾਮਲਾ ਨਹੀਂ ਸੀ ਭਰਿਆ ਜਾਂਦਾ। ਇਸੇ ਤਰ੍ਹਾਂ ਮੇਰਾ ਚਾਚਾ ਰੂਪ ਸਿੰਘ ਵੀ ਪੈਂਹਟ ਕਿੱਲੇ ਦਾ ਵਾਹੀਵਾਣ ਸੀ। ਬਾਪੂ ਛੋਟਾ ਸੀ ਜਦੋਂ ਦਾਦਾ ਤੁਰ ਗਿਆ। ਚਾਚੇ ਨੇ ਬਾਪੂ ਨੂੰ ਕੰਮ ਨਹੀਂ ਸੀ ਲਾਇਆ। ਕਹਿੰਦਾ ਲੋਕਾਂ ਨੇ ਕਹਿਣਾ ਪਿਓ ਸਿਰ 'ਤੇ ਹੈਣੀ ਤਾਂ ਮੁੰਡੇ ਨੂੰ ਕੰਮ 'ਤੇ ਡੱਕਿਆ ਹੋਇਆ। ਕੰਮ ਨਾ ਕਰਨ ਕਰਕੇ ਬਾਪੂ ਵਿਹਲਾ ਤੁਰਿਆ ਫਿਰਦਾ ਸੀ। ਚੰਗਾ ਖਾਣਾ ਚੰਗਾ ਪਹਿਨਣਾ। ਘੁਲਣਾ।

ਪਿੰਡ ਕਲਮੋਕਲ ਦਾ ਜ਼ੈਲਦਾਰ ਬਾਪੂ ਨਾਲ ਖਾਰ ਖਾਂਦਾ ਸੀ ਕਿਉਂਕਿ ਬਾਪੂ ਉਸਦੀ ਪਰਵਾਹ ਨਹੀਂ ਸੀ ਕਰਦਾ। ਜ਼ੈਲਦਾਰ ਨੇ ਝੂਠਾ ਕੇਸ ਪਵਾ ਕੇ ਬਾਪੂ ਨੂੰ 4 ਸਾਲ ਦੀ ਕੈਦ ਕਰਵਾ 'ਤੀ। ਉਧਰੋਂ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਸਿੱਖ ਜੰਡਾਂ ਨਾਲ ਬੰਨ੍ਹ ਕੇ ਮਾਰੇ। ਸਾਕੇ ਤੋਂ ਬਾਅਦ ਸਿੱਖਾਂ ਨੇ ਗੁਰਦਵਾਰਾ ਸਾਹਿਬ ਛੁਡਾਉਣ ਲਈ ਜਥੇ ਭੇਜੇ ਤਾਂ ਮਹੰਤ ਨਰੈਣੂ ਨੇ ਸਿੱਖ ਸਾੜ ਦਿੱਤੇ। ਦੂਜੀ ਵਾਰ ਜਥੇ ਨਾਲ ਬਾਪੂ ਵੀ ਗਿਆ। ਬੱਸ ਉਦੋਂ ਤੋਂ ਹੀ ਅੰਗਰੇਜ਼ ਸਰਕਾਰ ਦੇ ਖਿਲਾਫ ਦਿਲ ਵਿਚ ਰੋਸ ਪੈਦਾ ਹੋ ਗਿਆ।



ਮਾਤਾ ਰੇਸ਼ਮ ਕੌਰ ਆਪਣੇ ਪਰਿਵਾਰ ਨਾਲ

'ਡਾਕੂ ਕਿਵੇਂ ਬਣਿਆ?' ਬਾਰੇ ਬੇਬੇ ਨੇ ਦੱਸਿਆ ਕਿ ਪੁਲਿਸ ਵਾਲੇ ਇਕ ਕੁੜੀ ਚੁੱਕ ਕੇ ਲੈ ਗਏ। ਬਾਪੂ ਨੇ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਵੈਰ ਪੈ ਗਈ। ਪੁਲਿਸ ਦੇ ਖ਼ੌਫ਼ ਕਾਰਨ ਉਹ ਘਰੋਂ ਚਲਾ ਗਿਆ। ਪੁਲਿਸ ਦੇ ਰਵੱਈਏ ਤੋਂ ਅੱਕੇ ਨੇ ਕੰਗਣਪੁਰ ਪੁਲਿਸ ਦੇ ਇਕ ਸਿਪਾਹੀ ਤੋਂ ਬੰਦੂਕ ਖੋਹ ਲਈ। ਸਿਪਾਹੀ ਨੂੰ ਮਾਰ ਦਿੱਤਾ ਤਾਂ ਕਿ ਪਛਾਣ ਨਾ ਹੋਵੇ। ਫਿਰ ਆਚਲ ਕੇ ਪਿੰਡ ਦੇ ਆਤਮਾ ਸਿੰਘ ਦੇ ਘਰੋਂ ਬੰਦੂਕ ਲੈਣ ਗਿਆ। ਆਤਮਾ ਸਿੰਘ ਉਸ ਦਾ ਹਮ ਪਿਆਲਾ ਸੀ। ਜੱਗੇ ਨੇ ਕਿਹਾ ਕਿ ਮੈਂ ਹੁਣ ਡਾਕੂ ਹੋ ਗਿਆ ਹਾਂ। ਮੈਨੂੰ ਅਸਲ੍ਹੇ ਦੀ ਲੋੜ ਹੈ। ਮੇਰੇ ਕੋਲ ਭਰੀ ਬੰਦੂਕ ਆ, ਤੇਰੇ ਕੋਲ ਖਾਲੀ ਆ। ਮੈਨੂੰ ਆਪਣੀ ਬੰਦੂਕ ਦੇ ਦੇਹ, ਨਾਲੇ ਕਾਰਤੂਸ। ਆਤਮਾ ਸਿੰਘ ਨੇ ਬੰਦੂਕ ਤੇ ਕਾਰਤੂਸਾਂ ਦੇ ਦੋ ਡੱਬੇ ਜੋ ਉਸ ਕੋਲ ਪਏ ਸੀ, ਦੇ ਦਿੱਤੇ। ਜੱਗੇ ਨੇ ਕਿਹਾ, ਮੈਂ ਤੇਰੇ ਨਾਲ ਧੋਖਾ ਨਹੀਂ ਕਰਨਾ। ਤੂੰ ਪੁਲਿਸ ਨੂੰ ਇਤਲਾਹ ਦੇਹ ਕਿ ਜੱਗਾ ਡਾਕੂ ਹੋ ਗਿਆ ਹੈ। ਬਾਅਦ ਵਿਚ ਆਤਮਾ ਸਿੰਘ ਦੀ ਘਰਵਾਲੀ ਨੇ ਛੱਤ 'ਤੇ ਚੜ੍ਹ ਕੇ ਰੌਲਾ ਪਾ ਦਿੱਤਾ ਕਿ ਜੱਗਾ ਡਾਕੂ ਉਨ੍ਹਾਂ ਦੀ ਬੰਦੂਕ ਖੋਹ ਕੇ ਲੈ ਗਿਆ।



ਬੇਬੇ ਰੇਸ਼ਮ ਕੌਰ

ਅਸਲ ਵਿਚ ਪੁਲਿਸ ਜੱਗੇ ਨੂੰ ਫੜਨ ਦਾ ਵਿਖਾਲਾ ਕਰਦੀ ਸੀ ਪਰ ਫੜਦੀ ਨਹੀਂ ਸੀ। ਇਕ ਵਾਰ ਜੱਗਾ ਭੀਮ ਕੇ ਪਿੰਡ ਛੱਪਰ ਹੇਠ ਪਿਆ ਸੀ। ਡਾਕੂ ਬਣਨ ਤੋਂ ਬਾਅਦ ਦੀ ਗੱਲ ਆ। ਉਸ ਦੇ ਪਏ ਕੋਲੋਂ ਦੀ ਪੁਲਿਸ ਲੰਘ ਗਈ, ਕਿਸੇ ਨਹੀਂ ਫੜਿਆ। ਜੇ ਫੜਨਾ ਚਾਹੁੰਦੀ ਤਾਂ ਉਥੇ ਹੀ ਫੜ ਸਕਦੀ ਸੀ। ਡਾਕੂ ਬਣਨ ਤੋਂ ਬਾਅਦ ਡੀ.ਐਸ.ਪੀ. ਅਸਗਰ ਅਲੀ ਨੇ ਕਿਹਰ ਸਿੰਘ ਨੂੰ ਕਿਹਾ ਕਿ ਜੱਗੇ ਨੂੰ ਕੇਸ ਵਿਚੋਂ ਕੱਢ ਦਿਆਂਗਾ, ਮੇਰਾ ਇਕ ਖਾਸ ਕੰਮ ਕਰਵਾ ਦੇਵੇ। ਹੁਣ ਭਾਈ ਮੈਨੂੰ ਇਹ ਤਾਂ ਪਤਾ ਨਹੀਂ ਕੰਮ ਕੀ ਸੀ?

ਡਾਕੂ ਬਣਨ ਤੋਂ ਬਾਅਦ ਬਾਪੂ ਘਰ ਨਹੀਂ ਆਇਆ। ਪੈਲੀ ਉਜਾੜ ਦਿੱਤੀ ਗਈ। ਮਾਲ-ਡੰਗਰ ਖੋਲ੍ਹ ਦਿੱਤਾ। ਬਹੁਤ ਤੰਗੀ ਦਾ ਸਮਾਂ ਸੀ। ਡਾਕੂ ਬਣਨ ਤੋਂ ਬਾਅਦ ਬਾਪੂ ਇਕ ਵਾਰ ਮਾਂ ਨੂੰ ਮਿਲਿਆ ਸੀ ਅਤੇ ਸੁਨੇਹਾ ਦਿੱਤਾ ਕਿ ਕਿਹਰ ਸਿੰਘ ਮਿਲੇ। ਅਕਸਰ ਧੀ ਦਾ ਬਾਪ ਸੀ। ਉਸਨੇ ਮਾਂ ਨਾਲ ਮੇਰੇ ਵਿਆਹ ਦੀ ਵਿਉਂਤ ਕੀਤੀ।

ਲਓ ਮੈਂ ਆਪਣੇ ਵਿਆਹ ਦੀ ਕਹਾਣੀ ਵੀ ਤੁਹਾਨੂੰ ਦੱਸ ਦੇਵਾਂ। ਇਹ ਵੀ ਅਨੋਖੀ ਆ। ਮੇਰਾ ਪਤਿਓਰਾ (ਸਹੁਰੇ ਦਾ ਭਰਾ) ਕਿਹਰ ਸਿੰਘ ਕਾਵਾਂ, ਬਾਪੂ ਦਾ ਲੰਗੋਟੀਆ ਯਾਰ ਸੀ। ਬਾਪੂ ਨੂੰ ਪਤਾ ਸੀ ਕਿ ਡਾਕੂ ਹੋ ਗਿਆਂ ਪਤਾ ਨਹੀਂ ਕਦੋਂ ਚੜ੍ਹਾਈ ਕਰ ਜਾਵਾਂ। ਇਸ ਲਈ ਧੀ ਦਾ ਵਿਆਹ ਛੇਤੀ ਕਰ ਦਿਆਂ। ਉਸਨੇ ਕਿਹਰ ਸਿੰਘ ਨਾਲ ਮੇਰੇ ਵਿਆਹ ਦੀ ਗੱਲ ਕੀਤੀ। ਕਿਹਰ ਸਿੰਘ ਦੇ ਮੁੰਡੇ ਛੋਟੇ ਸੀ। ਕਿਹਰ ਸਿੰਘ ਨੇ ਕਿਹਾ, "ਪਹਿਲਾਂ ਯਾਰੀ ਫਿਰ ਕੁੜਮ। ਤੇਰੀ ਧੀ ਮੇਰੀ ਧੀ। ਤੂੰ ਫ਼ਿਕਰ ਨਾ ਕਰ। ਮੈਂ ਉਹਦਾ ਰਿਸ਼ਤਾ ਆਪਣੇ ਭਤੀਜੇ ਅਵਤਾਰ ਸਿਓਂ ਨਾਲ ਕਰੂੰਗਾ।" ਕਿਹਰ ਸਿੰਘ ਦੇ ਛੋਟੇ ਭਾਈ ਗੁਲਾਬ ਸਿੰਘ ਦਾ ਪੁੱਤਰ ਅਵਤਾਰ ਸਿੰਘ ਵੱਡਾ ਸੀ। ਇਸ ਤਰ੍ਹਾਂ ਬਾਪੂ ਨੇ ਮੇਰਾ ਨਿਆਣੀ ਹੁੰਦੀ ਦਾ ਹੀ ਰਿਸ਼ਤਾ ਕਿਹਰ ਸਿੰਘ ਦੇ ਭਤੀਜੇ ਅਵਤਾਰ ਸਿੰਘ ਨਾਲ ਕਰ ਦਿੱਤਾ ਸੀ। ਬਾਅਦ ਵਿਚ ਸਾਡਾ ਵਿਆਹ ਹੋ ਗਿਆ। ਜ਼ਮਾਨਾ ਉਦੋਂ ਚੰਗਾ ਸੀ। ਹੁਣ ਤਾਂ ਭਰਾ, ਭਰਾ ਨੂੰ ਨਹੀਂ ਪਛਾਣਦਾ; ਦੁਸ਼ਮਣ ਸਮਝਦਾ ਹੈ।

ਉਧਰੋਂ ਬਾਪੂ ਹੋਰਾਂ ਨੇ ਸਾਹੀਵਾਲ ਡਾਕਾ ਮਾਰਿਆ। ਦੱਸਦੇ ਆ ਬਈ ਬਾਪੂ ਨੇ ਇਹ ਡਾਕਾ ਪੈਸਿਆਂ ਲਈ ਨਹੀਂ, ਹਥਿਆਰ ਲੁੱਟਣ ਲਈ ਮਾਰਿਆ ਸੀ। ਸਾਰੇ ਇਲਾਕੇ ਵਿਚ ਜੱਗੇ ਦੀ ਦਹਿਸ਼ਤ ਪੈ ਗਈ। ਮੇਰੇ ਬਾਪ ਜੱਗੇ ਨੇ ਮੇਰੇ ਸਹੁਰੇ ਗੁਲਾਬ ਸਿੰਘ ਨੂੰ ਸੱਦ ਕੇ ਪੁੱਛਿਆ, "ਸਰਦਾਰਾ ਮੈਂ ਤਾਂ ਡਾਕੂ ਹੋ ਗਿਆ ਹਾਂ, ਤੂੰ ਸਾਕ ਵਾਪਸ ਲੈਣਾ ਤਾਂ ਹੁਣ ਲੈ ਲਾ। ਵੇਖੀਂ ਕਿਤੇ ਬਾਅਦ ਵਿਚ ਮੇਰਾ ਸਿਵਾ ਕਾਲਾ ਕਰ ਦੇਵੇਂ।" ਪਰ ਗੁਲਾਬ ਸਿੰਘ ਨੇ ਰਿਸ਼ਤਾ ਤੋੜਨ ਦੀ ਥਾਂ ਜੋੜ ਲਿਆ। ਉਸ ਵੇਲੇ ਮੈਂ 6 ਕੁ ਸਾਲ ਦੀ ਸੀ। ਬਾਪੂ ਦੀ ਮੌਤ ਤੋਂ ਬਾਅਦ ਮੇਰੇ ਵਿਆਹ ਵੇਲੇ ਬਾਪੂ ਦੇ ਬੇਲੀ ਪਿੰਡ ਕੂਲ ਮੋਕਰ ਦੇ ਇਕ ਸਰਦਾਰ ਨੇ ਆਪਣੀ ਕੀਮਤੀ ਨਾਮਵਰ ਘੋੜੀ 'ਹੀਰੀ' ਦਾਜ 'ਚ ਦਿੱਤੀ। ਇਹ ਘੋੜੀ ਢੋਲ 'ਤੇ ਨੱਚਦੀ ਸੀ। ਉਨ੍ਹਾਂ ਵੇਲਿਆਂ 'ਚ ਲੋਕ ਵਫ਼ਾ ਬਹੁਤ ਨਿਭਾਉਂਦੇ ਸੀ।

ਆਹ ਫਿਲਮਾਂ ਵਾਲਿਆਂ ਨੇ ਮੈਨੂੰ ਬਹੁਤ ਰੁਆਇਆ। ਬਾਪੂ ਦੀ ਸ਼ਕਲ ਹੀ ਵਿਗਾੜ ਦਿੱਤੀ ਆ। ਆਪੇ ਹੀ ਕਹਾਣੀ ਬਣਾ ਲੈਂਦੇ ਨੇ। ਮੇਰੇ ਨਾਲ ਕਦੇ ਕਿਸੇ ਨੇ ਕੋਈ ਗੱਲ ਨਹੀਂ ਕੀਤੀ। ਉਨ੍ਹਾਂ ਨੇ ਮੇਰੇ ਬਾਪ ਨੂੰ ਹਮੇਸ਼ਾਂ ਵਿਗਾੜ ਕੇ ਵਿਖਾਇਆ ਹੈ। ਮੇਰਾ ਬਾਪ ਸਰਦਾਰ ਸੀ। ਮੱਥੇ 'ਤੇ ਇਕ ਪਾਸੇ ਚੰਦ ਸੀ। ਦੋ ਟੌਰਿਆਂ ਵਾਲੀ ਪੱਗ ਬੰਨ੍ਹਦਾ ਸੀ। ਮੁੱਛਾਂ ਦੂਹਰੀਆ ਕੁੰਢੀਆਂ ਕਰਕੇ ਰੱਖਦਾ ਸੀ ਪਰ ਫਿਲਮਾਂ ਵਾਲਿਆਂ ਨੇ ਉਸ ਨੂੰ ਮੋਨਾ ਅਤੇ ਲੁਟੇਰਾ ਵਿਖਾਇਆ। ਮੇਰਾ ਬਾਪ ਗਰੀਬਾਂ ਅਤੇ ਬੱਬਰਾਂ ਲਈ ਲੁੱਟਦਾ ਸੀ; ਉਨ੍ਹਾਂ ਦੀ ਇਮਦਾਦ ਕਰਦਾ ਸੀ। ਆਹ, ਗੁੱਗੂ ਗਿੱਲ ਤੇ ਯੋਗਰਾਜ ਨੇ ਜਿਹੜੀ ਫਿਲਮ ਬਣਾਈ ਆ ਜੱਗੇ 'ਤੇ, ਉਸ ਵਿਚ ਮੇਰੇ ਬਾਪ ਦੀ ਸ਼ਕਲ ਸੂਰਤ ਵਿਗਾੜ ਕੇ ਰੱਖ'ਤੀ। ਫਿਲਮ ਵੇਖ ਕੇ ਮੈਂ ਬਹੁਤ ਰੋਈ। ਬੜਾ ਦੁੱਖ ਹੋਇਆ। ਮੈਨੂੰ ਗਿਲਾ ਹੈ। ਪੱਗ ਨਹੀਂ ਵਿਖਾਈ।

ਪੱਗ ਤੋਂ ਮੈਨੂੰ ਗੱਲ ਯਾਦ ਆਗੀ। ਬਾਪੂ ਜਦੋਂ ਦੋ ਸਾਲ ਦਾ ਸੀ ਤਾਂ ਪੱਗ-ਪੱਗ ਕਰਦਾ ਰਹਿੰਦਾ ਸੀ। ਕਹਿੰਦੇ ਮੈਂ ਪੱਗੀ ਬੰਨ੍ਹਣੀ ਆ। ਉਦੋਂ ਪੱਗ ਬੰਨ੍ਹਣੀ ਬੜੀ ਵੱਡੀ ਗੱਲ ਹੁੰਦੀ ਸੀ। ਸੌ ਸੁੱਖਾਂ ਵਾਰਾਂ ਨਾਲ ਸਿਆਣਿਆਂ ਤੋਂ ਸਲਾਹਾਂ ਲੈ ਕੇ ਪੱਗ ਬੰਨ੍ਹਾਈ ਜਾਂਦੀ ਸੀ। ਦਾਦੇ ਹੋਰਾਂ ਨੇ ਸੋਢੀ ਬਾਬੇ ਨੂੰ ਪੁੱਛਿਆ ਤਾਂ ਉਹ ਕਹਿੰਦਾ ਇਨ੍ਹੇ ਜਦੋਂ ਪੱਗ ਬੰਨ੍ਹ ਲਈ ਇਸਦਾ ਪਿਓ ਮਰਜੂਗਾ। ਫਿਰ ਕਈ ਵਰ੍ਹੇ ਬਾਅਦ ਰੱਖ ਕਰਵਾ ਕੇ ਪੱਗ ਬਨ੍ਹਾਈ। ਚਿੱਟੇ ਰੰਗ ਦੀ ਦੋ ਲੜੀ ਪੱਗ ਬੜੇ ਸ਼ੌਕ ਨਾਲ ਬੰਨ੍ਹਦਾ ਸੀ। ਉਹਦੇ ਨਾਲ ਦੀ ਪੱਗ ਬਹੁਤ ਘੱਟ ਵੇਖੀ ਆ ਕਿਸੇ ਦੇ ਬੰਨ੍ਹੀ। ਖਵਨੀ ਦਾਦਾ ਵੀ ਤਾਂ ਹੀ ਬਾਪੂ ਦੀ ਛੋਟੀ ਉਮਰੇ ਮਰ ਗਿਆ ਸੀ।

ਬਾਪੂ ਦੀ ਮੌਤ ਦਾ ਦਿਨ-ਵਾਰ ਤਾਂ ਨਹੀਂ ਪਤਾ। ਇੰਨਾ ਯਾਦ ਆ ਭਾਈ, ਫੱਗਣ ਦੋ ਦਿਨ ਰਹਿੰਦਾ ਸੀ। ਸਸਕਾਰ ਪਹਿਲੀ ਚੇਤ ਨੂੰ ਕੀਤਾ। ਬਾਪੂ ਦੇ ਨਾਲ ਉਸ ਦੇ ਸਾਥੀ ਬੰਤਾ ਤੇ ਸੋਹਨ ਵੀ ਮਾਰ'ਤੇ ਸੀ। ਬਾਪੂ ਹੋਰੀਂ ਮਲੰਗੀ ਫਕੀਰ ਦੇ ਡੇਰੇ 'ਤੇ ਰਹਿੰਦੇ ਸੀ। ਸਿੱਧੂਪੁਰਾ ਵਿਖੇ ਡੇਰਾ ਸੀ। ਮਲੰਗੀ ਖੁਦ ਡਾਕੂ ਸੀ। ਉਸ ਬਾਰੇ ਕਿਹਾ ਜਾਂਦਾ ਸੀ "ਦਿਨੇ ਰਾਜ ਫਰੰਗੀ ਦਾ, ਰਾਤੀਂ ਰਾਜ ਮਲੰਗੀ ਦਾ।"

ਬਾਪੂ ਜੱਗਾ ਸਿਰਫ 17 ਦਿਨ ਡਾਕੂ ਰਿਹਾ। ਢਾਈ ਮਹੀਨੇ ਭਗੌੜਾ ਰਿਹਾ; ਭਾਵ ਜਦੋਂ ਪੁਲਿਸ ਨੇ ਜੱਗੇ ਡਾਕੂ ਦੇ ਸਿਰ ਇਨਾਮ ਰੱਖ ਦਿੱਤਾ ਤਾਂ ਉਸਤੋਂ ਬਾਅਦ ਹੀ ਉਸ ਨੂੰ ਡਾਕੂ ਮੰਨਿਆ ਜਾਣ ਲੱਗਿਆ ਸੀ ਅਤੇ ਉਸਤੋਂ 17 ਦਿਨ ਬਾਅਦ ਉਸ ਨੂੰ ਉਸ ਦੇ ਹੀ ਇਕ ਸਾਥੀ ਨੇ ਮਾਰ ਦਿੱਤਾ ਸੀ। ਉਸ ਦੇ ਸਿਰ 'ਤੇ ਇਕ ਲੱਖ ਨਕਦ ਰੁਪਏ, ਘੋੜੀ ਤੇ ਜ਼ਮੀਨ ਦਾ ਇਨਾਮ ਰੱਖਿਆ ਗਿਆ ਸੀ। ਜੱਗੇ ਨੇ ਅੰਨ ਪਾਣੀ ਬਣਾਉਣ ਲਈ ਨਾਈਆਂ ਦਾ ਇਕ ਮੁੰਡਾ ਲਾਲੂ ਆਪਣੇ ਨਾਲ ਰੱਖਿਆ ਸੀ। ਉਹ ਇਨਾਮ ਦੇ ਲਾਲਚ ਵਿਚ ਆ ਗਿਆ। ਉਸ ਨੇ ਸੋਚਿਆ ਜੇ ਜੱਗੇ ਨੂੰ ਜਿਓਂਦਾ ਫੜਾਇਆ ਤਾਂ ਇਹ ਕਿਸੇ ਸਮੇਂ ਮੈਨੂੰ ਮਾਰ ਦਊ। ਇਸ ਲਈ ਉਸ ਨੇ ਜੱਗੇ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਲਾਲੂ ਨਾਈ ਦਾ ਪਿੰਡ ਲਾਖੂਕੇ ਸੀ। ਉਹ ਆਪਣੇ ਪੰਜ ਭਾਈਆਂ ਨੂੰ ਵੀ ਬੁਲਾ ਲਿਆਇਆ। ਲਾਲੂ ਨਾਈ ਦਾ ਭਰਾ ਧਤੂਰਾ, ਦਾਰੂ ਵਿਚ ਮਿਲਾ ਲਿਆਇਆ। ਇਨਾਮ ਦੇ ਲਾਲਚ ਵਿਚ। ਸੋਹਨ ਤੇਲੀ ਤੇ ਜੱਗੇ ਨੇ ਦਾਰੂ ਪੀ ਲਈ। ਬੇਸੁਰਤ ਹੋ ਗਏ। ਬੰਤਾ ਸਿੰਘ ਆਪਣੇ ਪਿੰਡ ਕਾਲੂ ਖਾਰਾ ਨੂੰ ਚੱਲ ਪਿਆ। ਉਧਰ ਨਾਈ ਨੇ ਗੋਲੀਆਂ ਮਾਰ ਕੇ ਸੋਹਨ ਤੇ ਜੱਗੇ ਨੂੰ ਮਾਰ ਦਿੱਤਾ। ਬੰਤਾ ਸਿੰਘ ਗੋਲੀਆਂ ਦੀ ਅਵਾਜ਼ ਸੁਣ ਕੇ ਮੁੜ ਆਇਆ। ਨਾਈ ਤੇ ਉਹ ਆਪਸ ਜੱਫੋ-ਜੱਫੀ ਹੋ ਗਏ। ਨਾਈ ਦੇ ਭਰਾ ਨੇ ਬੰਤਾ ਸਿੰਘ ਦੇ ਵੀ ਗੋਲੀਆਂ ਮਾਰੀਆਂ। ਡਾਕੂਆਂ ਦਾ ਸਾਥੀ ਹੋਣ ਕਰਕੇ ਨਾਈ ਨੂੰ ਸਰਕਾਰ ਨੇ ਜੇਲ੍ਹ ਭੇਜਤਾ। ਜੇਲ੍ਹ ਵਿਚ ਕੀੜੇ ਪੈ ਕੇ ਮਰਿਆ। ਕੈਦੀ, ਯਾਰ ਮਾਰ ਕਰਨ ਕਰਕੇ ਉਸ ਨੂੰ ਠੁੱਡੇ ਮਾਰਦੇ ਸੀ। ਬੰਤਾ ਸਿੰਘ ਕਾਲੂ ਖਾਰਾ ਦੇ ਬੱਚੇ ਹੁਣ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕਾਲਾ ਟਿੱਬਾ ਨੇੜੇ ਮਮਦੋਟ ਰਹਿੰਦੇ ਹਨ।

ਜਦੋਂ ਬਾਪੂ ਦੀ ਮੌਤ ਹੋਈ ਤਾਂ ਮਹੀਨੇ ਬਾਅਦ ਪੁਲਿਸ ਨੇ ਸਾਨੂੰ ਉਸ ਦਾ ਸਮਾਨ ਦਿੱਤਾ ਸੀ। ਉਸ ਵਿਚ ਹਾਥੀ ਦੰਦ ਦਾ ਬਣਿਆ ਡੰਡੀ ਵਾਲਾ ਚਾਕੂ, ਕੰਘਾ, ਚਾਂਦੀ ਦੀ ਅਫੀਮ ਦੀ ਡੱਬੀ ਤੇ ਇਤਰ ਫੁਲੇਲ ਦੀ ਸ਼ੀਸ਼ੀ ਸੀ।

# ਅਨੰਦਪੁਰ ਦੀ ਵੈਸਾਖੀ

ਡਾ. ਬਲਕਾਰ ਸਿੰਘ*

ਕਿਸੇ ਵੀ ਧਰਮ-ਚਿੰਤਨ ਨਾਲ ਜੁੜੇ ਹੋਏ ਤਿਉਹਾਰ ਬੇਸ਼ਕ ਸਬੰਧਤ ਧਰਮ ਦੀ ਸਿਧਾਂਤਕ-ਧਰਾਤਲ ਨਹੀਂ ਹੁੰਦੇ ਪਰੰਤੂ ਸਬੰਧਤ ਧਰਮ ਨਾਲ ਜੁੜੀਆਂ ਹੋਈਆਂ ਭਾਵਨਾਵਾਂ ਦਾ ਸਭਿਆਚਾਰਕ ਪ੍ਰਗਟਾਵਾ ਜ਼ਰੂਰ ਹੁੰਦੇ ਹਨ। ਵੈਸਾਖੀ, ਪੰਜਾਬ ਦੇ ਮੁੱਖ ਤਿਉਹਾਰਾਂ ਵਿਚੋਂ ਹੈ ਕਿਉਂਕਿ ਇਸ ਨੂੰ ਕਣਕ ਦੇ ਪੱਕਣ ਨਾਲ ਜੋੜ ਕੇ, ਖ਼ੁਸ਼ੀ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਪੰਜਾਬ ਕਿਸਾਨੀ-ਪ੍ਰਧਾਨ ਸੂਬਾ ਹੈ ਅਤੇ ਕਣਕ ਇਥੋਂ ਦੀ ਮੁੱਖ ਫਸਲ ਹੈ। ਪੰਜਾਬੀ ਕਵਿਤਾ ਵਿਚ "ਓ ਜੱਟਾ ਆਈ ਵੈਸਾਖੀ" ਦੀ ਭਾਵਨਾ ਪ੍ਰਗਟ ਹੋ ਚੁਕੀ ਹੈ। ਇਸ ਅਵਸਰ ਨੂੰ ਗੁਰੂ ਗੋਬਿੰਦ ਸਿੰਘ ਨੇ ਓਸੇ ਤਰ੍ਹਾਂ ਨਵੇਂ ਅਰਥ ਦੇ ਦਿਤੇ ਹਨ, ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੀ ਪ੍ਰਾਪਤ ਸ਼ਬਦਾਵਲੀ ਨੂੰ ਨਵੇਂ ਅਰਥ ਦਿਤੇ ਜਾ ਚੁਕੇ ਹਨ। ਜਿਥੋਂ ਤਕ ਵੈਸਾਖੀ ਦੇ ਤਿਉਹਾਰ ਦਾ ਸਬੰਧ ਹੈ, ਉਹ ਤਾਂ ਦਮਦਮਾ ਸਾਹਿਬ ਵਿਖੇ ਵੀ ਮਨਾਇਆ ਜਾਂਦਾ ਹੈ। ਪਰ ਅਨੰਦਪੁਰ ਸਾਹਿਬ ਦੀ ਵੈਸਾਖੀ ਦਾ ਮਹੱਤਵ ਆਮ ਤਿਉਹਾਰਾਂ ਵਰਗਾ ਨਹੀਂ ਹੈ। ਕਾਰਨ ਇਹ ਹੈ ਕਿ ਅਨੰਦਪੁਰ ਸਾਹਿਬ ਦੀ ਵੈਸਾਖੀ ਦਾ ਸਬੰਧ ਖਾਲਸਾ ਸਾਜਨਾ ਨਾਲ ਹੈ। ਸਿੱਖ ਪ੍ਰਸੰਗ ਵਿਚ ਇਸ ਨੂੰ ਅਨੰਦਪੁਰੀ-ਫਸਲ ਵੀ ਆਖਿਆ ਜਾ ਸਕਦਾ ਹੈ। ਇਸ ਦੇ ਬਾਵਜੂਦ ਦਮਦਮਾ ਸਾਹਿਬ ਦੀ ਵੈਸਾਖੀ ਅਤੇ ਅਨੰਦਪੁਰ ਸਾਹਿਬ ਦੀ ਵੈਸਾਖੀ ਵਿਚਕਾਰ ਕੋਈ ਮੁਕਾਬਲਾ ਅਤੇ ਤਣਾਉ ਵੀ ਨਹੀਂ ਹੈ। ਇਸ ਵੇਲੇ ਹਾਲਤ ਇਹ ਹੈ ਕਿ ਦਮਦਮਾ ਸਾਹਿਬ ਵਾਲੀ ਵੈਸਾਖੀ ਦੇ ਤਿਉਹਾਰ ਉਤੇ ਵੀ ਅਨੰਦਪੁਰ ਸਾਹਿਬ ਦੀ ਵੈਸਾਖੀ ਛਾਈ ਰਹਿੰਦੀ ਹੈ। ਦੋਹਾਂ ਥਾਂਵਾਂ ਦੀ ਵੈਸਾਖੀ ਵਿਚਕਾਰ ਸਾਂਝੀ ਗੱਲ ਇਹ ਹੈ ਕਿ ਦੋਵੇਂ ਧਾਰਮਿਕ-ਥਾਂਵਾਂ ਖਾਲਸਾ-ਪੰਥ ਦੇ ਤਖਤ ਸਾਹਿਬ ਹਨ ਅਤੇ ਦੋਵੇਂ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਭਾਵਨਾ ਨੂੰ ਹੀ ਉਜਾਗਰ ਕਰਦੇ ਹਨ। ਦੋਹਾਂ ਵਿਚੋਂ, ਮੂਲ ਮਹਤਤਾ ਅਨੰਦਪੁਰ ਸਾਹਿਬ ਦੀ ਵੈਸਾਖੀ ਨੂੰ ਹੀ ਪ੍ਰਾਪਤ ਹੋ ਗਈ ਹੈ। ਇਸੇ ਕਰਕੇ ਖਾਲਸਾ-ਸਾਜਨਾ ਦੀ ਤੀਜੀ ਸ਼ਤਾਬਦੀ 1999 ਵਿਚ ਅਨੰਦਪੁਰ ਸਾਹਿਬ ਵਿਚ ਹੀ ਮਨਾਈ ਗਈ ਸੀ। ਹੋਰ ਵੀ ਕਈ ਕਾਰਨਾਂ ਕਰਕੇ ਅਨੰਦਪੁਰ ਸਾਹਿਬ ਦੀ ਵੈਸਾਖੀ ਨੂੰ ਹੋਰ ਵੀ ਮਹੱਤਤਾ ਪ੍ਰਾਪਤ ਹੋ ਗਈ ਹੈ।

ਵੈਸਾਖੀ ਬੇਸ਼ਕ ਇਕ ਮੌਸਮ ਦੇ ਬਦਲਾਵ ਨਾਲ ਸਬੰਧਤ ਅਵਸਰ ਵੀ ਹੈ ਅਤੇ ਦੂਜੇ ਪਾਸੇ ਫਸਲ ਦੇ ਪੱਕ ਜਾਣ ਨੂੰ ਪ੍ਰਗਟਾਉਣ ਵਾਲਾ ਬਿੰਬ ਵੀ ਹੈ। ਸਿੱਖ ਧਰਮ ਚਿੰਤਨ ਦੀ ਜੋ ਫਸਲ, ਗੁਰੂ ਨਾਨਕ ਦੇਵ ਨੇ 1499 ਈ. ਨੂੰ ਵੇਈਂ ਨਦੀ ਪਰਵੇਸ਼ ਤੋਂ ਪਿਛੋਂ "ਨਾ ਕੋ ਹਿੰਦੂ ਨ ਕੋ ਮੁਸਲਮਾਨ" ਦਾ ਐਲਾਨ ਕਰਕੇ ਬੀਜ ਦਿਤੀ ਸੀ, ਉਹੀ ਸਿੱਖ-ਫਸਲ 1699 ਈ. ਦੀ ਵੈਸਾਖੀ ਨੂੰ ਪੱਕ ਗਈ ਪਰਵਾਨ ਕਰਕੇ ਗੁਰੂ ਗੋਬਿੰਦ ਸਿੰਘ ਵਲੋਂ ਸਦਾ ਵਾਸਤੇ ਖਾਲਸਾ ਪੰਥ ਦੀ ਸਾਜਨਾ ਕਰਕੇ ਸੰਭਾਲ ਲਈ ਗਈ ਸੀ। ਇਉਂ ਫਸਲ ਦੇ ਪੱਕ ਜਾਣ ਦੇ ਬਿੰਬ ਰਾਹੀਂ ਇਸ ਅਵਸਰ ਦੀ ਗੱਲ ਅਰੰਭ ਕੀਤੀ ਜਾ ਸਕਦੀ ਹੈ। ਇਸ ਨਾਲ ਗੁਰੂ ਨਾਨਕ ਦੀ ਨਿਰੰਤਰਤਾ ਵਿਚ ਗੁਰੂ ਗੋਬਿੰਦ ਸਿੰਘ ਨੂੰ ਵੇਖਿਆ ਜਾਣਾ ਉਨ੍ਹਾਂ ਲੋਕਾਂ ਲਈ ਸੌਖਾ ਹੋ ਜਾਂਦਾ ਹੈ, ਜਿਨ੍ਹਾਂ ਨੂੰ ਸਿੱਖ ਧਰਮ ਕਿਸੇ ਵੀ ਕਾਰਨ ਕਰਕੇ ਹਿੰਦੂ ਧਰਮ ਦੀ ਨਿਰੰਤਰਤਾ ਵਿਚ ਲਗਦਾ ਹੈ। ਸਿੱਖ ਧਰਮ ਦੀ ਸੁਤੰਤਰ ਸਥਾਪਨਾ ਦਾ ਮੁੱਢ ਤਾਂ ਗੁਰੂ ਨਾਨਕ ਦੇਵ ਨਾਲ ਬੱਝ ਗਿਆ ਸੀ ਅਤੇ ਇਸ ਉਤੇ ਪੱਕੀ ਮੋਹਰ ਗੁਰੂ ਗੋਬਿੰਦ ਸਿੰਘ ਨੇ 1699 ਦੀ ਵੈਸਾਖੀ ਨੂੰ ਲਾ ਦਿਤੀ ਸੀ।

ਸਿੱਖ-ਸਿਧਾਂਤ, ਸਿੱਖ-ਇਤਿਹਾਸ, ਸਿੱਖ-ਪਰੰਪਰਾ ਅਤੇ ਸਿੱਖ-ਮਾਨਸਿਕਤਾ ਵਿਚੋਂ ਸਿੱਖਾਂ ਦੀ ਕੌਮੀਅਤ ਵੱਖਰੇ ਪ੍ਰਗਟ ਕਰਨ ਦੀ ਗੁਰੂ-ਰੀਝ ਨੂੰ ਕਿਸੇ ਵੀ ਕਾਰਨ ਮਨਫੀ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਹੈ ਕਿ ਸਿੱਖ-ਸਿਧਾਂਤ ਮੁਤਾਬਿਕ ਦਸਾਂ ਹੀ ਗੁਰ-ਪਾਤਸ਼ਾਹੀਆਂ ਵਿਚ ਇਕੋ ਹੀ ਜੋਤਿ ਅਤੇ ਜੁਗਤਿ ਦਾ ਨਿਰੰਤਰ ਪਰਵਾਹ ਚਲਦਾ ਰਿਹਾ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸੇ ਨੂੰ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਵਜੋਂ ਸਿਧਾਂਤਕ-ਆਧਾਰ ਮੁਹੱਈਆ ਕੀਤਾ ਹੋਇਆ ਹੈ। ਇਸ ਦਾ ਵਿਕਾਸ ਇਸ ਤਰ੍ਹਾਂ ਪਰਵਾਨ ਹੋ ਚੁਕਾ ਹੈ ਕਿ ਸਿੱਖ-ਪਛਾਣ ਦੇ ਮੂਲ ਸਰੋਕਾਰ 'ਸੰਗਤ' ਨੂੰ ਹੀ 'ਖਾਲਸਾ' ਰੂਪ ਵਿਚ ਪ੍ਰਕਾਸ਼ਮਾਨ ਹੋਇਆ ਮੰਨਿਆ ਜਾਂਦਾ ਹੈ। ਭਾਈ ਗੁਰਦਾਸ ਦੂਜਾ ਦੀ ਵਾਰ ਵਿਚ, ਜਿਸ ਨੂੰ ਭਾਈ ਗੁਰਦਾਸ ਦੀ 41ਵੀਂ ਵਾਰ ਵੀ ਕਿਹਾ ਜਾਂਦਾ ਹੈ, ਗੁਰਸੰਗਤ ਦੇ ਖਾਲਸਾ ਰੂਪ ਵਿਚ ਪ੍ਰਗਟ ਹੋਣ ਵਲ ਸੰਕੇਤ ਕੀਤਾ ਹੋਇਆ ਹੈ:

ਹਰਿ ਸਚੇ ਤਖਤ ਰਚਾਇਆ
ਸਤਿ ਸੰਗਤ ਮੇਲਾ।
ਨਾਨਕ ਨਿਰਭਉ ਨਿਰੰਕਾਰ
ਵਿਚਿ ਸਿਧਾਂ ਖੇਲਾ।
ਗੁਰੂ ਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ।
ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।


ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖ-ਸਿਧਾਂਤ, ਸਿੱਖ-ਰਹਿਤ ਅਤੇ ਸਿੱਖ-ਪਛਾਣ ਦਾ ਸਦਕਾਲੀਨ ਆਧਾਰ ਬਾਣੀ ਅਤੇ ਬਾਣਾ ਹੈ। ਜਿਨ੍ਹਾਂ ਸਿੱਖਾਂ ਦਾ ਬਾਣੀ ਅਤੇ ਬਾਣੇ ਨਾਲ ਕੋਈ ਸਬੰਧ ਨਹੀਂ ਰਿਹਾ ਜਾਂ ਨਹੀਂ ਰਹਿੰਦਾ, ਉਹ ਵੀ ਸਿੱਖ ਪਛਾਣ ਦੇ ਹਰੇਵੇ ਤੋਂ ਮੁਕਤ ਨਹੀਂ ਹੋ ਸਕਦੇ। ਇਸ ਦਾ ਕਾਰਨ ਇਹ ਹੈ ਕਿ ਬਾਣੀ ਸਿੱਖੀ ਦਾ ਪ੍ਰਾਨ-ਆਧਾਰ ਹੈ ਅਤੇ ਇਹੋ ਸ਼ਬਦ-ਗੁਰੂ ਦੇ ਰੂਪ ਵਿਚ ਸਿੱਖ-ਮਾਨਸਿਕਤਾ ਦਾ ਹਿੱਸਾ ਹੈ। ਇਸੇ ਨੂੰ ਸਿੱਖ ਮਾਨਸਿਕਤਾ ਕਿਹਾ ਜਾ ਰਿਹਾ ਹੈ ਕਿਉਂਕਿ ਜੋ ਭਾਵਨਾ ਮਾਨਸਿਕਤਾ ਵਿਚ ਪਰਵੇਸ਼ ਕਰ ਜਾਵੇ ਅਤੇ ਵਿਵਹਾਰ ਵਿਚੋਂ ਉਹੀ ਭਾਵਨਾ ਭਾਵੇਂ ਕਦੇ ਕਦੇ ਹੀ ਪ੍ਰਗਟ ਹੋਵੇ, ਪਰ ਉਹ ਬਿਲਕੁਲ ਨਹੀਂ ਮਰ ਸਕਦੀ। ਕਹਿਣ ਦਾ ਭਾਵ ਇਹ ਹੈ ਕਿ ਜਿਹੜੀਆਂ ਗੱਲਾਂ ਅੱਖੋਂ-ਉਹਲੇ ਹੋ ਜਾਂਦੀਆਂ ਹਨ, ਉਹ ਮਾਨਵ ਦੀ ਮਾਨਸਿਕਤਾ ਵਿਚ ਪਈਆਂ ਰਹਿੰਦੀਆਂ ਹਨ। ਇਸ ਪ੍ਰਸੰਗ ਵਿਚ ਅਨੰਦਪੁਰ ਸਾਹਿਬ ਦੀ 1699 ਈ. ਵਾਲੀ ਵੈਸਾਖੀ ਨੂੰ ਇਕ ਪਾਸੇ ਉਸ ਮਾਨਸਿਕਤਾ ਦਾ ਪ੍ਰਗਟਾਵਾ ਕਿਹਾ ਜਾ ਸਕਦਾ ਹੈ ਜਿਸ ਦੀ ਨੀਂਹ ਨਾਨਕ ਪਾਤਸ਼ਾਹ ਨੇ ਰੱਖੀ ਸੀ ਅਤੇ ਦੂਜੇ ਪਾਸੇ ਕੌਮੀ ਐਲਾਨਨਾਮੇ ਵਜੋਂ ਵੀ ਲਿਆ ਜਾ ਸਕਦਾ ਹੈ, ਜਿਸ ਦਾ ਪ੍ਰਗਟਾਵਾ "ਆਪੇ ਗੁਰ ਚੇਲਾ" ਦੇ ਰੂਪ ਵਿਚ ਦਸਮ ਪਾਤਸ਼ਾਹ ਹਜ਼ੂਰ ਨੇ ਵੈਸਾਖੀ ਵਾਲੇ ਦਿਨ ਕਰ ਦਿਤਾ ਸੀ। ਇਸ ਨੂੰ ਸਿੱਖ ਪਛਾਣ ਦੀ ਧਰੋਹਰ ਵਜੋਂ ਵੀ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਇਹ ਤਾਂ ਅਕਾਦਮਿਕ ਖੇਤਰ ਵਿਚ ਮੰਨ ਲਿਆ ਗਿਆ ਹੈ ਕਿ ਭਾਰਤ ਵਿਚ ਕੌਮੀਅਤ ਦਾ ਖਿਆਲ ਗੁਰੂ ਗੋਬਿੰਦ ਸਿੰਘ ਨੇ ਹੀ ਪਹਿਲੀ ਵਾਰ ਦਿਤਾ ਸੀ। ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਸਭਿਆਚਾਰਕ ਵੰਨ-ਸੁਵੰਨਤਾ ਨੇ ਭਾਰਤੀ ਕੌਮੀਅਤ ਨੂੰ ਪ੍ਰਗਟ ਨਹੀਂ ਹੋਣ ਦਿਤਾ ਸੀ। ਏਸੇ ਲਈ ਅੱਜ ਵੀ ਅਖੰਡ ਭਾਰਤ ਦੀ ਕਲਪਨਾ ਕਰ ਸਕਣੀ ਮੁਸ਼ਕਲ ਜਾਪਦੀ ਹੈ ਕਿਉਂਕਿ ਭਾਰਤ ਬਹੁ-ਕੌਮੀ ਜਾਂ ਬਹੁ-ਧਾਰਮਿਕ ਦੇਸ਼ ਹੈ। ਅਸਲ ਵਿਚ ਸਿੱਖ ਕੌਮੀਅਤ ਦਾ ਆਧਾਰ ਸਿੱਖਾਂ ਦਾ ਸੁਤੰਤਰ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖਾਂ ਦਾ ਵਿਲੱਖਣ ਇਤਿਹਾਸ, ਸਿੱਖ ਇਤਿਹਾਸ ਹੈ। ਇਸ ਤੋਂ ਬਿਨਾਂ ਵੀ ਸਿੱਖ ਪਛਾਣ ਦੇ ਹੋਰ ਆਧਾਰ ਕਾਇਮ ਹਨ, ਪਰ ਇਸ ਤਰ੍ਹਾਂ ਦੇ ਕੌਮੀ-ਆਧਾਰ, ਭਾਰਤ ਦੇ ਬਹੁਤੇ ਧਰਮਾਂ ਦੇ ਵਿਸ਼ਵਾਸੀਆਂ ਕੋਲ ਅੱਜ ਵੀ ਨਹੀਂ ਹਨ। ਧਰਮ ਆਧਾਰਤ ਸਭਿਆਚਾਰ ਅਤੇ ਕੌਮੀਅਤ ਵਿਚ ਫਰਕ ਇਸ ਆਧਾਰ ਉਤੇ ਸਮਝਿਆ/ਸਮਝਾਇਆ ਜਾ ਸਕਦਾ ਹੈ। ਹਿੰਦੂ ਧਰਮ ਦੀ ਪਛਾਣ ਸਥਾਪਤ ਕਰਨੀ ਸੌਖੀ ਨਹੀਂ ਹੈ ਕਿਉਂਕਿ ਹਿੰਦੂ ਧਰਮ ਵਿਚ ਚਾਰੇ ਹੀ ਸ਼੍ਰੇਣੀਆਂ (ਬ੍ਰਾਹਮਣ, ਖਤਰੀ, ਵੈਸ਼ ਅਤੇ ਸੂਦਰ), ਕਿਸੇ ਇਕ ਪਛਾਣ ਵਿਚ ਅੱਜ ਵੀ ਬੱਝੀਆਂ ਹੋਈਆਂ ਨਹੀਂ ਹਨ। ਸਰ ਮੁਹੰਮਦ ਇਕਬਾਲ ਨੇ ਜੋ ਗੱਲ ਮੁਸਲਮਾਨਾਂ ਨੂੰ ਪੁੱਛੀ ਸੀ, ਉਹ ਹਿੰਦੂਆਂ ਨੂੰ ਵੀ ਪੁੱਛੀ ਜਾ ਸਕਦੀ ਹੈ:

ਯੂੰ ਤੋ ਸਯਦ ਭੀ ਹੋ, ਮਿਰਜ਼ਾ ਭੀ ਹੋ,
ਅਫਗਾਨ ਭੀ ਹੋ।
ਤੁਮ ਸਭੀ ਕੁਛ ਹੋ, ਬਤਾਉ ਤੋ,
ਮੁਸਲਮਾਨ ਭੀ ਹੋ।

ਜਿਸ ਭਾਈਚਾਰੇ ਕੋਲ ਇਸ ਸਵਾਲ ਦਾ ਉਤਰ ਨਹੀਂ ਹੈ, ਉਹ ਕੌਮੀਅਤ ਦਾ ਦਾਅਵਾ ਨਹੀਂ ਕਰ ਸਕਦਾ। ਵਰਤਮਾਨ ਸਮੇਂ ਵਿਚ ਸਿੱਖ ਵੀ ਇਸ ਸਵਾਲ ਤੋਂ, ਜਿਸ ਹੱਦ ਤਕ ਬਚੇ ਹੋਏ ਨਹੀਂ ਹਨ, ਉਸ ਹੱਦ ਤਕ ਸਿੱਖ-ਕੌਮੀਅਤ ਵੀ ਕਮਜ਼ੋਰ ਹੋਈ ਕਹੀ ਜਾ ਸਕਦੀ ਹੈ। ਫਿਰ ਵੀ ਸਿੱਖ ਪਛਾਣ ਨੂੰ ਅਜੇ ਤਕ ਅਜਿਹਾ ਕੋਈ ਖਤਰਾ ਨਹੀਂ ਹੈ ਕਿਉਂਕਿ ਸਿੱਖ ਦੀ ਮਾਨਸਿਕਤਾ ਵਿਚ ਬਾਣੀ ਦਾ ਪਿਆਰ ਮਰਿਆ ਨਹੀਂ ਹੈ। ਦੂਜਾ ਕਾਰਨ ਇਹ ਹੈ ਕਿ ਬਾਣੀ ਅਤੇ ਬਾਣਾ ਸਿੱਖ-ਮਾਨਸਿਕਤਾ ਵਿਚੋਂ ਕਿਰਿਆ ਨਹੀਂ ਹੈ। ਪਰ ਭਾਰਤ ਦੇ ਧਰਮ ਨਿਰਪੇਖ ਢਾਂਚੇ ਅਤੇ ਲੋਕਤਾਂਤ੍ਰਿਕ ਸਿਆਸਤ ਨੇ ਸਿੱਖਾਂ ਨੂੰ ਇਸੇ ਪਾਸੇ ਤੋਰ ਜ਼ਰੂਰ ਲਿਆ ਹੈ। ਹੁਣ ਇਹ ਇਤਿਹਾਸ ਹੋ ਗਿਆ ਹੈ ਕਿ ਖਾਲਸਾ ਦੀ ਪਛਾਣ ਇਹ ਹੈ:

ਸਰਫਰੋਸ਼ੀ, ਸਰਬੁਲੰਦੀ,
ਅਨਕਸਾਰੀ, ਆਸਤੀ
ਇਨਹੀ ਕੀ ਯਕ ਜਾਈ ਕਾ ਤੋ
ਨਾਮ ਹੈ ਇਕ ਖਾਲਸਾ।

ਕੌਮਾਂ ਦਾ ਵਰਤਮਾਨ ਜੇ ਭੂਤ ਨਾਲੋਂ ਵਿਛੁੰਨਿਆ ਜਾਵੇ ਤਾਂ ਭਵਿਖ ਦਾਅ 'ਤੇ ਲੱਗ ਜਾਂਦਾ ਹੈ। ਗੁਰੂ ਸਾਹਿਬ ਨੇ ਪੰਜਾਬੀਅਤ ਨੂੰ ਸਿੱਖੀ ਵਿਚ ਪਰਵਰਤਿਤ ਕਰਨ ਦਾ ਸ਼ਬਦ-ਮਾਡਲ ਪ੍ਰਗਟ ਕੀਤਾ ਸੀ। ਪਰ ਵਰਤਮਾਨ ਵਿਚ ਸਿੱਖੀ ਨੂੰ ਪੰਜਾਬੀਅਤ ਵਿਚ ਢਾਲਣ ਦਾ ਸਿਆਸੀ ਮਾਡਲ ਪ੍ਰਧਾਨ ਹੁੰਦਾ ਜਾ ਰਿਹਾ ਹੈ। ਇਸ ਨਾਲ ਮੀਰੀ ਅਤੇ ਪੀਰੀ ਦਾ ਤਵਾਜ਼ਨ ਵਿਗੜ ਕੇ ਸਿਆਸੀ ਖੋਹਾ-ਖਿੰਝੀ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਸੋ ਇਹ ਪਰਵਾਨ ਕਰ ਲੈਣ ਵਿਚ ਹੀ ਸਿਆਣਪ ਹੈ ਕਿ ਸਿੱਖਾਂ ਨੂੰ ਕੌਮੀਅਤ ਵਜੋਂ ਸਾਹਮਣੇ ਲਿਆਉਣ ਵਿਚ ਜੋ ਭੂਮਿਕਾ ਸਿੱਖ ਗੁਰੂ ਸਾਹਿਬਾਨ ਨੇ ਨਿਭਾਈ ਸੀ, ਉਸ ਵਿਚ ਕਮਜ਼ੋਰੀਆਂ ਆ ਗਈਆਂ ਹਨ। ਸਭ ਤੋਂ ਪਹਿਲਾਂ 1699 ਈ. ਦੀ ਵੈਸਾਖੀ ਦੇ ਮੁੱਖ ਸਰੋਕਾਰ ਅੰਮ੍ਰਿਤ ਛਕ ਕੇ ਸਿੰਘ ਸਜਣ ਨੂੰ ਲਿਆ ਜਾ ਸਕਦਾ ਹੈ। ਅੰਮ੍ਰਿਤ ਛਕਣ ਦੀ ਮਹਿਮਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾਣਾ ਚਾਹੀਦਾ ਹੈ ਕਿ ਗੁਰੂ ਗੋਬਿੰਦ ਰਾਇ ਨੂੰ ਗੁਰੂ ਗੋਬਿੰਦ ਸਿੰਘ ਹੋਣ ਲਈ ਆਪ ਹੀ ਥਾਪੇ ਪੰਜ ਪਿਆਰਿਆਂ ਅਗੇ ਸਮਰਪਿਤ ਹੋ ਕੇ ਅੰਮ੍ਰਿਤ ਦੀ ਦਾਤ ਨੂੰ ਲੈਣਾ ਪਿਆ ਸੀ। "ਆਪੇ ਗੁਰ ਚੇਲਾ" ਦੀ ਇਹ ਗੱਲ ਨਵੀਂ ਨਹੀਂ ਸੀ ਕਿਉਂਕਿ 1539 ਈ. ਵਿਚ ਗੁਰੂ ਨਾਨਕ ਨੇ ਪੰਜ ਪੈਸੇ ਨਰੇਲ ਰਖ ਕੇ ਗੁਰੂ ਅੰਗਦ ਦੇਵ ਜੀ ਅਗੇ ਮੱਥਾ ਟੇਕਿਆ ਸੀ। ਸੋ ਇਸ ਨਾਲ ਇਹ



ਸਾਬਤ ਹੋ ਗਿਆ ਸੀ ਕਿ ਗੁਰੂ ਦੀ ਸੰਸਥਾ ਨੂੰ ਨਿਰੰਤਰਤਾ ਵਿਚ ਸਥਾਪਤ ਕਰਨ ਲਈ ਇੰਦ੍ਰਿਆਵੀ ਬਿਨਸਣਹਾਰਤਾ ਤੋਂ ਬਚਾਏ ਜਾਣ ਦੀ ਲੋੜ ਹੈ। ਇਸੇ ਆਧਾਰ 'ਤੇ ਇਹ ਨਿਰਣਾ ਕਢਿਆ ਜਾ ਸਕਦਾ ਹੈ ਕਿ ਸਿੱਖ ਕੌਮੀਅਤ ਨੂੰ ਸਰੀਰਕ ਉਤਮਤਾ ਰਾਹੀਂ ਨਹੀਂ ਸਗੋਂ ਜੋਤਿ ਅਤੇ ਜੁਗਤਿ ਦੇ ਵਿਵਹਾਰਕ ਪ੍ਰਗਟਾਵੇ ਰਾਹੀਂ ਸਾਹਮਣੇ ਲਿਆਂਦਾ ਜਾ ਰਿਹਾ ਸੀ। ਸਿੱਖ ਕੌਮੀਅਤ ਦਾ ਦੂਜਾ ਸਰੋਕਾਰ, ਇਕ ਪਿਤਾ (ਗੁਰੂ ਗੋਬਿੰਦ ਸਿੰਘ), ਇਕ ਮਾਤਾ (ਮਾਤਾ ਸਾਹਿਬ ਦੇਵਾਂ ਜੀ) ਅਤੇ ਇਕ ਜਨਮ ਸਥਾਨ (ਸ੍ਰੀ ਅਨੰਦਪੁਰ ਸਾਹਿਬ) ਰਾਹੀਂ ਪ੍ਰਗਟ ਕੀਤਾ ਗਿਆ ਸੀ। ਜਿਵੇਂ ਜਿਵੇਂ ਅੰਮ੍ਰਿਤਧਾਰੀ ਸਿੰਘਾਂ ਦੀ ਗਿਣਤੀ ਘਟਦੀ ਜਾ ਰਹੀ ਹੈ, ਤਿਵੇਂ ਤਿਵੇਂ ਕੌਮੀਅਤ ਦਾ ਜਜ਼ਬਾ ਵੀ ਮੱਠਾ ਪੈਂਦਾ ਜਾ ਰਿਹਾ ਹੈ। ਕੌਮੀਅਤ ਦਾ ਜਜ਼ਬਾ ਕੌਮੀਅਤ ਨਾਲ ਜੁੜੇ ਹੋਏ ਸਰੋਕਾਰਾਂ ਦੀ ਸਦ-ਤਾਜ਼ਗੀ ਨਾਲ ਜੁੜਿਆ ਹੋਇਆ ਹੁੰਦਾ ਹੈ। ਇਸ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਅਨੰਦਪੁਰ ਸਾਹਿਬ ਦੀ ਵੈਸਾਖੀ ਦੀ ਭਾਵਨਾ ਸਿੱਖ ਮਾਨਸਿਕਤਾ ਵਿਚ ਉਸ ਤਰ੍ਹਾਂ ਤਾਜ਼ਾ ਅਤੇ ਮਘਵੀਂ ਨਹੀਂ ਹੈ, ਜਿਸ ਤਰ੍ਹਾਂ ਸਿੱਖ ਧਰਮ ਚਿੰਤਨ ਵਿਚ ਆਸ ਕੀਤੀ ਗਈ ਹੈ। ਗੁਰਬਾਣੀ ਵਿਚ "ਸਿਰ ਦੀਜੈ ਕਾਣਿ ਨ ਕੀਜੈ" ਦੀ ਗੱਲ ਗੁਰੂ ਨਾਨਕ ਦੇਵ ਨੇ ਆਖੀ ਹੋਈ ਹੈ। ਸਿੱਖੀ ਦੇ ਮਾਰਗ 'ਤੇ ਤੁਰਨ ਲਈ ਜੋ ਯੋਗਤਾ ਗੁਰਬਾਣੀ ਵਿਚ ਮਿਥੀ ਗਈ ਹੈ, ਉਸ ਵਿਚ "ਪਹਿਲਾ ਮਰਣ ਕਬੂਲਿ" ਵਾਲਾ ਸਮਰਪਨ ਅਤੇ "ਹੋਹੁ ਸਭਨ ਕੀ ਰੇਣਕਾ" ਵਾਲੀ ਹਲੀਮੀ ਨੂੰ ਗਿਣਿਆ ਹੋਇਆ ਹੈ। ਇਸ ਵਿਚੋਂ ਉਹ ਸ਼ੁਭ ਅਮਲ ਪੈਦਾ ਹੋਣੇ ਹਨ, ਜਿਨ੍ਹਾਂ ਨੂੰ ਸਿੱਖ-ਪਛਾਣ ਦੀ ਯੋਗਤਾ ਦਾ ਹਿੱਸਾ ਮੰਨਿਆ ਗਿਆ ਹੈ। ਇਸ ਲਈ ਵੈਸਾਖੀ ਦਾ ਸਿੱਖ-ਸੰਦੇਸ਼ ਸਿੱਖ ਧਰਮ ਚਿੰਤਨ ਦੇ ਪ੍ਰਸੰਗ ਵਿਚੋਂ ਹੀ ਉਜਾਗਰ ਹੋ ਸਕਦਾ ਹੈ। ਪੰਜ ਪਿਆਰਿਆਂ ਦੀ ਸਾਜਨਾ ਇਕਵਾਰਗੀ ਸਿੱਖ-ਸਰੋਕਾਰ ਨਹੀਂ ਹੈ ਸਗੋਂ ਨਿਰੰਤਰਤਾ ਵਿਚ ਪੈਦਾ ਹੁੰਦਾ ਰਹਿਣ ਵਾਲਾ ਸਿੰਘ-ਸਰੋਕਾਰ ਹੈ। ਖਾਲਸਾ ਸਜਨਾ ਹੈ। ਸੋ ਖਾਲਸਾ ਨੂੰ ਲਕਬ ਜਾਂ ਗੋਤਿ ਵਾਂਗ ਨਹੀਂ ਸਮਿਝਆ ਜਾ ਸਕਦਾ। ਖਾਲਸਾ ਤਾਂ ਉਹੀ ਸਜਦਾ ਹੈ, ਜੋ ਇਸ ਵਾਸਤੇ ਲੋੜੀਦੀ ਯੋਗਤਾ ਦਾ ਮਾਲਕ ਹੋ ਸਕਦਾ ਹੈ। ਸੋ ਖਾਲਸਾ ਦੀ ਪਛਾਣ ਗਿਣਨਾਤਮਕ ਨਹੀਂ, ਗੁਣਨਾਤਮਕ ਹੈ। ਇਹੀ ਸਿੱਖਿਆ ਵੈਸਾਖੀ ਨਾਲ ਜੁੜੀ ਹੋਈ ਹੈ।

ਵੈਸਾਖੀ ਨਾਲ ਜੁੜੇ ਹੋਏ ਵਿਲੱਖਣ ਸਿੱਖ-ਸਰੋਕਾਰਾਂ ਵਿਚ ਮਾਨਵ-ਮੁਕਤੀ ਦਾ ਸਿੱਖ-ਮਾਡਲ ਵੀ ਸ਼ਾਮਲ ਹੈ। ਖਾਲਸਾ-ਸਿਰਜਣਾ ਨੂੰ ਕਿਸੇ ਕਰਾਮਾਤੀ ਘਟਨਾ ਜਾਂ ਇਕ ਵਾਰ ਹੋ ਚੁਕੀ ਗੁਰੂ ਦੀ ਮਿਹਰ ਵਜੋਂ ਨਹੀਂ ਲਿਆ ਜਾ ਸਕਦਾ। ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਤਿਆਰ ਕਰਨ ਤੋਂ ਲੈ ਕੇ, ਛਕਾਉਣ ਤਕ ਨੂੰ, ਨਾਸ਼-ਮਾਡਲ ਨਾਲ ਜੋੜਿਆ ਹੋਇਆ ਹੈ। ਨਾਸ਼-ਮਾਡਲ ਵਿਚ ਧਰਮ ਸਥਾਪਤੀ ਲਈ ਧਰਮ ਨਾਸ਼ ਦੀ ਗੱਲ ਵੀ ਕੀਤੀ ਗਈ ਹੈ। ਪਹਿਲਾਂ ਪ੍ਰਾਪਤ ਧਰਮ ਅਤੇ ਧਾਰਮਿਕ ਰੀਤੀ ਰਿਵਾਜਾਂ ਨਾਲੋਂ ਟੁਟੇ ਬਿਨਾਂ ਸਿੱਖੀ ਨਾਲ ਨਹੀਂ ਜੁੜਿਆ ਜਾ ਸਕਦਾ। ਇਹ ਇਕ ਪਾਸੇ ਖਾਲੀ ਭਾਂਡਾ ਕਰਕੇ ਵਸਤੂ ਸੰਭਾਲਣ ਦੀ ਗੱਲ ਹੈ ਅਤੇ ਦੂਜੇ ਪਾਸੇ ਵਰਤਮਾਨ ਦੀ ਸਜਰੀ ਸਥਾਪਨਾ ਲਈ ਤਿਆਰੀ ਹੈ। ਦੂਜਾ ਪੱਖ ਕਰਮ ਨਾਸ਼ ਹੈ। ਇਹ ਹਿੰਦੂ ਧਰਮ ਦੇ ਕਰਮ ਫਲਸਫੇ ਤੋਂ ਮੁਕਤ ਹੋਣ ਵਲ ਇਸ਼ਾਰਾ ਹੈ। ਇਸ ਨਾਲੋਂ ਟੁਟਣ ਲਈ ਪਿਛਲੇ ਜਨਮ ਵਿਚ ਕੀਤੇ ਕਰਮਾਂ ਦੇ ਭਰਮ ਤੋਂ ਮੁਕਤ ਹੋਣ ਦੀ ਲੋੜ ਹੈ। ਇਹ ਭੂਤਮੁਖੀ ਭਰਮਾਂ ਵਿਚ ਵਰਤਮਾਨ ਦੇ ਗੁਆਚ ਜਾਣ ਨਾਲ ਸਬੰਧਤ ਮਸਲਾ ਹੈ। ਤੀਜਾ ਪੱਖ ਕੁਲ-ਨਾਸ਼ ਹੈ। ਇਹ ਖਾਨਦਾਨੀ ਬੰਧਨਾਂ ਤੋਂ ਮੁਕਤ ਹੋ ਕੇ, ਜਨਮ ਤੋਂ ਸ਼੍ਰੇਣੀ-ਮੂਲਕ ਧਰਮੀ ਹੋ ਜਾਣ ਦੇ ਜਾਤ-ਪਾਤੀ ਢਾਂਚੇ ਨਾਲੋਂ ਟੁਟਣਾ ਹੈ। ਚੌਥਾ ਪੱਖ ਸ਼੍ਰਮ-ਨਾਸ਼ ਹੈ। ਇਹ ਜਾਤਾਂ ਨਾਲ ਜੁੜੇ ਧੰਧਿਆਂ ਦੇ ਬੰਧਨਾਂ ਤੋਂ ਮੁਕਤੀ ਹੈ। ਪੰਜਵਾਂ ਪੱਖ ਭਰਮ-ਨਾਸ਼ ਹੈ। ਇਹ ਧਰਮ ਨਾਲ ਜੁੜੇ ਹੋਏ ਭਰਮ-ਮੂਲਕ ਕਰਮਾਂ ਅਤੇ ਅਗਿਆਨ-ਕਲਪਿਤ ਬੰਧਨਾਂ ਤੋਂ ਮੁਕਤੀ ਹੈ। ਧਰਮ ਦੇ ਖੇਤਰ ਵਿਚ ਇਨ੍ਹਾਂ ਪੰਜ ਪ੍ਰਤੀਬੰਧਨਾਂ ਨੇ ਹਰ ਤਰ੍ਹਾਂ ਦੀ ਮੁਕਤੀ ਦਾ ਰਾਹ ਰੋਕ ਰਖਿਆ ਸੀ। ਗੁਰੂ ਨਾਨਕ ਦੇਵ ਨੇ ਭਰਮ ਮੁਕਤੀ ਵਿਚੋਂ ਪ੍ਰਾਪਤ ਹੋਈ ਬੰਦ-ਖਲਾਸੀ ਨੂੰ ਮਨੁੱਖ ਉਤੇ ਸਿੱਖ ਚਿੰਤਨ ਦਾ ਉਪਕਾਰ ਦਸਿਆ ਹੈ: ਫੂਟੋ ਆਂਡਾ ਭਰਮ ਕਾ ਮਨਹਿ ਭਇਆ ਪ੍ਰਗਾਸ॥ ਕਾਟੀ ਬੇਰੀ ਪਗਹ ਤੇ ਗੁਰ ਕੀਨੀ ਬੰਦ ਖਲਾਸ॥

ਇਸ ਤਰ੍ਹਾਂ 1699 ਈ. ਦੀ ਵੈਸਾਖੀ ਵਾਲੇ ਦਿਨ ਇਕ ਰਹਿਤ ਅਤੇ ਇਕ ਪੰਥ ਨੂੰ ਹਰ ਕਿਸਮ ਦੇ ਵਿਤਕਰੇ ਤੋਂ ਉਪਰ ਉਠ ਕੇ ਮਾਨਵ-ਮੁਕਤੀ ਦੇ ਅਜਿਹੇ ਧਾਰਮਿਕ-ਮਾਡਲ ਵਜੋਂ ਪ੍ਰਗਟ ਕੀਤਾ ਗਿਆ ਸੀ, ਜਿਸ ਨਾਲ ਧਰਮ ਦੇ ਨਾਮ ਉਤੇ ਅਧਰਮ ਕਮਾਉਣ ਵਾਲਿਆਂ ਦਾ ਰਾਹ ਰੁਕ ਗਿਆ ਸੀ। ਮਸੰਦਾਂ ਦੀ ਸੰਸਥਾ ਬੰਦ ਕਰ ਦਿਤੀ ਗਈ ਸੀ। ਦੇਹਧਾਰੀ ਗੁਰੂ ਦੀ ਥਾਂ ਸ਼ਬਦ-ਗੁਰੂ ਦੀ ਸਥਾਪਨਾ ਕੀਤੀ ਜਾ ਰਹੀ ਸੀ। ਇਸ ਤਰ੍ਹਾਂ ਗੁਰੂ-ਖਾਲਸਾ-ਪੰਥ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਧਾਰਮਿਕ ਵਾਗਡੋਰ ਆਪਣੇ ਹੱਥ ਲੈ ਲਈ ਸੀ। ਇਸ ਨਾਲ ਇਹ ਸਥਾਪਤ ਹੋ ਜਾਂਦਾ ਹੈ ਕਿ ਗੁਰੂ ਦੀ ਸੰਸਥਾ ਕਾਰਜ ਅਤੇ ਕਾਰਨ ਤੋਂ ਮੁਕਤ ਹੋ ਕੇ ਸਦੀਵ ਢੰਗ ਨਾਲ ਕੰਮ ਕਰ ਸਕਣ ਵਾਲੇ ਰਾਹ ਪੈ ਗਈ ਸੀ ਅਤੇ ਹੈ। ਸੋ ਪੰਜ ਪਿਆਰਿਆਂ ਦੀ ਸਾਜਨਾ ਰਾਹੀਂ ਵੈਸਾਖੀ 1699 ਈ. ਨੂੰ ਗੁਰੂ-ਪੰਥ ਦੀ ਪਹਿਲਾਂ ਹੀ ਰੱਖੀ ਜਾ ਚੁਕੀ ਨੀਂਹ ਉਤੇ ਪੰਥ ਰੂਪੀ ਮਹਿਲ ਉਸਾਰਿਆ ਗਿਆ ਸੀ। ਇਸ ਨਾਲ ਇਸ ਪ੍ਰਸ਼ਨ ਦਾ ਉਤਰ ਵੀ ਸਾਹਮਣੇ ਆ ਗਿਆ ਸੀ ਕਿ ਸਿੱਖ ਧਰਮ ਦਾ ਇਕ ਗੁਰੂ ਕਿਉਂ ਨਹੀਂ ਹੈ ਅਤੇ ਦਸ ਗੁਰੂ ਕਿਉਂ ਹਨ? ਲੋਕ ਮਾਨਸਿਕਤਾ ਨੂੰ ਸਿਧਾਂਤ ਦਾ ਜੇ ਹਾਣੀ ਨਾ ਬਣਾਇਆ ਜਾਵੇ ਤਾਂ ਧਾਰਮਿਕ ਸ਼ੌਣ ਦੀ ਪ੍ਰਤੀਨਿਧ-ਮਾਨਸਿਕਤਾ ਸਿਧਾਂਤਕ ਤਾਜ਼ਗੀ ਨਾਲੋਂ ਵਿਛੜ ਜਾਂਦੀ ਹੈ। ਗੁਰੂ ਸਾਹਿਬਾਨ ਦੀ ਆਮਦ ਤੋਂ ਪਹਿਲਾਂ ਇਹ ਲਗਾਤਾਰ ਵਾਪਰ ਰਿਹਾ ਸੀ। ਅਵਤਾਰ ਦੀ ਸਿਖਿਆ ਦਾ ਬਦਲ ਅਵਤਾਰ ਦੀ ਮੂਰਤੀ ਨੂੰ ਮੰਨ ਲਿਆ ਜਾਂਦਾ ਸੀ। ਨਿਰਜਿੰਦ ਮੂਰਤੀਆਂ ਤੋਂ ਸਜਿੰਦ-ਕਰਾਮਾਤ ਦੀ ਆਸ ਧਾਰਮਿਕ ਮੰਜ਼ਿਲ ਹੋ ਗਈ ਸੀ। ਮਾਨਸਿਕ-ਪੱਧਰ ਤੇ ਧਾਰਮਿਕ ਸੂਖਮਤਾ ਨੂੰ ਮਾਨਵ ਮਾਨਸਿਕਤਾ ਅੰਦਰ ਦ੍ਰਿੜ ਕਰਵਾਉਣ ਲਈ, ਗੁਰੂ ਨਾਨਕ ਦੇਵ ਵਲੋਂ ਸਥਾਪਤ ਜੋਤਿ ਅਤੇ ਜੁਗਤਿ ਦੇ ਸਿੱਖ-ਸਿਧਾਂਤ ਨੂੰ ਦਸ ਜਾਮਿਆਂ ਵਿਚ (1469-1699), ਇਸ ਢੰਗ ਨਾਲ ਕੰਮ ਕਰਨਾ ਪਿਆ ਸੀ ਕਿ ਗੁਰੂ ਅਤੇ ਸਿੱਖ ਦਾ ਕਰਮ ਖੇਤਰ ਮਨੁੱਖ ਨੂੰ ਆਪਣਾ ਲੱਗਣ ਲੱਗ ਪਿਆ ਸੀ। ਇਸ ਆਪਣੇਪਨ ਦੇ ਅਹਿਸਾਸ ਨੂੰ ਸਿੱਖੀ ਦੀ ਸੰਗਿਆ ਪ੍ਰਾਪਤ ਹੋ ਗਈ। ਸਿੱਖ ਤੋਂ ਸਿੰਘ ਤਕ ਦਾ ਸਫਰ ਹੀ ਦਸ ਗੁਰੂ ਸਾਹਿਬਾਨ ਦੀ ਦਾਸਤਾਨ ਨੂੰ ਸਾਹਮਣੇ ਲਿਆਉਂਦਾ ਹੈ। ਏਸੇ ਦਾਸਤਾਨ ਦੀ ਸਿਖਰ ਵੈਸਾਖੀ 1699 ਈ. ਨੂੰ ਸਾਹਮਣੇ ਆ ਗਈ ਸੀ। ਇਸ ਦਿਨ ਦੀ ਘਟਨਾ ਨਾਲ ਸਿੱਖ-ਸਿਧਾਂਤ ਦਾ ਇਤਿਹਾਸਕ ਪ੍ਰਕਾਸ਼ਨ ਹੋ ਗਿਆ ਸੀ। ਸਿਧਾਂਤ ਅਤੇ ਇਤਿਹਾਸ ਦੀ ਇਕਸੁਰਤਾ ਸਿੱਖ-ਮਾਡਲ ਦੀ ਵਿਲੱਖਣ ਪ੍ਰਾਪਤੀ ਹੈ ਕਿਉਂਕਿ ਇਸ ਵਿਚੋਂ ਪਰੰਪਰਕ ਕਰਾਮਾਤੀ ਮਾਨਵ ਉਤਮਤਾ ਗੁੰਮ ਹੈ।

ਸਿੱਖੀ ਵਿਚ ਬੰਦਾ ਪ੍ਰਧਾਨ ਨਹੀਂ ਹੈ ਸਗੋਂ ਸਿਧਾਂਤਕ-ਨੈਤਿਕਤਾ ਦਾ ਬੋਲਬਾਲਾ ਮੂਲ ਹੈ। ਭਾਈ ਘਨਈਆ ਨੇ ਆਪਣੇ ਵਿਵਹਾਰ ਨਾਲ ਬੰਧਨ-ਮੁਕਤ ਧਾਰਮਿਕ ਮਾਡਲ ਸਾਹਮਣੇ ਲਿਆਂਦਾ ਹੈ। ਇਹ ਤਾਤ ਪਰਾਈ ਦੇ ਵਿਸਰ ਜਾਣ ਦੀ ਉਤਮ ਉਦਾਹਰਣ ਹੈ। ਵੈਸਾਖੀ 1699 ਈ. ਦੇ ਸੰਦੇਸ਼ ਰਾਹੀ ਰਿਸ਼ਤਿਆਂ ਵਿਚੋਂ ਗੌਂਅ ਨੂੰ ਖਾਰਜ ਕਰਕੇ ਯੋਗਤਾ ਨੂੰ ਅੱਗੇ ਲੈ ਆਂਦਾ ਗਿਆ ਸੀ। ਇਸ ਨਾਲ ਅਨਿਯਮਕ ਅਤੇ ਅਨੈਤਿਕ ਸਰੋਕਾਰ ਸਿੱਖੀ ਵਿਚੋਂ ਖਾਰਜ ਕਰ ਦਿਤੇ ਗਏ ਹਨ। ਅੱਜ ਵੀ ਸਿੱਖ ਵਾਸਤੇ ਇਹ ਇਮਤਿਹਾਨ ਕਾਇਮ ਹੈ। ਏਸੇ ਲਈ ਅੰਮ੍ਰਿਤਧਾਰੀ ਜੀਵਨ ਧਾਰਮਿਕ ਰਸਮ ਨਹੀਂ ਹੈ ਸਗੋਂ ਨਿਰੰਤਰ ਅਧਿਆਤਮਕ ਵਚਨਬੱਧਤਾ ਹੈ। ਅੰਮ੍ਰਿਤ ਦੀ ਸਦ-ਤਾਜ਼ਗੀ ਵਾਸਤੇ ਪੰਜ ਬਾਣੀਆਂ ਦਾ ਨਿਤਨੇਮ ਅਤੇ ਰਹਿਤਵਾਨ ਜੀਵਨ ਏਸੇ ਵਾਸਤੇ ਜ਼ਰੂਰੀ ਕਰ ਦਿਤਾ ਹੋਇਆ ਹੈ। ਬਾਣੇ ਨੂੰ ਏਸੇ ਲਈ ਬਾਣੀ ਨਾਲ ਜੋੜਿਆ ਹੋਇਆ ਹੈ। ਇਹੀ ਸੰਤ-ਸਿਪਾਹੀ ਹੈ ਅਤੇ ਏਸੇ ਨੂੰ ਮੀਰੀ-ਪੀਰੀ ਦੇ ਸਿਧਾਂਤ ਉਤੇ ਉਸਾਰਿਆ ਗਿਆ ਹੈ। ਇਹ ਨਵਾਂ ਜੀਵਨ ਹੈ ਅਤੇ ਇਸ ਨੂੰ ਪੁਰਾਣਾ ਹੋ ਜਾਣ ਤੋਂ ਬਚਾਉਣਾ ਹੀ ਸਿੱਖੀ ਹੈ। ਇਸ ਵਿਚ ਵਰਤਮਾਨ ਦੇ ਬੋਲਬਾਲੇ ਨੂੰ ਭੂਤਮੁਖੀ ਅਤੇ ਭਵਿਖਮੁਖੀ ਸਰੋਕਾਰਾਂ ਨਾਲੋਂ ਪਹਿਲ ਪ੍ਰਾਪਤ ਹੈ।

ਵੈਸਾਖੀ 1999 ਈ. ਨੂੰ ਮਨਾਈ ਜਾ ਰਹੀ ਤੀਸਰੀ ਸ਼ਤਾਬਦੀ ਦੇ ਸਮੇਂ ਉਨ੍ਹਾਂ ਸਾਰੇ ਬਿੰਬਾਂ ਨੂੰ ਉਸ ਪ੍ਰਸੰਗਕ-ਤਾਜ਼ਗੀ ਵਿਚ ਉਜਾਗਰ ਕੀਤੇ ਜਾਣ ਦੀ ਲੋੜ ਸੀ ਜਿਸ ਪ੍ਰਸੰਗਕ ਤਾਜ਼ਗੀ ਦੇ ਇਸ਼ਾਰੇ 1699 ਈ. ਦੀ ਵੈਸਾਖੀ ਨੂੰ ਹੋ ਗਏ ਸਨ। ਜਿਸ ਮਾਤਰਾ ਵਿਚ ਅਜਿਹਾ ਨਹੀਂ ਹੋ ਸਕਿਆ, ਉਹ ਸਿੱਖਾਂ ਦੀ ਅਸਫਲਤਾ ਹੈ ਅਤੇ ਸਿੱਖ ਦੀ ਅਸਫਲਤਾ ਨੂੰ ਸਿੱਖੀ ਦੀ ਅਸਫਲਤਾ ਸਮਝੇ ਜਾਣ ਦੀ ਲੋੜ ਨਹੀਂ ਹੈ। ਪੰਜ ਪਿਆਰਿਆਂ ਨੂੰ ਹੀ ਲੈ ਲਈਏ ਤਾਂ ਉਨ੍ਹਾਂ ਰਾਹੀਂ ਸਾਰੇ ਭਾਰਤ ਦੀ ਪ੍ਰਤੀਨਿਧਤਾ ਉਸੇ ਮਾਡਲ ਵਿਚੋਂ ਹੋ ਗਈ ਸੀ ਜਿਸ ਮਾਡਲ ਵਿਚ ਜਾਗਤ ਜੋਤਿ ਅਤੇ ਜ਼ਾਹਰਾ ਜ਼ਹੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਸੀ। ਪੰਜ ਪਿਆਰਿਆਂ ਦੇ ਪੰਜ ਨਾਮ ਦਯਾ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਅਤੇ ਸਾਹਿਬ ਸਿੰਘ ਪੰਜ ਮਾਨਵੀ ਗੁਣਾਂ ਵਲ ਇਸ਼ਾਰਾ ਕਰਦੇ ਹਨ। ਇਨ੍ਹਾਂ ਪੰਜ ਨੂੰ ਇਕ ਐਲਾਨ ਕੇ ਇਹ ਭਾਵਨਾ ਪ੍ਰਗਟ ਕਰ ਦਿਤੀ ਗਈ ਸੀ ਕਿ ਇਹ ਪੰਜ ਗੁਣ ਸਿੰਘ ਵਿਚ ਹੋਣੇ ਚਾਹੀਦੇ ਹਨ। ਕਿਸੇ ਇਕ ਗੁਣ ਦੀ ਘਾਟ ਦੂਜੇ ਗੁਣਾਂ ਨੂੰ ਨਕਾਰਾ ਕਰ ਸਕਦੀ ਹੈ। ਜਦੋਂ ਇਹ ਗੁਣ ਕਿਰਦੇ ਹਨ ਤਾਂ "ਬਿਪਰਨ ਕੀ ਰੀਤ" ਸ਼ੁਰੂ ਹੋ ਜਾਂਦੀ ਹੈ। "ਬਿਪਰਨ ਕੀ ਰੀਤ" ਨਾਲ ਗੁਰੂ ਸਾਹਿਬ ਨਹੀਂ ਰਹਿ ਸਕਦੇ:

ਜਬ ਇਹ ਗਹੇ ਬਿਪਰਨ ਕੀ ਰੀਤ
ਮੈ ਨ ਕਰੋ ਇਨਕੀ ਪਰਤੀਤ॥

ਸੋ ਵੈਸਾਖੀ 1699 ਈ. ਨੂੰ ਧਰਮ-ਮੂਲਕ ਕੌਮੀਅਤ ਦਾ ਐਲਾਨ ਕਰਦਿਆਂ, ਸ਼ਬਦ-ਮਾਡਲ ਵਿਚ ਤਿਆਰ ਹੋਏ ਇਨਸਾਨ ਨੂੰ ਸਿੰਘ ਸਾਜਿਆ ਗਿਆ ਸੀ। ਇਸ ਬਿਖਮ ਮਾਰਗ 'ਤੇ ਚਲਣ ਵਾਲੇ ਸਿੰਘ ਦੀ ਅਰਦਾਸ ਇਹ ਕਰਾਰ ਦਿਤੀ ਗਈ ਸੀ:

ਸਸ਼ਤ੍ਰਨ ਸਿਉ ਅਤਿ ਹੀ ਰਣ ਭੀਤਰ
ਜੂਝ ਮਰਉ ਤਉ ਸਾਚੁ ਪਤੀਜੈ॥

ਰਣ ਤੱਤੇ ਦੇ ਜੁਝਾਰੂਆਂ ਤੋਂ "ਸਰਬੱਤ ਦਾ ਭਲਾ" ਅਤੇ "ਰਾਜ ਕਰੇਗਾ ਖਾਲਸਾ" ਵਿਚ ਨਿਰੰਤਰ ਸੰਤੁਲਨ ਸਥਾਪਤ ਕਰਨ ਦੀ ਆਸ ਵੀ ਕੀਤੀ ਗਈ ਹੈ। ਖਾਲਸਾ ਮਾਨਸਿਕਤਾ ਵਿਚੋਂ ਉਲਾਰ-ਤੱਤ ਮਨਫੀ ਹਨ ਕਿਉਂਕਿ ਸੰਪੂਰਨ ਜ਼ਿੰਦਗੀ ਦਾ ਵਰਤਮਾਨ ਸਥਾਪਤ ਕਰਨ ਲਈ, ਅਧਿਆਤਮਕਤਾ ਨੂੰ ਹਥੋਂ ਨਹੀਂ ਛਡਿਆ ਜਾ ਸਕਦਾ। ਧਰਮ ਦੇ ਇਤਿਹਾਸ ਵਿਚ ਪਹਿਲੀ ਵਾਰ ਸਿੱਖ ਧਰਮ ਨੇ ਇਕ ਪਾਸੇ ਅਧਿਆਤਮਕਤਾ ਅਤੇ ਧਾਰਮਕਤਾ ਵਿਚ ਸੰਤੁਲਨ ਸਥਾਪਤ ਕਰਨ ਦਾ ਸ਼ਬਦ-ਮਾਡਲ ਬਖਸ਼ਿਸ਼ ਕੀਤਾ ਹੈ ਅਤੇ ਦੂਜੇ ਪਾਸੇ ਇਸ ਵਾਸਤੇ ਕਰਮ-ਭੂਮੀ ਤਿਆਰ ਕਰਕੇ, ਵੈਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਤੋਂ ਅਮਲ ਪ੍ਰਕਾਸ਼ਨ ਦੀਆਂ ਸੰਭਾਵਨਾਵਾਂ ਉਜਾਗਰ ਕਰ ਦਿਤੀਆਂ ਹਨ।

*34 ਅਰਬਨ ਅਸਟੇਟ ਫੇਜ਼ 1, ਪਟਿਆਲਾ।
ਫੋਨ:91-93163-01328

## ਪ੍ਰਤੀਕਰਮ

# ਲਕੀਰ ਕੁੱਟਣੀ ਛੱਡ ਅਸਲੀ ਮੁੱਦੇ 'ਤੇ ਆਓ

ਪਿਛਲੇ ਕਾਫ਼ੀ ਸਮੇਂ ਤੋਂ ਅਜਮੇਰ ਸਿੰਘ ਦੀਆਂ ਲਿਖੀਆਂ ਤਿੰਨ ਕਿਤਾਬਾਂ ਦਾ ਮੁੱਦਾ ਬਣਾ ਕੇ ਇੱਕ ਧਿਰ ਵੱਲੋਂ ਬਹਾਨਾ ਬਣਾ ਕੇ ਸਿੱਖ ਕੌਮ ਨੂੰ ਗੁਲਾਮੀ ਦੇ ਸੰਗਲਾਂ ਵਿਚ ਨੂੜੀ ਰੱਖਣ ਅਤੇ ਦੂਜੀ ਧਿਰ ਵੱਲੋਂ ਗੁਲਾਮੀ ਦੇ ਸੰਗਲ ਤੋੜ ਦੇਣ ਦੇ ਇਰਾਦੇ ਨਾਲ ਇੱਕ ਸ਼ਬਦੀ ਜੰਗ ਲੜੀ ਜਾ ਰਹੀ ਹੈ। ਇਸ ਜੰਗ ਵਿਚ ਦੋਨਾਂ ਟੀਮਾਂ ਵਿਚ ਤਕਰੀਬਨ ਅੱਧੀ ਅੱਧੀ ਦਰਜਨ ਦੇ ਕਰੀਬ ਖਿਡਾਰੀ ਅਜੇ ਤੱਕ ਸ਼ਾਮਿਲ ਹੋ ਚੁੱਕੇ ਹਨ। ਇਸ ਤੋਂ ਬਿਨਾ ਵੀ ਪ੍ਰਿੰ. ਬਲਜਿੰਦਰ ਸਿੰਘ, ਮਾਸਟਰ ਲਾਲੀ ਜਾਂ ਮੇਰੇ ਵਰਗੇ ਦਰਸ਼ਕ ਵੀ ਕਿਸੇ ਨਾ ਕਿਸੇ ਟੀਮ ਦੇ ਹੱਕ ਜਾਂ ਵਿਰੋਧ ਵਿਚ ਸਾਈਡ ਤੋਂ ਕਦੇ ਕਦੇ ਲਲਕਾਰਾ ਮਾਰ ਦਿੰਦੇ ਹਨ। ਪਰ ਇਹ ਸ਼ਬਦੀ ਜੰਗ ਹੁਣ ਬਹੁਤ ਹੋ ਚੁੱਕੀ ਹੈ। ਮੇਰੇ ਖਿਆਲ ਵਿਚ ਇਨ੍ਹਾਂ ਸਾਰੇ ਖਿਡਾਰੀਆਂ ਨੂੰ ਹੁਣ ਲਕੀਰ ਕੁੱਟਣੀ ਛੱਡ ਕੇ ਸਿਧੇ ਅਭੈ ਸਿੰਘ ਦੇ ਇਸ਼ਾਰੇ ਅਨੁਸਾਰ ਸਿੱਖਾਂ ਦੀ ਗੁਲਾਮੀ ਜਾਂ ਆਜ਼ਾਦੀ 'ਤੇ ਆ ਜਾਣਾ ਚਾਹੀਦਾ ਹੈ। ਸ. ਅਭੈ ਸਿੰਘ ਅਨੁਸਾਰ ਅਕਾਦਮਿਕ ਬਹਿਸ ਛੱਡ ਕੇ ਹੁਣ ਵਿਹਾਰੀ ਗੱਲ ਵੱਲ ਆ ਜਾਣਾ ਚਾਹੀਦਾ ਹੈ। ਅਕਾਦਮਿਕ ਬਹਿਸ ਵੀ ਜਾਰੀ ਰਹਿਣੀ ਚਾਹੀਦੀ ਹੈ ਪਰ ਇਹ ਬਹਿਸ ਹੋਵੇ ਸਿੱਧੀ ਗੁਲਾਮੀ ਜਾਂ ਆਜ਼ਾਦੀ 'ਤੇ। ਹੋਰ ਵੀ ਸਪੱਸ਼ਟ ਗੱਲ ਕਰਨੀ ਹੋਵੇ ਤਾਂ ਇਹ ਗੱਲ ਹੋਵੇ ਸਿੱਧੀ ਖ਼ਾਲਸਤਾਨ ਦੇ ਮੁੱਦੇ ਉਪਰ।

ਇਸਲਾਮੀ ਦੇਸ਼ਾਂ ਵਿਚ ਡਿਕਟੇਟਰਸ਼ਿੱਪ ਦੇ ਖ਼ਾਤਮੇ ਦੀ ਲਹਿਰ ਵੱਲ ਦੇਖਦਿਆਂ ਲੱਗਦਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਇਹ ਵੀ ਵਿਚਾਰਿਆ ਜਾਵੇ ਕਿ ਕਮਿਊਨਿਜ਼ਮ, ਪੂੰਜੀਵਾਦ, ਸਮਾਜਵਾਦ, ਤਾਨਾਸ਼ਾਹੀ, ਲੋਕਤੰਤਰ, ਗੁਰਮਤਿਵਾਦ ਆਦਿ ਸਭ ਕੀ ਕਹਿੰਦੇ ਹਨ ਅਤੇ ਕਿਥੇ ਖੜ੍ਹੇ ਹਨ? ਅਭੈ ਸਿੰਘ ਨੇ ਭਾਰਤ ਦੇ ਲੋਕਤੰਤਰ ਨੂੰ ਸਲਾਹਿਆ ਹੈ ਪਰ ਮੇਰੀ ਸਮਝ ਅਨੁਸਾਰ ਭਾਰਤ ਸਿਰਫ਼ ਦੇਖਣ ਨੂੰ ਹੀ ਲੋਕਤੰਤਰ ਹੈ। ਇਸ ਦੀ ਤਹਿ ਹੇਠਾਂ ਜੋ ਵਰਤਾਰਾ ਵਰਤ ਰਿਹਾ ਹੈ ਉਹ ਤਾਨਾਸ਼ਾਹੀ ਤੋਂ ਵੀ ਭਿਅੰਕਰ ਹੈ। ਅਸਲ ਮਾਅਨਿਆਂ 'ਚ ਤਾਂ ਲੋਕਤੰਤਰ ਦੇ ਲੋਕਾਂ ਨੂੰ ਅਜੇ ਤੱਕ ਦਰਸ਼ਨ ਹੀ ਨਹੀਂ ਹੋਏ, ਜਿਸ ਦਾ ਸ਼ਹੀਦ ਭਗਤ ਸਿੰਘ ਹੋਰਾਂ ਨੇ ਸੁਪਨਾ ਲਿਆ ਸੀ। ਭਾਰਤ ਦੀ ਸੰਸਦ ਅਤੇ ਵਿਧਾਨ ਸਭਾਵਾਂ ਵਿਚ 50% ਤੋਂ ਵਧ ਐਮ.ਪੀ., ਐਮ.ਐਲ.ਏ. ਅਪਰਾਧੀ ਪਿਛੋਕੜ ਵਾਲੇ ਹਨ। ਚੋਣ ਐਨੀ ਮਹਿੰਗੀ ਹੋ ਗਈ ਹੈ ਕਿ ਆਮ ਬੰਦਾ ਤਾਂ ਚੋਣ ਘੇਰੇ ਤੋਂ ਬਾਹਰ ਹੋ ਗਿਆ ਹੈ, ਫਿਰ ਲੋਕਤੰਤਰ ਕਿਥੇ ਰਹਿ ਗਿਆ? ਅਭੈ ਸਿੰਘ ਨੇ ਅਖੀਰ 'ਤੇ ਜੋ ਅਸਲੀ ਰੰਗ ਦਿਖਾਇਆ ਹੈ ਉਹ ਸਾਫ਼ ਕਰ ਦਿੰਦਾ ਹੈ ਕਿ ਉਹ ਅਜੇ ਵੀਹ ਸਾਲ ਹੋਰ ਪਾਤਸ਼ਾਹੀਆਂ ਦੇ ਰੁਲਣ ਦੀ ਟੈਨਸ਼ਨ ਨਾ ਲੈਣ ਦਾ ਸੁਝਾਅ ਦੇ ਰਹੇ ਹਨ ਭਾਵ ਉਹ ਸਿੱਖਾਂ ਨੂੰ ਵੀਹ ਸਾਲ ਹੋਰ ਗੁਲਾਮ ਰੱਖਣ ਦੇ ਹੱਕ 'ਚ ਹਨ। ਉਹ ਮੁੱਖ ਵਿਸ਼ਾ ਸੰਤਾਲੀ, ਚੁਰਾਸੀ ਜਾਂ ਬਾਨਵੇਂ (ਨਾ ਵਾਪਰੇ ਸਮਝ ਕੇ) ਵੱਲ ਧਿਆਨ ਦੇਣ ਲਈ ਰਾਏ ਦਿੰਦੇ ਹਨ ਪਰ ਮੇਰੀ ਸਮਝ ਵਿਚ ਇਥੋਂ ਹੀ ਖ਼ਾਲਸੇ ਨੂੰ ਪਾਤਸ਼ਾਹੀ ਦੇਣ ਦੀ ਲੋੜ ਦਾ ਮੁੱਢ ਬੱਝਦਾ ਹੈ। ਸਿਰਫ ਆਜ਼ਾਦੀ ਭਾਵ ਖ਼ਾਲਸਤਾਨ ਦੀ ਹੋਂਦ ਨਾਲ ਹੀ ਨਸਲਕੁਸ਼ੀ ਨੂੰ ਠੱਲ੍ਹ ਪਾਈ ਜਾ ਸਕਦੀ ਹੈ ਕਿਉਂਕਿ ਇਹ ਨਸਲਕੁਸ਼ੀਆਂ ਸਰਕਾਰਾਂ ਦੀ ਰੇਖ ਦੇਖ ਥੱਲੇ ਹੀ ਯੋਜਨਾਬੱਧ ਤਰੀਕੇ ਨਾਲ ਹੁੰਦੀਆਂ ਹਨ ਅਤੇ ਹੋਈਆਂ ਹਨ। ਗੁਰੂ ਸਾਹਿਬਾਨ ਨੇ ਗਰੀਬ ਸਿੱਖਾਂ ਨੂੰ ਇਸੇ ਕਰਕੇ ਪਾਤਿਸ਼ਾਹੀ ਦੇਣੀ ਜ਼ਰੂਰੀ ਸਮਝੀ ਸੀ ਅਤੇ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਦੱਖਣ ਤੋਂ ਤੋਰਿਆ ਸੀ, ਗੁਰਮਤਿ ਦਾ ਸਿਸਟਮ ਜੋ ਦਸਾਂ ਪਾਤਿਸ਼ਾਹੀਆਂ ਨੇ ਉਲੀਕਿਆ ਸੀ, ਉਸ ਨੂੰ ਹੋਂਦ 'ਚ ਲਿਆਉਣ ਲਈ। ਧਿਆਨ ਰਹੇ, ਗੁਰਮਤਿ ਲੋਕਤੰਤਰ ਨਾਲੋਂ ਇੱਕ ਵੱਖਰੀ ਅਤੇ ਮੁਕੰਮਲ ਪ੍ਰਣਾਲੀ ਹੈ। ਜਿਥੇ ਲੋਕਤੰਤਰ ਪ੍ਰਣਾਲੀ ਗਿਣਤੀ 'ਤੇ ਖੜ੍ਹੀ ਹੈ ਉਥੇ ਗੁਰਮਤਿ ਪ੍ਰਣਾਲੀ ਗੁਣਾਂ 'ਤੇ ਖੜ੍ਹੀ ਹੈ। ਚੰਗੇ ਗੁਣਾਂ ਦੇ ਧਾਰਨੀ ਹਮੇਸ਼ਾ ਹੀ ਥੋੜੇ ਹੁੰਦੇ ਹਨ। ਇਸੇ ਕਰਕੇ ਹੀ ਲੋਕਤੰਤਰ 'ਚ ਉਹ ਅਣਗੌਲੇ ਹੋ ਜਾਂਦੇ ਹਨ।

ਮਨਪ੍ਰੀਤ ਸਿੰਘ ਬਾਦਲ ਵੀ ਨਿਜ਼ਾਮ ਬਦਲਣ ਦੀ ਗੱਲ ਬੜੇ ਜੋਰ ਸ਼ੋਰ ਨਾਲ ਕਰ ਰਹੇ ਹਨ। ਉਹ ਸ਼ਹੀਦ ਭਗਤ ਸਿੰਘ ਨੂੰ ਆਪਣਾ ਰੋਲ ਮਾਡਲ ਬਣਾ ਕੇ ਚੱਲ ਰਹੇ ਹਨ। ਅਸੀਂ ਮਨਪ੍ਰੀਤ ਸਿਘ ਅਤੇ ਸ਼ਹੀਦ ਭਗਤ ਸਿੰਘ ਹੋਰਾਂ ਦਾ ਸਤਿਕਾਰ ਕਰਦੇ ਹਾਂ ਪਰ ਮੇਰੀ ਸੋਚ ਅਨੁਸਾਰ ਅਗਰ ਮਨਪ੍ਰੀਤ ਸਿੰਘ ਅਤੇ ਹੋਰ ਸਾਰੇ ਚਿੰਤਕ ਸਿਰੇ ਦੀ ਗੱਲ ਕਰ ਲੈਣ ਤਾਂ ਸਾਰੇ ਰੋਗ ਕੱਟੇ ਜਾਣਗੇ। ਉਹ ਹੈ ਦਸਾਂ ਪਾਤਸ਼ਾਹੀਆਂ ਦਾ ਸਕੰਲਪ-ਨਿਜ਼ਾਮ ਖ਼ਾਲਸਾ ਰਾਜ ਭਾਵ ਖ਼ਾਲਸਤਾਨ ਜਿਸ ਦੀ ਰੂਪ ਰੇਖਾ ਭਾਈ ਅਤਿੰਦਰ ਪਾਲ ਸਿੰਘ ਖ਼ਾਲਸਤਾਨੀ ਸਾਬਕਾ ਐਮ.ਪੀ. ਨੇ ਆਪਣੀ ਕਿਤਾਬ 'ਖ਼ਾਲਸਤਾਨ' 'ਚ ਪੇਸ਼ ਕੀਤੀ ਹੈ। ਇਸ ਕਿਤਾਬ ਵਿਚ ਤਕਰੀਬਨ ਸਾਰੀਆਂ ਗੱਲਾਂ ਗੁਰਬਾਣੀ ਦੇ ਆਧਾਰ 'ਤੇ ਹਨ। ਜਿਵੇਂ ਗੁਰਬਾਣੀ ਸਾਰੇ ਜੀਵਾਂ ਲਈ ਸਾਂਝੀ ਹੈ, ਇਵੇਂ ਖ਼ਾਲਸਤਾਨ ਵੀ ਸਾਰਿਆਂ ਲਈ ਸਾਂਝਾ ਹੈ। ਭਾਈ ਅਤਿੰਦਰ ਪਾਲ ਸਿੰਘ ਖ਼ਾਲਸਤਾਨੀ ਦੀਆਂ ਦੋ ਗੱਲਾਂ ਵੱਖਰੀਆਂ ਅਤੇ ਹੱਟਵੀਆਂ ਹੋਣ ਕਰਕੇ ਦੂਸਰੇ ਖ਼ਾਲਿਸਤਾਨੀ ਵੀ ਉਨ੍ਹਾਂ 'ਤੇ ਪੈਰ ਨਹੀਂ ਲਾ ਰਹੇ। ਅਸਲ ਵਿਚ ਉਹ ਹੀ ਦੋ ਗੱਲਾਂ ਇਨਕਲਾਬ ਲਿਆ ਦੇਣ ਵਾਲੀਆਂ ਹਨ। ਪਹਿਲੀ, ਇਹ ਹੈ ਕਿ ਅਸੀਂ ਖ਼ਾਲਸਤਾਨ ਭਾਰਤ ਦੇ ਅੰਦਰ ਅਤੇ ਭਾਰਤ ਦੇ ਸੰਵਿਧਾਨ ਹੇਠ ਹੀ ਲੈਣਾ ਹੈ। ਭਾਰਤ 'ਚ ਨਸਲਕੁਸ਼ੀ ਦੀ ਮਾਰ ਝੱਲ ਰਹੇ ਅਤੇ ਬਾਗੀ ਹੋਏ ਖ਼ਾਲਸਤਾਨੀ ਇਹ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਪਰ ਜਿਸ ਜਿਸ ਨੂੰ ਵੀ ਇਸ ਨੁਕਤੇ ਦੀ ਸਮਝ ਆਈ ਜਾ ਰਹੀ ਹੈ, ਉਹ ਚੁੱਪ ਹੋਈ ਜਾ ਰਿਹਾ ਹੈ ਭਾਵ ਸਹਿਮਤ ਹੋਈ ਜਾ ਰਿਹਾ ਹੈ ਕਿਉਂਕਿ ਭਾਰਤ ਦੇ ਸੰਵਿਧਾਨ ਵਿਚ ਚੋਣ ਲੜ ਕੇ ਖ਼ਾਲਸਤਾਨ ਵੱਲ ਨੂੰ ਪਹਿਲੀ ਮੰਜਿਲ ਤੈਅ ਕਰਨ ਦੀ ਗੁੰਜਾਇਸ਼ ਮੌਜੂਦ ਹੈ। ਇਸ ਦਾ ਭਾਰਤ ਸਰਕਾਰ ਵੀ ਕੋਈ ਵਿਰੋਧ ਨਹੀਂ ਕਰ ਸਕਦੀ। ਦੂਜਾ ਨੁਕਤਾ ਹੈ ਕਿ ਖ਼ਾਲਸਤਾਨ ਦਾ ਮੁਖੀ ਕੋਈ ਸੱਚਾ ਹਿੰਦੂ, ਸੱਚਾ ਮੁਸਲਮਾਨ ਆਦਿ (ਗੁਰਬਾਣੀ ਅਨੁਸਾਰ) ਕੋਈ ਵੀ ਜੋ ਖ਼ਾਲਸਤਾਨ ਪੱਖੀ ਹੈ, ਉਹ ਬਣ ਸਕਦਾ ਹੈ ਪਰ ਉਹ ਬਣੇਗਾ ਗੁਣਾਂ (ਮੈਰਿਟ) ਅਨੁਸਾਰ। ਇਸ ਨੁਕਤੇ 'ਤੇ ਮੈਂ ਵੀ ਬਹੁਤ ਦੇਰ ਸਹਿਮਤ ਨਹੀਂ ਸੀ ਹੋਇਆ। ਅਜੇ ਵੀ ਦਸ ਕੁ ਪ੍ਰਤੀਸ਼ਤ ਨਹੀਂ ਹਾਂ ਪਰ ਨੱਬੇ ਕੁ ਪ੍ਰਤੀਸ਼ਤ ਸਹਿਮਤੀ ਇਹ ਸੋਚ ਕੇ ਬਣ ਗਈ ਕਿ ਅੱਜ ਜੋ ਸਿੱਖ ਆਗੂਆਂ ਵਿਚ ਗਿਰਾਵਟਾਂ (ਈਰਖਾ, ਨਫ਼ਰਤ, ਲਾਲਚ, ਧੜੇਬੰਦੀ ਆਦਿ) ਆ ਗਈਆਂ ਹਨ ਇਹ ਮੁਕਾਬਲੇਬਾਜੀ ਤੋਂ ਬਿਨਾ ਦੂਰ ਹੋਣੀਆਂ ਮੁਸ਼ਕਲ ਹਨ। ਗੁਰਮਤਿ ਇੱਕ ਸਿੱਖੀ ਕਿਰਦਾਰ ਤੋਂ ਕੀ ਮੰਗ ਅਤੇ ਆਸ ਕਰਦੀ ਹੈ ਪਰ ਅਸੀਂ ਕਿਥੇ ਖੜ੍ਹੇ ਹਾਂ? ਮੁਆਫ਼ ਕਰਨਾ, ਜਿਕਰ ਕਰਨਾ ਬਹੁਤ ਔਖਾ ਹੈ।

ਦੂਸਰੀ ਮਿਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਕਸਵੱਟੀ ਦੀ ਲੈ ਸਕਦੇ ਹਾਂ। ਸਿਰਫ਼ ਉਸ ਸੰਤ/ਭਗਤ ਦੀ ਬਾਣੀ ਹੀ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲੈ ਕੇ ਆਪਣੇ ਬਰਾਬਰ ਸਥਾਨ ਦਿੱਤਾ ਜੋ ਗੁਰਮਤਿ ਵਿਚਾਰਧਾਰਾ ਦੀ ਹੀ ਸੁਰ ਵਿਚ ਸੀ। ਕੋਈ ਜਾਤ ਜਾਂ ਧਰਮ ਦੀ ਪਰਵਾਹ ਨਹੀਂ ਕੀਤੀ। ਮੇਰੀ ਸੋਚ ਅਨੁਸਾਰ ਇਹ ਦੋ ਨੁਕਤੇ 'ਖ਼ਾਲਸਤਾਨ' ਦੀ ਹੋਂਦ ਸਾਲਾਂ ਤੋਂ ਧੂਹ ਕੇ ਮਹੀਨਿਆਂ 'ਤੇ ਲੈ ਆਉਣਗੇ, ਜਿਸ ਦਿਨ ਸਾਰਿਆਂ ਦੇ ਇਹ ਗੱਲ ਖ਼ਾਨੇ 'ਚ ਪੈ ਗਈ। ਹੋਰ ਜਾਣਕਾਰੀ ਲਈ ਤੁਸੀਂ ਉਨ੍ਹਾਂ ਦੀ ਵੈਬ ਸਾਈਟੱ।ਕਹਅਲਅਸਟਅਨ।ਚੋਮ ਜਾਂ ਫੋਨ ਨੰਬਰ 98881-23654 ਰਾਹੀਂ ਸੰਪਰਕ ਕਰ ਸਕਦੇ ਹੋ। ਮੇਰੇ ਖਿਆਲ ਅਨੁਸਾਰ ਸ਼ਹੀਦ ਭਗਤ ਸਿੰਘ ਦੇ ਸੰਕਲਪ ਦਾ ਘੇਰਾ ਸਿੱਖ ਗੁਰੂ ਸਾਹਿਬਾਨ ਦੇ ਸੰਕਲਪ ਦੇ ਸਾਹਮਣੇ ਕੁਝ ਵੀ ਨਹੀਂ ਹੈ। ਇਸ ਲਈ ਅਸੀਂ ਮਨਪ੍ਰੀਤ ਸਿੰਘ ਬਾਦਲ ਨੂੰ ਇਹ ਬੇਨਤੀ ਕਰਦੇ ਹਾਂ ਕਿ ਅਗਰ ਉਹ ਸੱਚ ਮੁੱਚ ਹੀ ਇਨਕਲਾਬ ਲਿਆਉਣ ਲਈ ਗੰਭੀਰ ਹਨ ਤਾਂ ਭੈਅ ਮੁਕਤ ਹੋ ਕੇ ਸਿਰੇ ਦੀ ਲਕੀਰ (ਗੁਰੂ ਸਾਹਿਬਾਨ ਦੁਆਰਾ ਖਿਚੀ ਹੋਈ) ਉਪਰ ਆ ਕੇ ਖੜ੍ਹਨ। ਸਾਨੂੰ ਆਸ ਹੈ ਉਹ ਇਕੱਲੇ ਪੰਜਾਬ ਨੂੰ ਹੀ ਨਹੀਂ ਬਲਕਿ ਸਾਰੀ ਦੁਨੀਆਂ ਨੂੰ ਇੱਕ ਰੋਲ ਮਾਡਲ ਪੇਸ਼ ਕਰ ਸਕਦੇ ਹਨ। ਮੁਆਫ਼ ਕਰਨਾ, ਮੈਨੂੰ ਕਾਰਨ ਦਾ ਪਤਾ ਨਹੀਂ ਕਿ ਮਨਪ੍ਰੀਤ ਸਿੰਘ ਦੇ ਹੱਕ ਵਿਚ ਐਨੀ ਹਵਾ ਕਿਵੇਂ ਚੱਲ ਪਈ ਪਰ ਮੇਰਾ ਇਹ ਪੂਰਾ ਭਰੋਸਾ ਹੈ ਕਿ ਅਗਰ ਐਨੀ ਹਵਾ ਕਿਸੇ ਤਰ੍ਹਾਂ ਭਾਈ ਅਤਿੰਦਰ ਪਾਲ ਸਿੰਘ ਖ਼ਾਲਸਤਾਨੀ ਦੇ ਹੱਕ ਵਿਚ ਚੱਲ ਪਵੇ ਤਾਂ ਉਹ ਬਹੁਤ ਕੁਝ ਕਰ ਦੇਣ ਦੀ ਸਮਰੱਥਾ ਰੱਖਦੇ ਹਨ ਭਾਵ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿੱਕਾ ਲੋਹਗੜ੍ਹ ਦੇ ਕਿਲੇ ਤੋਂ ਫਿਰ ਜਾਰੀ ਕਰ ਸਕਦੇ ਹਨ। ਇਸੇ ਕਰਕੇ ਸ਼ਹੀਦ ਭਾਈ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਉਸ ਨੂੰ ਅੱਗੇ ਸੰਘਰਸ਼ ਦੀ ਅਗਵਾਈ ਕਰਨ ਦਾ ਐਲਾਨ ਕੀਤਾ ਸੀ। ਉਹ ਭਾਈ ਲਾਲੋਆਂ (ਭਾਵ ਸੱਚੇ-ਸੁੱਚੇ ਕਿਰਤੀਆਂ) ਦਾ ਪੰਜਾਬ ਵਿਚ ਬੋਲ ਬਾਲਾ ਕਰ ਦੇਣ ਦੀ ਸਮਰੱਥਾ ਰੱਖਦੇ ਹਨ। ਬਹਿਸ ਵਿਚ ਸ਼ਾਮਲ ਸਭ ਸੱਜਣਾਂ ਨੂੰ ਬੇਨਤੀ ਹੈ ਕਿ ਫੋਕੀ ਸ਼ਬਦੀ ਜੰਗ ਅਤੇ ਆਪਣੇ ਗਿਆਨ ਦਾ ਹੰਕਾਰੀ ਦਿਖਾਵਾ ਛੱਡ ਕੇ ਸਿਧੀ ਆਜ਼ਾਦੀ ਭਾਵ 'ਖ਼ਾਲਸਤਾਨ' ਦੀ ਗੱਲ 'ਤੇ ਹੀ ਆਪਾਂ ਸਾਰੇ ਆਈਏ। ਭਾਵੇਂ ਹੱਕ 'ਚ, ਭਾਵੇਂ ਵਿਰੋਧ 'ਚ। ਮੇਰੇ ਖਿਆਲ 'ਚ ਵਿਰੋਧੀਆਂ ਨੂੰ ਪਹਿਲਾਂ ਮੌਕਾ ਦੇਣਾ ਚਾਹੀਦਾ ਹੈ ਕਿ ਉਹ ਦੱਸਣ ਕਿ ਉਹ ਆਜ਼ਾਦੀ ਭਾਵ ਖ਼ਾਲਸਤਾਨ ਦੇ ਵਿਰੋਧੀ ਕਿਉਂ ਹਨ? ਅਸੀਂ ਯਕੀਨ ਦਿਵਾਉਂਦੇ ਹਾਂ ਕਿ ਅਸੀਂ ਉਨਾਂ ਨੂੰ ਧੀਰਜ ਨਾਲ ਪੂਰੀ ਗੱਲ ਕਰਨ ਤੱਕ ਸੁਣਾਂਗੇ। ਫਿਰ ਉਹ ਵੀ ਸਾਨੂੰ ਧੀਰਜ ਨਾਲ ਸੁਣਨਗੇ ਅਸੀਂ ਇਹ ਉਨ੍ਹਾਂ ਤੋਂ ਵੀ ਆਸ ਕਰਦੇ ਹਾਂ। ਇਸ ਵਿਚ ਹੀ ਸਰਬੱਤ ਦਾ ਭਲਾ ਹੋਵੇਗਾ।

***ਕਰਨੈਲ ਸਿੰਘ ਖ਼ਾਲਸਾ***
***ਗੁਰਮਤਿ ਚੇਤਨਾ ਸੇਵਾ (ਲਹਿਰ)***

# ਖ਼ਾਲਿਸਤਾਨ ਲਈ ਲੜਨ ਵਾਲੇ ਅਤਿਵਾਦੀ ਕਿਉਂ?

ਜਿਨ੍ਹਾਂ ਸੂਰਮਿਆਂ ਨੇ ਹਿੰਦੋਸਤਾਨ ਦੀ ਆਜ਼ਾਦੀ ਵਾਸਤੇ ਹਥਿਆਰਬੰਦ ਅਤੇ ਸ਼ਾਂਤਮਈ ਲੜਾਈ ਲੜੀ, ਤਸੀਹੇ ਝੱਲੇ, ਆਪਾ ਕੁਰਬਾਨ ਕਰਕੇ ਹਿੰਦੋਸਤਾਨ ਨੂੰ ਆਜ਼ਾਦ ਕਰਵਾਇਆ। ਉਨ੍ਹਾਂ ਦਾ ਸਨਮਾਨ ਕਰਨਾ ਹਰ ਦੇਸ਼ਵਾਸੀ ਦਾ ਫਰਜ਼ ਹੈ। 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਨੂੰ ਸਮਰਪਿਤ ਪ੍ਰੋਗਰਾਮ ਉਲੀਕਿਆ ਗਿਆ ਜਿਸ ਵਿਚ ਆਮ ਲੋਕਾਂ ਅਤੇ ਲੀਡਰਾਂ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਪ੍ਰਣਾਮ ਕਰਕੇ ਆਪਣਾ ਫਰਜ਼ ਅਦਾ ਕੀਤਾ ਜੋ ਬਹੁਤ ਹੀ ਸ਼ਲਾਘਾਯੋਗ ਕਾਰਜ ਸੀ।

ਸ਼ਹੀਦਾਂ ਦਾ ਅਸਲੀ ਸਨਮਾਨ ਤਾਂ ਹੀ ਹੋ ਸਕਦਾ ਹੈ ਜੇ ਉਹ ਸਿਧਾਂਤ ਕਾਇਮ ਰੱਖੇ ਜਾ ਸਕਣ ਜਿਨ੍ਹਾਂ ਖਾਤਿਰ ਉਨ੍ਹਾਂ ਜਾਨਾਂ ਵਾਰੀਆਂ। ਇਹ ਜਿੰਮੇਵਾਰੀ ਦੇਸ਼ ਨੂੰ ਚਲਾਉਣ ਵਾਲੇ ਆਗੂਆਂ ਦੀ ਹੈ। ਹੁਣ ਮੇਰਾ ਦੇਸ਼ ਦੇ ਹਾਕਮਾਂ ਨੂੰ ਸਵਾਲ ਹੈ ਕਿ ਉਨ੍ਹਾਂ ਇਹੋ ਜਿਹੇ ਹਾਲਾਤ ਪੈਦਾ ਕਿਉਂ ਕੀਤੇ ਕਿ ਸਿੱਖ ਕੌਮ ਹਿੰਦੋਸਤਾਨ ਤੋਂ ਬਾਗੀ ਹੋ ਕੇ ਖ਼ਾਲਿਸਤਾਨ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਵੱਲ ਤੁਰੀ, ਸਿੱਖਾਂ ਅਤੇ ਸ਼ਹੀਦਾਂ ਨਾਲ ਵਿਸ਼ਵਾਸਘਾਤ ਕੀਤਾ।

ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ 121 ਸੂਰਮਿਆਂ ਨੂੰ ਫ਼ਾਂਸੀ ਲਾਈ ਗਈ ਜਿਨ੍ਹਾਂ ਵਿਚ 93 ਸਿੱਖ, 2400 ਦੇ ਕਰੀਬ ਨੂੰ ਕਾਲੇ ਪਾਣੀਆਂ ਦੀ ਸਜ਼ਾ ਦਿੱਤੀ ਗਈ ਜਿਨ੍ਹਾਂ ਵਿਚ 2100 ਦੇ ਕਰੀਬ ਸਿੱਖ ਸਨ। ਜਦੋਂ ਸਿੱਖਾਂ ਨੇ ਅੰਗਰੇਜ਼ਾਂ ਤੋ ਗੁਰਦੁਆਰੇ ਆਜ਼ਾਦ ਕਰਵਾਏ ਤਾਂ ਹਿੰਦੂ ਆਗੂਆਂ ਨੇ ਬਿਆਨ ਦਾਗੇ ਸਨ ਕਿ ਭਾਰਤ ਦੀ ਆਜ਼ਾਦੀ ਦਾ ਮੁੱਢ ਬੱਝ ਗਿਆ ਹੈ, ਹੁਣ ਅਸੀਂ ਆਜ਼ਾਦ ਹੋ ਕੇ ਰਹਾਂਗੇ। ਜਿਆਦਾ ਵਿਸਥਾਰ ਵਿਚ ਨਾ ਜਾਈਏ, ਅੰਗਰੇਜ਼ਾਂ ਨੇ ਮਜ਼ਬੂਰ ਹੋ ਕੇ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਵੱਖ ਕੌਮਾਂ ਮੰਨ ਕੇ ਵੱਖਰਾ ਵੱਖਰਾ ਬੁਲਾਵਾ ਭੇਜਿਆ। ਹਿੰਦੂਆਂ ਨੇ ਹਿੰਦੂਸਤਾਨ, ਮੁਸਲਮਾਨਾਂ ਨੇ ਪਾਕਿਸਤਾਨ ਲੈ ਲਿਆ। ਸਿੱਖਾਂ ਨੇ ਹਿੰਦੂਆਂ 'ਤੇ ਵਿਸ਼ਵਾਸ ਕਰਕੇ ਹਿੰਦੂਸਤਾਨ ਵਿਚ ਰਹਿਣਾ ਮੰਨ ਲਿਆ। ਹਿੰਦੂ ਲੀਡਰਾਂ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਸਿੱਖਾਂ ਨੂੰ ਦੇਸ਼ ਦੇ ਉਤਰ ਵੱਲ ਇੱਕ ਅਜਿਹਾ ਖਿੱਤਾ ਦਿੱਤਾ ਜਾਵੇਗਾ ਜਿਸ ਵਿਚ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣ। ਕਿਸੇ ਸਿਆਣੇ ਸਿੱਖ ਨੇ ਸਵਾਲ ਕੀਤਾ, "ਜੇ ਵਾਅਦਾ ਪੂਰਾ ਨਾ ਕੀਤਾ ਗਿਆ ਤਾਂ ਫਿਰ ਕੀ ਹੋਵੇਗਾ?" ਉਤਰ ਮਿਲਿਆ ਕਿ ਫਿਰ ਤੁਹਾਡਾ ਹੱਥ ਕ੍ਰਿਪਾਨ ਦੇ ਮੁੱਠੇ 'ਤੇ ਪਹੁੰਚ ਜਾਵੇਗਾ, ਤੁਸੀਂ ਲੜ ਕੇ ਲੈ ਲਵੋਂਗੇ।

ਹਿੰਦੋਸਤਾਨ ਆਜ਼ਾਦ ਹੋਣ ਦੀ ਦੇਰ ਸੀ ਕਿ ਹਿੰਦੂ ਲੀਡਰ ਗਿਰਗਿਟ ਵਾਂਗ ਰੰਗ ਬਦਲ ਗਏ ਅਤੇ ਬੁੱਧ ਧਰਮ ਵਾਂਗ ਸਿੱਖੀ ਨੂੰ ਨਿਗਲਣ ਦੀਆਂ ਚਾਲਾਂ ਚੱਲਣ ਲੱਗ ਪਏ। ਜਿਸ ਦੀਆਂ ਉਦਾਹਰਣਾਂ ਹਨ, ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇਣ ਦਾ ਸਰਕੂਲਰ ਜਾਰੀ ਕਰਨਾ, ਰਾਧਾ ਸੁਆਮੀਆਂ ਦੀ ਅੰਦਰਖਾਤੇ ਮਦਦ, 1978 ਵਿਚ ਨਿਰੰਕਾਰੀਆਂ ਨੂੰ ਹੱਲਾਸ਼ੇਰੀ ਦੇ ਕੇ ਸਿੰਘਾਂ ਦੇ ਕਤਲ ਕਰਵਾਉਣੇ, ਅਕਾਲ ਤਖ਼ਤ ਅਤੇ 37 ਹੋਰ ਗੁਰਦਵਾਰਿਆਂ 'ਤੇ ਹਮਲੇ, ਨਵੰਬਰ 1984 ਵਿਚ ਸਿੱਖੀ ਦਾ ਘਾਣ ਅਤੇ ਅੱਜ ਵੀ ਜਿਹੜਾ ਸਿੱਖੀ ਅਸੂਲਾਂ ਦੀ ਗੱਲ ਕਰੇ, ਉਸ ਨੂੰ ਖ਼ਤਮ ਕਰਨਾ।

ਇਸ ਤਸ਼ੱਦਦ ਦੇ ਦੌਰ ਵਿਚੋਂ ਹੀ ਸਿੱਖਾਂ ਦੀ ਆਜ਼ਾਦੀ ਦੇ ਸੰਘਰਸ਼ ਦਾ ਮੁੱਢ ਬੱਝਾ, ਖ਼ਾਲਸੇ ਨੇ ਕਰਵਟ ਲਈ ਜਿਸ ਨਾਲ ਉਸੇ ਤਰ੍ਹਾਂ ਹੀ ਹਥਿਆਰਾਂ ਦੀ ਵਰਤੋਂ ਸ਼ੁਰੂ ਹੋਈ ਜਿਵੇਂ ਹਿੰਦੂਸਤਾਨ ਦੀ ਅਜ਼ਾਦੀ ਲੈਣ ਵਾਸਤੇ ਹੋਈ ਸੀ।

"ਜਬੈ ਬਾਣ ਲਾਗਿਯੋ॥ ਤਬੈ ਰੋਸ ਜਾਗਿਯੋ॥" ਦੇ ਵਾਕ ਅਨੁਸਾਰ ਸੰਤ ਜਰਨੈਲ ਸਿੰਘ ਨੇ ਸਿੱਖਾਂ ਦੀ ਸੁੱਤੀ ਅਣਖ ਨੂੰ ਜਗਾ ਕੇ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ 'ਤੇ ਤੋਰਿਆ ਅਤੇ ਸਰਕਾਰ ਨੂੰ ਵੰਗਾਰ ਕੇ ਆਖਿਆ ਕੇ ਅਸੀਂ ਵੱਖ ਹੋਣਾ ਨਹੀਂ ਚਾਹੁੰਦੇ ਪਰ ਜੇ ਹਿੰਦੋਸਤਾਨ ਦੀ ਫੌਜ ਨੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪੈਰ ਪਾਇਆ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਪਰ ਸਿੱਖ ਕੌਮ ਨੂੰ ਮਕਾਉਣ ਲਈ ਅਕਾਲ ਤਖਤ ਵੀ ਢਾਹਿਆ ਅਤੇ ਸਿੱਖਾਂ ਦੀ ਨਸਲਕੁਸ਼ੀ ਵੀ ਕੀਤੀ ਗਈ। ਸਤਾਈ ਹੋਈ ਕੌਮ ਨੇ ਹਥਿਆਰ ਚੁੱਕੇ। ਭਗਤ ਸਿੰਘ ਅਤੇ ਹੋਰ ਸ਼ਹੀਦਾਂ ਨੇ ਅੰਗਰੇਜ਼ ਵਲੋਂ ਕੀਤੇ ਜ਼ੁਲਮ ਦੇ ਖਿਲਾਫ ਹਥਿਆਰ ਚੁੱਕੇ, ਬੰਬ ਚਲਾਏ, ਆਪ ਸ਼ਹੀਦ ਹੋਏ ਅਤੇ ਜਾਲਮਾਂ ਨੂੰ ਮਾਰਿਆ। ਉਹ ਹੁਣ ਤੁਹਾਡੇ ਹੀਰੋ ਹਨ। ਸਿੱਖ ਗੁਆਂਢੀ ਦੇਸ਼ਾਂ ਵਲੋਂ ਹਮਲੇ ਹੋਣ ਤੇ ਲੜਦੇ ਹਨ ਤਾਂ ਸਿੱਖ ਸੂਰਵੀਰ ਜੇ ਆਪਣੇ 'ਤੇ ਹੋਏ ਜ਼ੁਲਮ ਵਾਸਤੇ ਹਥਿਆਰ ਚੁੱਕਦੇ ਹਨ ਤਾਂ ਅਤਿਵਾਦੀ। ਇਹ ਕਿਉ? ਕੀ ਹਿੰਦੋਸਤਾਨ ਵਾਸਤੇ ਲੜਨ ਵਾਲੇ ਹੀ ਸ਼ਹੀਦ ਹਨ? ਸ਼ਹੀਦ ਦੀ ਪਰਿਭਾਸ਼ਾ ਵੱਖ ਵੱਖ ਕਿਉ? ਜਲਿਆਂਵਾਲੇ ਬਾਗ ਦਾ ਬਦਲਾ ਲੈਣ ਲਈ ਊਧਮ ਸਿੰਘ ਨੇ ਡਾਇਰ ਨੂੰ ਇਗਲੈਂਡ ਜਾ ਕੇ ਮਾਰਿਆ ਸੀ। ਉਸ ਨੂੰ ਫਾਂਸੀ ਦਿੱਤੀ ਗਈ ਤਾਂ ਉਹ ਸ਼ਹੀਦ ਬਣੇ। ਜੇ ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਇੰਦਰਾ ਗਾਂਧੀ ਮਾਰੀ ਤਾਂ ਉਨ੍ਹਾਂ ਨੂੰ ਫਾਂਸੀ ਹੋਈ ਤਾਂ ਉਹ ਅਤਿਵਾਦੀ ਕਿਉਂ?

ਸਿੱਖਾਂ ਨੂੰ ਅਤਿਵਾਦੀ ਕਹਿਣ ਵਾਲਿਆਂ ਦੇ ਸੋਚਣ ਵਾਲੀ ਗੱਲ ਹੈ ਕਿ ਜੇ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨਾ ਮਾਰੇ ਜਾਂਦੇ ਤਾਂ ਭਾਜਪਾ ਸਰਕਾਰ ਕਿਵੇਂ ਬਣਦੀ? ਜੇ ਬੇਅੰਤ ਸਿੰਘ ਰਹਿੰਦਾ ਤਾਂ ਬਾਦਲ ਸਰਕਾਰ ਕਿਵੇਂ ਬਣਦੀ? ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੂੰ ਕਿਉਂ ਨਹੀ ਮੱਥੇ ਟੇਕਦੇ ਕਿਉਂਕਿ ਉਨ੍ਹਾਂ ਸਿੱਖੀ ਪਰੰਪਰਾਵਾਂ 'ਤੇ ਪਹਿਰਾ ਦਿੱਤਾ? ਭਗਤ ਸਿੰਘ ਦਾ ਸ਼ਹੀਦੀ ਦਿਨ ਮਨਾ ਕੇ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਗਿਆ ਹੈ ਪਰ ਇਹ ਵੀ ਨਾ ਭੁੱਲਿਆ ਜਾਵੇ ਕਿ ਉਨ੍ਹਾਂ ਦਿਨਾਂ ਵਿਚ ਹੀ ਸਿੱਖੀ ਅਸੂਲਾਂ 'ਤੇ ਪਹਿਰਾ ਦੇਣ ਵਾਲੇ ਸ਼ੇਰੇ ਅਤੇ ਸੋਹਨਜੀਤ ਸਿੰਘ ਨੂੰ ਤਸੀਹੇ ਦੇ ਕੇ ਮਾਰਿਆ ਗਿਆ, ਉਨ੍ਹਾਂ ਦੀ ਸੋਚ ਦੇ ਵਾਰਸ ਸਭ ਕੁਝ ਵੇਖ ਰਹੇ ਨੇ। ਸਮਾਂ ਬਦਲਦਾ ਰਹਿੰਦਾ ਹੈ। ਅੱਜ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਵਜ਼ੀਰੀਆਂ ਮਾਣੀਆ ਜਾ ਰਹੀਆਂ ਹਨ, ਉਨ੍ਹਾਂ ਨਾਲ ਵਿਸਾਹਘਾਤ ਕਰਕੇ ਅਕ੍ਰਿਤਘਣ ਨਾ ਬਣਿਆ ਜਾਵੇ।

ਖਾਲਸੇ ਦਾ ਇਤਿਹਾਸ ਹੈ ਕਿ ਇਹ ਜ਼ੁਲਮ ਅੱਗੇ ਕਦੇ ਵੀ ਨਹੀਂ ਝੁਕਿਆ। ਇਸ ਨੇ ਆਜ਼ਾਦ ਹੋ ਕੇ ਹੀ ਰਹਿਣਾ ਹੈ। ਸਮਾਂ ਲੱਗ ਸਕਦਾ ਹੈ ਪਰ ਅਜ਼ਾਦੀ ਜ਼ਰੂਰ ਮਾਣੇਗਾ!

ਅਤਿਵਾਦੀ ਜਿਨ੍ਹਾਂ ਨੂੰ ਆਖੋ,
ਉਹ ਕੌਮ ਦੇ ਹੀਰੇ ਨੇ।
ਇੱਜਤਾਂ ਜਿਨ੍ਹਾਂ ਦੀਆਂ ਲੁਟੀਆਂ,
ਉਨ੍ਹਾਂ ਦੇ ਵੀਰੇ ਨੇ।

***-ਜੋਗਾ ਸਿੰਘ, ਨਿਊ ਜਰਸੀ।***
***ਫੋਨ:201-376-4945***

# ਡਾ. ਕੇਸਰ ਸਿੰਘ ਕੇਸਰ ਦੀ ਟਿੱਪਣੀ

ਸੰਪਾਦਕ ਜੀ,

ਸਿੱਖਾਂ ਦੀ ਹਸਤੀ ਅਤੇ ਹੋਣੀ ਬਾਰੇ ਅਜਮੇਰ ਸਿੰਘ ਦੀਆਂ ਪੁਸਤਕਾਂ ਨੂੰ ਲੈ ਕੇ ਚੱਲੀ ਰਹੀ ਬਹਿਸ ਨੂੰ ਮੈਂ ਗਹੁ ਨਾਲ ਫਾਲੋ ਕਰਦਾ ਆ ਰਿਹਾ ਹਾਂ। ਮੈਂ ਖੁਦ ਇਸ ਬਹਿਸ ਵਿਚ ਹਿੱਸਾ ਲੈਣ ਦਾ ਇੱਛਕ ਸਾਂ ਪਰ ਕੁਝ ਰੁਝੇਵਿਆਂ ਕਾਰਨ ਅਜਿਹਾ ਨਹੀਂ ਕਰ ਸਕਿਆ। ਅਜਮੇਰ ਸਿੰਘ ਦੀ ਪੁਸਤਕ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਬਾਰੇ ਇਕ ਅਹਿਮ ਟਿੱਪਣੀ ਮੈਂ ਮਰਹੂਮ ਡਾ. ਕੇਸਰ ਸਿੰਘ ਕੇਸਰ ਦੀ ਡਾਇਰੀ ਵਿਚ ਪੜ੍ਹੀ ਸੀ ਜੋ ਉਨ੍ਹਾਂ ਵਲੋਂ 16 ਮਾਰਚ 2004 ਨੂੰ ਦਰਜ ਕੀਤੀ ਗਈ ਸੀ। ਹਾਲੀਆ ਬਹਿਸ ਵਿਚ ਉਹ ਟਿੱਪਣੀ ਦਿਲਚਸਪ ਹੋ ਸਕਦੀ ਹੈ। ਮੈਂ ਇਹ ਤੁਹਾਨੂੰ ਭੇਜ ਰਿਹਾ ਹਾਂ, ਵਾਜਬ ਲੱਗੇ ਤਾਂ ਛਾਪ ਲੈਣਾ।

ਭੀਮਇੰਦਰ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

---

ਕੱਲ੍ਹ ਹੀ ਦਲਜੀਤ ਸਰਾ ਕਿਤਾਬ ਦੇ ਗਿਆ ਸੀ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' (ਅਜਮੇਰ ਸਿੰਘ)। ਕੱਲ੍ਹ ਤੇ ਅੱਜ ਵੀ ਉਪਰੋਕਤ ਕਿਤਾਬ ਪੜ੍ਹਦਾ ਰਿਹਾ। ਦਲਜੀਤ ਕਹਿੰਦਾ ਸੀ ਕਿ ਅਜਮੇਰ ਸਿੰਘ ਨਕਸਲੀ ਕਾਮਰੇਡਾਂ ਵਿਚੋਂ ਹੈ ਪਰ ਇਸ ਕਿਤਾਬ ਵਿਚ ਉਹ ਜਿਸ ਵਿਰੋਧ ਨੂੰ ਮਿੱਥ ਕੇ ਚਲਦਾ ਹੈ, ਉਹ ਸਿੱਖਵਾਦ ਤੇ ਹਿੰਦੂਵਾਦ ਵਿਚਾਲੇ ਹਨ। ਸਿੱਖਾਂ ਨੂੰ ਉਹ ਮੁਸਲਿਮ ਲੀਡਰਾਂ ਦੀ ਤਰਜ਼ 'ਤੇ ਇਕ "ਕੌਮ" ਹੀ ਮੰਨ ਕੇ ਚਲਦਾ ਹੈ ਤੇ ਵਾਰ-ਵਾਰ ਸਿੱਖ ਕੌਮ ਦੀ ਵੱਖਰੀ ਪਛਾਣ ਉਤੇ ਜ਼ੋਰ ਦਿੰਦਾ ਹੋਇਆ ਇਹ ਗੱਲ ਸਿੱਧ ਕਰਦਾ ਹੈ ਕਿ 1849 ਤੋਂ 1947 ਤੱਕ ਸਿੱਖਾਂ ਨੇ ਕਾਂਗਰਸੀ ਰਾਸ਼ਟਰਵਾਦ ਦੇ ਪ੍ਰਭਾਵ ਹੇਠ ਆਪਣੀ ਵੱਖਰੀ ਪਛਾਣ ਨੂੰ ਪੱਕਿਆਂ ਕਰਨ, ਵੱਖਰੇ ਚੋਣ ਖੇਤਰਾਂ ਦੀ ਮੰਗ ਕਰਨ ਅਤੇ ਮੁਸਲਮਾਨਾਂ ਵਾਂਗ ਆਪਣੇ ਲਈ ਜੁਦਾ ਦੇਸ਼ ਮੰਗਣ 'ਤੇ ਜ਼ੋਰ ਨਹੀਂ ਦਿੱਤਾ। ਇਹ ਉਨ੍ਹਾਂ ਦੀ ਭੁੱਲ ਸੀ। ਉਨ੍ਹਾਂ ਨੂੰ ਵੀ ਜੁਦੇ ਦੇਸ਼ ਲਈ ਅੰਗਰੇਜ਼ ਸਰਕਾਰ ਉਤੇ ਨਿਰਭਰ ਹੋਣਾ ਚਾਹੀਦਾ ਸੀ ਜਦਕਿ ਉਸ ਵੇਲੇ ਦੇ ਸਿੱਖ ਨੇਤਾਵਾਂ ਦੀ ਸੋਚ ਇਹ ਸੀ ਕਿ ਸਾਨੂੰ ਪਹਿਲਾਂ ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੀਦਾ ਹੈ। ਅਜਮੇਰ ਸਿੰਘ ਦੀ ਵੱਖਵਾਦ ਵਾਲੀ ਸੋਚ ਮੈਨੂੰ ਗ਼ਲਤ ਲੱਗਦੀ ਹੈ ਕਿਉਂਕਿ ਜੇ ਸਿੱਖ ਵੀ ਡੱਫਲੀ ਵਜਾਉਣ ਲੱਗ ਜਾਂਦੇ ਤਾਂ ਸ਼ਾਇਦ ਅੰਗਰੇਜ਼ ਇਥੋਂ ਜਾਂਦੇ ਹੀ ਨਾ।

# ਅਜਮੇਰ ਸਿੰਘ ਦੀਆਂ ਲਿਖਤਾਂ

ਪੰਜਾਬ ਟਾਈਮਜ਼ ਵਿਚ ਆਮ ਹੀ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਦੇ ਵਿਰੋਧ ਵਿਚ ਲੇਖ ਛਪਦੇ ਹਨ ਅਤੇ 12 ਮਾਰਚ ਦੇ ਅੰਕ ਵਿਚ ਵੀ ਕਰਮ ਬਰਸਟ ਦਾ ਲੇਖ "ਅਜਮੇਰ ਸਿੰਘ ਦੀ ਲਿਖਤ ਅੰਦਰ ਕਹਿਰ ਕਿ ਜ਼ਹਿਰ" ਛਪਿਆ ਹੈ। ਦੁੱਖ ਦੀ ਗੱਲ ਹੈ ਕਿ ਕਰਮ ਬਰਸਟ ਨੇ ਅਜਮੇਰ ਸਿੰਘ ਦੀਆਂ ਲਿਖਤਾਂ ਨੂੰ ਕਹਿਰ ਜਾਂ ਜ਼ਹਿਰ ਆਖਿਆ ਹੈ। ਉਸ ਨੂੰ ਗਿਲਾ ਹੈ ਕਿ ਅਜਮੇਰ ਸਿੰਘ ਹਿੰਦੂਆਂ ਨੂੰ ਸਿੱਖਾਂ ਦੇ ਦੁਸ਼ਮਣ ਆਖਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਹੁਣ ਤੱਕ ਸਿੱਖਾਂ ਨਾਲ ਜੋ ਜ਼ੁਲਮ ਹੋਇਆ-ਜਿਸਮਾਨੀ, ਮਾਨਸਿਕ, ਆਰਥਿਕ ਅਤੇ ਧਾਰਮਿਕ ਵੀ, ਕਰਮ ਬਰਸਟ ਨੂੰ ਉਹ ਜ਼ੁਲਮ ਨਜ਼ਰ ਨਹੀਂ ਆਉਂਦਾ। ਸਿੱਖਾਂ ਨਾਲ ਜਿਨ੍ਹਾਂ ਲੋਕਾਂ ਨੇ ਇੰਨਾ ਜ਼ੁਲਮ ਕੀਤਾ ਹੈ, ਕੀ ਉਹ ਸਿੱਖਾਂ ਦੇ ਮਿੱਤਰ ਹਨ? ਸਿੱਖਾਂ ਨਾਲ ਜੋ ਕੁਝ ਵੀ ਹੋਇਆ, ਉਹ ਦੁਸ਼ਟ, ਵਹਿਸ਼ੀ ਲੋਕ ਹੀ ਕਰ ਸਕਦੇ ਹਨ ਅਤੇ ਜਿਹੜੇ ਲੋਕ ਇਸ ਨੂੰ ਮਹਿਸੂਸ ਨਹੀਂ ਕਰਦੇ, ਉਹ ਵੀ ਉਹ ਲੋਕ ਹੀ ਹੋ ਸਕਦੇ ਹਨ ਜਿਹੜੇ ਦੁਸ਼ਟ, ਵਹਿਸ਼ੀ ਅਤੇ ਖ਼ੁਦਗਰਜ਼ ਹਨ, ਅਹਿਸਾਸਾਂ, ਭਾਵਨਾਵਾਂ, ਜ਼ਮੀਰਾਂ, ਨੈਤਿਕਤਾ, ਗੈਰਤ ਤੋਂ ਸੱਖਣੇ ਹਨ। ਇਨ੍ਹਾਂ ਲੋਕਾਂ ਦਾ ਸਿੱਖੀ ਸਿਧਾਂਤਾਂ ਜਾਂ ਵਿਚਾਰਧਾਰਾ ਨਾਲ ਕੋਈ ਸਬੰਧ ਨਜ਼ਰ ਨਹੀਂ ਆਉਂਦਾ।

ਕੇਂਦਰ ਦੀਆਂ ਸਰਕਾਰਾਂ ਪੰਜਾਬ ਨਾਲ ਸਦਾ ਹੀ ਵਿਤਕਰਾ ਕਰਦੀਆਂ ਰਹੀਆਂ ਹਨ ਅਤੇ ਇਹ ਹੁਣ ਤੱਕ ਵੀ ਜਾਰੀ ਹੈ। ਇਸ ਦਾ ਪਹਿਲਾ ਪ੍ਰਮਾਣ ਹੈ ਕਿ ਸਾਰੇ ਦੇਸ਼ ਵਿਚ ਬੋਲੀ ਦੇ ਆਧਾਰ ਉਤੇ ਸੂਬੇ ਬਣੇ ਪਰ ਪੰਜਾਬੀ ਸੂਬਾ ਬਣਾਉਣ ਲਈ ਸਰਦਾਰ ਫੇਰੂਮਾਨ ਵਰਗਿਆਂ ਨੂੰ ਸ਼ਹੀਦੀਆਂ ਪਾਉਣੀਆਂ ਪਈਆਂ, ਅਜਿਹਾ ਕਿਉਂ? ਦੂਜੀ ਗੱਲ ਇਹ ਹੈ ਕਿ ਸਾਰੇ ਦੇਸ਼ ਵਿਚ ਨਵੇਂ ਬਣੇ ਸੂਬਿਆਂ ਦੀਆਂ ਨਵੀਆਂ ਰਾਜਧਾਨੀਆਂ ਬਣਾਈਆਂ ਗਈਆਂ ਅਤੇ ਪਹਿਲੀ ਰਾਜਧਾਨੀ ਪਹਿਲੇ ਪ੍ਰਾਂਤ ਨੂੰ ਹੀ ਦਿੱਤੀ ਗਈ ਪਰ ਪੰਜਾਬ ਦੇ ਮਾਮਲੇ ਵਿਚ ਅਜਿਹਾ ਨਹੀਂ ਹੋਇਆ। ਭਾਵ ਚੰਡੀਗੜ੍ਹ ਪੰਜਾਬ ਨੂੰ ਨਹੀਂ ਦਿੱਤਾ ਗਿਆ। ਕੀ ਇਹ ਪੰਜਾਬ ਨਾਲ ਵਿਤਕਰਾ ਨਹੀਂ? ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਗਏ, ਕੀ ਉਹ ਵਿਤਕਰਾ ਨਹੀਂ?

ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਸਿੱਖਾਂ ਨਾਲ ਵਿਤਕਰਿਆਂ ਬਾਰੇ ਅਜਿਹੇ ਹੀ ਨੁਕਤੇ ਉਠਾਉਂਦੀਆਂ ਹਨ। ਕੇਂਦਰ ਦੀਆਂ ਸਰਕਾਰਾਂ ਪੰਜਾਬ ਅਤੇ ਸਿੱਖਾਂ ਪ੍ਰਤੀ ਸੁਹਿਰਦ ਨਹੀਂ ਹਨ। ਸਿੱਖਾਂ ਨੂੰ ਇਸ ਬਾਰੇ ਕੁਝ ਸੋਚਣਾ ਚਾਹੀਦਾ ਹੈ। ਇਸ ਵਿਚ ਬੁਰਾ ਕੀ ਹੈ? ਘੱਟੋ ਘੱਟ ਸਿੱਖਾਂ ਨਾਲ ਜ਼ੁਲਮ ਕਰਨ ਵਾਲੇ ਮਹਿਸੂਸ ਤਾਂ ਕਰਨ ਕਿ ਸਿੱਖਾਂ ਨਾਲ ਜ਼ੁਲਮ ਅਤੇ ਅਨਿਆਂ ਹੋਇਆ ਹੈ ਤਾਂ ਕਿ ਮੁੜ ਕੇ ਅਜਿਹੀਆਂ ਘਟਨਾਵਾਂ ਨਾ ਵਾਪਰਨ ਪਰ ਪਤਾ ਨਹੀਂ ਕਰਮ ਬਰਸਟ ਵਰਗੇ ਲੋਕਾਂ ਉਤੇ ਇਨ੍ਹਾਂ ਚੀਜ਼ਾਂ ਦਾ ਅਸਰ ਕਿਉਂ ਨਹੀਂ ਹੁੰਦਾ?

***-ਕੁਲਵਿੰਦਰ ਸਿੰਘ, ਯੂਬਾ ਸਿਟੀ।***

# ...ਜਦੋਂ ਸਿੰਘਾਂ ਮੱਸੇ ਰੰਘੜ ਦਾ ਸਿਰ ਵੱਢ ਲਿਆਂਦਾ

**ਸਿੱਖ ਸੰਘਰਸ਼-9**

**ਜਸਵੰਤ ਸਿੰਘ 'ਅਜੀਤ'**
*ਫੋਨ:91-98689-17739*

ਸੰਸਾਰ ਦਾ ਇਕ ਬਦਨਾਮ ਲੁਟੇਰਾ ਨਾਦਰ ਸ਼ਾਹ 'ਅਜੀਂ ਕੌਮ ਬੂਏ ਬਾਦਸ਼ਾਹੀ ਮੇਂ ਆਇਦ', (ਅਰਥਾਤ ਇਨ੍ਹਾਂ ਪਾਸੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ), ਦੀ ਭਵਿਖਵਾਣੀ ਕਰਨ ਦੇ ਨਾਲ ਹੀ, 'ਅਜਿਹੀ ਕੌਮ ਨੂੰ ਜਿਤਣਾ ਆਸਾਨ ਨਹੀਂ, ਜਿਸਨੂੰ ਖੁਦਾ ਦਾ ਤਕੀਆ (ਆਸਰਾ) ਹੈ', ਦੀ ਚਿਤਾਵਨੀ ਦੇ ਕੇ ਆਪ ਤਾਂ ਆਪਣੇ ਦੇਸ਼ ਮੁੜ ਗਿਆ ਪਰ ਇਧਰ ਜ਼ਕਰੀਆ ਖਾਨ ਦੀ ਨੀਂਦਰ ਹਰਾਮ ਹੋ ਗਈ। ਉਸ ਨੂੰ ਦਿਨ-ਰਾਤ ਇਹੀ ਚਿੰਤਾ ਲੱਗੀ ਰਹਿੰਦੀ ਕਿ ਪਤਾ ਨਹੀਂ ਕਦੋਂ ਤੇ ਕਿਸ ਸਮੇਂ ਸਿੱਖ ਉਸ ਪਾਸੋਂ ਹਕੂਮਤ ਖੋਹ ਲੈਣਗੇ। ਨਾਦਰ ਸ਼ਾਹ ਦੇ ਇਹ ਸ਼ਬਦ ਉਸ ਦੇ ਕੰਨਾਂ ਵਿਚ ਦਿਨ-ਰਾਤ ਗੂੰਜਦੇ ਰਹਿੰਦੇ ਕਿ ਇਨ੍ਹਾਂ ਪਾਸੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ। ਅਜਿਹੀ ਕੌਮ ਨੂੰ ਜਿਤਣਾ ਆਸਾਨ ਨਹੀਂ, ਜਿਨ੍ਹਾਂ ਨੂੰ ਖੁਦਾ ਦਾ ਤਕੀਆ ਹੈ।

ਇਸ ਚਿੰਤਾ ਤੋਂ ਛੁਟਕਾਰਾ ਪਾਉਣ ਲਈ, ਉਸ ਫੈਸਲਾ ਕੀਤਾ ਕਿ ਉਹ ਹਰ ਹਾਲਤ ਵਿਚ ਸਿੱਖਾਂ ਦਾ ਖੁਰਾ-ਖੋਜ ਮਿਟਾ ਕੇ ਹੀ ਦਮ ਲਵੇਗਾ। ਉਸ ਨੇ ਆਪਣੇ ਚੌਧਰੀਆਂ, ਮੁਕਦਮਾਂ ਅਤੇ ਫ਼ੌਜਦਾਰਾਂ ਨੂੰ ਵਿਸ਼ੇਸ਼ ਤੌਰ 'ਤੇ ਹੁਕਮ ਭੇਜੇ ਕਿ ਉਹ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਹਰ ਜਾਇਜ਼-ਨਾਜਾਇਜ਼ ਤਰੀਕਾ ਵਰਤਣ। ਉਨ੍ਹਾਂ ਦਾ ਜਿਊਣਾ ਹਰਾਮ ਕਰ ਦੇਣ। ਉਸ ਨੇ ਮੰਡਿਆਲੀ ਦੇ ਚੌਧਰੀ ਮੱਸੇ ਰੰਘੜ ਨੂੰ ਅੰਮ੍ਰਿਤਸਰ ਪੁਜ, ਅੰਮ੍ਰਿਤ ਸਰੋਵਰ ਨੂੰ ਪੂਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਕੇ, ਸਿੱਖਾਂ ਦੇ ਹੌਂਸਲੇ ਢਾਹੁਣ ਦੀਆਂ ਵਿਸ਼ੇਸ਼ ਹਦਾਇਤਾਂ ਅਤੇ ਅਧਿਕਾਰ ਦਿੱਤੇ।

ਜ਼ਕਰੀਆ ਖਾਨ ਦਾ ਹੁਕਮ ਅਤੇ ਅਧਿਕਾਰ ਪ੍ਰਾਪਤ ਕਰ ਕੇ ਉਸ ਦੀ ਖੁਸ਼ਨੂਦੀ ਹਾਸਲ ਕਰਨ ਲਈ ਚੌਧਰੀਆਂ, ਮੁਕਦਮਾਂ ਅਤੇ ਫੌਜਦਾਰਾਂ ਨੇ ਸਿੱਖਾਂ 'ਤੇ ਜ਼ੁਲਮ ਢਾਹੁਣ ਦੀ ਇੰਤਹਾ ਕਰ ਦਿੱਤੀ। ਜਿਥੇ-ਕਿਥੇ ਵੀ ਕੋਈ ਸਿੱਖ ਮਿਲਦਾ, ਉਸ ਨੂੰ ਉਥੇ ਹੀ ਕਤਲ ਕਰ ਦਿੱਤਾ ਜਾਂਦਾ। ਸਿੱਖਾਂ ਦੇ ਸਿਰਾਂ ਦਾ ਮੁੱਲ ਵਧਾ ਕੇ ਅੱਸੀ ਰੁਪਏ ਕਰ ਦਿੱਤਾ ਗਿਆ। ਚੌਧਰੀਆਂ, ਮੁਕਦਮਾਂ ਅਤੇ ਫੌਜਦਾਰਾਂ ਵਲੋਂ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ-ਭਰ ਲਾਹੌਰ ਭੇਜੇ ਜਾਣ ਲੱਗ ਪਏ ਤਾਂ ਜੋ ਜ਼ਕਰੀਆ ਖਾਨ ਨੂੰ ਉਨ੍ਹਾਂ ਵਲੋਂ ਸਿੱਖਾਂ ਨੂੰ ਖ਼ਤਮ ਕੀਤੇ ਜਾਣ ਦੇ ਯਤਨਾਂ ਦਾ ਪਤਾ ਚਲਦਾ ਰਹੇ। ਇਸ ਤਰ੍ਹਾਂ ਹੋ ਰਹੇ ਜ਼ੁਲਮ ਦੇ ਸਮੇਂ ਵਿਚ ਸਮਾਂ ਟਪਾਉਣ ਲਈ ਸਿੱਖ ਕਾਹਨੂੰਵਾਨ ਅਤੇ ਰਾਜਸਥਾਨ ਦੇ ਜੰਗਲਾਂ ਤੇ ਰੇਗਿਸਤਾਨਾਂ ਦੀਆਂ ਛੁਪਣਗਾਹਾਂ ਵਲ ਨਿਕਲ ਗਏ।

ਜਦੋਂ ਮੁਗ਼ਲ ਹਾਕਮਾਂ ਨੇ ਸਿੱਖਾਂ ਵਲੋਂ ਆਪਣੇ ਜ਼ੁਲਮਾਂ ਦਾ ਕੋਈ ਵੱਡਾ ਵਿਰੋਧ ਹੁੰਦਾ ਨਾ ਵੇਖਿਆ ਤਾਂ ਉਨ੍ਹਾਂ ਦੇ ਹੌਸਲੇ ਹੋਰ ਵੀ ਵੱਧ ਗਏ। ਮੱਸਾ ਰੰਘੜ ਦਨਦਨਾਉਂਦਾ ਹੋਇਆ, ਸ੍ਰੀ ਅੰਮ੍ਰਿਤਸਰ ਜਾ ਪੁਜਾ। ਉਸ ਨੇ ਅੰਮ੍ਰਿਤ ਸਰੋਵਰ ਪੂਰ ਦਿੱਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਆਪਣਾ ਦਰਬਾਰ ਲਾ ਲਿਆ। ਉਸ ਨੇ ਇਸ ਪਵਿਤਰ ਅਸਥਾਨ 'ਤੇ ਸ਼ਰਾਬ ਦੇ ਦੌਰ ਚਲਾਉਣੇ ਅਤੇ ਕੰਜਰੀਆਂ ਨਚਾਉਣੀਆਂ ਸ਼ੁਰੂ ਕਰ ਦਿੱਤੀਆਂ।


ਨੇੜੇ-ਤੇੜੇ ਸੂਹ ਲੈਂਦੇ ਸਿੰਘਾਂ ਨੂੰ ਜਦੋਂ ਇਹ ਦੁਖਦਾਈ ਖ਼ਬਰ ਮਿਲੀ ਤਾਂ ਉਹ ਬਹੁਤ ਹੀ ਦੁਖੀ ਹੋਏ। ਭਾਈ ਬਲਾਕਾ ਸਿੰਘ ਨਾਂ ਦੇ ਇਕ ਸਿੰਘ ਨੇ ਫ਼ੈਸਲਾ ਕੀਤਾ ਕਿ ਉਹ ਕਿਸੇ ਵੀ ਤਰ੍ਹਾਂ ਰਾਜਸਥਾਨ ਦੇ ਰੇਗਿਸਤਾਨਾਂ ਵਿਚ ਟਿਕੇ ਸਿੰਘਾਂ ਤਕ ਇਹ ਦੁਖਦਾਈ ਖ਼ਬਰ ਜ਼ਰੂਰ ਪਹੁੰਚਾਏਗਾ। ਸੋ ਉਸ ਨੇ ਹਿੰਮਤ ਕੀਤੀ ਅਤੇ ਜੈਪੁਰ ਦੇ ਰੇਗਿਸਤਾਨਾਂ ਵਿਚਲੀਆਂ ਸਿੱਖਾਂ ਦੀਆਂ ਛੁਪਣਗਾਹਾਂ ਵਿਚ ਟਿਕੇ ਜਥੇਦਾਰ ਬੁੱਢਾ ਸਿੰਘ ਦੇ ਜਥੇ ਵਿਚ ਜਾ ਪੁੱਜਾ।

ਸਵੇਰੇ ਲੱਗੇ ਦੀਵਾਨ ਵਿਚ ਕਥਾ-ਕੀਰਤਨ ਦੀ ਸਮਾਪਤੀ ਤੋਂ ਬਾਅਦ ਜਥੇ ਦੇ ਇੱਕ ਮੁਖੀ ਭਾਈ ਮਹਿਤਾਬ ਸਿੰਘ ਨੇ ਪੰਜਾਬ ਤੋਂ ਆਏ ਸਿੱਖ ਭਾਈ ਬਲਾਕਾ ਸਿੰਘ ਪਾਸੋਂ ਪੰਜਾਬ ਦੇ ਹਾਲਾਤ ਪੁੱਛੇ ਤਾਂ ਉਸ ਦਾ ਦਿਲ ਭਰ ਆਇਆ, ਉਸ ਦੀਆਂ ਅੱਖਾਂ ਵਿਚੋਂ ਹੰਝੂਆਂ ਦੀ ਨਦੀ ਵਹਿ ਤੁਰੀ। ਕੁਝ ਦੇਰ ਤਕ ਉਸ ਦੇ ਮੂੰਹ ਵਿਚੋਂ ਕੋਈ ਗੱਲ ਨਾ ਨਿਕਲੀ। ਭਾਈ ਮਹਿਤਾਬ ਸਿੰਘ ਵਲੋਂ ਹੌਂਸਲਾ ਅਤੇ ਦਿਲਾਸਾ ਦਿੱਤੇ ਜਾਣ 'ਤੇ ਕਿਸੇ ਤਰ੍ਹਾਂ ਭਾਈ ਬਲਾਕਾ ਸਿੰਘ ਸੰਭਲਿਆ ਤੇ ਬੋਲਿਆ, ਸਿੰਘ ਜੀ, ਕੁਝ ਨਾ ਪੁਛੋ ਕਿ ਪੰਜਾਬ ਦੀ ਕੀ ਹਾਲਤ ਹੈ, ਦਸਦਿਆਂ ਦਿੱਲ ਫੱਟਦਾ ਹੈ। 'ਗਿਆਨੀ ਗਿਆਨ ਸਿੰਘ' ਅਨੁਸਾਰ ਭਾਈ ਬਲਾਕਾ ਸਿੰਘ ਨੇ ਦਸਿਆ, 'ਮੱਸਾ ਨਾਮ ਰੰਘੜ ਗੁਰੂ ਕੇ ਹਰਿਮੰਦਰ ਮੇਂ ਬੈਠਤ ਪਲੰਘ ਪਰ ਸਭਾ ਨਿਜ ਲਾਇ ਹੈ। ਦਿਨ ਕੋ ਤੋ ਕਰਾਵੈ ਤਹਾਂ ਕੰਚਨੀ ਕੋ ਨਾਚ ਨਿਤ, ਸੋਵਤ ਨਿਸਾ ਕੋ ਸੰਗ ਬੇਸਵਾ ਰਖਾਇ ਹੈ। ਉਡਤ ਸ਼ਰਾਬ ਤੈ ਕਬਾਬ ਸਭਾ ਤੁਰਕਨ ਮੇਂ ਪੀਵਤ ਹੁੱਕੇ ਵਹਿ ਥੁਕੈ ਮਨ ਭਾਇ ਹੈ।'

ਇਹ ਸੁਣ ਭਾਈ ਮਹਿਤਾਬ ਸਿੰਘ ਸਹਿਤ ਦੀਵਾਨ ਵਿਚ ਬੈਠੇ ਸਾਰੇ ਸਿੰਘਾਂ ਦਾ ਹਿਰਦਾ ਤੜਪ ਉਠਿਆ। ਭਾਈ ਮਹਿਤਾਬ ਸਿੰਘ ਗੁੱਸੇ ਵਿਚ ਆ ਗਿਆ ਤੇ ਉਸ ਨੇ ਭਾਈ ਬਲਾਕਾ ਸਿੰਘ ਨੂੰ ਤਾਅਨਾ ਮਾਰਦਿਆਂ ਆਖਿਆ ਕਿ ਇਹ ਸਾਰਾ ਅਪਮਾਨ ਤੇ ਦੁਰਦਸ਼ਾ ਵੇਖ ਤੂੰ ਇਥੇ ਨੱਸ ਆਇਆ ਹੈਂ, ਕਿਉਂ ਨਾ ਤੂੰ ਉਥੇ ਹੀ ਮਰ-ਖੱਪ ਗਿਓਂ?

ਇਹ ਤਾਅਨਾ ਸੁਣ ਭਾਈ ਬਲਾਕਾ ਸਿੰਘ ਤੜਪ ਉਠਿਆ। ਉਸ ਨੇ ਵੀ ਅਗੋਂ ਵਿਅੰਗ ਕਰਦਿਆਂ ਆਖਿਆ,

ਤੁਮ ਮਰਨੇ ਤੇ ਨਠ ਨਹ ਆਏ।
ਉਨ ਕੋ ਦੇਤ ਉਲਾਂਭਾ ਕਾਹੇ।
ਤੁਮ ਤਜ ਤੁਰਕਨ ਖਾਨ ਬਚ ਏ।
ਤੁਮਰੇ ਜੈਸੇ ਸਭ ਉਠਿ ਭਏ। ...
ਜਾਨ ਬਚਾਇ ਜਿਮ ਦੇਸ ਤਜ ਆਯੋ ਧਾਈ।



ਤੈਸੇ ਹਮ ਤੁਮ ਸਮ ਔਰ ਨ ਰਹਾਏ ਹੈਂ।

ਲੋਕੀ ਆਖਦੇ ਹਨ ਕਿ ਉਹ ਸਿੱਖ ਖਤਮ ਹੋ ਗਏ ਹਨ, 'ਜੰਗ ਜੋ ਮਚਾਵਤੇ ਥੇ ਲੂਟ ਕੂਟ ਖਾਵਤੇ ਥੇ। ਤੁਰਕਨ ਕੋ ਘਾਵਤੇ ਥੇ। ਨਿਤ ਪ੍ਰਤਿ ਧਾਇ ਕੇ। ਜਤੀ ਸਤੀ ਹਠੀ ਤਪੀ ਅਗੇ ਹਤੇ ਸਿੰਘ ਜੋਊ, ਬਸੈ ਸੋਊ ਅਬ ਸਭਿ ਗੁਰ ਪਰਿ ਜਾਇ ਕੈ।' ਉਹ ਸਿੰਘ ਵੀ ਚਲੇ ਗਏ, 'ਸਿੰਘ ਜੋ ਸਿਧਾਵਤੇ ਹੈ, ਜਪਤੇ ਅਕਾਲ ਕੋ ਅਕਾਲ ਸਿੰਘ ਸੂਰੇ ਪੂਰੇ, ਹਠੀ ਤਪੀ, ਜਪੀ, ਸਤੀ , ਜੰਗ ਖੁਸ਼ ਵੈ ਪਚਾਵਤੇ ਲੇਵਤੇ। ਸ਼ਹੀਦੀ ਜਾਮ ਜਾਲਤੇ ਰਸੀਲ ਜੇਊ, ਕਰਨੀ ਕੋ ਸਯਾਰ, ਨਾਮ ਸਿੰਘ ਹੈ ਕਹਾਵਤੇ।' ਹੁਣ ਤਾਂ ਅਜਿਹੇ ਸਿੱਖ ਰਹਿ ਗਏ ਹਨ, 'ਸੁਧਾ ਛਕ ਕੀਓ ਖਵਾਰੇ ਆਏ ਤਜ ਗੁਰਦੁਆਰੇ ਫਿਰਤ ਲੁਕਤ ਸਾਰੇ ਜਾਨ ਕੋ ਬਚਾਵਤੇ।'

ਜਦੋਂ ਇਹ ਗੱਲ ਸੁਣੀ ਤਾਂ ਭਾਈ ਮਹਿਤਾਬ ਸਿੰਘ ਦਾ ਹਿਰਦਾ ਹੋਰ ਵੀ ਤੜਪ ਉਠਿਆ,

ਯਹ ਸੁਨ ਸਿੰਘ ਜੀ ਚਿਪ ਲਗੀ
ਜਨ ਕਰ ਬਿਛੂ ਡਾਂਕ।
ਤਨ ਮਨ ਅਚਬੀ ਬਹੁ ਲਗੀ
ਚਿਤ ਧਾਰਯੋ ਮਨ ਨਿਧਾਂਕ।

ਉਸ ਦੇ ਅੰਦਰਲੇ ਨੇ ਉਸ ਨੂੰ ਲਾਅਨਤ ਪਾਈ, 'ਓ ਮਹਿਤਾਬ ਸਿੰਘਾ, ਤੂੰ ਵੀ ਤਾਂ ਗੁਰੂ ਕਾ ਸਿੰਘ ਅਖਵਾਉਂਦਾ ਹੈਂ, ਤੇਰੀ ਸਿੱਖੀ ਦੀ ਅਣਖ ਕਿੱਥੇ ਹੈ? ਤੇਰੇ ਪਵਿੱਤਰ ਗੁਰਧਾਮਾਂ ਦਾ ਅਪਮਾਨ ਹੋ ਰਿਹਾ ਹੈ ਤੇ ਤੂੰ ਆਪਣੀ ਜਾਨ ਬਚਾਉਣ ਖਾਤਰ, ਇਨ੍ਹਾਂ ਜੰਗਲਾਂ-ਰੇਗਿਸਤਾਨਾਂ ਵਿਚ ਛੁਪਿਆ ਬੈਠਾ ਹੈਂ। ਕੀ ਤੇਰਾ ਦਿੱਲ, ਤੇਰੀ ਆਤਮਾ ਤੈਨੂੰ ਵੰਗਾਰਦੀ ਨਹੀਂ? ਕੀ ਤੂੰ ਪਵਿੱਤਰ ਗੁਰਧਾਮਾਂ ਦੇ ਅਪਮਾਨ ਨੂੰ ਦੁੱਧ ਵਾਂਗ ਪੀ ਜਾਏਂਗਾ?

ਅੰਦਰਲੇ ਦੀ ਲਾਅਨਤ ਸੁਣ, ਉਸ ਦੇ ਡੌਲੇ ਫਰਕਣ ਲੱਗੇ ਅਤੇ ਉਸ ਦੀਆਂ ਅੱਖਾਂ ਵਿਚ ਲਾਲੀ ਉਤਰ ਆਈ। ਉਸ ਨੇ ਉਸੇ ਵੇਲੇ ਮਿਆਨ ਵਿਚੋਂ ਕਿਰਪਾਨ ਧੂਹ ਕੇ ਪ੍ਰਣ ਕੀਤਾ ਕਿ ਜਦੋਂ ਤਕ ਸ੍ਰੀ ਹਰਿਮੰਦਰ ਸਹਿਬ ਦਾ ਅਪਮਾਨ ਕਰਨ ਵਾਲੇ ਮੱਸੇ ਰੰਘੜ ਦਾ ਸਿਰ ਖਾਲਸਾ ਪੰਥ ਦੇ ਚਰਨਾਂ ਵਿਚ ਲਿਆ ਕੇ ਨਾ ਸੁਟੇਗਾ, ਤਦ ਤਕ ਅੰਨ੍ਹ-ਜਲ ਗ੍ਰਹਿਣ ਨਹੀਂ ਕਰੇਗਾ। ਭਾਈ ਮਹਿਤਾਬ ਸਿੰਘ ਨੇ ਇਹ ਪ੍ਰਣ ਕਰ ਜ਼ੋਰ ਦਾ ਜੈਕਾਰਾ ਗਜਾਇਆ ਅਤੇ ਦੀਵਾਨ 'ਚ ਜੁੜੇ ਖਾਲਸਾ-ਪੰਥ ਪਾਸੋਂ ਆਗਿਆ ਮੰਗੀ। ਭਾਈ ਮਹਿਤਾਬ ਸਿੰਘ ਦਾ ਜੋਸ਼ ਵੇਖ, ਭਾਈ ਸੁੱਖਾ ਸਿੰਘ ਵੀ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਹੋ ਗਿਆ। ਖਾਲਸਾ-ਪੰਥ ਦਾ ਥਾਪੜਾ ਲੈ ਦੋਵੇਂ ਪੰਜਾਬ ਵਲ ਟੁਰ ਪਏ।

ਭਾਈ ਮਹਿਤਾਬ ਸਿੰਘ ਅਤੇ ਭਾਈ ਸੁੱਖਾ ਸਿੰਘ ਨੇ ਭੇਸ ਬਦਲ ਲਿਆ ਤੇ ਹੱਥਾਂ ਵਿਚ ਠੀਕਰੀਆਂ ਭਰੀਆਂ ਥੈਲੀਆਂ ਫੜ ਲਈਆਂ ਜਿਨ੍ਹਾਂ ਵਿਚ ਠੀਕਰੀਆਂ ਦੇ ਉਪਰ ਕੁਝ ਸਿੱਕੇ ਪਾ ਲਏ ਤਾਂ ਜੋ ਉਨ੍ਹਾਂ ਦੀ ਛਣਕਾਟ ਨਾਲ ਥੈਲੀਆਂ ਦੇ ਸਿੱਕਿਆਂ ਨਾਲ ਭਰੇ ਹੋਣ ਦਾ ਭੁਲੇਖਾ ਪੈਂਦਾ ਰਹੇ। ਇਉਂ ਜਾਪੈ, ਜਿਵੇਂ ਕਿਸੇ ਪਿੰਡ ਦੇ ਚੌਧਰੀ ਮਾਮਲਾ ਤਾਰਨ ਆਏ ਹਨ। ਸ੍ਰੀ ਅੰਮ੍ਰਿਤਸਰ ਪੁਜ ਉਨ੍ਹਾਂ ਅਰਦਾਸ ਕੀਤੀ ਕਿ ਹੇ, ਸੱਚੇ ਪਾਤਸ਼ਾਹ! ਤੇਰੇ ਸਿੰਘ ਗੁਰਧਾਮਾਂ ਦੀ ਪਵਿੱਤਰਤਾ ਭੰਗ ਕਰਨ ਵਾਲੇ ਦਾ ਸਿਰ ਲਾਹੁਣ ਦਾ ਪ੍ਰਣ ਕਰ ਕੇ ਆਏ ਹਨ। ਤੂੰ ਬਲ ਬਖ਼ਸ਼ੀਂ 'ਤੇ ਸਿਰ ਤੇ ਹੱਥ ਰੱਖੀਂ, ਜਿਸ ਨਾਲ ਤੇਰੇ ਇਹ ਨਾਚੀਜ਼ ਸਿੱਖ ਆਪਣਾ ਪ੍ਰਣ ਪੂਰਾ ਕਰ ਸਕਣ। ਅਰਦਾਸ ਤੋਂ ਬਾਅਦ ਉਨ੍ਹਾਂ ਨੂੰ ਇਉਂ ਜਾਪਿਆ, ਜਿਵੇਂ ਉਨ੍ਹਾਂ ਵਿਚ ਅੰਤਾਂ ਦੀ ਸ਼ਕਤੀ ਆ ਗਈ ਹੋਵੇ ਅਤੇ ਹੁਣ ਦੁਨੀਆਂ ਦੀ ਕੋਈ ਵੀ ਤਾਕਤ ਉਨ੍ਹਾਂ ਦੇ ਰਾਹ ਵਿਚ ਰੁਕਾਵਟ ਬਣ, ਖੜੀ ਨਹੀਂ ਹੋ ਸਕਦੀ। ਇਸੇ ਸਮੇਂ ਅਚਾਨਕ ਤੇਜ਼ੀ ਨਾਲ ਹਨੇਰੀ ਚਲ ਪਈ: 'ਸੋਈ ਸਤਿਗੁਰ ਬਿਧ ਬਨਾਈ। ਸਿਖਰ ਦੁਪਹਿਰੀ ਮੈ ਬਣ ਆਈ। ਵਗੀ ਪਵਨ ਬਹੁ ਘਟਾ ਉਡਾਨਾ। ਇਮਕਰ ਕੀਨੋ ਮੁੱਖ ਛਪਾਨਾ।' ਉਨ੍ਹਾਂ ਮੂੰਹ ਢਕ ਲਏ, ਜਿਵੇਂ ਉਨ੍ਹਾਂ ਹਨੇਰੀ ਦੇ ਮਿਟੀ-ਘਟੇ ਤੋਂ ਬਚਣ ਲਈ ਮੂੰਹ ਢਕੇ ਹੋਣ। ਉਹ ਘੋੜੇ ਦੜਾਉਂਦੇ ਸ੍ਰੀ ਹਰਿਮੰਦਰ ਸਾਹਿਬ ਜਾ ਪੁਜੇ।

ਦੋਵੇਂ ਨਿਡਰਤਾ ਨਾਲ ਮੁਸਲਮਾਨੀ ਭੇਸ ਬਣਾਈ, ਗੱਲ ਵਿਚ ਕਿਰਪਾਨ ਤੇ ਮੋਢੇ ਤੇ ਨੇਜਾ ਲਟਕਾਈ ਸ੍ਰੀ ਹਰਿਮੰਦਰ ਸਾਹਿਬ ਅੰਦਰ ਜਾ ਪੁਜੇ। ਮੱਸਾ ਰੰਗੜ ਸ੍ਰੀ ਹਰਿਮੰਦਰ ਸਾਹਿਬ ਦੇ ਵਿਚਕਾਰ ਬੈਠਾ ਹੁੱਕਾ ਗੁੜਗੁੜਾ ਰਿਹਾ ਸੀ ਤੇ ਉਸ ਦੇ ਆਸ-ਪਾਸ ਬੈਠੇ ਦਰਬਾਰੀ ਨਸ਼ੇ ਵਿਚ ਗੜੁੱਚ ਝੂਮ ਰਹੇ ਸਨ ਅਤੇ ਨਾਚੀਆਂ ਨੱਚ ਰਹੀਆਂ ਸਨ।

ਦੋਹਾਂ ਬਹਾਦਰਾਂ ਨੇ ਅੱਗੇ ਹੋ, ਥੈਲੀਆਂ ਮੱਸੇ ਰੰਘੜ ਦੇ ਅੱਗੇ ਸੁਟੀਆਂ। ਜਿਉਂ ਹੀ ਉਸ ਨੇ ਉਨ੍ਹਾਂ ਥੈਲੀਆਂ ਨੂੰ ਚੁੱਕਣ ਲਈ ਸਿਰ ਝੁਕਇਆ, ਤਿਉਂ ਹੀ ਭਾਈ ਮਹਿਤਾਬ ਸਿੰਘ ਨੇ ਬਿਜਲੀ ਦੀ ਫੁਰਤੀ ਨਾਲ ਕਿਰਪਾਨ ਕੱਢ, ਉਸ ਦੀ ਗਰਦਨ 'ਤੇ ਮਾਰੀ ਜਿਸ ਨਾਲ ਉਸ ਦਾ ਸਿਰ ਧੜ ਨਾਲੋਂ ਵੱਖ ਹੋ ਦੂਰ ਜਾ ਡਿੱਗਿਆ। ਭਾਈ ਸੁੱਖਾ ਸਿੰਘ ਨੇ ਫੁਰਤੀ ਨਾਲ ਨੇਜਾ ਮਾਰ, ਉਸ ਵਿਚ ਮੱਸੇ ਰੰਘੜ ਦਾ ਸਿਰ ਟੰਗ ਲਿਆ ਅਤੇ ਤੇਜ਼ੀ ਨਾਲ ਦੋਵੇਂ ਸਿੰਘ ਜੈਕਾਰੇ ਗਜਾਉਂਦੇ ਬਾਹਰ ਵਲ ਦੌੜ ਪਏ। ਅਚਾਨਕ ਹੋਏ ਹਮਲੇ ਨੇ ਦਰਬਾਰੀਆਂ ਦੇ ਹੋਸ਼ ਉਡਾ ਦਿੱਤੇ। ਜਦੋਂ ਤਕ ਉਨ੍ਹਾਂ ਨੂੰ ਕੁਝ ਸਮਝ ਆਉਂਦਾ ਤੇ ਉਹ ਸੰਭਲਦੇ ਤਦ ਤਕ ਭਾਈ ਮਹਿਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਉਹ ਗਏ, ਉਹ ਗਏ ਹੋ ਗਏ।

ਅੰਮ੍ਰਿਤਸਰ ਤੋਂ ਵਾਹੋਦਾਹੀ ਘੋੜੇ ਦੁੜਾ ਉਹ ਰਾਜਸਥਾਨ ਦੇ ਉਨ੍ਹਾਂ ਰੇਗਿਸਤਾਨਾਂ ਵਿਚ ਜਾ ਪੁਜੇ, ਜਿਥੇ ਖ਼ਾਲਸੇ ਨੇ ਡੇਰੇ ਲਾਏ ਹੋਏ ਸਨ। ਜੈਕਾਰੇ ਗਜਾਉਂਦਿਆਂ, ਉਨ੍ਹਾਂ ਮੱਸੇ ਰੰਘੜ ਦਾ ਸਿਰ ਖ਼ਾਲਸਾ-ਪੰਥ ਦੇ ਚਰਨਾਂ ਵਿਚ ਜਾ ਰਖਿਆ। ਭਾਈ ਮਹਿਤਾਬ ਸਿੰਘ ਨੇ ਆਪਣਾ ਪ੍ਰਣ ਪੂਰਾ ਕਰ ਅੰਨ-ਜਲ ਗ੍ਰਹਿਣ ਕੀਤਾ।

ਜਿਸ ਬਹਾਦਰੀ ਨਾਲ ਸਿੰਘ ਮੱਸੇ ਰੰਘੜ ਦਾ ਸਿਰ ਵੱਢ ਕੇ ਲੈ ਗਏ, ਉਸ ਨਾਲ ਮੁਗ਼ਲ ਫੌਜੀਆਂ ਵਿਚ ਹਫੜਾ-ਦਫੜੀ ਦੇ ਨਾਲ ਹੀ ਸਹਿਮ ਵੀ ਫੈਲ ਗਿਆ। ਉਹ ਸੁੱਤੇ-ਸੁੱਤੇ ਹੀ 'ਸਿੱਖ ਆ ਪਏ, ਸਿੱਖ ਆ ਪਏ' ਬੁੜਬੁੜਾਉਂਦੇ ਨਸ ਉਠਦੇ। ਇਧਰ ਇਸ ਸ਼ਾਨਦਾਰ ਸਫਲਤਾ ਨੇ ਸਿੱਖਾਂ ਵਿਚ ਨਵਾਂ ਜੋਸ਼ ਭਰਿਆ ਅਤੇ ਉਨ੍ਹਾਂ ਨੂੰ ਨਵਾਂ ਉਤਸ਼ਾਹ ਮਿਲਿਆ। ਉਨ੍ਹਾਂ ਇਕ ਵਾਰ ਫਿਰ ਜ਼ਾਲਮਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾ ਦਿੱਤਾ ਸੀ।

# ਬਾਬੂ ਕਾਸ਼ੀ ਰਾਮ ਬਨਾਮ ਡਾ. ਐਸ ਐਲ ਵਿਰਦੀ

**ਇਕਬਾਲ ਜੱਬੋਵਾਲੀਆ**

ਦਲਿਤਾਂ ਦੇ ਮਸੀਹਾ ਡਾ. ਭੀਮ ਰਾਉ ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਤੋਰਨ ਵਾਲੇ ਬਾਬੂ ਕਾਸ਼ੀ ਰਾਮ ਦਾ ਜਨਮ ਦਿਨ ਨਿਊ ਯਾਰਕ ਵਿਚ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ ਮਨਾਇਆ ਗਿਆ। ਭਾਰਤ ਤੋਂ ਅਮਰੀਕਾ ਦੌਰੇ 'ਤੇ ਆਏ ਡਾ. ਐਸ.ਐਲ. ਵਿਰਦੀ ਕੁਝ ਦਿਨ ਕੈਲੀਫੋਰਨੀਆ ਠਹਿਰਨ ਤੋਂ ਬਾਅਦ ਨਿਊ ਯਾਰਕ ਪਹੁੰਚੇ। ਨਿਊ ਯਾਰਕ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਦੀ ਸਟੇਜ ਤੋਂ ਉਨ੍ਹਾਂ ਦੇ ਵਿਚਾਰ ਸੁਣੇ। ਡਾ. ਵਿਰਦੀ ਨੇ ਬਾਬੂ ਕਾਸ਼ੀ ਰਾਮ ਦੀ ਜੀਵਨ 'ਤੇ ਕੁਝ ਕੁ ਚਾਨਣਾ ਪਾਇਆ, ਸੰਖੇਪ ਜਿਹਾ ਹੀ। ਉਨ੍ਹਾਂ ਇੰਨਾ ਜ਼ਰੂਰ ਕਿਹਾ ਕਿ ਬਾਬੂ ਕਾਸ਼ੀ ਰਾਮ ਸਿੱਖ ਪਰਿਵਾਰ ਵਿਚੋਂ ਹੋਏ ਹਨ, ਜਦ ਕਿ ਡਾ. ਵਿਰਦੀ ਨੂੰ ਬਾਬੂ ਕਾਸ਼ੀ ਰਾਮ ਦੀ ਜ਼ਿੰਦਗੀ 'ਤੇ ਆਦਿ ਤੋਂ ਲੈ ਕੇ ਅੰਤ ਤੱਕ ਚਾਨਣਾ ਪਾਉਣਾ ਚਾਹੀਦਾ ਸੀ। ਪਿਤਾ ਸ. ਹਰੀ ਸਿੰਘ ਅਤੇ ਮਾਤਾ ਬਿਸ਼ਨ ਕੌਰ ਦੇ ਘਰ ਜਨਮੇ ਬਾਬੂ ਕਾਸ਼ੀ ਰਾਮ ਨੂੰ ਸਿੱਖੀ ਦੀ ਗੁੜਤੀ ਤਾਂ ਜ਼ਰੂਰ ਮਿਲੀ ਹੋਵੇਗੀ। ਅਜਿਹੇ ਸਿੱਖ ਪਰਿਵਾਰ ਵਿਚ ਕਦੇ ਤਾਂ ਜਪੁਜੀ ਸਾਹਿਬ, ਰਹਿਰਾਸ ਸਾਹਿਬ, ਸੁਖਮਨੀ ਸਾਹਿਬ ਜਾਂ ਗੁਰਬਾਣੀ ਬਾਰੇ ਹੋਰ ਵੀ ਗੱਲਬਾਤ ਜ਼ਰੂਰ ਹੁੰਦੀ ਹੋਵੇਗੀ। ਸਾਡੇ ਬੁਲਾਰੇ ਬਾਬੂ ਕਾਸ਼ੀ ਰਾਮ ਦੀ ਸਿੱਖੀ ਸੋਚ ਬਾਰੇ ਕਿਉਂ ਨਹੀਂ ਦੱਸ ਰਹੇ? ਸਵਾਲ ਹੈ ਕਿ ਗੁਰੂ ਘਰ ਦੀ ਸਟੇਜ 'ਤੇ ਖੜ੍ਹ ਕੇ ਗੁਰੂ ਗ੍ਰੰਥ ਸਾਹਿਬ ਬਾਰੇ ਕਿਉਂ ਨਹੀਂ ਗੱਲ ਕੀਤੀ ਜਾਂਦੀ? ਪਤਾ ਨਹੀਂ ਕਿਉਂ ਮੂੰਹਾਂ ਨੂੰ ਤਾਲੇ ਲੱਗ ਜਾਂਦੇ ਹਨ? ਬਾਬੂ ਕਾਸ਼ੀ ਰਾਮ ਦੇ ਬਾਕੀ ਮਿਸ਼ਨ ਬਾਰੇ ਤਾਂ ਸਟੇਜਾਂ ਤੋਂ ਜੈਕਾਰੇ ਛੱਡੇ ਜਾਂਦੇ ਹਨ ਪਰ ਸਿੱਖੀ ਸੋਚ ਬਾਰੇ ਚੁੱਪ ਹੋ ਜਾਂਦੇ ਹਾਂ, ਕਿਉਂ?

ਸਾਡੇ ਬੁੱਧੀਜੀਵੀਆਂ ਨੂੰ ਡਾ. ਭੀਮ ਰਾਉ ਅੰਬੇਡਕਰ ਅਤੇ ਬਾਬੂ ਕਾਸ਼ੀ ਰਾਮ ਵਾਂਗ ਨਰੋਈ ਸੋਚ ਰੱਖਣੀ ਚਾਹੀਦੀ ਹੈ। ਵਧੀਆ ਸੋਚ ਹੀ ਚੰਗੇ ਸਮਾਜ ਦੀ ਸਿਰਜਣਾ ਕਰਦੀ ਹੈ। ਬਾਬੂ ਕਾਸ਼ੀ ਰਾਮ ਨੂੰ ਜਦੋਂ ਕੋਈ ਪੁੱਛਦਾ, "ਤੁਹਾਡਾ ਮਿਸ਼ਨ ਕੀ ਹੈ?" ਤਾਂ ਜਵਾਬ ਹੁੰਦਾ, "ਸ੍ਰੀ ਗੁਰੂ ਗ੍ਰੰਥ ਸਾਹਿਬ।" ਬਾਬੂ ਕਾਸ਼ੀ ਰਾਮ ਦੇ ਵਿਚਾਰ ਅਨੁਸਾਰ ਚੰਗੇ ਲਿਖਾਰੀ ਕੌਮ ਨੂੰ ਚੰਗੀ ਸੇਧ ਦਿੰਦੇ ਹਨ। ਮਾੜੇ ਲਿਖਾਰੀਆਂ ਨੂੰ

**ਵਿਚਾਰ ਆਪੋ ਆਪਣਾ**

ਵਿਕਾਊ ਮਾਲ ਕਿਹੈ। ਵਿਕਾਊ ਕਲਮਾਂ ਹੀ ਕੌਮ ਦਾ ਸਤਿਆਨਾਸ ਕਰਦੀਆਂ ਹਨ।

ਡਾ. ਵਿਰਦੀ ਨੇ ਅਗਾਂਹਵਧੂ ਨਹੀਂ ਪਿਛਾਂਹਖਿਚੂ ਸੋਚ ਦਾ ਵਿਖਾਵਾ ਕੀਤਾ, ਸੌ ਸਾਲ ਪਿੱਛੇ ਲਿਜਾਣ ਦੀ ਕੋਸ਼ਿਸ਼ ਕੀਤੀ ਯਾਨਿ ਜਿਥੋਂ ਆਏ ਸਾਂ, ਉਥੇ ਲਿਜਾ ਕੇ ਸੁੱਟਣ ਦੀ ਝਲਕ ਪਈ। ਬੱਚੇ ਗੁਰੂ ਘਰਾਂ 'ਚ ਕੁਝ ਚੰਗਾ ਸਿਖਣ ਜਾਂ ਕਥਾ ਕੀਰਤਨ ਜਾਂ ਗੁਰਬਾਣੀ ਸੁਣਨ ਜਾਂਦੇ ਹਨ ਨਾ ਕਿ ਗੰਦ ਦੇ ਇਤਿਹਾਸ ਨੂੰ ਗ੍ਰਹਿਣ ਕਰਨ ਜਾਂਦੇ ਹਨ। ਬੱਚਿਆਂ ਦੇ ਦਿਲ-ਦਿਮਾਗ ਵਿਚ ਗੰਦ ਦਾ ਇਤਿਹਾਸ ਨਹੀਂ ਪਾਉਣਾ ਚਾਹੀਦਾ। ਮਾੜੇ ਇਤਿਹਾਸ ਗੁਲਾਮੀ ਵਲ ਧੱਕਦੇ ਹਨ। ਕੌਮ ਦੇ ਬੁਲਾਰਿਆਂ ਨੂੰ ਪਤਾ ਨਹੀਂ ਕੀ ਹੋਈ ਜਾਂਦਾ ਹੈ? ਅੱਗੇ ਇੱਥੇ ਬੀਬੀ ਕਮਲੇਸ਼ ਅਹੀਰ ਵੀ ਆਏ ਸਨ। ਉਨ੍ਹਾਂ ਦੇ ਵਿਚਾਰ ਵੀ ਲਗਭਗ ਅਜਿਹੇ ਹੀ ਸਨ। ਬੱਸ, ਸਾਰੇ ਉਹੀ ਉੜੇ-ਐੜੇ 'ਤੇ ਅਟਕੇ ਹੋਏ ਨੇ। ਅੱਗੇ ਕੁਝ ਹੈ ਹੀ ਨਹੀਂ, ਇਨ੍ਹਾਂ ਕੋਲ। ਗੁਰੂ ਘਰਾਂ ਦੀਆਂ ਸਟੇਜਾਂ 'ਤੇ ਖੜ੍ਹ ਕੇ ਕਦੇ ਗੁਰੂ ਗ੍ਰੰਥ ਸਾਹਿਬ ਦੀ ਗੱਲ ਨਹੀਂ ਕਰਦੇ। ਨਾ ਹੀ ਕਦੇ ਬੱਚਿਆਂ ਨੂੰ ਚੰਗੀ ਪੜ੍ਹਾਈ ਜਾਂ ਚੰਗੀ ਸਿਹਤ ਬਾਰੇ ਜਾਣਕਾਰੀ ਦਿੰਦੇ ਹਨ। ਬੱਸ, ਉਹੀ ਪੁਰਾਣੀਆਂ ਗੱਲਾਂ ਵਾਰ...ਵਾਰ। ਕੌਮ ਦੇ ਵਧੀਆ ਇਤਿਹਾਸ ਦੀ ਗੱਲ ਕਦੇ ਨ੍ਹੀਂ ਕੀਤੀ। ਤਕੜੇ ਨੌਜਵਾਨ ਹੀ ਦੇਸ਼ ਕੌਮ ਦੀ ਤਕਦੀਰ ਬਦਲ ਸਕਦੇ ਨੇ।

ਬਾਬੂ ਕਾਸ਼ੀ ਰਾਮ ਦੇ ਜਨਮ ਦਿਨ 'ਤੇ ਸਿਰਫ਼ ਉਨ੍ਹਾਂ ਦੀਆਂ ਗੱਲਾਂ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਉਨ੍ਹਾਂ ਜ਼ਿੰਦਗੀ 'ਚ ਬਹੁਤ ਸੰਘਰਸ਼ ਕੀਤਾ। ਮੁਢਲਾ ਸੰਘਰਸ਼ ਪੈਦਲ ਅਤੇ ਸਾਇਕਲ ਮਾਰਚਾਂ ਰਾਹੀਂ ਸ਼ੁਰੂ ਕੀਤਾ। ਚੱਪਲਾਂ ਪਾ ਕੇ ਸਾਇਕਲਾਂ 'ਤੇ ਪਿੰਡ-ਪਿੰਡ ਘੁੰਮੇ। ਹਮੇਸ਼ਾ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦਾ ਸਹਾਰਾ ਬਣੇ। ਪਿੰਡਾਂ ਦੇ ਨੌਜਵਾਨਾਂ ਨੂੰ ਲਾਮਬੰਦ ਕੀਤਾ। ਨੌਜਵਾਨਾਂ ਵਿਚ ਨਵੀਂ ਰੂਹ ਫੂਕੀ। ਉਨ੍ਹਾਂ ਦੇ ਸੰਘਰਸ਼ ਵਿਚ ਹੋਰ ਨੌਜਵਾਨਾਂ ਵਾਂਗ ਹੀ ਸੁਰਿੰਦਰ ਸਿੰਘ 'ਚਾਚੋ ਕੀ' ਵੀ ਨਿਧੜਕ ਮਿਸ਼ਨਰੀ ਹੋਏ ਹਨ ਜਿਨ੍ਹਾਂ ਨੇ ਬਾਬੂ ਕਾਸ਼ੀ ਰਾਮ ਦੀ ਸੋਚ 'ਤੇ ਜ਼ਿੰਦਾ-ਦਿਲੀ ਨਾਲ ਪਹਿਰਾ ਦਿਤਾ। ਇਹ ਵੀ ਪਤਾ ਲਗਦਾ ਹੈ ਕਿ ਜਦੋਂ ਬਾਬੂ ਕਾਸ਼ੀ ਰਾਮ ਸੰਘਰਸ਼ ਦੀਆਂ ਸਿਖਰਾਂ 'ਤੇ ਸਨ ਤਾਂ ਡਾ. ਵਿਰਦੀ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸਨ ਹੁੰਦੇ। ਚਲੋ, ਜੋ ਵੀ ਮਰਜ਼ੀ ਹੈ, ਡਾ. ਵਿਰਦੀ ਆਧਰਮੀ ਕੌਮ ਦੇ ਲਿਖਾਰੀ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿਚ ਗੁਰੂ ਘਰਾਂ ਵਿਚ ਜਾ ਕੇ ਬੱਚਿਆਂ ਨੂੰ ਗੁਰੂ ਗ੍ਰੰਥ ਸਾਹਿਬ ਬਾਰੇ ਉਚੇਰੀ ਵਿਦਿਆ, ਖੇਡਾਂ ਅਤੇ ਉਸਾਰੂ ਸੋਚ ਵੱਲ ਪ੍ਰੇਰਤ ਕਰਿਆ ਕਰਨਗੇ।

## *ਪੁਰਾਣੇ ਦਿਨ ਸੁਹਾਵਣੇ ਦਿਨ*

ਗਾਧੀ 'ਤੇ ਬਹਿ ਕੇ ਖੂਹ ਹੱਕਣਾ
ਤਾਂਘ ਦੇ ਨਾਲ ਛਾਹ ਵੇਲਾ ਤੱਕਣਾ
ਨਾਲ ਬਹੋਲੇ, ਮੱਕੀ ਗੁੱਡਣੀ
ਉਡਾਉਣੇ ਤੋਤੇ, ਛੱਲੀਆਂ ਦਾ ਪੱਕਣਾ
ਕਿੱਥੇ ਗਏ ਉਹ ਜਾਣੇ ਦਿਨ?
ਪੁਰਾਣੇ ਦਿਨ ਸੁਹਾਣੇ ਦਿਨ...।

ਪੱਠਿਆਂ ਦੀ ਪੰਡ, ਸਿਰ ਉਤੇ ਚੁੱਕ ਕੇ
ਨਾਲ ਲਿਆਉਣੀ, ਹਰਨਾੜੀ ਹੱਕ ਕੇ
ਮੂੰਹ-ਹੱਥ ਧੋ, ਫਿਰ ਲੱਸੀ ਪੀਣੀ
ਨਿਆਣਿਆਂ ਨੇ ਆ ਚੜ੍ਹਨਾ ਲੱਕ 'ਤੇ
ਕਿੱਥੇ ਗਏ ਉਹ ਜਾਣੇ ਛਿਣ?
ਪੁਰਾਣੇ ਦਿਨ ਸੁਹਾਣੇ ਦਿਨ...।

ਸਿਆਲ ਦੀ ਧੂਣੀ, 'ਕੱਠੇ ਰਲ ਬਹਿਣਾ
ਦੁੱਖ-ਸੁਖ ਸੁਣਨਾ, ਸੁਖ-ਦੁੱਖ ਕਹਿਣਾ
ਹੋਲਾਂ ਭੁੰਨ-ਭੁੰਨ ਖਾਣੀਆਂ ਯਾਰੋ
ਸਮੇਂ ਦਾ ਕੰਮ ਤੇ ਚੱਲਦਾ ਰਹਿਣਾ
ਪਿੱਛੇ ਕੁਝ ਰਹਿ ਜਾਂਦੇ ਚਿੰਨ੍ਹ?
ਪੁਰਾਣੇ ਦਿਨ ਸੁਹਾਣੇ ਦਿਨ...।

ਚਾਂਦਨੀ ਰਾਤ, ਉਹ ਤਾਰਿਆਂ ਥੱਲੇ
ਦਿਲ ਵਟਾਉਣੇ, ਮੁੰਦੀਆਂ ਛੱਲੇ
ਕਸਮਾਂ ਵਾਅਦੇ, ਉਹ ਪੱਕੇ ਇਰਾਦੇ
ਆਖ਼ਰ ਕਿਸਮਤ, ਪਿਆ ਜੋ ਪੱਲੇ
ਅਗਲੇ ਯਾਰੋ ਵੇਖੇ ਕਿਨ?
ਪੁਰਾਣੇ ਦਿਨ ਸੁਹਾਣੇ ਦਿਨ...।

ਪੜ੍ਹਨ ਸਕੂਲੇ ਸਾਈਕਲ 'ਤੇ ਜਾਣਾ
ਮਾਂ ਤੋਂ ਉਹ ਗੁੱਟਾ (ਜੂੜਾ) ਕਰਵਾਣਾ
ਚਿੱਟਾ ਰੁਮਾਲ ਗੁੱਟੇ 'ਤੇ ਬੰਨ੍ਹਣਾ
ਡੰਡੀਏ-ਡੰਡੀਏ ਫਿਰ ਸਾਈਕਲ ਪਾਣਾ
ਕਦੇ ਨਾ ਹੁੰਦੇ ਦਿਲ ਤੋਂ ਭਿੰਨ?
ਪੁਰਾਣੇ ਦਿਨ ਸੁਹਾਣੇ ਦਿਨ...।

ਪਿੰਡ ਨਾਨਕੀਂ ਬੱਸ 'ਤੇ ਜਾਣਾ
ਮਾਮਿਆਂ, ਮਾਸੀਆਂ ਅੱਖਾਂ 'ਤੇ ਬਿਠਾਉਣਾ
ਨਾਨਾ-ਨਾਨੀ ਬੜੇ ਸੀ ਪਿਆਰੇ
ਰੱਜ-ਰੱਜ ਸੱਚਾ ਪਿਆਰ ਜਤਾਉਣਾ
ਖਵਾਉਣਾ ਸਾਗ ਸਰ੍ਹੋਂ ਦਾ ਰਿੰਨ੍ਹ?
ਪੁਰਾਣੇ ਦਿਨ ਸੁਹਾਣੇ ਦਿਨ...।

ਵਿਚ ਵਿਦੇਸ਼ਾਂ ਪੈਰ ਆ ਪਾਇਆ
ਬਹੁਤ ਏ ਖੱਟਿਆ, ਬਹੁਤ ਗਵਾਇਆ
ਸਿੱਖੀ ਛੱਡੀ, ਕੇਸ ਕਟਾਏ
ਮਨ ਦਾ ਪੰਛੀ ਕਾਬੂ ਨਾ ਆਇਆ
'ਸੁਖਵਿੰਦਰ' ਸਿੰਘ ਸੀ, ਬਣ ਗਏ ਜਿੰਨ?

*-ਸੁਖਵਿੰਦਰ ਬੋਦਲਾਂਵਾਲਾ*
*ਫੋਨ: 360-281-2624*

## ਪੁਸਤਕ ਚਰਚਾ

# 'ਬਣਵਾਸ ਬਾਕੀ ਹੈ'

## ਭਿੰਦਰ ਜਲਾਲਾਬਾਦੀ ਦੀ ਪਲੇਠੀ, ਅਨੂਠੀ ਅਤੇ ਅਲੌਕਿਕ ਪੇਸ਼ਕਾਰੀ


ਜਦ ਜੀਵਨ ਦੀ ਗਲੂਤ ਜ਼ਮੀਰ ਨਾਲ਼ 'ਘੋਲ' ਕਰਦੀ ਹੈ ਤਾਂ ਮਨ ਵਿਚੋਂ ਜਵਾਰਭਾਟਾ ਉਠਦਾ ਹੈ! ..ਤੇ ਜੇ ਇਹ ਜਵਾਰਭਾਟਾ ਸ਼ਬਦਾਂ ਦਾ ਰੂਪ ਧਾਰ ਵਰਕਿਆਂ 'ਤੇ ਉਤਰ ਆਵੇ ਤਾਂ ਇਕ ਇਤਿਹਾਸ ਬਣ ਜਾਂਦਾ ਹੈ। ਮਨੁੱਖ ਨੂੰ ਅਕਾਲ ਪੁਰਖ਼ ਨੇ ਹਰ ਪੱਖੋਂ ਸਵੈ-ਰੱਖਿਆ ਦੀ ਸੋਝੀ ਬਖ਼ਸ਼ੀ ਹੈ ਪਰ ਕਈ ਵਾਰ ਜ਼ਿੰਦਗੀ ਦੇ ਹਾਲਾਤ ਹੀ ਐਸੇ 'ਘਾਤਿਕ' ਬਣ ਜਾਂਦੇ ਹਨ ਕਿ ਬੰਦਾ ਹੱਥ ਵਿਚ ਫੜਿਆ ਹਥਿਆਰ ਵੀ ਨਹੀਂ ਚਲਾ ਸਕਦਾ। ..ਤੇ ਜਿੱਥੇ ਹਥਿਆਰ ਨਾ ਚੱਲੇ, ਉਥੇ ਕਲਮ ਆਪਣਾ ਜਾਦੂ ਦਿਖਾਉਂਦੀ ਹੈ! ਕਿਹਾ ਜਾਂਦਾ ਹੈ ਕਿ ਹਰ ਵਿਅਕਤੀ ਦਾ ਆਪਣਾ 'ਮੁੱਲ' ਹੈ। ਪਰ ਮੈਂ ਸੋਚਦਾਂ ਕਿ 'ਹਰ' ਮਨੁੱਖ 'ਵਿਕਾਊ' ਵੀ ਨਹੀਂ ਹੁੰਦਾ! ਅਜਿਹਾ ਹੀ ਇੱਕ ਨਾਂ ਹੈ, ਭਿੰਦਰ ਜਲਾਲਾਬਾਦੀ, ਜੋ ਲਿਖਦੀ-ਲਿਖਦੀ, ਮੋਮਬੱਤੀ ਵਾਂਗ ਪਿਘਲਦੀ ਹੋਈ ਵੀ ਆਪਣੀ ਮਾਨਸਿਕਤਾ ਸਥਿਰ ਰੱਖਦੀ ਹੈ। ਸੋਚ ਦੀ ਫਿਰਕੀ ਵਿਚ 'ਫਰਤ' ਨਹੀਂ ਪੈਣ ਦਿੰਦੀ!

ਸੱਚ ਲਿਖਣਾ ਕੋਈ ਸੌਖਾ ਕੰਮ ਨਹੀਂ! ਬੇਬਾਕ ਸੱਚ ਲਿਖਣਾ ਸ਼ੇਰ ਦੀ ਸਵਾਰੀ ਕਰਨ ਬਰਾਬਰ ਹੈ! ਇਹ ਗੱਲ ਵੀ ਪੱਕੀ ਹੈ ਕਿ ਸੱਚ ਚਿਤਰਨ ਦਾ ਕਾਰਜ ਕੋਈ 'ਸ਼ੇਖ਼-ਚਿਲੀ' ਵੀ ਨਹੀਂ ਕਰ ਸਕਦਾ। ਅਸਮਾਨੀਂ ਪਈ ਸਤਰੰਗੀ ਪੀਂਘ ਨੂੰ ਬੁੱਕਲ ਵਿਚ ਲੈ, ਲੋਰੀਆਂ 'ਭਿੰਦਰ' ਹੀ ਦੇ ਸਕਦੀ ਹੈ! ਜਦ ਉਹ ਪਾਤਰ ਦੀ ਮਾਨਸਿਕਤਾ ਚਿਤਰਦੀ ਹੈ ਤਾਂ ਸੁੱਤੇ ਨਾਗ ਵਾਂਗ ਅੱਖਾਂ ਖੁੱਲ੍ਹੀਆਂ ਹੀ ਰੱਖਦੀ ਹੈ ਅਤੇ ਹਰ ਬਾਰੀਕੀ ਪ੍ਰਤੀ ਸੁਚੇਤ ਰਹਿੰਦੀ ਹੈ! ਧਾਰਮਿਕ ਅਤੇ ਸਿਆਸੀ 'ਭੰਡਾਂ' ਤੋਂ ਉਸ ਨੂੰ ਬੁਰੀ ਤਰ੍ਹਾਂ ਚਿੜ ਹੈ। ਮੈਨੂੰ ਉਸ ਦੇ ਮੱਥੇ 'ਤੇ ਤਿਊੜੀਆਂ ਜਾਂ ਅੱਖਾਂ 'ਚੋਂ ਨਿਰਾਸ਼ਾ ਭਰੀ 'ਹਾਰ' ਨਹੀਂ ਦਿਸੀ, ਕਿਸੇ ਮਸੀਹੇ ਦੀ ਉਪਰ ਉਠੀ ਬਾਂਹ ਵਰਗੀ 'ਵੰਗਾਰ' ਹੀ ਨਜ਼ਰੀਂ ਪਈ ਹੈ। ਮੈਂ ਉਸ ਦੀ ਕਿਸੇ ਵੀ ਲਲਕਾਰ ਨੂੰ ਨਿਘੋਚੀ ਵਾਂਗ ਰੱਦ ਨਹੀਂ ਕਰਦਾ, ਸਗੋਂ ਹਮਾਇਤ ਕਰਦਾ ਹਾਂ!

ਇੱਕ ਵਿਅਕਤੀ ਦੇ ਦੋਸ਼, ਉਸ ਦੇ ਸਮੇਂ ਦੇ ਦੋਸ਼ ਹੁੰਦੇ ਹਨ, ਤੇ ਉਸ ਦੇ ਗੁਣ, ਉਸ ਦੇ 'ਆਪਣੇ' ਹੁੰਦੇ ਹਨ! ਭਿੰਦਰ ਲੂੰਬੜ-ਚਾਲ, ਖ਼ੁਦਗਰਜ਼, ਬਨਾਉਟੀ ਮੁਸਕਾਨਾਂ ਦੇਣ ਵਾਲੇ, ਚੋਲ਼ਾਧਾਰੀਆਂ ਅਤੇ ਅਖੌਤੀ ਜਾਦੂਈ ਜਗਤ ਦੀ ਕੱਟੜ ਆਲੋਚਕ ਹੈ, ਜਿਸ ਦਾ ਜ਼ਿਕਰ ਉਸ ਨੇ ਆਪਣੀ ਕਹਾਣੀ "ਪੱਥਰਾਂ ਵਿਚ ਵਸਦੇ ਲੋਕ" ਵਿਚ ਬੜੀ ਸ਼ਿੱਦਤ ਨਾਲ ਕੀਤਾ ਹੈ ਕਿ ਕਿਵੇਂ ਅਤਿ ਦੇ ਕਮੀਨੇ ਲੋਕ ਪ੍ਰੇਮ ਦੀ ਸੁਆਰਥੀ 'ਆੜ' ਵਿਚ ਪੈਸੇ ਦੀ ਖ਼ਾਤਿਰ ਆਪਣਾ ਇਮਾਨ ਅਤੇ ਜ਼ਮੀਰ ਤੱਕ ਵੇਚ ਦਿੰਦੇ ਹਨ ਅਤੇ ਕਿਵੇਂ ਉਹ ਆਪਣੇ ਘਿਨਾਉਣੇ ਚਿਹਰਿਆਂ 'ਤੇ ਅਖੌਤੀ ਮੋਹ-ਮੁਹੱਬਤ ਦਾ ਮੁਖੌਟਾ ਪਾ ਕੇ ਆਪਣੇ ਪ੍ਰੇਮੀ ਨੂੰ ਨਾਟਕੀ ਢੰਗ ਨਾਲ ਲੁੱਟਦੇ ਹਨ! ਇਨ੍ਹਾਂ 'ਹੀਜੜਾ' ਟਾਈਪ ਲੋਕਾਂ ਦੀ ਭਿੰਦਰ 'ਵੈਰੀ' ਹੈ ਜੋ ਆਪਣੇ ਪ੍ਰੇਮੀ ਨਾਲ ਸਿਰਫ਼ ਮਤਲਬਪ੍ਰਸਤੀ ਤੱਕ ਹੀ



ਭਿੰਦਰ ਜਲਾਲਾਬਾਦੀ




ਸੀਮਤ ਰਹਿੰਦੇ ਹਨ।

"ਬਣਵਾਸ ਬਾਕੀ ਹੈ" ਕਹਾਣੀ ਦੇ ਨਾਂ 'ਤੇ ਉਸ ਨੇ ਆਪਣੀ ਕਿਤਾਬ ਦਾ ਨਾਮਕਰਣ ਕੀਤਾ ਹੈ। ਇਸ ਵਿਚ ਭਿੰਦਰ ਨੇ ਬਾਲ-ਮਜ਼ਦੂਰੀ ਦਾ ਬੜੇ ਲਲਕਾਰ ਭਰੇ ਲਹਿਜੇ ਨਾਲ ਵਿਰੋਧ ਕੀਤਾ ਹੈ। ਉਸ ਕੋਲ ਸ਼ਬਦਾਂ ਦਾ ਮਹਾਂਸਾਗਰ ਹੈ। ਜਿਵੇਂ ਕਹਿੰਦੇ ਨੇ ਕਿ ਜੇ ਖ਼ਤ ਵਿਚ ਮਾੜੀ ਖ਼ਬਰ ਹੋਵੇ ਤਾਂ ਡਾਕੀਏ ਦਾ ਦੋਸ਼ ਨਹੀਂ ਹੁੰਦਾ। ਉਹੀ ਗੱਲ ਹੈ ਕਿ ਜੇ ਸਾਡਾ ਵਿਭਾਗੀ-ਢਾਂਚਾ ਵਿਗੜਿਆ ਪਿਆ ਹੈ, ਤਾਂ ਭਿੰਦਰ ਵਰਗੀ ਨਿਰਪੱਖ ਲੇਖਿਕਾ ਨੇ ਵਿਦਰੋਹੀ ਉਂਗਲ ਤਾਂ ਉਠਾਉਣੀ ਹੀ ਹੋਈ। ਭਿੰਦਰ ਲਿਖਣ ਮੌਕੇ ਕਿਸੇ ਨਾਲ ਲਿਹਾਜ਼ ਨਹੀਂ ਕਰਦੀ ਅਤੇ ਇਕ ਪਾਸੜ ਵੀ ਨਹੀਂ ਹੁੰਦੀ। ਉਹ ਬੇਲਿਹਾਜ਼, ਬੇਮੁਰਤਾਜ਼ ਅਤੇ ਹੱਕ-ਸੱਚ ਦੀ ਸ਼ਮਸ਼ੀਰ ਹੱਥ ਵਿਚ ਲੈ ਕੇ ਲਿਖਣ ਵਾਲੀ ਤੇਜੱਸਵੀ ਲੇਖਿਕਾ ਹੈ। ਭਿੰਦਰ ਸਿਰਫ਼ ਘਟਨਾਵਾਂ ਪਿੱਛੇ ਹੀ ਨਹੀਂ ਪੈਂਦੀ, ਪਾਤਰ ਦੇ ਚਰਿੱਤਰ ਦੀ ਮਹਿਕ ਜਾਂ ਦੁਰਗੰਧ ਪਰਖ਼ਣ ਦੀ ਸ਼ਕਤੀ ਵੀ ਰੱਖਦੀ ਹੈ! ਕਹਾਣੀ 'ਝੱਖੜ ਝੰਬੇ ਰੁੱਖ' ਵਿਚ ਸੂਬੇਦਾਰਨੀ ਦੀ ਮਾਨਸਿਕਤਾ ਨੂੰ ਬਿਆਨ ਕਰ ਕੇ ਉਹ ਸਫ਼ਲ ਕਹਾਣੀਕਾਰ ਹੋਣ ਦਾ ਪ੍ਰਤੱਖ ਸਬੂਤ ਦਿੰਦੀ ਹੈ! ਕਿਸੇ ਵੀ ਰਚਨਾ ਨੂੰ ਸਿਰਜਣ ਸਮੇਂ ਉਸ ਨੇ ਪਾਤਰਾਂ ਨੂੰ ਕਿਸੇ ਸੀਮਾ ਤੋਂ 'ਪਾਰ' ਨਹੀਂ ਜਾਣ ਦਿੱਤਾ, ਸਿਰਜਣਾ ਮੌਕੇ ਉਹ ਆਪਣੀ ਮਨੋਬਿਰਤੀ ਵੀ ਸ਼ਕਤੀਸ਼ਾਲੀ ਬਣਾਈ ਰੱਖਦੀ ਹੈ ਅਤੇ ਡਿੱਗਦੀ-ਡੋਲਦੀ ਵੀ ਨਹੀਂ! ਇਕਾਗਰ ਮਨ ਹੋ ਕੇ ਉਹ ਹਰ ਅਡੰਬਰ ਦਾ ਮੁਲਾਂਕਣ ਵੀ ਬੜੇ ਸੁਚੱਜੇ ਢੰਗ ਨਾਲ ਕਰਦੀ ਹੈ ਅਤੇ 'ਲਛਮਣ-ਰੇਖਾ' ਦਾ ਸਤਿਕਾਰ ਵੀ ਬਣਾਈ ਰੱਖਦੀ ਹੈ।

ਧਰਮ ਦੇ ਅਖੌਤੀ ਠੇਕੇਦਾਰ ਉਸ ਨੂੰ ਫੁੱਟੀ ਅੱਖ ਨਾਲ ਵੀ ਨਹੀਂ ਭਾਉਂਦੇ ਜਿਸ ਦਾ ਸਬੂਤ ਉਸ ਦੀ ਕਹਾਣੀ "ਕੱਫ਼ਣ ਦੀ ਉਡੀਕ ਵਿਚ" ਹੈ! ਸਿਆਸਤ ਸਾਡੇ ਹਿੰਦੋਸਤਾਨ ਵਿਚ ਸਿਆਪੇ ਦੀ 'ਨਾਇਣ' ਹੈ! ਗੰਧਲਾ, ਸਾਜ਼ਿਸ਼ੀ ਅਤੇ ਭ੍ਰਿਸ਼ਟਾਚਾਰੀ ਮਾਹੌਲ ਇਸ ਦੀ ਹੀ ਉਪਜ ਹੈ। ਹਰ ਸੱਚਾ ਅਤੇ ਸੁੱਚਾ ਇਨਸਾਨ ਉਨ੍ਹਾਂ ਸਿਆਸਤੀ ਮਛੇਰਿਆਂ ਲਈ 'ਅਛੂਤ' ਬਣਿਆ ਹੋਇਆ ਹੈ। ਕਈ ਵਾਰ ਉਸ ਨੂੰ ਸਿਆਸੀ ਅਸਥਿਰਤਾ ਦੇ ਨਰਕ-ਕੁੰਡ, ਭ੍ਰਿਸ਼ਟਾਚਾਰ ਦੀ ਬਦਬੂ, ਨਸਲੀ ਬੇਚੈਨੀ ਅਤੇ ਵਿਤਕਰਿਆਂ ਵਿਚੋਂ ਵੀ ਲੰਘਣਾ ਪੈਂਦਾ ਹੈ। ਇਸ ਦੇ ਸਿੱਟੇ ਵੀ ਬੜੇ ਤਲਖ਼ੀ ਭਰੇ ਨਿਕਲਦੇ ਹਨ, ਜਿਸ ਦਾ ਜ਼ਿਕਰ ਉਹ "ਦਿਲ ਵਿਚ ਬਲਦੇ ਸਿਵੇ ਦਾ ਸੱਚ" ਕਹਾਣੀ ਵਿਚ ਬਾਖ਼ੂਬੀ ਕਰਦੀ ਹੈ। ਉਹ ਤੁਗਲਕਸ਼ਾਹੀ ਪ੍ਰਣਾਲੀ ਨੂੰ ਡੰਡਾ ਲੈ ਕੇ ਪੈਂਦੀ ਹੈ, ਜੋ ਬੇਦੋਸ਼ਿਆਂ ਦੇ ਖ਼ੂਨ ਵਿਚ ਹੱਥ ਰੰਗਣੇ ਆਪਣੀ 'ਜਿੱਤ' ਮੰਨਦੇ ਹਨ। ਉਸ ਵੱਲੋਂ ਕਈ ਥਾਂ ਸਿਰਜੇ ਲਫ਼ਜ਼ ਅਸਮਾਨੀ ਬਿਜਲੀ ਵਾਂਗ ਡਿੰਗਦੇ ਹਨ, ਜੋ ਰੂਹ ਨੂੰ ਤਾਂ ਝੰਬ ਹੀ ਜਾਂਦੇ ਨੇ। ਕਹਾਣੀ "ਬੁੱਤ ਬੋਲ ਪਿਆ" ਵਿਚ ਇਸ ਦਾ ਇੱਕ ਪਾਤਰ ਆਪਣੇ ਪੁੱਤਰ ਨੂੰ ਮੱਤ ਦਿੰਦਾ ਆਖਦਾ ਹੈ, "ਕੋਈ ਗੱਲ ਹੋਵੇ, ਬੰਦਾ ਮਾਪਿਆਂ ਨਾਲ ਸਿੱਧੀ ਕਰਦੈ, ਤੂੰ ਤਾਂ ਹੋਰ ਈ ਰਸਤਾ ਅਪਨਾ ਤੁਰਿਆ? ਇਹ ਸ਼ਰਾਬ ਜ਼ਿੰਦਗੀ ਦੇ ਪੈਂਡੇ ਦਾ ਹੱਲ ਨਹੀਂ ਹੁੰਦੀ ਪੁੱਤਰਾ! ਤੂੰ ਚਿੜੀਆਂ ਦਾ ਦੁੱਧ ਮੰਗ, ਜੇ ਨਾ ਹਾਜ਼ਰ ਕਰਾਂ, ਆਪਣਾ ਬਾਪ ਨਾ ਮੰਨੀਂ! ਤੂੰ ਮੂੰਹੋਂ ਬੋਲ ਤਾਂ ਕੱਢ ਕੇ ਦੇਖ! ਜੇ ਨਾ ਪੂਰੇ ਹੋਣ, ਫੇਰ ਦੋਸ਼ ਦੇਈਂ! ਤੇ ਨਹੀਂ ਐਵੇਂ ਨਹੀਂ ਮਾਂ-ਪਿਉ ਨੂੰ ਤੰਗ ਕਰੀਦਾ ਹੁੰਦਾ! ਨਾਲੇ ਸਾਨੂੰ ਦੁਖੀ ਕਰਦੈਂ, ਤੇ ਨਾਲੇ ਸਰੀਰ ਗਾਲਦੈਂ?"

ਦੁਸ਼ਮਣ ਨਾਲ ਜੰਗ ਲੜੀ ਜਾ ਸਕਦੀ ਹੈ ਪਰ 'ਆਪਣਿਆਂ' ਨਾਲ ਜੰਗ ਕਰ ਕੇ ਜਿੱਤੀ ਨਹੀਂ ਜਾ ਸਕਦੀ! ਹਰ ਜਾਦੂਗਰ ਨੂੰ ਅੱਗ ਨਾਲ ਖੇਡਣਾ ਨਹੀਂ ਆਉਂਦਾ, ਇਸ ਲਈ ਕੁਝ ਸੜ ਵੀ ਜਾਂਦੇ ਨੇ, ਇਸ ਦਾ ਪ੍ਰਮਾਣ ਉਸ ਦੀ ਕਹਾਣੀ "ਆਖ਼ਰੀ ਦਾਅ" ਦਾ ਰਣਬੀਰ ਹੈ! ਨਾ ਤਾਂ ਉਹ ਧੁੱਸ ਦੇ ਕੇ ਪਾਤਰਾਂ ਦੀ ਭੀੜ 'ਚ ਵੜਦੀ ਹੈ ਅਤੇ ਨਾ ਹੀ ਉਨ੍ਹਾਂ ਰੋਂਦਿਆਂ-ਕੁਰਲਾਉਂਦਿਆਂ ਦੀ ਉਂਗਲੀ ਛੱਡਦੀ ਹੈ! 'ਆਪਣਿਆਂ' ਦਾ ਮਾਰਿਆ 'ਫੁੱਲ' ਵੀ ਗ਼ੈਰਾਂ ਦੇ ਪੱਥਰਾਂ ਨਾਲੋਂ ਵੱਧ ਪੀੜ ਕਰਦਾ ਹੈ, ਕਹਾਣੀ "ਤੂੰ ਨਹੀਂ ਸਮਝ ਸਕਦੀ" ਦਾ ਪਾਤਰ ਬਲਕਾਰ ਇਸੇ ਦੀ ਪੀੜ ਹੀ ਹੰਢਾਉਂਦਾ, ਇਸ ਫ਼ਾਨੀ ਜੱਗ ਤੋਂ ਕੂਚ ਕਰ ਜਾਂਦਾ ਹੈ।

ਭਿੰਦਰ ਸ਼ਬਦਾਂ ਦੀ 'ਮਾਂਦਰੀ' ਹੈ! ਵਿਸ਼ੇ ਨੂੰ ਕੀਲ ਕੇ ਪਟਾਰੀ ਵਿਚ ਸੁੱਟਣਾ ਅਤੇ ਫਿਰ ਸ਼ਬਦੀ ਤਕਨੀਕ ਦੀ ਬੀਨ ਵਜਾ ਕੇ ਉਸ ਦੇ 'ਫ਼ਨ' ਦੇ ਦਰਸ਼ਨ ਕਰਵਾਉਣੇ ਉਸ ਦੀ ਪ੍ਰਾਪਤੀ ਹੈ! ਮਨ ਦੀ ਅਵਸਥਾ ਦਾ ਵਰਨਣ ਕਰਨ ਲਈ ਨਿਵੇਕਲਾ ਅਤੇ ਦਿਲ ਟੁੰਬਵਾਂ ਅੰਦਾਜ਼ ਹੈ। ਉਸ ਦੀ ਕਲਮ ਵਿਚ ਬਲ ਅਤੇ ਬਰਕਤ ਹੈ। ਕਵਿਤਾ, ਗੀਤ, ਕਹਾਣੀ ਲਿਖਣ ਵਾਲੀ ਭਿੰਦਰ ਸਾਧਨਾ ਦੀ ਇਕ ਮੂਰਤ ਹੈ! ਉਸ ਨੂੰ ਪਾਤਰਾਂ ਦੀ ਮਾਨਸਿਕ ਦਸ਼ਾ ਬਾਖ਼ੂਬੀ ਘੜਨੀ ਅਤੇ ਤਰਾਸ਼ਣੀ ਆਉਂਦੀ ਹੈ। ਮੈਂ ਭਿੰਦਰ ਨੂੰ ਪ੍ਰਣਾਮ ਅਤੇ ਉਸ ਦੀਆਂ ਕਿਰਤਾਂ ਨੂੰ ਸਿਜਦਾ ਕਰਦਾ ਹਾਂ! ਹਥਲੀ ਕਿਤਾਬ ਦੇ ਮੁੱਢਲੇ ਸ਼ਬਦ ਪੰਜਾਬੀ ਟ੍ਰਿਬਿਊਨ ਵਾਲੇ ਬਾਈ ਗੁਰਬਚਨ ਸਿੰਘ ਭੁੱਲਰ, ਡਾਕਟਰ ਨਿਰਮਲ ਜੌੜਾ ਅਤੇ ਗੀਤਕਾਰੀ ਦੇ ਬਾਬਾ ਬੋਹੜ, ਬਾਈ ਦੇਵ ਥਰੀਕੇ ਨੇ ਲਿਖ ਕੇ ਉਸ ਨੂੰ ਥਾਪੜਾ ਦਿੱਤਾ ਹੈ।

ਭਿੰਦਰ ਵਿਚ ਸੱਚ ਕਹਿਣ ਅਤੇ ਸੱਚ ਲਿਖਣ ਦਾ ਬੁਲੰਦ ਸਾਹਸ ਅਤੇ ਫ਼ੌਲਾਦੀ ਹੌਸਲਾ ਹੈ। ਉਹ ਦਲੇਰੀ ਨਾਲ ਲਿਖਣ ਵਾਲੀ ਨਿਰਲੇਪ, ਨਿਪੁੰਨ ਅਤੇ ਉਦਮੀ ਲੇਖਿਕਾ ਹੈ। ਪੰਜਾਬੀ ਮੁਹਾਵਰੇ ਉਸ ਦੀ ਰਚਨਾ ਨੂੰ ਹੋਰ ਵੀ ਰੋਚਕ ਬਣਾਉਂਦੇ ਨੇ! ਭਾਸ਼ਾ ਉਸ 'ਤੇ ਬੇਹੱਦ ਮਿਹਰਵਾਨ ਅਤੇ ਸ਼ੈਲੀ ਪੱਖੋਂ ਉਹ ਰੱਜੀ-ਪੁੱਜੀ ਅਤੇ ਧਨਾਢ ਹੈ! ਅੱਜ-ਕੱਲ੍ਹ ਉਹ ਇੱਕ ਨਾਵਲ 'ਤੇ ਕੰਮ ਕਰ ਰਹੀ ਹੈ। ਉਸ ਦਾ 23 ਕਹਾਣੀਆਂ ਦਾ ਇਹ ਸੰਗ੍ਰਹਿ 'ਸੰਗਮ ਪਬਲੀਕੇਸ਼ਨਜ਼ ਸਮਾਣਾ' ਨੇ ਛਾਪਿਆ ਹੈ। ਇਹ ਕਹਾਣੀ ਸੰਗ੍ਰਿਹ ਪੜ੍ਹਨਯੋਗ ਹੈ। ਕਿਤਾਬ ਮੰਗਵਾਉਣ ਲਈ ਪੰਜਾਬ ਦੇ ਨੰਬਰ 91-98152-43917 'ਤੇ ਸੰਪਰਕ ਕੀਤਾ ਜਾ ਸਕਦਾ ਹੈ!

*-ਸ਼ਿਵਚਰਨ ਜੱਗੀ ਕੁੱਸਾ*

# ਰੁਸਤਮਿ-ਹਿੰਦ ਲੱਭੂ ਲੁਹਾਰ ਪਹਿਲਵਾਨ ਅੰਮ੍ਰਿਤਸਰੀ

**ਬਲਬੀਰ ਸਿੰਘ ਕੰਵਲ**

ਉਸ ਨੇ ਟਾਮ ਕੈਨਨ ਨੂੰ ਢਾਹ ਕੇ ਹਿੰਦੁਸਤਾਨ ਵਿਚ ਕਾਫ਼ੀ ਪ੍ਰਸਿੱਧੀ ਪ੍ਰਾਪਤ ਕਰ ਲਈ ਸੀ। ਕੱਲੂ ਨੂੰ ਢਾਹ ਕੇ ਤਾਂ ਉਹ ਕਿਸੇ ਨੂੰ ਵੀ ਨਹੀਂ ਸੀ ਬਿੱਦਦਾ। ਜਦੋਂ ਵੀ ਰਿਆਸਤ ਜੋਧਪੁਰ ਵਿਚ ਦੰਗਲ ਹੁੰਦਾ, ਉਦੋਂ ਹੀ ਉਹ ਐਲਾਨ ਕਰ ਦਿੰਦਾ ਜਿਸ ਦੀ ਮਰਜ਼ੀ ਹੈ ਮੇਰੇ ਨਾਲ ਕੁਸ਼ਤੀ ਲੜ ਲਵੇ। ਓਥੇ ਦਾ ਮਹਾਰਾਜਾ ਵੀ ਕਹਿੰਦਾ, 'ਕਿੱਕਰ ਸਿੰਘ ਤੋਂ ਛੁੱਟ ਜਿਸ ਦੀ ਮਰਜ਼ੀ ਹੈ, ਮੇਰੇ ਕਰੀਮ ਨਾਲ ਲੜ ਲਵੇ।'

ਇਕ ਵਾਰੀ, ਕਰੀਮ ਨੇ ਫਿਰ ਬੜ੍ਹਕ ਮਾਰੀ। ਜੋਧਪੁਰ ਸ਼ਹਿਰ ਵਿਚ ਬੜਾ ਵੱਡਾ ਪਿੜ ਬੱਝਾ ਹੋਇਆ ਸੀ। ਢੋਲਾਂ ਦੀ ਵਧ ਰਹੀ ਕੜਕੱਟ ਨੇ ਪਹਿਲਵਾਨਾਂ ਦੀ ਬੈਠੀ ਹੋਈ ਢਾਣੀ ਵਿਚੋਂ ਇਕ ਪਹਿਲਵਾਨ ਦਾ ਘੁਲਣ ਲਈ ਦਿਲ ਵਧਾ ਦਿੱਤਾ। ਉਹ ਝੱਟ ਉਠਿਆ ਅਤੇ ਕਰੀਮ ਦੇ ਲਲਕਾਰੇ ਦਾ ਜਵਾਬ ਦਿੰਦਿਆਂ ਕਹਿਣ ਲੱਗਾ, "ਪਹਿਲਵਾਨਾ, ਮੈਂ ਤੇਰੇ ਨਾਲ ਕੁਸ਼ਤੀ ਲੜਾਂਗਾ, ਤਿਆਰ ਹੋ ਜਾ। ਜੋਸ਼ ਵਿਚ ਆ ਕੇ ਕਰੀਮ ਨੇ ਕੱਪੜੇ ਲਾਹੇ ਅਤੇ ਉਹ ਬੁੱਕਦਾ ਹੋਇਆ ਅਖਾੜੇ ਵਿਚ ਪੁੱਜ ਗਿਆ। ਚੈਲਿੰਜ ਸਵੀਕਾਰ ਕਰਨ ਵਾਲਾ ਪਹਿਲਵਾਨ ਵੀ ਰੱਬ ਦਾ ਨਾਂ ਲੈ ਕੇ ਅਖਾੜੇ ਵਿਚ ਵੜਿਆ। ਕੁਸ਼ਤੀ ਸ਼ੁਰੂ ਹੋਈ। ਉਸ ਢਿੱਲ ਜਿਹੇ ਪਹਿਲਵਾਨ ਨੂੰ ਵੇਖ ਕੇ ਸਾਰੇ ਦਰਸ਼ਕ ਹੱਸਣ ਲੱਗ ਪਏ ਪਰ ਉਹ ਆਪਣੇ ਇਰਾਦੇ ਵਿਚ ਪੂਰਾ ਦ੍ਰਿੜ ਸੀ। ਉਸ ਨੇ ਥੋੜ੍ਹੇ ਸਮੇਂ ਵਿਚ ਹੀ ਕਰੀਮ ਨੂੰ ਚਿੱਤ ਕਰ ਦਿੱਤਾ। ਸਾਰੇ ਦਰਸ਼ਕ ਉਸ ਦਾ ਨਾਂ ਜਾਨਣ ਲਈ ਕਾਹਲੇ ਪੈ ਗਏ। ਦੱਸਿਆ ਗਿਆ ਕਿ ਉਸ ਦਾ ਨਾਂ 'ਲੱਭੂ ਲੁਹਾਰ' ਹੈ ਅਤੇ ਉਹ ਅੰਮ੍ਰਿਤਸਰ ਤੋਂ ਆਇਆ ਹੈ। ਇਹ ਕੁਸ਼ਤੀ ਕਿਧਰੇ 1901 ਈ ਵਿਚ ਹੋਈ ਦੱਸੀ ਜਾਂਦੀ ਹੈ।

ਕਿੱਕਰ ਸਿੰਘ ਵਾਂਗ ਲੱਭੂ ਦਾ ਕੱਦ ਕਾਠ ਵੀ ਬਹੁਤ ਲੰਮਾ ਚੌੜਾ ਸੀ। ਕੁਸ਼ਤੀ ਦੇ ਦਾਅ ਪੇਚ ਉਸ ਨੇ ਭਗਤਾਂ ਵਾਲੇ ਅਖਾੜੇ ਦੇ ਖ਼ਲੀਫ਼ਿਆਂ ਤੋਂ ਸਿੱਖੇ ਸਨ। ਜਦੋਂ ਜੋਧਪੁਰ ਵਿਚ ਉਸ ਨੇ ਕਰੀਮ ਨੂੰ ਢਾਹਿਆ ਤਾਂ ਗੁਲਾਮ ਨੇ ਦੌੜ ਕੇ ਉਸ ਨੂੰ ਝੱਟ ਛਾਤੀ ਨਾਲ ਲਾ ਲਿਆ।

ਜੋਧਪੁਰ ਵਿਚ ਜਦੋਂ ਉਹ ਦੂਜੀ ਵੇਰ ਕਰੀਮ ਨਾਲ ਘੁਲਿਆ ਤਾਂ ਢਹਿ ਗਿਆ। ਰਿਆਸਤ ਦੱਤੀਆਂ ਵਿਚ ਜਦੋਂ ਉਨ੍ਹਾਂ ਦੀ ਤੀਜੀ ਕੁਸ਼ਤੀ ਹੋਈ ਤਾਂ ਲੱਭੂ ਨੇ ਕਰੀਮ ਨੂੰ ਫਿਰ ਢਾਹ ਲਿਆ। ਇਸ ਤੋਂ ਮਗਰੋਂ ਉਹ ਦੋ ਵਾਰੀ ਗਾਮੂੰ ਬਾਲੀਵਾਲੇ ਨਾਲ ਬਰਾਬਰ ਰਿਹਾ। ਗਾਮੂੰ ਗੁੰਗੇ ਭਲਵਾਨ ਦਾ ਪਿਓ ਸੀ।

ਤਾਰੀਖ਼ ਇਸ ਗੱਲ ਦੀ ਸ਼ਾਹਦੀ ਵੀ ਭਰਦੀ ਹੈ ਕਿ ਉਸ ਦੀਆਂ ਕੁਝ ਕੁਸ਼ਤੀਆਂ ਕਿੱਕਰ ਸਿੰਘ ਦੇਵਿ-ਹਿੰਦ ਨਾਲ ਵੀ ਹੋਈਆਂ ਹਨ ਪਰ ਜਿਵੇਂ ਪੁਰਾਣੇ ਖ਼ਲੀਫ਼ਿਆਂ ਜਾਂ ਬਜ਼ੁਰਗਾਂ ਤੋਂ ਸੁਣਿਆ ਹੈ, ਕਿੱਕਰ ਸਿੰਘ ਉਸ ਦਾ ਜ਼ੋਰ ਕੁਝ ਇਸ ਤਰ੍ਹਾਂ ਕਰਾ ਦਿੰਦਾ ਸੀ ਜਿਵੇਂ ਬੱਚਿਆਂ ਨੂੰ ਕਰਵਾ ਦੇਈਦਾ ਹੈ। ਸਾਡੇ ਇੰਟਰਨੈਸ਼ਨਲ ਪੰਜਾਬ ਹੈਰੀਟੇਜ ਮਿਊਜ਼ੀਅਮ ਵਿਚ ਦੰਗਲਾਂ ਦਾ ਸੌ ਸਾਲ ਪੁਰਾਣਾ ਇਕ ਇਸ਼ਤਿਹਾਰ ਹੈ ਜਿਸ ਅਨੁਸਾਰ ਲੱਭੂ ਨੇ ਕਿੱਕਰ ਸਿੰਘ ਪਹਿਲਵਾਨ ਦੇਵਿ-ਹਿੰਦ (1857-1914) ਨਾਲ ਘੁਲਣਾ ਹੈ। ਇਹ ਦੰਗਲ 18 ਸਤੰਬਰ 1910 ਨੂੰ ਮੰਡੀ ਅਹਿਮਦਗੜ੍ਹ ਵਿਖੇ ਨਵਾਬ ਮਲੇਰਕੋਟਲਾ ਨੇ ਕਰਵਾਇਆ ਸੀ। ਪਿਛਲੇ ਦਿਨੀਂ ਜਦ ਹੀ ਇਹ ਇਸ਼ਤਿਹਾਰ ਮੈਂ ਕਿੱਕਰ ਸਿੰਘ ਦੇ ਪੋਤੇ ਸ. ਦਰਸ਼ਨ ਸਿੰਘ ਨੂੰ ਸਾਊਥਾਲ ਵਿਖਾਇਆ ਤਾਂ ਉਹ ਉਸ ਨੂੰ ਹੈਰਤ ਨਾਲ ਤੱਕਣ ਮਗਰੋਂ ਛੇਤੀ ਹੀ ਹੱਸਣ ਲੱਗ ਪਿਆ। ਜਦੋਂ ਮੈਂ ਹੱਸਣ ਦਾ ਕਾਰਨ ਪੁੱਛਿਆ ਤਾਂ ਆਖਣ ਲੱਗਾ ਕਿ ਭਾਵੇਂ ਉਹ ਸਾਡੇ ਭਲਵਾਨ ਜੀ ਦੀ ਜੋੜ ਦਾ ਮੱਲ ਨਹੀਂ ਸੀ ਤਾਂ ਵੀ ਉਨ੍ਹਾਂ ਨਾਲ ਉਹ ਕਈ ਨੂਰਾ ਕੁਸ਼ਤੀਆਂ ਘੁਲਦਾ ਰਿਹਾ। ਉਸ ਇਹ ਵੀ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਭਾਵੇਂ ਅੰਮ੍ਰਿਤਸਰ ਜਾ ਵੱਸਿਆ ਸੀ ਪਰ ਉਂਜ ਉਹ ਸਾਡੇ ਪਿੰਡ ਦੇ ਗੁਆਂਢੀ ਸਨ। ਉਨ੍ਹਾਂ ਦਾ ਜੱਦੀ ਪਿੰਡ ਬਾਣਾ ਬਰਕੀ ਦੇ ਨੇੜੇ ਸੀ (ਬਹੁਤੀ ਬਿਰਧ ਉਮਰ ਹੋਣ ਕਾਰਨ ਆਪਣੇ ਦਿਮਾਗ 'ਤੇ ਜ਼ੋਰ ਪਾਉਣ ਦੇ ਬਾਵਜੂਦ ਉਹ ਪਿੰਡ ਦਾ ਸਹੀ ਨਾਂ ਨਾ ਦੱਸ ਸਕੇ)।

ਮੇਰੀ ਜਾਣਕਾਰੀ ਵਿਚ ਵਾਧਾ ਕਰਦਿਆਂ ਉਸ ਇਹ ਵੀ ਦੱਸਿਆ ਕਿ ਉਹ ਵੀ ਸਾਡੇ ਅਖਾੜੇ ਦਾ ਪਹਿਲਵਾਨ ਸੀ ਜਿਹੜਾ ਰਹੀਮ ਸੁਲਤਾਨੀ ਗੁੱਜਰਾਂਵਾਲੀਏ ਵਾਂਗ ਸਾਡੇ ਪਿੰਡ ਆ ਕੇ ਕਈ ਕਈ ਮਹੀਨੇ ਰਹਿੰਦਾ ਹੁੰਦਾ ਸੀ। ਲੱਭੂ ਦੇ ਬਾਪ ਦਾ ਨਾਂ ਸੁਲਤਾਨ ਮੁਹੰਮਦ ਸੀ। ਉਸ ਦਾ ਖ਼ਾਨਦਾਨ ਜਿਹੜਾ ਲੋਹੇ ਦੀਆਂ ਕੜਾਹੀਆਂ ਬਣਾਉਣ ਦਾ ਕੰਮ ਕਰਦਾ ਸੀ, ਅੰਮ੍ਰਿਤਸਰ ਦੇ ਟੁੰਡਾ ਤਲਾ, ਸ਼ਮਦ ਸ਼ਾਹ, ਕੂਚਾ ਫਕੀਰਖਾਨਾ ਵਿਚ ਰਹਿੰਦਾ ਹੁੰਦਾ ਸੀ। ਲੱਭੂ ਦਾ ਇਕ ਹੋਰ ਭਾਈ ਵੀ ਸੀ ਜਿਸ ਦਾ ਨਾਂ ਇਸਲਾਮ ਦੀਨ ਸੀ। ਉਸ ਦਾ ਜਨਮ 1854 ਵਿਚ ਹੋਇਆ ਦੱਸੀਦਾ ਹੈ। ਲਾਹੌਰ ਦੇ ਪੁਰਾਣੇ ਖ਼ਲੀਫ਼ਿਆਂ ਨਾਲ ਲੱਭੂ-ਕਰੀਮ ਬਖ਼ਸ਼ ਪੇਲਣੇਵਾਲਾ ਬਾਰੇ ਗੱਲਬਾਤ ਕਰਦਿਆਂ ਕਰਤਾ ਨੇ ਇਹ ਗੱਲ ਅਨੁਭਵ ਕੀਤੀ ਕਿ ਉਹ ਇਸ ਗੱਲੋਂ ਬੜੇ ਹੈਰਾਨ ਹੁੰਦੇ ਸਨ ਕਿ ਜਿਹੜਾ ਪੇਲਣੇਵਾਲਾ ਕੱਲੂ ਵਰਗੇ ਧੱਕੜ ਭਲਵਾਨ ਦੀ ਤੁਲ ਝੱਲ ਲੈਂਦਾ ਸੀ, ਬਲਕਿ ਕਦੇ ਕਦੇ ਉਸ ਨੂੰ ਮੁਸ਼ਕਲ ਵਿਚ ਪਾ ਦਿੰਦਾ ਸੀ; ਉਸ ਨੂੰ ਲੱਭੂ ਆਸਾਨੀ ਨਾਲ ਕਿਵੇਂ ਢਾਹ ਲੈਂਦਾ ਸੀ? ਉਹ ਕਿਹੜੇ ਕਾਰਨ ਸਨ? ਇਹ ਗੱਲ ਸਮਝਣੀ ਬਹੁਤੀ ਔਖੀ ਨਹੀਂ। ਅਸਲ ਵਿਚ ਉਨ੍ਹਾਂ ਦੇ ਪਰਿਵਾਰ ਦਾ ਕਿੱਤਾ ਹੀ ਅਜਿਹਾ ਸੀ ਕਿ ਉਸ ਨੂੰ ਭਾਰੇ ਵਦਾਣ ਨਾਲ ਦਸ ਦਸ ਬਾਰਾਂ ਬਾਰਾਂ ਘੰਟੇ ਕੜਾਹੀਆਂ ਬਣਾਉਣ ਲਈ ਲੋਹੇ ਦੀ ਕੁਟਾਈ ਕਰਨੀ ਪੈਂਦੀ ਸੀ ਜਿਸ ਨਾਲ ਉਸ ਦੇ ਡੌਲਿਆਂ 'ਚ ਸਾਰੇ ਜਹਾਨ ਦੀ ਤਾਕਤ ਆ ਗਈ ਸੀ। ਕੁਸ਼ਤੀ ਲੜਨ ਸਮੇਂ ਆਪਣੇ ਫੌਲਾਦੀ ਡੌਲਿਆਂ ਦੇ ਓਹੀ ਵਦਾਣ ਫਿਰ ਉਹ ਆਪਣੇ ਵਿਰੋਧੀਆਂ 'ਤੇ ਵਰ੍ਹਾਉਂਦਾ ਸੀ।

ਅੰਮ੍ਰਿਤਸਰ ਰਹਿੰਦਿਆਂ ਲੱਭੂ ਪਹਿਲਵਾਨ, ਗੁਲਾਮ ਹੋਰਾਂ ਦੇ ਅਖਾੜੇ ਭਗਤਾਂਵਾਲੇ ਦਰਵਾਜ਼ੇ ਨਿੱਤ ਦਿਹਾੜੇ ਜਾਂਦਾ ਹੁੰਦਾ ਸੀ। ਇਕ ਦਿਨ ਹਾਲੇ ਹਨ੍ਹੇਰਾ ਜ਼ਰਾ ਜ਼ਿਆਦਾ ਹੀ ਸੀ ਕਿ ਉਸ ਦੇ ਢਿੱਡ ਵਿਚ ਵੱਟ ਉਠਿਆ। ਜੰਗਲ-ਪਾਣੀ ਜਾਣ ਲਈ ਉਹ ਬਾਹਰ ਵਲ ਭੱਜਿਆ। ਜਦੋਂ ਜਾ ਕੇ ਉਠਿਆ ਤਾਂ ਇਕ ਟੋਏ ਵਿਚੋਂ ਦੋ ਮਨੁੱਖੀ ਆਕਾਰ ਉਠੇ। ਪਹਿਲਵਾਨ ਨੂੰ ਵੇਖ ਕੇ ਇਕ ਨੇ ਦੂਜੇ ਨੂੰ ਕਿਹਾ, 'ਹੀ ਹੀਂ'। ਦੂਜੇ ਨੇ ਵੀ ਉਸ ਦਾ ਉਤਰ 'ਹੀਂ ਹੀਂ' ਵਿਚ ਦਿੱਤਾ। ਉਨ੍ਹਾਂ ਨੂੰ 'ਹੀਂ ਹੀਂ' ਕਰਦਿਆਂ ਵੇਖ ਕੇ ਲੱਭੂ ਲੁਹਾਰ ਦੀ ਖਾਨਿਉਂ ਗਈ, ਤੇ ਉਹ ਆਪਣੀ ਤਹਿਮਦ ਲਾਹ ਕੇ ਘਰ ਵੱਲ ਭੱਜਣ ਲੱਗਾ। ਉਹ ਨੰਗਾ ਇਸ ਲਈ ਹੋਇਆ ਕਿ ਉਸ ਨੇ ਲੋਕਾਂ ਕੋਲੋਂ ਸੁਣਿਆ ਹੋਇਆ ਸੀ ਕਿ ਨੰਗੇ ਆਦਮੀ ਦੇ ਲਾਗੇ ਕੋਈ ਜਿੰਨ ਭੂਤ ਨਹੀਂ ਆਉਂਦਾ। ਲਾਗੇ ਹੀ ਇਕ ਤਕੀਆ ਸੀ ਜਿਸ ਵਿਚ ਉਹ ਭੱਜ ਕੇ ਜਾ ਲੁਕਿਆ। ਥੋੜ੍ਹੀ ਦੇਰ ਪਿੱਛੋਂ ਜਦੋਂ ਗੁਲਾਮ ਗਾਉਂਦਾ ਹੋਇਆ ਉਧਰ ਆਇਆ ਤਾਂ ਲੱਭੂ ਉਸ ਦੀ ਆਵਾਜ਼ ਸੁਣ ਕੇ ਬਾਹਰ ਨਿਕਲਿਆ। ਉਸ ਦਾ ਕਲੇਜਾ ਧੜਕ ਰਿਹਾ ਸੀ ਅਤੇ ਦੋਵੇਂ ਲੱਤਾਂ ਖੜਤਾਲਾਂ ਵਾਂਗ ਖੜਕ ਰਹੀਆਂ ਸਨ। ਦੋਵੇਂ ਪਹਿਲਵਾਨ ਆਪਣੇ ਅਖਾੜੇ ਪੁੱਜੇ ਅਤੇ ਜ਼ੋਰ ਕਰਨ ਲੱਗ ਪਏ। ਜਦੋਂ ਉਹ ਜ਼ੋਰ ਕਰ ਰਹੇ ਸਨ, ਉਸ ਸਮੇਂ ਲੱਭੂ ਨੇ 'ਹੀਂ ਹੀਂ' ਦੀ ਆਵਾਜ਼ ਮੁੜ ਸੁਣੀ। ਦਿਲ ਦੀ ਧੜਕਣ ਅਤੇ ਲੱਤਾਂ ਦਾ ਕਾਂਬਾ ਤੇਜ਼ ਹੋਣ ਤੋਂ ਪਹਿਲਾਂ ਹੀ ਉਸ ਨੇ ਵੇਖਿਆ ਕਿ ਦੋ ਗੁੰਗੇ ਅਖਾੜੇ ਕੋਲ ਖੜੋਤੇ ਜੁਆਨਾਂ ਦੀ ਪ੍ਰਸ਼ੰਸਾ ਵਿਚ 'ਹੀਂ ਹੀਂ' ਕਰ ਰਹੇ ਸਨ ਅਤੇ ਹੱਸ ਹੱਸ ਕੇ ਲੋਟ ਪੋਟ ਹੋ ਰਹੇ ਸਨ। ਇਸ ਅਸਲੀਅਤ ਨੂੰ ਅੰਮ੍ਰਿਤ ਵੇਲੇ ਵਾਲੀ ਘਟਨਾ ਨੂੰ ਚੇਤੇ ਕਰਦਿਆਂ ਲੱਭੂ ਲੁਹਾਰ ਵੀ ਹੱਸਣੋਂ ਨਾ ਰਹਿ ਸਕਿਆ।

ਰਿਆਸਤ ਜੋਧਪੁਰ ਵਿਚ ਲੱਭੂ ਲੁਹਾਰ ਦੀ ਐਨੀ ਮਾਨਤਾ ਸੀ ਕਿ ਮਹਾਰਾਜੇ ਨੇ ਕਿਸੇ ਵੀ ਨਵੇਂ ਪਹਿਲਵਾਨ ਨੂੰ ਭਰਤੀ ਕਰਨਾ ਹੋਵੇ ਤਾਂ ਹਮੇਸ਼ਾ ਉਸ ਦੀ ਸਲਾਹ ਲਈ ਜਾਂਦੀ ਸੀ। ਉਸ ਦੀ ਮੌਤ ਅੰਮ੍ਰਿਤਸਰ ਸ਼ਹਿਰ ਵਿਖੇ 1918 ਵਿਚ, ਜਲ੍ਹਿਆਂਵਾਲੇ ਬਾਗ ਦੇ ਸਾਕੇ ਤੋਂ ਪੰਜ ਚਾਰ ਮਹੀਨੇ ਪਹਿਲਾਂ ਹੋ ਗਈ ਸੀ।

1947 ਵਿਚ ਦੇਸ਼ ਦੀ ਤਕਸੀਮ ਪਿੱਛੋਂ ਉਸ ਦਾ ਭਰਾ ਲਾਹੌਰ ਚਲਾ ਗਿਆ ਅਤੇ ਉਥੇ ਰਾਣੀ ਰੋਡ 'ਤੇ ਗੰਦੇ ਨਾਲੇ ਦੇ ਨੇੜੇ ਕਿਲਾ ਲਛਮਣ ਸਿੰਘ ਵਿਖੇ ਰਹਿਣ ਲੱਗ ਪਿਆ, ਜਦ ਕਿ ਉਸ ਦੇ ਪੁੱਤਰ ਜਾਨ ਮੁਹੰਮਦ ਨੇ ਮੋਤੀ ਬਾਜ਼ਾਰ ਵਿਚ ਆਪਣਾ ਪੁਰਾਣਾ, ਕੜਾਹੀਆਂ ਬਣਾਉਣ ਵਾਲਾ ਜੱਦੀ ਕਿੱਤਾ ਕਰਨਾ ਸ਼ੁਰੂ ਕਰ ਦਿੱਤਾ।

*ਅੰਮ੍ਰਿਤਸਰ ਰਹਿੰਦਿਆਂ ਲੱਭੂ ਪਹਿਲਵਾਨ, ਗੁਲਾਮ ਹੋਰਾਂ ਦੇ ਅਖਾੜੇ ਭਗਤਾਂਵਾਲੇ ਦਰਵਾਜ਼ੇ ਨਿੱਤ ਦਿਹਾੜੇ ਜਾਂਦਾ ਹੁੰਦਾ ਸੀ। ਇਕ ਦਿਨ ਹਾਲੇ ਹਨ੍ਹੇਰਾ ਜ਼ਰਾ ਜ਼ਿਆਦਾ ਹੀ ਸੀ ਕਿ ਉਸ ਦੇ ਢਿੱਡ ਵਿਚ ਵੱਟ ਉਠਿਆ। ਜੰਗਲ-ਪਾਣੀ ਜਾਣ ਲਈ ਉਹ ਬਾਹਰ ਵਲ ਭੱਜਿਆ। ਜਦੋਂ ਜਾ ਕੇ ਉਠਿਆ ਤਾਂ ਇਕ ਟੋਏ ਵਿਚੋਂ ਦੋ ਮਨੁੱਖੀ ਆਕਾਰ ਉਠੇ। ਪਹਿਲਵਾਨ ਨੂੰ ਵੇਖ ਕੇ ਇਕ ਨੇ ਦੂਜੇ ਨੂੰ ਕਿਹਾ, 'ਹੀ ਹੀਂ'। ਦੂਜੇ ਨੇ ਵੀ ਉਸ ਦਾ ਉਤਰ 'ਹੀਂ ਹੀਂ' ਵਿਚ ਦਿੱਤਾ। ਉਨ੍ਹਾਂ ਨੂੰ 'ਹੀਂ ਹੀਂ' ਕਰਦਿਆਂ ਵੇਖ ਕੇ ਲੱਭੂ ਲੁਹਾਰ ਦੀ ਖਾਨਿਉਂ ਗਈ, ਤੇ ਉਹ ਆਪਣੀ ਤਹਿਮਦ ਲਾਹ ਕੇ ਘਰ ਵੱਲ ਭੱਜਣ ਲੱਗਾ। ਉਹ ਨੰਗਾ ਇਸ ਲਈ ਹੋਇਆ ਕਿ ਉਸ ਨੇ ਲੋਕਾਂ ਕੋਲੋਂ ਸੁਣਿਆ ਹੋਇਆ ਸੀ ਕਿ ਨੰਗੇ ਆਦਮੀ ਦੇ ਲਾਗੇ ਕੋਈ ਜਿੰਨ ਭੂਤ ਨਹੀਂ ਆਉਂਦਾ।*

# ਕਹਾਣੀ

# ਅੰਦਰ ਖਾਨੇ

## ਕਿਰਪਾਲ ਸਿੰਘ ਆਜ਼ਾਦ

ਸਤਵੰਤ ਮੂੰਹ ਉਤਾਣੇ ਪਈ ਸੀ। ਗਰਮੀਆਂ ਦੀਆਂ ਛੁੱਟੀਆਂ ਹੁੰਦਿਆਂ ਹੀ ਉਹ ਆਪਣੇ ਚੌਹਾਂ ਬੱਚਿਆਂ ਨੂੰ ਨਾਲ ਲੈ ਕੇ ਭਰਾ ਦੇ ਘਰ ਆ ਗਈ ਸੀ। ਹੁਣ ਤਾਂ ਸਕੂਲ ਖੁੱਲ੍ਹਣ ਵਿਚ ਦੋ ਕੁ ਹਫਤੇ ਰਹਿ ਗਏ ਸਨ। ਕਰਮ ਸਿੰਘ, ਮਗਰੋਂ ਰੋਟੀ ਵੇਲੇ ਤੰਗ ਤਾਂ ਜ਼ਰੂਰ ਹੁੰਦਾ ਰਿਹਾ ਹੋਵੇਗਾ। ਫਿਰ ਕੀ ਗੱਲ ਸੀ ਕਿ ਕਰਮ ਸਿੰਘ ਨੇ ਉਸ ਨੂੰ ਵਾਪਸ ਆਉਣ ਲਈ ਨਹੀਂ ਸੀ ਲਿਖਿਆ। ਰਾਤ ਦੇ ਹਨੇਰੇ ਵਿਚ ਸਤਵੰਤ ਦਾ ਕਈ ਪਾਸੀਂ ਧਿਆਨ ਗਿਆ। ਉਨ੍ਹਾਂ ਦੇ ਨਾਲ ਵਾਲੇ ਕੁਆਰਟਰ ਵਿਚ ਹੁਣੇ ਜਹੇ ਹੀ ਇਕ ਨਵਾਂ ਵਿਆਹਿਆ ਸ਼ੌਕੀਨ ਜਿਹਾ ਜੋੜਾ ਆਇਆ ਸੀ। ਹਾਲੇ ਉਹ ਟਿਕਟ ਬਾਬੂ ਪੱਕਾ ਵੀ ਨਹੀਂ ਸੀ ਹੋਇਆ ਕਿ ਉਸ ਨੂੰ ਤਰੱਕੀ ਤੇ ਕੁਆਰਟਰ ਵੀ ਮਿਲ ਗਏ ਸਨ। ਵਹੁਟੀ ਬਾਬੂ ਤੋਂ ਵਧ ਕੇ ਸ਼ੌਕੀਨ ਸੀ ਅਤੇ ਚਲਾਕੋ ਵੀ। ਗੁਆਂਢ ਵਿਚ ਕਿਸੇ ਬਾਬੂਆਣੀ ਨੇ ਮੱਥਾ ਚਾੜ੍ਹ ਕੇ ਅੱਖਾਂ ਚਮਕਾ ਕੇ ਕਿਹਾ ਸੀ, "ਟਿਕਟ ਬਾਬੂ ਤਾਂ ਵਿਚਾਰਾ ਬਸ ਸੂਕਾ ਬਾਂਕਾ ਹੀ ਏ, ਤਰੱਕੀ ਦੇ ਰਾਹ ਤਾਂ ਬਾਬੂਆਣੀ ਜਾਣਦੀ ਹੈ।"

ਸਤਵੰਤ ਨੂੰ ਯਾਦ ਆਇਆ ਕਿ ਬਾਬੂਆਣੀ ਇਨ੍ਹਾਂ ਦਿਨਾਂ ਵਿਚ ਗੱਲੀਬਾਤੀਂ ਕਰਮ ਸਿੰਘ ਦੇ ਬਹੁਤ ਅਗੇਚ ਪੈ ਰਹੀ ਸੀ। ਅੱਖੋਂ ਓਹਲੇ, ਦਿਲੋਂ ਓਹਲੇ। ਪਤਾ ਨਹੀਂ ਇਸੇ ਲਈ ਹੀ ਕਰਮ ਸਿੰਘ ਨੇ ਚਿੱਠੀ ਨਹੀਂ ਸੀ...। ਤੇ ਫਿਰ ਕਈ ਵਾਰੀ ਸਤਵੰਤ ਦਾ ਧਿਆਨ ਬਾਬੂਆਣੀ ਵਲ ਗਿਆ।

ਉਂਜ ਵੀ ਸਤਵੰਤ ਭਰਾ ਭਰਜਾਈ 'ਤੇ ਭਾਰ ਪਾਉਣ ਲਈ ਉਨ੍ਹਾਂ ਕੋਲ ਨਹੀਂ ਸੀ ਆਈ। ਪਹਿਲੀ ਵਾਰ ਦੂਜੇ ਮੁੰਡੇ ਦਾ ਵਿਅੰਮ ਕੱਟਣ ਉਹ ਪੇਕੇ ਆਈ ਸੀ। ਉਦੋਂ ਉਸ ਦੀ ਮਾਂ ਜਿਊਂਦੀ ਸੀ। ਫੇਰ ਮਾਂ ਵੀ ਤੁਰਦੀ ਹੋਈ। ਮਗਰੋਂ ਤੀਜੀ ਥਾਂ ਕੁੜੀ ਹੋਈ ਤੇ ਫੇਰ ਚੌਥਾ ਕੁੱਛੜ ਵਾਲਾ ਕਾਕਾ। ਇਸ ਵਾਰ ਉਹ ਦੋ ਢਾਈ ਵਰ੍ਹੀਂ ਪਹਿਲੀ ਵਾਰ ਭਰਾ ਕੋਲ ਆਈ ਸੀ ਜਿਹੜਾ ਕਿਸੇ ਸਰਕਾਰੀ ਮਹਿਕਮੇ ਵਿਚ ਬਾਬੂ ਸੀ।

ਇਨ੍ਹਾਂ ਚਹੁੰ ਵਰ੍ਹਿਆਂ ਵਿਚ ਕਈ ਵਾਰੀ ਚਿੱਠੀਆਂ ਆਈਆਂ ਸਨ। ਪਹਿਲਾਂ ਭਣੇਵਿਆਂ ਨੂੰ ਦੇਖਣ ਲਈ ਭਰਾ-ਭਰਜਾਈ ਦਾ ਮਨ ਲੋਚਦਾ ਰਿਹਾ ਸੀ। ਫੇਰ ਉਨ੍ਹਾਂ ਨੂੰ ਛੋਟੀ ਜਹੀ ਗੁੱਡੀ ਦਾ ਚਾਅ ਚੜ੍ਹਿਆ ਰਿਹਾ ਸੀ। ਪਰ ਸਤਵੰਤ ਕੋਲੋਂ ਹੀ ਨਿਕਲਿਆ ਨਾ ਗਿਆ। ਜਦ ਕੁੱਛੜ ਵਾਲਾ ਪੱਪੂ ਵੀ ਹੋ ਪਿਆ ਤਾਂ ਚਿੱਠੀ ਵਿਚ ਉਸ ਦੇ ਹੁਲੀਏ ਬਾਰੇ ਪੁੱਛਿਆ ਹੁੰਦਾ। ਇਹ ਜਾਣ ਕੇ ਕਿ ਪੱਪੂ ਦਾ ਨੱਕ ਅਤੇ ਮੂੰਹ ਮੱਥਾ ਆਪਣੇ ਮਾਮੇ ਉਤੇ ਗਿਆ ਹੈ, ਭਰਾ ਵਲੋਂ ਭਰਜਾਈ ਨੇ ਬੜੀ ਖੁਸ਼ੀ ਦੱਸੀ। ਪੱਪੂ ਦੇ ਖੇਡਣ, ਰਿੜ੍ਹਨ ਬਾਰੇ ਕਲਪਨਾ ਕੀਤੀ ਸੀ ਅਤੇ ਆਉਂਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਆਉਣ ਦੀ ਤਾਕੀਦ ਕੀਤੀ ਸੀ।

ਸਤਵੰਤ ਦਾ ਆਪਣਾ ਦਿਲ ਵੀ ਭਤੀਜੇ-ਭਤੀਜੀਆਂ ਨੂੰ ਮਿਲਣ ਲਈ ਤੜਫਦਾ ਸੀ। ਰੱਖੜੀ ਵੀ ਇਨ੍ਹਾਂ ਛੁੱਟੀਆਂ ਵਿਚ ਹੀ ਪੈਂਦੀ ਸੀ। ਕੁੜੀ ਤੇ ਪੱਪੂ ਨੇ ਵੀ ਪਹਿਲੀ ਵਾਰੀ ਨਾਨਕੇ ਜਾਣਾ ਸੀ। ਇਸ ਲਈ ਬੱਚਿਆਂ ਦੇ ਕੱਪੜੇ ਅਤੇ ਹੱਥੋਂ ਵੀ ਕੁਝ ਮਿਲਣ ਦੀ ਆਸ ਸੀ ਪਰ ਭਰਾ ਦੇ ਪਹੁੰਚਣਾ ਕਿਹੜਾ ਸੌਖਾ ਸੀ। ਦਫਤਰੋਂ ਰੇਲਵੇ ਦਾ ਪਾਸ ਜਾਂ ਪੀ ਟੀ ਓ ਮਿਲ ਸਕਦੇ ਸਨ। ਕਰਮ ਸਿੰਘ ਵੀ ਕਈ ਵਰ੍ਹਿਆਂ ਤੋਂ ਨੌਕਰੀ ਕਰਦਾ, ਇਕੋ ਥਾਂ, ਇਕੋ ਡਿਊਟੀ ਉਪਰ ਹੁੱਸੜ ਗਿਆ ਸੀ। ਪਰ ਜਲੰਧਰੋਂ ਗੋਰਖਪੁਰ ਆਉਣ ਜਾਣ ਉਪਰ ਤੀਜਾ ਹਿੱਸਾ ਕਿਰਾਇਆ ਹੀ ਮਾਣ ਨਹੀਂ ਸੀ।

ਅਖੀਰ ਸਤਵੰਤ ਨੇ ਕਿਹਾ ਸੀ, "ਚਲੋ ਜਾਣ ਆਉਣ ਦਾ ਤਾਂ ਕੋਈ ਨਹੀਂ, ਆਦਮੀ ਪਾਸ ਉਪਰ ਹੀ ਚਲਿਆ ਜਾਏ ਪਰ ਭਰਾ ਭਤੀਜਿਆਂ ਦੇ ਬੰਦਾ ਪਹਿਲੀ ਵਾਰੀ ਜਾਏ ਤਾਂ ਕੀ ਨਾ ਕਰੇ। ਹੱਥ ਲਮਕਾਉਂਦਾ ਕਿਵੇਂ ਕਿਸੇ ਦੇ ਘਰੇ ਚਲਾ ਜਾਵੇ?"

ਪਰ ਤਨਖਾਹ ਤਾਂ ਮੁਸ਼ਕਲ ਨਾਲ ਆਟਾ ਫੱਕਣ ਜੋਗੀ ਹੀ ਆਉਂਦੀ ਸੀ। ਜੇ ਕਿਸੇ ਮਹੀਨੇ ਕੋਈ ਬੱਚਾ ਬਿਮਾਰ ਹੋ ਜਾਂਦਾ ਤਾਂ ਅਗਲੇ ਮਹੀਨੇ ਸੌ ਕਿਰਸਾਂ ਕਰਨੀਆਂ ਪੈਂਦੀਆਂ। ਜੇ ਕਦੇ ਕੋਈ ਭੁੱਲਾ ਚੁੱਕਾ ਪ੍ਰਾਹੁਣਾ ਆ ਪੈਂਦਾ ਤਾਂ ਕਰਮ ਸਿੰਘ ਦੇ ਅੜਾਟ ਨਿਕਲ ਜਾਂਦੇ। ਫੇਰ ਬੱਚਿਆਂ ਨੂੰ ਕੀ ਨਹੀਂ ਚਾਹੀਦਾ, ਜਿਨ੍ਹਾਂ ਖਾਣਾ ਹੰਢਾਉਣਾ ਥੋੜਾ ਤੇ ਵੰਝਾਉਣਾ ਬਹੁਤਾ। ਉਨ੍ਹਾਂ ਕਈ ਵਾਰੀ ਸੋਚਿਆ ਕਿ ਕਿਸੇ ਤਰ੍ਹਾਂ 25-30 ਰੁਪਏ ਮਹੀਨੇ ਦਾ ਆਸਰਾ ਹੋ ਜਾਵੇ। "ਪਰ ਘਰ ਕੋਈ ਕੰਮ ਕਰਨ ਲਈ ਵੀ ਛੋਟੀ ਮੋਟੀ ਰਕਮ ਦੀ ਲੋੜ ਹੈ," ਸਤਵੰਤ ਨੇ ਆਪਣੇ ਅੰਦਰ ਝਾਤੀ ਮਾਰ ਕੇ ਕਿਹਾ।

ਉਨ੍ਹਾਂ ਦਿਨਾਂ ਵਿਚ ਹੀ ਭਰਾ ਭਰਜਾਈ ਦੀ ਤਕਾਜ਼ੇ ਤੇ ਤਾਕੀਦ ਦੀ ਚਿੱਠੀ ਆਈ ਸੀ ਕਿ ਹੋਣ ਵਾਲੀਆਂ ਛੁੱਟੀਆਂ ਵਿਚ ਬੱਚਿਆਂ ਨੂੰ ਨਾਲ ਲੈ ਕੇ ਕੁਝ ਦਿਨਾਂ ਲਈ ਜ਼ਰੂਰ ਆ ਜਾਓ। ਪਹਿਲਾਂ ਤਾਂ ਕਰਮ ਸਿੰਘ ਵੀ ਜਾਣ ਜਾਣ ਕਰਦਾ ਰਿਹਾ ਪਰ ਫੇਰ ਪਤਾ ਨਹੀਂ ਕੀ ਸੋਚ ਕੇ ਤੁਰਨ ਤੋਂ ਦੋ ਦਿਨ ਪਹਿਲਾਂ ਉਸ ਸਲਾਹ ਬਦਲ ਲਈ। ਉਸ ਨੇ ਇਕਰਾਰ ਕੀਤਾ ਸੀ ਕਿ ਸਤਵੰਤ ਨੂੰ ਲੈਣ ਗਿਆ ਉਹ ਹਫਤਾ ਕੁ ਲਾ ਕੇ ਆਵੇਗਾ।

"ਕਿਤੇ ਸ਼ੌਕੀਨ ਬਾਬੂਆਣੀ ਕਰਕੇ ਤਾਂ ਨਹੀਂ ..." ਸਤਵੰਤ ਨੇ ਸੋਚਿਆ।

***

ਇਥੇ ਭਰਜਾਈ ਸਤਵੰਤ ਨੂੰ ਕੰਮ ਨਹੀਂ ਸੀ ਕਰਨ ਦਿੰਦੀ ਪਰ ਸਤਵੰਤ ਕਿਸੇ ਨਾ ਕਿਸੇ ਕੰਮ ਨੂੰ ਹੱਥ ਪਾਇਆ ਹੀ ਦਿੰਦੀ। ਇਕ ਦੁਪਹਿਰੀਂ ਜਦੋਂ ਭਰਜਾਈ ਚੁਲ੍ਹੇ ਉਤੇ ਪਤੀਲਾ ਰੱਖ ਕੇ ਬਾਹਰ ਕਿਸੇ ਹੋਰ ਕੰਮ ਵਿਚ ਹੱਥ ਫਸਾ ਬੈਠੀ ਤਾਂ ਸਤਵੰਤ ਨੇ ਪਤੀਲੀ ਸੜਨ ਦੇ ਡਰੋਂ ਘਿਉ ਦੀ ਕੜਛੀ ਭਰ ਕੇ ਪਤੀਲੀ ਵਿਚ ਪਾ ਦਿਤੀ। ਉਹ ਨੇੜੇ ਪਈ ਕੁੰਡੀ ਵਿਚੋਂ ਰਗੜਿਆ ਹੋਇਆ ਮਸਾਲਾ ਪਲਟਣ ਹੀ ਲੱਗੀ ਸੀ ਕਿ ਭਰਜਾਈ ਰਸੋਈ ਵਿਚ ਆ ਵੜੀ।

"ਨਾ ਬੀਬਾ, ਇਹ ਕੋਈ ਰਾਹ ਪਿਆ ਏ! ਕਦੇ ਕਦਾਈਂ ਧੀ ਧਿਆਣੀ ਬੂਹੇ ਆਈ ਏ। ਆਪਣੇ ਘਰ ਜਾ ਕੇ ਜਿੰਨੇ ਮਰਜ਼ੀ ਕੰਮ ਕਰੀਂ, ਮੈਂ ਨਹੀਂਉਂ ਕੰਮ ਨੂੰ ਹੱਥ ਲਾਉਣ ਦੇਣਾ।" ਤੇ ਉਸ ਨੇ ਮਾਣ-ਦਾਈਏ ਨਾਲ ਸਤਵੰਤ ਦਾ ਹੱਥ ਫੜ ਕੇ ਉਠਾ ਦਿਤਾ।

ਸਤਵੰਤ ਹੱਸਦੀ ਹੱਸਦੀ ਬਾਹਰ ਆ ਗਈ। ਜਦੋਂ ਉਹ ਵਾਪਸ ਕਮਰੇ ਵਲ ਜਾ ਰਹੀ ਸੀ ਤਾਂ, ਉਸ ਨੂੰ ਝਾਉਲਾ ਜਿਹਾ ਪਿਆ ਜਿਵੇਂ ਭਰਜਾਈ ਨੇ ਅੱਧੀ ਕੁ ਕੜਛੀ ਘਿਉ ਪਤੀਲੀ ਵਿਚੋਂ ਕੱਢ ਕੇ ਮੁੜ ਘਿਉ ਵਾਲੇ ਡੱਬੇ ਵਿਚ ਪਲਟ ਲਿਆ ਹੋਵੇ। ਅਤੇ ਫੇਰ ਸਤਵੰਤ ਨੂੰ ਅੱਜ ਸਵੇਰ ਦੀ ਗੱਲ ਯਾਦ ਆ ਗਈ। ਵੱਡੇ ਮੁੰਡੇ ਨੇ ਗਰਮੀ ਤੋਂ ਘਬਰਾ ਕੇ ਆਪਣੀ ਮਾਮੀ ਨੂੰ ਕਹਿ ਦਿਤਾ, "ਮੈਨੂੰ ਤਾਂ ਮਾਮੀ ਜੀ ਦੁੱਧ ਦੀ ਲੱਸੀ ਕਰ ਦਿਉ, ਬਰਫ ਪਾ ਕੇ।"

ਸਤਵੰਤ ਨੇ ਕੁੱਛੜ ਦੇ ਮੁੰਡੇ ਨੂੰ ਅਜੇ ਹੁਣੇ ਹੀ ਗਲਾਸੀ ਦੁੱਧ ਦੀ ਦਿਤੀ ਸੀ। ਦੁਪਹਿਰੀਂ ਵੀ ਉਸ ਪੀਣਾ ਸੀ। ਭਰਜਾਈ ਨੇ ਪਤੀਲੀ ਦਾ ਢੱਕਣ ਖਿਸਕਾ ਕੇ ਪਤੀਲੀ ਵਿਚ ਝਾਤੀ ਮਾਰੀ ਤੇ ਫੇਰ ਝੱਟ ਉਬਲਦੇ ਪਾਣੀ ਵਿਚ ਚਾਹ ਦੀ ਪੱਤੀ ਸੁੱਟ ਦਿਤੀ। ਝੈੜੀ ਜਿਹੀ ਪੈ ਕੇ ਉਸ ਕਿਹਾ, "ਕਾਕਾ ਹੁਣ ਤਾਂ ਤੇਰੇ ਲਈ ਚਾਹ ਬਣ ਗਈ ਏ, ਕੱਲ੍ਹ ਨੂੰ ਲੱਸੀ ਪੀ ਲਵੀਂ।"

ਸਤਵੰਤ ਦਾ ਭਰਾ ਵੀ ਰਸੋਈ ਦੇ ਬੂਹੇ ਵਿਚ ਖੜਾ ਕੋਈ ਗੱਲ ਕਰ ਰਿਹਾ ਸੀ। ਉਸ ਆਪਣੀ ਘਰ ਵਾਲੀ ਅਤੇ ਭੈਣ ਵਲ ਤੱਕਿਆ ਤੇ ਫੇਰ ਮੁੰਡੇ ਨੂੰ ਜਿਵੇਂ ਮਖੌਲ ਵਿਚ ਕਹਿਣ ਲੱਗਾ, "ਸਰਦਾਰ ਜੀ, ਇਹ ਜਲੰਧਰ ਨਹੀਂ, ਗੋਰਖਪੁਰ ਹੈ। ਮੌਸਮ ਇਥੋਂ ਦਾ ਕੱਚਾ ਪੱਕਾ। ਲੱਸੀ ਤਾਂ ਨੁਕਸਾਨ ਕਰਦੀ ਹੈ।"

'ਕੱਚਾ ਪੱਕਾ' ਕਹਿੰਦਿਆਂ ਭਰਾ ਨੇ ਮੁੜ੍ਹਕੇ ਨਾਲ ਭਿੱਜ ਕੇ ਪਿੰਡੇ ਨਾਲ ਚਿਪਕੀ ਕਮੀਜ਼ ਦੀਆਂ ਚੁੰਢੀਆਂ ਭਰ ਕੇ ਛਾਤੀ ਕੋਲੋਂ ਵੱਖ ਕੀਤਾ ਕਿ ਕਮੀਜ਼ ਅੰਦਰ ਕੁਝ ਹਵਾ ਆਉਣ ਨਾਲ ਆਰਾਮ ਆਵੇ। ਉਸ ਨੇ ਆਕਾਸ਼ ਵਲ ਤੱਕਿਆ। ਉਪਰ ਕੋਈ ਬਦਲੋਟੀ ਵੀ ਨਾ ਦਿਸੀ।

ਇਸ ਤੋਂ ਮਗਰੋਂ ਸਤਵੰਤ ਘਰ ਵਿਚ ਹੋਰ ਸੰਕੋਚ ਨਾਲ ਖਾਣ-ਪੀਣ ਲੱਗ ਪਈ ਤੇ ਸਤਵੰਤ ਕਰਮ ਸਿੰਘ ਦੀ ਚਿੱਠੀ ਨਾ ਆਉਣ ਦਾ ਖਿਆਲ ਕਰਕੇ ਕਾਹਲੀ ਜਿਹੀ ਪੈ ਗਈ।

"ਮੈਂ ਕਿਹਾ, ਜਾਗਦੇ ਓ!" ਹਨੇਰੇ ਵਿਚ ਹੀ ਭਰਜਾਈ ਦੀ ਆਵਾਜ਼ ਆਈ।

"ਹੈਂ?...!" ਉਂਘਲਾਂਦੇ ਭਰਾ ਦੀ ਆਵਾਜ਼ ਆਈ।

"ਮੈਂ ਕਿਹਾ, ਸੱਤੋ ਦੇ ਤੁਰਨ ਦਾ ਵੀ ਕੋਈ ਫਿਕਰ ਕੀਤਾ ਜੇ?"

ਆਪਣਾ ਨਾਂ ਸੁਣ ਕੇ ਸਤਵੰਤ ਦਾ ਧਿਆਨ ਕਰਮ ਸਿੰਘ ਵਲੋਂ ਹਟ ਕੇ ਭਰਾ-ਭਰਜਾਈ ਦੀਆਂ ਗੱਲਾਂ ਵਲ ਚਲਾ ਗਿਆ।

"ਕੀ ਫਿਕਰ ਕਰਾਂ, ਤੈਥੋਂ ਕੁਝ ਭੁੱਲਾ ਹੋਇਆ। ਮੈਨੂੰ ਤਾਂ ਹਟਵਾਣੀਏ ਦੇ ਬਿਲ ਦਾ ਫਿਕਰ ਪਿਆ ਹੋਇਐ। ਪਿਛਲੇ ਮਹੀਨੇ ਕਾਕਾ ਬਿਮਾਰ ਹੋਇਆ ਸੀ, ਉਦੋਂ ਦਾ ਚੁਕਿਆ ਕਰਜ਼ਾ ਅਜੇ ਤਕ ਨਹੀਂ ਦੇ ਹੋਇਆ।"

"ਚਲੋ ਜੀ ਕਬੀਲਦਾਰੀ ਵਿਚ ਇਹੀ ਜਿਹੀਆਂ ਗਬੇੜਾਂ ਪੈਂਦੀਆਂ ਹੀ ਹੁੰਦੀਆਂ," ਭਰਜਾਈ ਨੇ ਭਰਾ ਨੂੰ ਤਸੱਲੀ ਦਿਤੀ। ਭਰਾ ਚੁੱਪ ਰਿਹਾ। ਭਰਜਾਈ ਨੂੰ ਜਾਪਿਆ ਕਿ ਇਹ ਤਾਂ ਗੱਲ ਹੀ ਖਤਮ ਹੋ ਗਈ ਸੀ। ਕੁਝ ਚਿਰ ਚੁੱਪ ਵਰਤੀ ਰਹੀ। ਫੇਰ ਆਵਾਜ਼ ਆਈ, "ਦੇਖੋ ਕਰਮ ਸਿੰਘ ਨੇ ਵੀ ਸੱਤੋ ਨੂੰ ਭੇਜਣ ਮਗਰੋਂ ਵੱਟੀ ਨਹੀਂ ਵਾਹੀ।"

"ਫੇਰ ਮੈਂ ਕੀ ਕਰਾਂ, ਇਹ ਤਾਂ ਉਹਨੂੰ ਹੀ ਸੋਚਣਾ ਚਾਹੀਦਾ ਸੀ। ਉਹ ਵੀ ਮੇਰੇ ਵਾਲੀ ਪੋਸਟ ਉਤੇ ਹੀ ਹੈ।"

"ਕਾਹਲੇ ਨਾ ਪਵੋ, ਮੈਨੂੰ ਵੀ ਕੋਈ ਦੁਪਰਿਆਰੇ ਨਹੀਂ ਹਨ। ਇਨ੍ਹਾਂ ਮਾਸੂਮਾਂ ਨੇ ਸਾਡਾ ਕੀ ਡਿਠਾ!" ਗੱਚ ਨੂੰ ਘੱਟੇ ਗੜੂਚ ਵਾਂਗ ਅੰਦਰ ਨਿਗਾਰਦਿਆਂ ਭਰਜਾਈ ਦੀ ਆਵਾਜ਼ ਨੂੰ ਡੋਬ ਪੈ ਗਿਆ। "ਪਰ ਕੋਲ ਹੋਏ ਦੀਆਂ ਗੱਲਾਂ ਨੇ ਨਾ। ਮੈਂ ਤਾਂ ਇਸ ਪਿਛੇ ਪਈ ਕਹਿੰਨੀ ਆਂ ਕਿ ਸੱਤੋ ਅੱਜ ਕੱਲ੍ਹ ਤੁਰਨ ਵਾਲੀ ਏ। ਕਰਮ ਸਿੰਘ ਤਾਂ ਸ਼ਾਇਦ ਆਵੇ ਨਾ।"

"ਅੰਦਰ ਹੀ ਝਾਤੀ ਮਾਰ ਲੈਂਦੀਉਂ।" ਭਰਾ ਨੇ ਕਿਸੇ ਲਾਚਾਰੀ ਦੇ ਡਰ ਨਾਲ ਟੁੰਬ ਛੱਲੇ ਵਲ ਧਿਆਨ ਦਿਵਾਇਆ।

"ਤੁਹਾਥੋਂ ਕੁਝ ਭੁੱਲਾ ਤਾਂ ਨਹੀਂ ਹੋਇਆ," ਭਰਜਾਈ ਦੀ ਗੱਲ ਵਿਚ ਸੰਖੇਪਤਾ ਤੇ ਹਿਰਖ ਸੀ। ਕੁਝ ਦੇਰ ਫੇਰ ਚੁੱਪ ਰਹੀ।

"ਮਖੋ ਸੂਦ ਬਾਊ ਦੀ ਵਹੁਟੀ ਸਾਡੀ ਮਸ਼ੀਨ ਉਪਰ ਕੁਝ ਸਿਊਂ ਕੇ ਲੈ ਗਈ ਸੀ? ਬੜੀਆਂ ਸਿਫਤਾਂ ਕਰਦਾ ਸੀ ਅੱਜ ਮਸ਼ੀਨ ਦੀਆਂ," ਭਰਾ ਨੇ ਕਿਹਾ।

ਸਤਵੰਤ ਸੋਚਣ ਲੱਗ ਪਈ, ਇਹ ਕਿਹੜੀ ਇਸ ਮੌਕੇ ਦੀ ਗੱਲ ਹੈ?

"ਹੱਛਾ! ਤੁਹਾਡੀ ਨਿਗਾਹ ਹੁਣ ਮਸ਼ੀਨ 'ਤੇ ਪਈ ਹੈ। ਮੈਂ ਨਹੀਂ ਵੇਚਣੀ ਇਹ। ਮੇਰੇ ਬਾਪੂ ਦੀ ਨਿਸ਼ਾਨੀ ਹੈ। ਲਾਮ ਵਿਚੋਂ ਆਉਂਦਿਆਂ ਕਿਥੋਂ ਬਸਰਿਉਂ ਚੁੱਕੀ ਆਇਆ। ਪੱਫ ਮਸ਼ੀਨ ਹੁਣ ਮਿਲਦੀ ਕਿਥੋਂ ਐ! ਸਵਾਈ ਬਚਦੀ ਹੈ, ਆਂਢ ਗੁਆਂਢੋਂ ਵੀ ਦਸਾਂ ਪੰਦਰਾਂ ਦਾ ਮਹੀਨੇ ਦਾ ਕੰਮ ਹੀ ਆ ਜਾਂਦੈ।"

"ਤੇਰੀ ਸੰਭਾਲ ਚੰਗੀ ਏ। ਹੈ ਤਾਂ ਪੰਦਰਾਂ ਵਰ੍ਹੇ ਪੁਰਾਣੀ। ਹੁਣ ਤਾਂ ਦੇਸੀ ਮਸ਼ੀਨਾਂ ਵਲੈਤੀ ਨੂੰ ਪਰ੍ਹੇ ਸੁੱਟਦੀਆਂ ਨੇ। ਹੋਰ ਦੋ ਮਹੀਨਿਆਂ ਨੂੰ ਪਿਛਲੇ ਕਰਜ਼ੇ ਦੀ ਕਿਸ਼ਤ ਮੁੱਕ ਜਾਣੀ ਏ। ਤੀਜੇ ਮਹੀਨੇ ਤੈਨੂੰ ਨਵੀਂ ਉਸ਼ਾ ਮਸ਼ੀਨ ਲਿਆ ਦਊਂ। ਬਸ ਹੁਣ ਸੌਂ ਜਾਹ, ਰਾਤ ਬੜੀ ਹੋ ਗਈ ਏ।"

ਭਰਾ ਨੇ ਗੱਲ ਮੁਕਾ ਕੇ ਪਾਸਾ ਪਰਤ ਲਿਆ। ਭਰਜਾਈ ਨੇ ਇਕ ਲੰਮਾ ਹੌਕਾ ਲਿਆ ਤਾਂ ਸ਼ਾਇਦ ਤਾਰਿਆਂ ਵਲ ਤੱਕਣ ਲਗ ਪਈ।

ਸਵੇਰੇ ਸਤਵੰਤ ਅਜੇ ਪਖਾਨੇ ਵਿਚ ਹੀ ਸੀ ਕਿ ਕੁਆਟਰ ਦੇ ਪਿਛਲੇ ਬੂਹਿਉਂ ਉਸ ਦਾ ਭਰਾ ਕਿਸੇ ਨੂੰ ਨਾਲ ਲੈ ਕੇ ਗੱਲਾਂ ਕਰਦਾ ਅੰਦਰ ਲੰਘਿਆ। ਕੁਝ ਮਿੰਟਾਂ ਮਗਰੋਂ ਦੋਹਾਂ ਦੇ ਪੈਰਾਂ ਦੀ ਆਵਾਜ਼ ਆਈ। ਬੂਹਿਉਂ ਬਾਹਰ ਉਸ ਦਾ ਭਰਾ ਦੂਜੇ ਮਰਦ ਨੂੰ ਕਹਿ ਰਿਹਾ ਸੀ, "ਪੈਸੇ ਫੇਰ ਮਿਸਟਰ ਸੂਦ ਤੂੰ ਮੈਨੂੰ ਹੁਣੇ ਹੀ ਦੇ ਦੇਹ। ਰਸੀਦ ਆਖੇ ਤਾਂ ਮੈਂ ਨਾਲ ਹੀ ਕਰ ਦੇਨਾਂ। ਸੱਤੋ ਸਾਡੀ ਇਕ ਦੋ ਦਿਨਾਂ ਨੂੰ ਤੁਰਨ ਵਾਲੀ ਹੈ। ਮਸ਼ੀਨ ਉਹਦੇ ਜਾਣ ਮਗਰੋਂ ਲੈ ਜਾਈਂ। ਹੱਛਾ?"

ਦੋ ਕੁ ਘੰਟਿਆਂ ਮਗਰੋਂ ਜਦ ਸਤਵੰਤ ਦੇ ਭਰਾ ਭਰਜਾਈ ਵਿਦਾਇਗੀ ਲਈ ਕੱਪੜੇ ਤੇ ਚੀਜ਼ਾਂ ਖਰੀਦਣ ਬਾਜ਼ਾਰ ਗਏ ਤਾਂ ਉਸ ਨੂੰ ਕਰਮ ਸਿੰਘ ਦੀ ਚਿੱਠੀ ਵਸੂਲ ਹੋਈ। ਉਸ ਵਿਚ ਸਤਵੰਤ ਨੂੰ ਆਉਣ ਲਈ ਲਿਖਿਆ ਸੀ। ਅਖੀਰ ਵਿਚ ਲਿਖਿਆ ਸੀ: "ਉਹ ਤੇਰੇ ਨਾਲ ਘਰ, ਇਕ ਵਾਰ ਗੱਲ ਹੋਈ ਸੀ ਨਾ, ਗੱਲ ਮੇਰੇ ਮਨ ਵਿਚ ਰਹੀ। ਹੁਣ ਮੈਂ ਆਪ ਹੀ ਘੇਸ ਮਾਰ ਛੱਡੀ ਤੇ ਤੈਨੂੰ ਸੱਦਿਆ ਨਾ। ਰੁਪਿਆ ਸੌ ਕੁ ਜੁੜ ਗਿਆ। ਕੁਝ ਏਧਰੋਂ ਇਧਰੋਂ ਫੜਿਆ ਤੇ ਤੇਰੇ ਲਈ ਸਿਲਾਈ ਦੀ ਨਵੀਂ ਮਸ਼ੀਨ ਖਰੀਦ ਲਈ ਹੈ।"

---

# ਸੱਗੀ ਫੁੱਲ

## ਗੁਰਦਿਆਲ ਸਿੰਘ

ਜਦੋਂ ਦੀ ਈਸਰ ਦੀ ਭੈਣ ਮੁੰਡੇ ਦੇ ਵਿਆਹ ਦੀ ਭੇਲੀ ਦੇ ਕੇ ਗਈ ਸੀ, ਮੁਨੋ ਨੇ ਓਦੋਂ ਦਾ ਈ ਰੱਟਾ ਪਾਇਆ ਹੋਇਆ ਸੀ। ਆਥਣ-ਉਗਣ ਓਹੋ ਗੱਲ ਛੇੜੀ ਰਖਦੀ। ਪਰ ਈਸਰ ਅਜੇ ਤਾਈਂ ਆਪਣੀ ਅੜੀ ਫੜੀ ਬੈਠਾ ਸੀ। ਉਹ ਗਰੀਬੀ-ਦਾਵੇ ਵਾਲ ਕੰਮ ਕਰਕੇ ਡੰਗ ਸਾਰਨਾ ਚਾਹੁੰਦਾ ਸੀ। ਪਰ ਮੁਨੋ ਕਹਿੰਦੀ ਸੀ, "ਜਾਣੈ ਤਾਂ ਗੱਜ-ਵੱਜ ਕੇ ਜਾਣੈ ਨਹੀਂ ਤਾਂ ਸਰੀਕਾਂ ਤੋਂ ਨੱਕ ਵਢੌਣ ਨਾਲੋਂ ਚੁੱਪ ਈ ਚੰਗੀ।"

ਆਥਣੇ ਜਦੋਂ ਈਸਰ ਹਲ ਛਡ ਕੇ ਆਇਆ ਤਾਂ ਮੁਨੋ ਨੇ ਫੇਰ ਰੇੜਕਾ ਪਾ ਲਿਆ।

"ਅਜ ਬਚਨੀ ਦੀ ਬੇਬੇ ਆਈ ਸੀ," ਉਸ ਈਸਰ ਕੋਲ ਗੱਲ ਛੇੜੀ। "ਉਹ ਜਿਹੜੀਆਂ ਦੱਸ ਕੇ ਗਈ ਐ ਸੁਣ ਕੇ ਕਾਲਜਾ ਮੱਚ ਗਿਆ। ਕਹਿੰਦੀ, ਤੇਰੀ ਜਠਾਣੀ ਪਿੰਡ 'ਚ ਗੁੱਡਾ ਬੰਨ੍ਹੀ ਫਿਰਦੀ ਐ। ਕਹਿੰਦੀ, ਅੱਡ ਹੋਣ ਵੇਲੇ ਤਾਂ ਦੋਵੇਂ ਤੀਵੀਂ-ਮਾਲਕ ਦੁੰਬ ਚੱਕੀ ਫਿਰਦੇ ਸੀ - ਜੈਦਾਤ ਜੋ ਵੰਡੌਣੀ ਸੀ, ਪਤਾ ਤਾਂ ਹੁਣ ਲਗੂ ਜਦੋਂ ਬਰਾਬਰ ਭੁੱਗਾ ਲਟੌਣਾ ਪਿਆ। ਦੇਖੂੰ ਨਾ ਹੁਣ ਕਿਹੜੇ ਤੱਗੇ ਕਰਾ ਕੇ ਲੈ ਜਾਂਦੇ ਐ। ਮੈਂ ਵੀ ਪਾਲੇ ਦੀ ਧੀ ਨ੍ਹੀਂ ਜੇ ਸੱਗੇ-ਰਤੀਆਂ 'ਚ ਇਨ੍ਹਾਂ ਦਾ ਮੂੰਡਕਾ ਨੀਵਾਂ ਨਾ ਕੀਤਾ ਤਾਂ, ਸਾਡੀ ਛਪਰੀ ਤੇ ਭਾਵੇਂ ਕੱਖ ਨਾ ਰਹੇ।"

ਪਰ ਈਸਰ ਨੇ ਉਹਦੀ ਗੱਲ ਦਾ ਕੋਈ ਮੋੜ ਨਾ ਦਿੱਤਾ। ਕੁਝ ਤਾਂ ਸਾਰੇ ਦਿਨ ਦੇ ਥਕੇਵੇਂ ਨਾਲ ਉਹਦੇ ਹੱਡ ਚਸਕੀ ਜਾਂਦੇ ਸਨ, ਉਤੋਂ ਕੌੜੀਆਂ-ਕੁਸੈਲੀਆਂ ਸੁਣ ਕੇ ਚਿੱਤ ਹੋਰ ਭੈੜਾ ਪੈ ਗਿਆ।

"ਇਹ ਤਾਂ ਹੂਲਾ ਫੱਕਣਾ ਈ ਪਊ", ਮੁਨੋ ਲੇ ਗੱਲ ਉਸ ਪਾਸੇ ਮੋੜ ਲਈ। "ਜੇ ਮਾੜਾ ਮੋਟਾ ਵੀ ਹੱਥ ਘੁੱਟ ਲਿਆ ਤਾਂ ਏਸ ਕਲ-ਮੂੰਹੀਂ ਨੇ ਸਾਰੀ ਉਮਰ ਮੈਨੂੰ ਨੈਣ ਕੇ ਮਾਰ ਦੇਣੈ। ਕੌਲ੍ਹੇ ਨਾਲ ਚੁਲ੍ਹੈ, ਚੱਤੋ ਪਹਿਰ ਆਰਾਂ ਲਾਇਆ ਕਰੂ। ਉਧਰੋਂ ਤੇਰੀ ਭੈਣ ਵਨੀਓਂ ਵੀ ਡਰ ਲੱਗਦੈ। ਕੁਸ਼ ਉਹਦਾ ਸਭਾ ਖਰ੍ਹਵੈ, ਕੁਸ਼ ਇਹੋ ਜਿਹਾਂ ਦੀ ਸਿਖੀ-ਸਖਾਈ ਉਹ ਹੋਰ ਦੀਆਂ ਹੋਰ ਬਣਾ ਲੂ। ਉਹਨੇ ਆਖਣੈ, ਚਾਰ ਛਿਲੜ ਲੈਣ ਦੇ ਮਾਰੇ ਘੇਸਲ ਵਟ ਗਏ। ਊਂ ਵੀ ਪਹਿਲਾ ਸਾਹੈ। ਲੈਣ-ਦੇਣ ਜੱਗ ਤੇ ਬਣਿਆ ਆਇਐ। ਜਿਨ੍ਹਾਂ ਦੇ ਡੰਗ ਨੀਂ ਪਕਦੀ ਏਹੋ ਜੇ ਮੌਕੇ ਤਾਂ ਉਹ ਵੀ ਭੈਣ-ਭਰਾਵਾਂ ਤੋਂ ਮਗਰ ਨੀਂ ਰਹਿੰਦੇ।"

ਮੁਨੋ ਕਿੰਨਾ ਚਿਰ ਬੋਲਦੀ ਰਹੀ। ਈਸਰ ਚੁੱਪ ਕੀਤਾ ਸੁਣਦਾ ਰਿਹਾ। ਉਹਨੂੰ ਕਿਸੇ ਗੱਲ ਦਾ ਜੁਆਬ ਨਹੀਂ ਸੀ ਔੜ੍ਹ ਰਿਹਾ। ਉਹ ਸੋਚੀਂ ਪਿਆ, ਸਿਰ ਫੜੀ ਖੁਰਲੀ ਉਤੇ ਬੈਠਾ ਰਿਹਾ।

ਮੁਨੋ ਤੋਂ ਘਰ ਦੀ ਹਾਲਤ ਗੁੱਝੀ ਨਹੀਂ ਸੀ। ਭਰਾ ਨਾਲੋਂ ਅੱਡ ਹੋਣ ਵੇਲੇ, ਈਸਰ ਦੇ ਵਿਆਹ ਲਈ ਲਏ ਕਰਜ਼ੇ ਉਤੇ, ਉਹਦਾ ਗੂਠਾ ਲੁਆ ਕੇ ਫੇਰ ਈਸਰ ਦੀ ਭਰਜਾਈ ਨੇ ਭਾਂਡੇ ਚੁਕਣ ਦਿੱਤੇ ਸਨ। ਪੈਲੀ ਵੀ ਅੱਧਿਓਂ ਬਹੁਤੀ ਮਾਰੂ ਦਿੱਤੀ ਸੀ। ਉਤੋਂ ਕਰਜ਼ਾ ਹੋਰ ਵਧੀ ਜਾਂਦਾ ਸੀ। ਏਸੇ ਕਰਕੇ ਹੋਰ ਕੋਈ ਵਾਧੂ ਖਰਚ ਸਹੇੜਨਾ ਉਹਨੂੰ ਅੱਡੀਆਂ ਚੁੱਕ ਕੇ ਫਾਹਾ ਲੈਣ ਵਾਲੀ ਗੱਲ ਲੱਗਦੀ ਸੀ। ਮੁਨੋ ਵੀ ਚਿੱਤੋਂ ਉਹਨੂੰ ਦੁਖੀ ਕਰਕੇ ਰਾਜ਼ੀ ਨਹੀਂ ਸੀ ਪਰ ਜਦੋਂ ਜਠਾਣੀ ਦੇ ਤਾਹਨੇ-ਮਿਹਣੇ ਸੁਣਦੀ ਤਾਂ ਉਹਦੀ ਕੋਈ ਵਾਹ ਨਾ ਜਾਂਦੀ। ਜੱਗ ਭਾਵੇਂ ਕਿਸੇ ਨਹੀਂ ਜਿੱਤਿਆ ਪਰ ਨਮੋਸ਼ੀ ਝੱਲਣੀ ਵੀ ਕਿਹੜਾ ਸੌਖੀ ਸੀ।

"ਚੰਗਾ ਫੇਰ ਐਂ ਕਰ", ਈਸਰ ਨੂੰ ਢਿੱਲਾ ਵੇਖ ਕੇ, ਮੁਨੋ ਨੇ ਕੁਝ ਸੋਚ ਕੇ ਕਿਹਾ: "ਤੂੰ ਮੁੰਡੇ ਦੇ ਕੱਪੜੇ-ਲੀੜੇ ਬਣਵਾ ਲਿਆ, ਹੋਰ ਸਾਰਾ ਮੈਂ ਆਪੇ ਸਾਰ ਲਊਂ।"

"ਆਪੇ ਸਾਰ ਲਏਂਗੀ?" ਈਸਰ ਨੇ ਹੈਰਾਨੀ ਨਾਲ ਉਹਦੇ ਮੂੰਹ ਵੱਲ ਝਾਕਦਿਆਂ ਕਿਹਾ।

"ਆਹੋ, ਮੈਂ ਆਪੇ ਸਾਰ ਲਊਂ।" ਕੁਝ ਮਾਣ ਜਿਹੇ ਨਾਲ ਮੁਨੋ ਨੇ ਅੱਗੋਂ ਜੁਆਬ ਦਿੱਤਾ ਤੇ ਉਠ ਕੇ ਆਪਣੇ ਕੰਮ ਜਾ ਲੱਗੀ।

ਈਸਰ ਏਸ ਗੁੱਝੀ ਗੱਲ ਬਾਰੇ ਖਾਸਾ ਚਿਰ ਸੋਚਦਾ ਰਿਹਾ ਪਰ ਉਹਨੂੰ ਕੋਈ ਸਮਝ ਨਾ ਆਈ। ਅਗਲੇ ਦਿਨ ਈਸਰ ਨੇ ਮੰਡੀਓਂ ਬੀ ਲੈਣ ਜਾਣਾ ਸੀ। ਜਦੋਂ ਉਹ ਤੁਰਨ ਲੱਗਿਆ ਤਾਂ ਮੁਨੋ ਨੇ ਉਹਨੂੰ ਅੰਦਰ ਸੱਦ ਲਿਆ। ਸੰਦੂਕ ਕੋਲ ਜਾ ਕੇ ਨਵੇਂ ਫੈਸ਼ਨ ਦੇ ਕਾਂਟੇ ਕਰਾ ਲਿਆਈਂ, ਜਿਹੋ ਜਿਹੇ ਹਰੋ ਨੇ ਬਹੂ ਵਾਸਤੇ ਕਰਾਏ ਸੀ। ਬਹੂ ਦਾ ਤਿਓਰ ਮੈਂ ਆਪੇ ਘਰੋਂ ਜੋੜ ਲਊਂ।"

ਈਸਰ ਨੂੰ ਜਿਵੇਂ ਸਕਤਾ ਮਾਰ ਗਿਆ। ਉਹ ਖਾਸਾ ਚਿਰ ਕਦੇ ਸੱਗੀ ਵੱਲ ਤੇ ਕਦੇ ਮੁਨੋ ਦੀਆਂ ਅੱਖਾਂ ਵੱਲ ਝਾਕਦਾ ਰਿਹਾ।

"ਝਾਕਦਾ ਕੀ ਐਂ ਏਸ ਗੱਲ ਦੀ ਕਾਹਦੀ ਨਮੋਸ਼ੀ ਐ", ਮੁਨੋ ਨੇ ਸੱਗੀ ਈਸਰ ਦੇ ਖੀਸੇ ਵਿਚ ਪਾਂਦਿਆਂ ਕਿਹਾ, "ਆਵਦੀ ਇੱਜਤ ਪਿੱਛੇ ਲੋਕ ਦੇਹਾਂ ਵੇਚ ਦਿੰਦੇ ਐ ਇਹ ਤਾਂ ਭੋਰਾ ਸਿਊਨੈਂ। ਜਿਊਂਦਾ ਰਹੇ ਮੇਰਾ ਸ਼ੇਰ, ਸਲੱਗ ਨਿਕਲਿਆ ਤਾਂ ਸੱਗੀਆਂ ਹੋਰ ਬਥੇਰੀਆਂ।" ਇਹ ਕਹਿੰਦਿਆਂ ਉਹਨੇ, ਵਿਹੜੇ ਵਿਚ ਗੜ੍ਹੀਰਾ ਰੇੜ੍ਹੀ ਫਿਰਦੇ ਮੱਖਣ ਵੱਲ ਤੱਕਿਆ ਤੇ ਉਹਦੀਆਂ ਅੱਖਾਂ ਲਿਸ਼ਕ ਪਈਆਂ।

ਈਸਰ ਨੀਵੀਂ ਪਾਈ ਖੜੋਤਾ ਰਿਹਾ। ਉਹਨੂੰ ਜਾਪਿਆ ਜਿਵੇਂ ਉਹਦੇ ਉਤੇ ਕੋਹੀ ਢਿੱਗ ਆ ਡਿੱਗੀ ਹੋਵੇ। ਉਹਦਾ ਸਾਹ ਘੁੱਟ ਰਿਹਾ ਸੀ। ਪਰ ਮੁਨੋ ਨੇ ਉਹਨੂੰ ਬਾਹੋਂ ਫੜ ਕੇ ਬਾਹਰ ਲੈ ਆਂਦਾ ਤੇ ਬੂਹੇ ਤਾਈਂ ਛੱਡ ਆਈ। ਈਸਰ ਜੱਕੋ-ਤੱਕੀ ਵਿਚ ਮੰਡੀ ਦੇ ਰਾਹ ਪੈ ਗਿਆ।

...ਤੇ ਫੇਰ ਜਿਦੋਂ ਨਾਨਕਾ-ਮੇਲ, ਈਸਰ ਦੀ ਭੈਣ ਦੇ ਸਹੁਰੀਂ ਆਇਆ ਓਦੋਂ ਮੁਨੋ ਧਰਤੀ ਤੋਂ ਹੱਥ-ਹੱਥ ਉਚੀ ਤੁਰ ਰਹੀ ਸੀ। ਉਹਦੇ ਨਵੇਂ ਫੈਸ਼ਨ ਦੇ ਕਾਂਟਿਆਂ ਤੇ ਸੁੱਚੇ ਤਿਓਰਾਂ ਦੀ ਈ ਚਰਚਾ ਅੰਗ-ਸਾਕ ਕਰ ਰਹੇ ਸਨ। ਉਹਦੀ ਜਠਾਣੀ ਤੋਂ, ਜਿਹੜੀ ਕਿਦੇ ਦੀ ਨੂੰਹੇ ਵਾਂਗ ਟੱਪਦੀ ਫਿਰਦੀ ਸੀ, ਮੱਖੀ ਨਹੀਂ ਸੀ ਉਡਦੀ, ਮੁਨੋ ਮੁੜ-ਮੁੜ ਆਪਣੀ ਜਠਾਣੀ ਵੱਲ ਝਾਕਦੀ ਪਰ ਉਹ ਅੱਗੋਂ ਅੱਖ ਉਚੀ ਨਹੀਂ ਸੀ ਕਰ ਸਕਦੀ।

ਜੰਞ ਤੋਰ ਕੇ ਮੇਲਣਾਂ ਜਦੋਂ ਗਿੱਧਾ ਪੌਣ ਲੱਗੀਆਂ ਤਾਂ ਮੁਨੋ ਨੱਚਣ ਲਈ ਆਪੇ ਵਿਚਾਲੇ ਆ ਖੜੋਤੀ - ਉਂਜ ਵੀ ਨਾਨਕੇ-ਮੇਲ ਵਿਚੋਂ, ਉਹ ਉਮਰੋਂ ਸਭ ਤੋਂ ਛੋਟੀ ਸੀ ਤੇ ਰੂਪ ਵੀ ਅੱਜ ਉਹਦੇ ਉਤੇ ਲੋਹੜੇ ਦਾ ਚੜ੍ਹਿਆ ਹੋਇਆ ਸੀ।

ਮੇਲਣਾਂ ਨੇ ਗਿੱਧਾ ਸ਼ੁਰੂ ਕੀਤਾ। ਅਕੇਰਾਂ ਤਾਂ ਮੁਨੋ ਦੀਆਂ ਗੱਲ੍ਹਾਂ ਸੰਗ ਨਾਲ, ਉਹਦੇ ਹਵਾ ਪਿਆਜੀ-ਸਿਰਕੇ ਵਰਗੀਆਂ ਹੋ ਗਈਆਂ। ਪਰ ਬਿੰਦ ਕੁ ਪਿੱਛੋਂ ਅੱਡੀ ਗਿੱਧੇ ਦੀ ਤਾਲ ਨਾਲ ਵੱਜਣ ਲੱਗ ਪਈ। ਸਾਰੇ ਅੰਗ ਪਾਰੇ ਵਾਂਗ ਥਰਕਣ ਲੱਗ ਪਏ। ਸਿਰਕੇ ਦੀਆਂ ਕੰਨੀਆਂ ਫੜ ਕੇ ਜਦੋਂ ਉਹਨੇ ਗੇੜਾ ਦਿੱਤਾ, ਲੱਕ ਸਪਣੀ ਵਾਂਗ ਸੱਤ ਵਲ ਖਾ ਗਿਆ। ਉਹਦੀਆਂ ਅੱਡੀਆਂ ਨਾਲ ਵਿਹੜੇ ਵਿਚ, ਪੰਜੇਬਾਂ ਦੇ ਘੁੰਗਰੂਆਂ ਵਾਂਗ ਜ਼ੰਜੀਰੀ ਉਲੀਕੀ ਗਈ ਸੀ। ਗਿੱਧਾ ਪੌਂਦਿਆਂ ਮੇਲਣਾਂ ਦੇ ਹੱਥ ਅੰਬ ਚੱਲੇ ਸਨ ਪਰ ਮੁਨੋ ਨੂੰ ਸਗੋਂ ਹੋਰ ਖੁਮਾਰੀ ਚੜ੍ਹਦੀ ਜਾਂਦੀ ਸੀ।

ਗਲੀ ਵਿਚ ਪਿੰਡ ਦੇ ਗੱਭਰੂਆਂ ਦਾ ਖਾਸਾ 'ਕੱਠ ਹੋ ਗਿਆ ਸੀ। ਕਈ ਗਿੱਧੇ ਦੀ ਲੋਰ ਵਿਚ ਆਏ ਮੇਲਣਾਂ ਦੇ ਹੋਰ ਨੇੜੇ ਹੁੰਦੇ ਜਾਂਦੇ ਸਨ।

"ਮਿਤਰ ਰੰਨ ਦੀਆਂ ਅੱਖਾਂ ਵੇਖ ਕਿਵੇਂ ਨਗਾਂ ਆਂਗੂੰ ਦਗਦੀਐਂ।"

ਗਿੱਧੇ ਵਾਲੀਆਂ ਦੇ ਨੇੜੇ ਆਏ ਦੋ ਗੱਭਰੂਆਂ ਵਿਚੋਂ ਇੱਕ ਨੇ ਨਾਲ ਦੇ ਨੂੰ ਕਿਹਾ।

"ਕੀ ਪੁੱਛਦੈਂ" ਦੂਜੇ ਨੇ ਮਸਤੀ ਨਾਲ ਜੁਆਬ ਦਿੱਤਾ। "ਪਰ ਜੇ ਕਿਤੇ ਉਚਾ ਸਿਰ ਕਰਕੇ ਸੱਗੀ ਪਾਈ ਹੁੰਦੀ ਤਾਂ ਮ੍ਰਾਤਣ ਛੜਿਆਂ ਦੇ ਆਹੂ ਕਿਹੜਾ ਨਾ ਲਾਹ ਦਿੰਦੀ।"

"ਗੱਲ ਤਾਂ ਤੇਰੀ ਪੱਕੀ ਐ," ਪਹਿਲੇ ਨੇ ਉਹਦੀ ਗੱਲ ਦਾ ਹੁੰਗਾਰਾ ਭਰਿਆ, "ਕੱਲੇ ਫੁੱਲ ਤਾਂ ਉਈਂ ਵਛਰੂ ਦੇ ਸਿੰਗਾਂ ਆਂਗੂੰ ਲੱਗਦੇ ਐਂ।"

"ਪਰ ਊਂ ਰੱਬ ਨੇ ਰੂਪ ਦੇਣ ਵੇਲੇ ਭੋਰਾ ਸੂਮਪੁਣਾ ਨੀਂ ਕੀਤਾ-ਜਿਵੇਂ ਕਿਤੇ ਵਿਹਲੇ ਬਹਿ ਕੇ ਘੜੀ ਹੁੰਦੀ ਐ ਕਿਤੇ ਤਥਾ ਨੀਂ ਛੱਡੀ, ਜਮਾਂ ਇੰਦਰ ਦੇ 'ਖਾੜੇ ਦੀ ਪਰੀ ਲੱਗਦੀ ਐ।"

ਗਿੱਧਾ ਮੱਠਾ ਪੈਂਦਾ ਪੈਂਦਾ ਬੰਦ ਹੋ ਗਿਆ। ਕੋਈ ਮੇਲਣ ਬੋਲੀ ਪਾਣ ਲੱਗੀ ਸੀ। ਬੋਲੀ ਦੇ ਤੋੜੇ ਨਾਲ ਗਿੱਧੇ ਦੀ ਧਮਕਾਰ ਫੇਰ ਪੈਣ ਲੱਗੀ ਪਰ ਹੁਣ ਮੁਨੋ ਦੀ ਅੱਡੀ ਦਾ ਤਾਲ ਥਿੜਕਣ ਲੱਗ ਪਿਆ ਸੀ, ਸਾਰੇ ਅੰਗ ਜਿਵੇਂ ਸਿਲ-ਪੱਥਰ ਹੁੰਦੇ ਜਾਂਦੇ ਸਨ, ਮੂੰਹ 'ਤੇ ਪਿਲੱਤਣ ਆ ਗਈ-ਉਹਦੇ ਥਿੜਕਦੇ ਪੈਰਾਂ ਨਾਲ ਗਿੱਧੇ ਦੀ ਤਾਲ ਵੀ ਉਖੜਨ ਲੱਗ ਪਈ। ਗਿੱਧਾ ਬੰਦ ਹੋ ਗਿਆ, ਮੁਨੋ ਸੱਜੇ ਪੈਰ ਦਾ ਗਿੱਟਾ ਫੜ ਕੇ ਬਹਿ ਗਈ।

"ਕੁੜੇ ਕੀ ਹੋਇਆ?" ਸਾਰੀਆਂ ਨੇ ਹੈਰਾਨੀ ਨਾਲ ਇੱਕੋ ਵਾਰੀ ਪੁੱਛਿਆ।

"ਗਿੱਟੇ ਨੂੰ ਮੋਚ ਆ ਗਈ।" ਮੁਨੋ ਨੇ ਮਲਵੀਂ ਜੀਭ ਨਾਲ ਜੁਆਬ ਦਿੱਤਾ।

ਪਰ ਸਿਆਣੀਆਂ ਤਾੜ ਗਈਆਂ, 'ਮੋਚ ਉਹਦੇ ਕਿਤੇ ਹੋਰ ਆਈ ਸੀ।'

"ਮੇਲਣ ਨੂੰ ਤਾਂ ਜੁੱਟਾ ਨਜ਼ਰ ਲੱਗ ਗਈ।" ਉਨ੍ਹਾਂ ਦੋਹਾਂ ਗੱਭਰੂਆਂ ਵਿਚੋਂ ਇੱਕ ਨੇ ਕਿਹਾ, ਤੇ ਚੁੱਪ ਕਰਕੇ ਤੁਰ ਗਏ।

*(ਸੱਗੀ-ਫੁੱਲ ਵਿਚੋਂ)*

# ਜੋੜਾਂ ਦਾ ਦਰਦ, ਕਾਰਨ ਅਤੇ ਇਲਾਜ

**ਸਿਹਤ ਵਿਗਿਆਨ**

**ਡਾ. ਜੇ.ਐਸ. ਜੱਗੀ***

ਕੋਈ ਮਨੁੱਖ ਕਿੰਨਾ ਵੀ ਸਮਝਦਾਰ ਅਤੇ ਗਿਆਨੀ ਕਿਉਂ ਨਾ ਹੋਵੇ, ਜੇ ਸਿਹਤ ਪ੍ਰਤੀ ਜਾਗਰੂਕ ਨਹੀਂ ਹੈ ਤਾਂ ਉਸ ਦਾ ਗਿਆਨ ਅਧੂਰਾ ਹੈ ਅਤੇ ਉਹ ਉਮਰ ਵੀ ਘੱਟ ਭੋਗਦਾ ਹੈ। ਵੈਸੇ ਮਨੁੱਖ ਦੀ ਉਮਰ ਤਾਂ ਆਲੇ-ਦੁਆਲੇ ਦੀਆਂ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਉਤੇ ਨਿਰਭਰ ਕਰਦੀ ਹੈ, ਜਿਵੇਂ ਵਾਤਾਵਰਣ, ਖਾਣ-ਪੀਣ, ਕਸਰਤ, ਸਮਾਜ, ਰਾਜਨੀਤੀ ਅਤੇ ਆਰਥਿਕਤਾ ਆਦਿ। ਪਰੰਤੂ ਸਰੀਰ ਨੂੰ ਮੁੱਖ ਤੌਰ 'ਤੇ ਦੋ ਚੀਜ਼ਾਂ ਹੀ ਸ਼ਕਤੀ ਦਿੰਦੀਆਂ ਹਨ, ਖੁਰਾਕ ਅਤੇ ਕਸਰਤ।

***ਇਹ ਲੇਖ ਕਿਸੇ ਡਾਕਟਰ ਦੇ ਮਾਹਿਰ ਸਲਾਹ-ਮਸ਼ਵਰੇ ਵਜੋਂ ਨਹੀਂ ਸਗੋਂ ਮਹਿਜ ਪਾਠਕਾਂ ਦੀ ਆਮ ਜਾਣਕਾਰੀ ਲਈ ਛਾਪਿਆ ਜਾ ਰਿਹਾ ਹੈ। ਪਾਠਕ ਇਸ ਸਲਾਹ ਉਤੇ ਅਮਲ ਕਰਨ ਤੋਂ ਪਹਿਲਾਂ ਆਪਣੇ ਮਾਹਿਰ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰ ਲੈਣ। ਅਦਾਰਾ ਪੰਜਾਬ ਟਾਈਮਜ਼ ਇਸ ਲੇਖ ਵਿਚ ਦਿੱਤੀ ਸਲਾਹ ਦੇ ਚੰਗੇ-ਮਾੜੇ ਨਤੀਜੇ ਲਈ ਜ਼ਿੰਮੇਵਾਰ ਨਹੀਂ ਹੈ। -ਸੰਪਾਦਕ***

ਜੋੜਾਂ ਦੇ ਦਰਦ ਦੀ ਕੋਈ ਉਮਰ ਹੱਦ ਨਹੀਂ ਹੈ। ਇਹ ਕਿਸੇ ਵੀ ਵਿਅਕਤੀ ਨੂੰ, ਕਦੇ ਵੀ, ਕਿਸੇ ਵੀ ਉਮਰ ਵਿਚ ਹੋ ਸਕਦੀ ਹੈ। ਹੁਣ ਉਹ ਸਮਾਂ ਗਿਆ ਜਦੋਂ ਨੌਜਵਾਨ ਆਪਣੇ ਬਜ਼ੁਰਗਾਂ ਨੂੰ ਅਕਸਰ ਕਹਿੰਦਿਆਂ ਸੁਣਦੇ ਸਨ, "ਭਾਈ ਹੁਣ ਤਾਂ ਉਮਰ ਹੋ'ਗੀ, ਗੋਡਿਆਂ ਤੋਂ ਵੀ ਚੱਲਿਆ ਨ੍ਹੀਂ ਜਾਂਦਾ" ਪਰ ਹੁਣ ਬਜ਼ੁਰਗਾਂ ਦੀਆਂ ਉਨ੍ਹਾਂ ਗੱਲਾਂ ਨੂੰ ਅਣ-ਗੌਲਿਆ ਕਰਨ ਵਾਲੇ ਨੌਜਵਾਨ ਖੁਦ ਇਸ ਰੋਗ ਦੀ ਲਪੇਟ ਵਿਚ ਹਨ। ਉਨ੍ਹਾਂ ਦੀ ਹਾਲਤ ਦੇਖ ਕੇ ਇਹ ਗੱਲ ਤਾਂ ਸਾਫ ਹੋ ਗਈ ਹੈ ਕਿ ਵਧਦੀ ਉਮਰ ਜੋੜਾਂ ਦੇ ਦਰਦ ਦਾ ਕਾਰਨ ਨਹੀਂ ਹੁੰਦੀ।

ਜੋੜਾਂ ਦੇ ਦਰਦਾਂ ਦਾ ਮੁੱਖ ਕਾਰਨ ਖੂਨ ਵਿਚ ਯੂਰਿਕ ਐਸਿਡ ਦਾ ਵਧ ਜਾਣਾ ਹੈ। ਜਦੋਂ ਖੂਨ ਵਿਚ ਯੂਰਿਕ ਐਸਿਡ ਵਧ ਜਾਂਦਾ ਹੈ ਤਾਂ ਇਹ ਫੋਕਟ ਪਦਾਰਥ ਸਾਡੀਆਂ ਹੱਡੀਆਂ ਦੇ ਜੋੜਾਂ ਵਿਚ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ ਜਿਸ ਕਾਰਨ ਹੱਡੀਆਂ ਦੇ ਜੋੜਾਂ ਨੂੰ ਚਿਕਨਾਹਟ ਦੇ ਕੇ ਸੌਖਾ ਰੱਖਣ ਵਾਲੀਆਂ ਗ੍ਰੰਥੀਆਂ ਖੁਸ਼ਕ ਹੋ ਜਾਂਦੀਆਂ ਹਨ ਅਤੇ ਚਿਕਨਾਹਟ ਪੈਦਾ ਕਰਨਾ ਘੱਟ ਕਰ ਦਿੰਦੀਆਂ ਹਨ। ਇਸ ਕਰਕੇ ਜੋੜਾਂ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ। ਖੂਨ ਵਿਚ ਯੂਰਿਕ ਐਸਿਡ ਦੀ ਮਾਤਰਾ ਘੱਟ ਤੋਂ ਘੱਟ 2.5 ਅਤੇ ਵੱਧ ਤੋਂ ਵੱਧ 7.0 ਤੱਕ ਆਂਕੀ ਗਈ ਹੈ, ਯੂਰਿਕ ਐਸਿਡ ਦੀ 2.5 ਤੋਂ ਥੋੜੀ ਜਹੀ ਜਿਆਦਾ ਮਾਤਰਾ ਵੀ ਜੋੜਾਂ ਵਿਚ ਦਰਦਾਂ ਦਾ ਕਾਰਨ ਹੋ ਸਕਦੀ ਹੈ। ਆਮ ਦਵਾਈਆਂ ਨਾਲ ਯੂਰਿਕ ਐਸਿਡ ਨੂੰ ਖੂਨ ਵਿਚੋਂ ਤਾਂ ਘੱਟ ਕੀਤਾ ਜਾ ਸਕਦਾ ਹੈ ਪਰ ਜੋੜਾਂ ਵਿਚੋਂ ਨਹੀਂ ਕੱਢਿਆ ਜਾ ਸਕਦਾ। ਇਸ ਕਰਕੇ ਹੀ ਲੰਮਾ ਸਮਾਂ ਦਵਾਈ ਖਾਣ ਤੋਂ ਬਾਅਦ ਟੈਸਟ ਕਰਵਾ ਕੇ ਮਰੀਜ਼ ਚਿੰਤਾ ਵਿਚ ਪੈ ਜਾਂਦਾ ਹੈ। ਸੋਚਦਾ ਹੈ ਕਿ ਯੂਰਿਕ ਐਸਿਡ ਤਾਂ ਨਾਰਮਲ ਹੈ ਪਰ ਜੋੜਾਂ ਵਿਚ ਦਰਦਾਂ ਹਾਲੇ ਵੀ ਉਸੇ ਤਰ੍ਹਾਂ ਹੀ ਹੁੰਦੀਆਂ ਹਨ? ਇਲੈਕਟ੍ਰੋਪੈਥਿਕ ਦਵਾਈ ਰਾਹੀਂ ਯੂਰਿਕ ਐਸਿਡ ਨੂੰ ਜੋੜਾਂ ਵਿਚੋਂ ਖੋਰ ਕੇ ਪਿਸ਼ਾਬ ਦੇ ਰਸਤੇ ਬਾਹਰ ਕੱਢ ਦਿੱਤਾ ਜਾਂਦਾ ਹੈ, ਜਿਸ ਨਾਲ ਖੁਸ਼ਕ ਹੋਈਆਂ ਗ੍ਰੰਥੀਆਂ ਲੋੜ ਅਨੁਸਾਰ ਚਿਕਨਾਹਟ ਪੈਦਾ ਕਰਨਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਜੋੜਾਂ ਦਾ ਦਰਦ ਠੀਕ ਹੋ ਜਾਂਦਾ ਹੈ।

### ਪ੍ਰਹੇਜ਼ ਅਤੇ ਖਾਣ-ਪੀਣ

ਇਹ ਕਹਾਵਤ ਅਜੀਬ ਲੱਗਦੀ ਹੈ ਪਰ ਸੱਚ ਹੈ ਕਿ ਰੋਗ ਘੋੜੇ ਦੀ ਚਾਲ ਆਉਂਦਾ ਹੈ ਅਤੇ ਕੀੜੀ ਦੀ ਚਾਲ ਜਾਂਦਾ ਹੈ। ਪਰ ਮਰੀਜ਼ ਜੇ ਇਲਾਜ ਵਿਚ ਸਹਿਯੋਗ ਦੇਵੇ ਤਾਂ ਰੋਗ ਨੂੰ ਤੇਜ਼ੀ ਨਾਲ ਅਤੇ ਘੱਟ ਤੋਂ ਘੱਟ ਸਮੇਂ ਵਿਚ ਠੀਕ ਵੀ ਕੀਤਾ ਜਾ ਸਕਦਾ ਹੈ। ਜਿਨ੍ਹਾਂ ਮਰੀਜ਼ਾਂ ਨੇ ਪੂਰਨ ਸਹਿਯੋਗ ਦਿੱਤਾ, ਉਹ 10 ਤੋਂ 15 ਸਾਲ ਪੁਰਾਣੇ ਰੋਗੀ ਹੋਣ ਦੇ ਬਾਵਜੂਦ 3 ਮਹੀਨੇ ਤੋਂ ਵੀ ਘੱਟ ਸਮੇਂ ਵਿਚ ਠੀਕ ਹੋਏ ਹਨ। ਇੱਥੇ ਸਹਿਯੋਗ ਦੇਣ ਤੋਂ ਭਾਵ ਸਿਰਫ਼ ਖਾਣ-ਪੀਣ ਦੀਆਂ ਆਦਤਾਂ ਵਿਚ ਸੁਧਾਰ ਕਰਨ ਤੋਂ ਹੀ ਹੈ, ਕਿਸੇ ਵਿਸ਼ੇਸ਼ ਤਰ੍ਹਾਂ ਦੀ ਕਸਰਤ ਜਾਂ ਅਰਾਮ ਤੋਂ ਨਹੀਂ। ਸਿਹਤ ਨੂੰ ਖਰਾਬ ਕਰਨ ਵਾਲੇ ਤੱਤ ਸਾਡੀ ਰੋਜ਼ਾਨਾ ਜ਼ਿੰਦਗੀ 'ਚ ਕੰਮ ਆਉਣ ਵਾਲੀਆਂ ਸਬਜ਼ੀਆਂ, ਦਾਲਾਂ, ਫਰੂਟ ਅਤੇ ਡਿੱਬਾ ਬੰਦ ਪਦਾਰਥਾਂ ਵਿਚ ਮੌਜੂਦ ਹੁੰਦੇ ਹਨ। ਸਿਰਫ਼ ਇਨ੍ਹਾਂ ਨੂੰ ਪਛਾਣਨ ਦੀ ਲੋੜ ਹੈ।

### ਇਲਾਜ ਦੌਰਾਨ ਖਾਣ-ਪੀਣ

**ਸਬਜ਼ੀਆਂ:** ਘੀਆ/ਕੱਦ, ਤੋਰੀਆਂ, ਬੰਦ ਗੋਭੀ, ਪੇਠਾ, ਸ਼ਿਮਲਾ ਮਿਰਚ, ਗਾਜਰ, ਬੈਂਗਣ, ਚੱਪਣ ਕੱਦ, ਸ਼ਲਗਮ, ਟੀਂਡੇ, ਮਟਰ, ਕਰੇਲਾ, ਪਾਲਕ, ਮੇਥੀ, ਖੀਰਾ, ਮੂਲੀ, ਤਰਾਂ, ਪਿਆਜ਼, ਹਰੀ ਮਿਰਚ ਅਤੇ ਧਨੀਆ।

**ਫਲ:** ਕੇਲਾ, ਸੇਬ, ਚੀਕੂ, ਅਨਾਰ, ਚੁਕੰਦਰ, ਪਪੀਤਾ, ਬੱਗੂ ਗੋਸ਼ਾ, ਤਰਬੂਜ਼ ਅਤੇ ਖਰਬੂਜ਼ਾ।

**ਹੋਰ ਚੀਜ਼ਾਂ:** ਚਾਹ ਜਾਂ ਦੁੱਧ (ਪੱਤੀ ਪਾ ਕੇ) ਦਿਨ ਵਿਚ ਸਿਰਫ ਦੋ ਜਾਂ ਤਿੰਨ ਟਾਇਮ; ਪਾਣੀ ਉਬਾਲਿਆ ਜਾਂ ਫਿਲਟਰ ਕੀਤਾ ਹੋਵੇ; ਤੜਕੇ 'ਚ ਪਿਆਜ਼, ਲਸਣ, ਅਦਰਕ, ਹਰੀ ਮਿਰਚ ਅਤੇ ਸਰ੍ਹੋਂ ਦਾ ਤੇਲ ਵਰਤਿਆ ਜਾ ਸਕਦਾ ਹੈ।

### ਇਲਾਜ਼ ਦੌਰਾਨ ਪ੍ਰਹੇਜ

**ਸਬਜ਼ੀਆਂ:** ਆਲੂ, ਫੁੱਲ ਗੋਭੀ, ਅਰਬੀ, ਭਿੰਡੀ, ਖੁੰਭ, ਪਨੀਰ, ਦਹੀਂ, ਲੱਸੀ, ਟਮਾਟਰ, ਚਿੱਬੜ ਅਤੇ ਸਰ੍ਹੋਂ ਦਾ ਸਾਗ।

**ਦਾਲਾਂ:** ਦਾਲਾਂ ਦੀਆਂ ਸਾਰੀਆਂ ਕਿਸਮਾਂ ਅਤੇ ਉਨ੍ਹਾਂ ਤੋਂ ਬਣੀਆਂ ਸਾਰੀਆਂ ਵਸਤਾਂ; ਛੋਲਿਆਂ ਦੀਆਂ ਸਾਰੀਆਂ ਕਿਸਮਾਂ ਅਤੇ ਉਨ੍ਹਾਂ ਤੋਂ ਬਣੀਆਂ ਸਾਰੀਆਂ ਵਸਤਾਂ; ਸੋਇਆਬੀਨ ਅਤੇ ਉਸ ਤੋਂ ਬਣੀਆਂ ਸਾਰੀਆਂ ਵਸਤਾਂ।


**ਫਰੂਟ:** ਮੁਸੰਮੀ, ਸੰਗਤਰਾ, ਅੰਗੂਰ, ਅੰਬ, ਲੀਚੀ, ਨਿੰਬੂ, ਅਨਾਨਾਸ ਅਤੇ ਆਲੂ-ਬੁਖਾਰਾ।

**ਹੋਰ ਚੀਜ਼ਾਂ:** ਚਾਵਲ, ਦੁੱਧ, ਅਚਾਰ, ਖੱਟੀਆਂ ਚੀਜ਼ਾਂ, ਤਲੀਆਂ ਚੀਜ਼ਾਂ, ਮਿਠਾਈ, ਚਿਕਨ, ਮੱਛੀ, ਮਟਨ, ਘਿਉ, ਮੱਖਣ, ਸ਼ਰਾਬ, ਬੀਅਰ, ਅੰਡਾ, ਮੂੰਗਫਲੀ, ਅਖਰੋਟ ਅਤੇ ਕਾਜੂ।

### ਦਵਾਈ ਬੰਦ ਕਰਨ ਤੋਂ ਬਾਅਦ ਨਿਰੋਗ ਰਹਿਣ ਲਈ ਪ੍ਰਹੇਜ਼

**ਸਬਜ਼ੀਆਂ:** ਪਨੀਰ, ਸੋਇਆਬੀਨ, ਆਲੂ।

**ਦਾਲਾਂ:** ਦਾਲਾਂ ਅਤੇ ਛੋਲਿਆਂ ਦੀ ਵਰਤੋਂ ਜਿਆਦਾ ਤੋਂ ਜਿਆਦਾ ਹਫਤੇ 'ਚ ਦੋ ਵਾਰ ਕੀਤੀ ਜਾ ਸਕਦੀ ਹੈ।



**ਫਰੂਟ:** ਹਰ ਤਰ੍ਹਾਂ ਦੇ ਫਰੂਟ ਨੂੰ ਖਾਣੇ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ।

**ਹੋਰ ਵਸਤਾਂ:** ਮੱਛੀ, ਸ਼ਰਾਬ, ਬੀਅਰ।

### ਸੁਝਾਅ

ਇਲਾਜ ਦੌਰਾਨ ਅਤੇ ਠੀਕ ਹੋਣ ਤੋਂ ਬਾਅਦ ਉਨ੍ਹਾਂ ਖਾਣ-ਪੀਣ ਦੇ ਪਦਾਰਥਾਂ ਤੋਂ ਹੀ ਪ੍ਰਹੇਜ਼ ਕਰਨ ਲਈ ਕਿਹਾ ਗਿਆ ਹੈ ਜੋ ਆਮ ਵਰਤੇ ਜਾਂਦੇ ਹਨ। ਪੂਰੀ ਤਰ੍ਹਾਂ ਠੀਕ ਹੋ ਕੇ ਦਵਾਈ ਬੰਦ ਕਰਨ ਤੋਂ ਬਾਅਦ ਇਲਾਜ ਦੌਰਾਨ ਬੰਦ ਕੀਤੀਆਂ ਵਸਤਾਂ ਮਰੀਜ਼ ਚਾਹੇ ਤਾਂ ਸ਼ੁਰੂ ਵੀ ਕਰ ਸਕਦਾ ਹੈ। ਬੰਦ ਕੀਤੀਆਂ ਵਸਤਾਂ ਨੂੰ ਇੱਕ-ਇੱਕ ਕਰਕੇ ਖਾਣੇ ਵਿਚ ਸ਼ਾਮਿਲ ਕੀਤਾ ਜਾਵੇ। ਜੇ ਕਿਸੇ ਵਸਤੂ ਦੇ ਸੇਵਨ ਤੋਂ ਬਾਅਦ ਸਰੀਰ ਵਿਚ ਜਕੜਨ, ਬੇਚੈਨੀ ਜਾਂ ਦਰਦਾਂ ਹੁੰਦੀਆਂ ਹੋਣ ਤਾਂ ਉਸ ਨੂੰ ਹਮੇਸ਼ਾਂ ਲਈ ਬੰਦ ਕਰ ਦਿੱਤਾ ਜਾਵੇ, ਜੇ ਲਗਾਤਾਰ ਦੋ ਦਿਨ ਵਰਤੋਂ ਕਰਨ ਤੋਂ ਬਾਅਦ ਵੀ ਕਿਸੇ ਤਰ੍ਹਾਂ ਦੀ ਕੋਈ ਸਰੀਰਕ ਤਕਲੀਫ ਨਹੀਂ ਹੁੰਦੀ ਤਾਂ ਉਸ ਨੂੰ ਹਮੇਸ਼ਾ ਲਈ ਖਾਣੇ ਵਿਚ ਸ਼ਾਮਿਲ ਕਰ ਲਿਆ ਜਾਵੇ।

*ਇਲਾਜ ਦੌਰਾਨ ਖਾਣ-ਪੀਣ ਵਾਲੀਆਂ ਉਪਰ ਦੱਸੀਆਂ ਚੀਜ਼ਾਂ ਵਿਚੋਂ ਮਰੀਜ਼ ਦਾਲਾਂ, ਸਬਜ਼ੀਆਂ, ਫਰੂਟ ਅਤੇ ਹੋਰ ਚੀਜ਼ਾਂ ਦੀ ਚੋਣ ਅਪਣੀ ਪਸੰਦ ਅਨੁਸਾਰ ਵੀ ਕਰ ਸਕਦਾ ਹੈ।

*ਜੇ ਕੋਈ ਤੰਦਰੁਸਤ ਵਿਅਕਤੀ 'ਇਲਾਜ ਦੌਰਾਨ ਖਾਣ-ਪੀਣ' ਬਾਰੇ ਹਦਾਇਤ ਅਨੁਸਾਰ ਆਪਣਾ ਖਾਣ-ਪੀਣ ਰੱਖਦਾ ਹੈ ਤਾਂ ਉਹ ਉਮਰ ਭਰ ਜੋੜਾਂ ਦੇ ਦਰਦਾਂ ਤੋਂ ਦੂਰ ਰਹਿ ਸਕਦਾ ਹੈ।

**ਨੋਟ:** ਜੋੜਾਂ ਦੇ ਦਰਦਾਂ 'ਚ ਪਾਣੀ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ। ਜੇ ਪਾਣੀ ਨੂੰ ਫਿਲਟਰ ਕਰਕੇ ਵਰਤਿਆ ਜਾਵੇ ਤਾਂ ਜੋੜਾਂ ਦੇ ਦਰਦਾਂ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

### ਇਲਾਜ ਦੌਰਾਨ ਦਰਦਾਂ ਅਤੇ ਕਾਰਨ

ਖੂਨ ਵਿਚ ਜਿਵੇਂ-ਜਿਵੇਂ ਯੂਰਿਕ ਐਸਿਡ ਦੀ ਮਾਤਰਾ ਵਧਦੀ ਜਾਂਦੀ ਹੈ। ਉਵੇਂ-ਉਵੇਂ ਮਨੁੱਖ ਸਰੀਰਕ ਦਰਦਾਂ ਵਿਚੋਂ ਗੁਜਰਦਾ ਹੈ, ਜਿਵੇਂ ਸਵੇਰੇ ਉਠਣ ਸਮੇਂ ਪਿੱਠ ਵਿਚ ਜਕੜਨ, ਅੱਡੀਆਂ ਅਤੇ ਪੈਰਾਂ ਦੀਆਂ ਤਲੀਆਂ ਵਿਚ ਦਰਦ, ਸਫ਼ਰ ਕਰਨ ਲੱਗੇ ਜਾਂ ਜ਼ਿਆਦਾ ਦੇਰ ਇੱਕ ਜਗ੍ਹਾ ਬੈਠਣ ਨਾਲ ਗੋਡਿਆਂ ਤੋਂ ਲੈ ਕੇ ਪੈਰਾਂ ਤੱਕ ਸੋਜਿਸ਼ ਆਦਿ। ਮਰੀਜ਼ ਸਵੇਰੇ ਉਠ ਕੇ ਇਹ ਮਹਿਸੂਸ ਕਰਦਾ ਹੈ ਕਿ ਜਿਵੇਂ ਰਾਤ ਨੂੰ ਕਿਸੇ ਨੇ ਉਸ ਨੂੰ ਬੁਰੀ ਤਰ੍ਹਾਂ ਕੁੱਟਿਆ ਹੋਵੇ।

ਦੋ ਤੋਂ 5 ਫ਼ੀਸਦੀ ਲੋਕਾਂ ਵਿਚ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਮਰੀਜ਼ ਦਵਾਈ ਸਹੀ ਢੰਗ ਨਾਲ ਅਤੇ ਪੂਰਾ ਪ੍ਰਹੇਜ਼ ਕਰਕੇ ਲੈ ਰਿਹਾ ਹੈ, ਯੂਰਿਕ ਐਸਿਡ ਦੀ ਮਾਤਰਾ ਵੀ ਲਗਾਤਾਰ ਘਟ ਰਹੀ ਹੈ ਪਰ ਦਰਦਾਂ ਤੋਂ ਕੋਈ ਆਰਾਮ ਨਹੀਂ ਮਿਲ ਰਿਹਾ ਜਾਂ ਯੂਰਿਕ ਐਸਿਡ ਦੇ ਘਟਣ ਮੁਤਾਬਿਕ ਘੱਟ ਆਰਾਮ ਮਿਲ ਰਿਹਾ ਹੈ। ਇਨ੍ਹਾਂ ਹਾਲਤਾਂ ਵਿਚ ਇਲਾਜਕਰਤਾ ਦੇ ਸਹਿਯੋਗ ਨਾਲ ਮਰੀਜ਼ ਨੂੰ ਥੋੜ੍ਹੀ ਮਿਹਨਤ ਕਰਨੀ ਪਵੇਗੀ। ਇਸ ਦਾ ਕਾਰਨ ਇਲਾਜ ਦੌਰਾਨ ਖਾਣ-ਪੀਣ ਵਾਲੀਆਂ ਵਸਤਾਂ ਵਿਚ ਹੀ ਛੁਪਿਆ ਹੋਇਆ ਹੈ। ਹੁਣ ਸਵਾਲ ਇਹ ਹੈ ਕਿ ਉਨ੍ਹਾਂ ਨੁਕਸਾਨਦਾਇਕ ਵਸਤਾਂ ਦੀ ਪਛਾਣ ਕਿਵੇਂ ਕੀਤੀ ਜਾਵੇ? ਇਸ ਦਾ ਆਸਾਨ ਤਰੀਕਾ ਹੈ।

ਇਲਾਜ ਦੌਰਾਨ ਜਿਨ੍ਹਾਂ ਸਬਜ਼ੀਆਂ ਦੀ ਮਰੀਜ਼ ਹਰ ਰੋਜ਼ ਵਰਤੋਂ ਕਰ ਰਿਹਾ ਹੈ, ਉਨ੍ਹਾਂ ਨੂੰ ਤਰਤੀਬ ਨਾਲ ਇਕ ਪੇਪਰ ਉਤੇ ਲਿਖ ਲਿਆ ਜਾਵੇ ਅਤੇ ਸਾਰੀਆਂ ਸਬਜ਼ੀਆਂ ਬੰਦ ਕਰਕੇ ਸਿਰਫ਼ ਇੱਕ ਸਬਜ਼ੀ ਦਾ ਸੇਵਨ ਲਗਾਤਾਰ ਇਕ ਹਫ਼ਤੇ ਤੱਕ ਕੀਤਾ ਜਾਵੇ, ਜੇ ਦਰਦਾਂ ਸ਼ਾਂਤ ਹੋ ਜਾਂਦੀਆਂ ਹਨ ਤਾਂ ਉਸ ਸਬਜ਼ੀ 'ਤੇ ਠੀਕ ਦਾ ਨਿਸ਼ਾਨ ਲਾ ਕੇ ਅਗਲੇ ਹਫ਼ਤੇ ਦੂਜੀ ਸਬਜ਼ੀ ਪਹਿਲੀ ਦੇ ਨਾਲ ਹੀ ਸ਼ੁਰੂ ਕਰ ਲਈ ਜਾਵੇ, ਫਿਰ ਤੀਜੀ ਅਤੇ ਅੱਗੇ ਦੀਆਂ ਸਬਜ਼ੀਆਂ ਇੱਕ-ਇੱਕ ਕਰਕੇ ਸ਼ੁਰੂ ਕੀਤੀਆਂ ਜਾਣ। ਜਿਸ ਸਬਜ਼ੀ ਦੇ ਖਾਣ ਤੋਂ ਬਾਅਦ ਸਰੀਰਕ ਬੇਚੈਨੀ, ਜਕੜਨ ਜਾਂ ਦਰਦਾਂ ਮਹਿਸੂਸ ਹੋਣ, ਉਥੇ ਹੀ ਬੰਦ ਕਰਕੇ ਅਗਲੀ ਸਬਜ਼ੀ ਸ਼ੁਰੂ ਕਰ ਲਈ ਜਾਵੇ। ਇਸ ਤਰ੍ਹਾਂ ਲਗਾਤਾਰ ਅਭਿਆਸ ਕਰਨ 'ਤੇ ਉਸ ਨੁਕਸਾਨਦਾਇਕ ਸਬਜ਼ੀ ਦਾ ਪਤਾ ਲੱਗ ਜਾਵੇਗਾ। ਫਿਰ ਉਸ ਨੂੰ ਹਮੇਸ਼ਾ ਲਈ ਹੀ ਜ਼ਿੰਦਗੀ ਵਿਚੋਂ ਕੱਢ ਦਿੱਤਾ ਜਾਵੇ।

*ਭਾਵੇਂ ਵੱਧ ਪ੍ਰੋਟੀਨ ਵਾਲੇ ਭੋਜਨ ਨੂੰ ਹੀ ਯੂਰਿਕ ਐਸਿਡ ਦਾ ਕਾਰਨ ਮੰਨਿਆ ਜਾਂਦਾ ਹੈ ਪਰ ਦੇਖਿਆ ਇਹ ਵੀ ਗਿਆ ਹੈ ਕਿ ਜਿਹੜੇ ਪਦਾਰਥ ਖਾਣ ਤੋਂ ਬਾਅਦ ਮਨੁੱਖ, ਸਰੀਰਕ ਦਰਦਾਂ, ਬੇਚੈਨੀ ਜਾਂ ਜਕੜਨ ਮਹਿਸੂਸ ਕਰਦਾ ਹੈ ਉਹ ਵੀ ਯੂਰਿਕ ਐਸਿਡ ਵਧਾਉਣ ਵਿਚ ਸਹਾਈ ਹੁੰਦੇ ਹਨ।

### ਸਿਆਟਿਕਾ, ਰੀਂਗਣ ਦਾ ਦਰਦ

ਸਿਆਟਿਕਾ ਜਿਸ ਨੂੰ ਰੀਂਗਣ ਵੀ ਕਿਹਾ ਜਾਂਦਾ ਹੈ, ਪਿੱਠ ਦੇ ਹੇਠਲੇ ਹਿੱਸੇ ਵਿਚੋਂ ਨਿਕਲ ਕੇ ਚੂਲੇ ਵਿਚ ਦੀ ਹੁੰਦੀ ਹੋਈ ਪੱਟ ਤੋਂ ਪੈਰ ਦੇ ਹੇਠਲੇ ਹਿੱਸੇ ਤੱਕ ਜੋ ਨਾੜੀ ਪਹੁੰਚਦੀ ਹੈ, ਉਸ ਵਿਚ ਹੋਣ ਵਾਲੇ ਦਰਦ ਨੂੰ ਹੀ ਸਿਆਟਿਕਾ ਕਿਹਾ ਜਾਂਦਾ ਹੈ।

ਸਿਆਟਿਕਾ ਦਾ ਦਰਦ ਇਨਾ ਅਸਹਿ ਹੁੰਦਾ ਹੈ ਕਿ ਰੋਗੀ ਇਸ ਨੂੰ ਸ਼ਬਦਾਂ ਵਿਚ ਬਿਆਨ ਨਹੀ ਕਰ ਸਕਦਾ। ਕਈ ਵਾਰ ਮਾਮੂਲੀ ਦਰਦ ਮਤਲਬ ਕੰਡੇ ਦੀ ਚੋਭ ਤੋਂ ਲੈ ਕੇ ਤਲਵਾਰ ਦੇ ਫੱਟ ਵਾਂਗ ਹੁੰਦਾ ਹੈ ਅਤੇ ਇਹ ਪਿੱਠ ਦੇ ਹੇਠਲੇ ਹਿੱਸੇ ਤੋਂ ਸ਼ੁਰੂ ਹੋ ਕੇ ਚੂਲੇ ਅਤੇ ਲੱਤ ਵਿਚੋਂ ਦੀ ਹੁੰਦਾ ਹੋਇਆ ਪੈਰ ਤੱਕ ਪਹੁੰਚਦਾ ਹੈ। ਜ਼ਿਆਦਾਤਰ ਇਹ ਦਰਦ ਇੱਕ ਲੱਤ ਵਿਚ ਅਤੇ ਉਹ ਵੀ ਲੱਤ ਦੇ ਬਾਹਰਲੇ ਪਾਸੇ ਮਹਿਸੂਸ ਹੁੰਦਾ ਹੈ। ਸਿਆਟਿਕਾ ਦਾ ਰੋਗੀ ਭਾਵੇਂ ਦੇਖਣ ਵਿਚ ਤੰਦਰੁਸਤ ਲਗਦਾ ਹੈ ਪਰ ਉਸ ਲਈ ਬੈਠਣਾ, ਉਠਣਾ, ਲੇਟਣਾ, ਕਰਵਟ ਲੈਣਾ, ਤੁਰਨਾ ਜਾਂ ਪੌੜੀਆਂ ਚੜ੍ਹਨਾ, ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਹੋ ਜਿਹੇ ਰੋਗੀ ਵੀ ਹੁੰਦੇ ਹਨ ਕਿ ਕੁਝ ਕਦਮ ਚੱਲਣ ਤੋਂ ਬਾਅਦ ਹੀ ਲੱਤਾਂ ਜਵਾਬ ਦੇ ਜਾਂਦੀਆਂ ਹਨ, ਕਮਰ ਟੇਢੀ ਜਿਹੀ ਹੋ ਜਾਂਦੀ ਹੈ ਅਤੇ ਇੱਕ ਦਮ ਤੇਜ਼ ਦਰਦ ਸ਼ੁਰੂ ਹੋ ਜਾਂਦਾ ਹੈ, ਕਈ ਵਾਰ ਤਾਂ ਛਿੱਕਣ, ਖੰਘਣ ਅਤੇ ਲੰਮਾ ਸਾਹ ਲੈਣ ਨਾਲ ਵੀ ਦਰਦ ਵਧਿਆ ਪ੍ਰਤੀਤ ਹੁੰਦਾ ਹੈ। ਕਈ ਰੋਗੀਆਂ ਨੂੰ ਸ਼ੁਰੂ ਵਿਚ ਇੱਕ ਜਾਂ ਦੋਨਾਂ ਲੱਤਾਂ ਵਿਚ ਭਾਰੀਪਣ ਜਾਂ ਸੁੰਨ ਮਹਿਸੂਸ ਹੁੰਦੀ ਹੈ, ਜੋ ਸਮਾਂ ਬੀਤਣ ਨਾਲ ਅਸਹਿ ਦਰਦ ਵਿਚ ਤਬਦੀਲ ਹੋ ਜਾਂਦਾ ਹੈ। ਬਹੁਤ ਸਾਰੇ ਰੋਗੀਆਂ ਦੇ ਇਲਾਜ ਸਮੇਂ ਮੈਂ ਇਸ ਦਾ ਮੁੱਖ ਕਾਰਨ ਯੂਰਿਕ ਐਸਿਡ ਹੀ ਦੇਖਿਆ ਹੈ। ਯੂਰਿਕ ਐਸਿਡ ਦੀ 2.5 ਤੋਂ ਥੋੜ੍ਹੀ ਜ਼ਿਆਦਾ ਮਾਤਰਾ ਵੀ ਸਿਆਟਿਕਾ ਦਾ ਕਾਰਨ ਹੋ ਸਕਦੀ ਹੈ ਕਿਉਂਕਿ ਇਸ ਦਾ ਜਮਾਓ ਮਾਸਪੇਸ਼ੀਆਂ ਵਿਚ ਅੰਦਰੂਨੀ ਸੋਜਿਸ਼ ਪੈਦਾ ਕਰਦਾ ਹੈ ਜਿਸ ਕਾਰਨ ਪਿੱਠ ਵਿਚੋਂ ਲੱਤਾਂ ਨੂੰ ਹੋ ਰਹੇ ਖੂਨ ਸੰਚਾਰ ਵਿਚ ਵਿਘਨ ਪੈਂਦਾ ਹੈ। ਇੱਥੋਂ ਹੀ ਸਿਆਟਿਕਾ ਦੀ ਸ਼ੁਰੂਆਤ ਹੁੰਦੀ ਹੈ।

### ਯੂਰਿਕ ਐਸਿਡ ਤੋਂ ਗਠੀਏ ਤੱਕ

ਜਿਵੇਂ ਕਿਸੇ ਵੀ ਰੋਗ ਦੇ ਗੰਭੀਰ ਹੋਣ ਤੋਂ ਪਹਿਲਾਂ ਉਸ ਦੇ ਲੱਛਣ ਪੈਦਾ ਹੁੰਦੇ ਹਨ, ਉਸੇ ਤਰ੍ਹਾਂ ਗਠੀਏ ਦੀ ਸ਼ੁਰੂਆਤ ਯੂਰਿਕ ਐਸਿਡ ਦੀ ਸਿਖਰ ਹੈ। ਜਦੋਂ ਲੰਮੇ ਸਮੇ ਤੱਕ ਯੂਰਿਕ ਐਸਿਡ ਦੀ ਮਾਤਰਾ ਖੂਨ ਵਿਚ ਵਧੀ ਰਹੇ, ਉਹ ਹੌਲੀ-ਹੌਲੀ ਜੋੜਾਂ ਵਿਚ ਇਕੱਠਾ ਹੋ ਕੇ ਠੋਸ ਰੂਪ ਧਾਰਨ ਕਰ ਲੈਂਦਾ ਹੈ, ਜਿਸ ਕਾਰਨ ਚਿਕਨਾਹਟ ਪੈਦਾ ਕਰਕੇ ਜੋੜਾਂ ਨੂੰ ਸੌਖਾ ਰੱਖਣ ਵਾਲੀਆਂ ਗ੍ਰੰਥੀਆਂ ਸੁੱਕ ਜਾਂਦੀਆਂ ਹਨ। ਪਹਿਲਾਂ ਤਾਂ ਅੰਦਰੂਨੀ ਤੇ ਫਿਰ ਬਾਹਰੀ ਸੋਜਿਸ਼ ਪੈਦਾ ਹੋ ਜਾਂਦੀ ਹੈ। ਸਰੀਰਕ ਅੰਗ ਹੱਡੀਆਂ ਦੇ ਜੋੜਾਂ ਤੋਂ ਟੇਢੇ ਅਤੇ ਬੇ-ਢੰਗੇ ਹੋਣੇ ਸ਼ੁਰੂ ਹੋ ਜਾਂਦੇ ਹਨ ਜਿਸ ਦਾ ਸਿਖਰ ਹੈ ਕਿ ਰੋਗੀ ਝੁਕਦਾ-ਝੁਕਦਾ ਇੱਕ ਦਿਨ ਗੇਂਦ ਦੀ ਤਰ੍ਹਾਂ ਇਕੱਠਾ ਹੋ ਜਾਂਦਾ ਹੈ ਅਤੇ ਫਿਰ ਮੌਤ ਦੇ ਮੂੰਹ ਵਿਚ ਚਲਾ ਜਾਂਦਾ ਹੈ। ਗਠੀਏ ਤੋਂ ਬਚਣ ਦਾ ਇਕੋ ਇੱਕ ਉਪਾਅ ਹੈ ਕਿ ਪਹਿਲਾਂ ਤਾਂ ਜੋੜਾਂ ਵਿਚ ਇਕੱਠੇ ਹੋਏ ਯੂਰਿਕ ਐਸਿਡ ਨੂੰ ਦਵਾਈ ਨਾਲ ਖੋਰ ਕੇ ਪਿਸ਼ਾਬ ਦੇ ਰਸਤੇ ਬਾਹਰ ਕੱਢਿਆ ਜਾਵੇ ਅਤੇ ਠੀਕ ਹੋਣ ਤੋਂ ਬਾਅਦ ਯੂਰਿਕ ਐਸਿਡ ਨੂੰ ਕਾਬੂ ਹੇਠ ਰੱਖਣ ਲਈ ਖਾਣ-ਪੀਣ ਦਾ ਖਾਸ ਧਿਆਨ ਰੱਖਿਆ ਜਾਵੇ।

ਅੱਜ ਤੱਕ ਕਿਸੇ ਵੀ ਖੋਜ ਨੇ ਸਿੱਧ ਨਹੀਂ ਕੀਤਾ ਕਿ ਯੂਰਿਕ ਐਸਿਡ ਦੀ ਕਿੰਨੀ ਮਾਤਰਾ ਹੋਣ 'ਤੇ ਗਠੀਆ ਸ਼ੁਰੂ ਹੁੰਦਾ ਹੈ ਕਿਉਂਕਿ ਦੇਖਣ ਵਿਚ ਆਇਆ ਹੈ ਕਿ ਜਿਨ੍ਹਾਂ ਰੋਗੀਆਂ ਦੇ ਖੂਨ ਵਿਚ ਯੂਰਿਕ ਐਸਿਡ ਦੀ ਮਾਤਰਾ 9.0 ਹੈ, ਉਹ ਗਠੀਏ ਤੋਂ ਬਚੇ ਹੋਏ ਹਨ ਪਰ ਉਨ੍ਹਾਂ ਰੋਗੀਆਂ ਦਾ ਆਰ ਏ ਫੈਕਟਰ ਪਾਜ਼ੇਟਿਵ ਹੁੰਦਾ ਹੈ। ਮੇਰਾ ਬਹੁਤ ਸਾਰੇ ਮਰੀਜ਼ਾਂ ਉਤੇ ਕੀਤਾ ਤਜ਼ਰਬਾ ਇਹ ਕਹਿੰਦਾ ਹੈ ਕਿ ਆਰ ਏ ਫੈਕਟਰ ਪਾਜ਼ੇਟਿਵ ਹੋਣ ਨਾਲ ਯੂਰਿਕ ਐਸਿਡ ਦੀ ਮਾਤਰਾ ਘਟ ਜਾਂਦੀ ਹੈ ਕਿਉਂਕਿ ਇੱਥੇ ਤੱਕ ਪਹੁੰਚਦਾ-ਪਹੁੰਚਦਾ ਮਰੀਜ਼ ਉਨ੍ਹਾਂ ਖਾਣ-ਪੀਣ ਦੇ ਪਦਾਰਥਾਂ ਤੋਂ ਪ੍ਰਹੇਜ਼ ਕਰਨਾ ਸਿੱਖ ਜਾਂਦਾ ਹੈ ਜੋ ਯੂਰਿਕ ਐਸਿਡ ਵਧਾਉਣ ਵਿਚ ਸਹਾਈ ਹੁੰਦੇ ਹਨ ਜਾਂ ਜੋੜਾਂ ਦੇ ਦਰਦਾਂ ਦਾ ਕਾਰਨ ਬਣਦੇ ਹਨ, ਕਿਉਂਕਿ ਉਨ੍ਹਾਂ ਦੀ ਪਛਾਣ ਕਰਨ ਵਿਚ ਉਹ ਡਾਕਟਰ ਜਾਂ ਵੈਦ ਵੀ ਮਦਦ ਕਰਦੇ ਹਨ ਜਿਨ੍ਹਾਂ ਤੋਂ ਹੁਣ ਤੱਕ ਇਲਾਜ ਕਰਵਾਇਆ ਹੁੰਦਾ ਹੈ।

ਪਰ ਇਲਾਜ ਦੇ ਨਾਂ 'ਤੇ ਲੁਟਿਆ ਮਰੀਜ਼ ਸਰੀਰ ਉਤੇ ਹਰ ਤਰ੍ਹਾਂ ਦੇ ਚੰਗੇ-ਮਾੜੇ ਤਜ਼ਰਬੇ ਕਰਵਾ ਕੇ ਥੱਕ-ਹਾਰ ਕੇ ਬੈਠ ਜਾਂਦਾ ਹੈ ਅਤੇ ਉਸ ਨੂੰ ਠੀਕ ਹੋਣ ਦੇ ਸਾਰੇ ਰਸਤੇ ਬੰਦ ਹੋਏ ਪ੍ਰਤੀਤ ਹੁੰਦੇ ਹਨ। ਜੇ ਇਲੈਕਟ੍ਰੋਪੈਥਿਕ ਦਵਾਈ ਨੂੰ ਦੱਸੇ ਅਨੁਸਾਰ ਸਹੀ ਢੰਗ ਨਾਲ ਪੂਰਾ ਪ੍ਰਹੇਜ਼ ਕਰਕੇ ਵਰਤਿਆ ਜਾਵੇ ਤਾਂ ਯੂਰਿਕ ਐਸਿਡ ਘੱਟ ਕਰਕੇ ਭਵਿੱਖ ਵਿਚ ਹੋਣ ਵਾਲੇ ਗਠੀਏ ਤੋਂ ਬਚਿਆ ਜਾ ਸਕਦਾ ਹੈ। ਜੇ ਮਰੀਜ਼ ਯੂਰਿਕ ਐਸਿਡ ਨੂੰ 2.5 'ਤੇ ਲਿਆ ਕੇ ਦਵਾਈ ਬੰਦ ਕਰਦਾ ਹੈ ਅਤੇ ਨਿਰੋਗ ਰਹਿਣ ਲਈ ਦੱਸਿਆ ਪ੍ਰਹੇਜ਼ ਕਰਦਾ ਹੈ ਤਾਂ ਜੋੜਾਂ ਦਾ ਦਰਦ ਭਵਿੱਖ ਵਿਚ ਕਦੇ ਵੀ ਉਸ ਦੇ ਨੇੜੇ ਨਹੀਂ ਆਵੇਗਾ। ਇਹ ਮੇਰਾ ਵਿਸ਼ਵਾਸ ਹੈ।

### ਗੋਡਿਆਂ 'ਚ ਦਰਦ

ਉਂਜ ਤਾਂ ਗੋਡਿਆਂ 'ਚ ਦਰਦ ਲਈ ਕੋਈ ਵੱਖਰਾ ਲਿਖਣ ਦੀ ਲੋੜ ਨਹੀਂ ਸੀ ਕਿਉਂਕਿ ਇਹ ਸਰੀਰ ਦੇ ਬਾਕੀ ਜੋੜਾਂ ਤੋਂ ਵੱਖਰਾ ਨਹੀਂ ਪਰ ਆਮ ਲੋਕਾਂ ਵਿਚ ਗੋਡਿਆਂ ਦੇ ਦਰਦ ਨੂੰ ਲੈ ਕੇ ਜ਼ਿਆਦਾਤਰ ਇਹ ਪ੍ਰਭਾਵ ਹੈ ਕਿ ਗੋਡੇ ਘਸ ਗਏ ਹਨ ਅਤੇ ਇਨ੍ਹਾਂ ਨੂੰ ਬਦਲੀ ਕਰਵਾਉਣ ਤੋਂ ਬਿਨਾ ਕੋਈ ਹੱਲ ਨਹੀਂ, ਜਦੋਂਕਿ ਗੋਡੇ ਬਦਲਾਉਣ ਦੀ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਲੰਮੇ ਸਮੇਂ ਤੱਕ ਯੂਰਿਕ ਐਸਿਡ ਗੋਡਿਆਂ ਦੇ ਜੋੜਾਂ ਵਿਚ ਜਮਿਆ ਰਹੇ, ਜਿਸ ਕਰਕੇ ਚਿਕਨਾਹਟ ਪੈਦਾ ਕਰਨ ਵਾਲੀਆਂ ਗ੍ਰੰਥੀਆਂ ਸੁੱਕ ਜਾਣ, ਉਮਰ ਵਧਣ ਨਾਲ ਗ੍ਰੰਥੀਆਂ ਬੁੱਢੀਆਂ ਹੋ ਜਾਣ ਅਤੇ ਇਨ੍ਹਾਂ 'ਚ ਠੀਕ ਹੋ ਕੇ ਦੁਬਾਰਾ ਚਿਕਨਾਹਟ ਪੈਦਾ ਕਰਨ ਦੀ ਸ਼ਕਤੀ ਨਾ ਰਹੇ। ਜਦੋਂ ਕੋਈ ਗੋਡਿਆਂ ਦੇ ਦਰਦ ਦਾ ਮਰੀਜ ਉਕਤ ਪੜਾਅ ਪਾਰ ਕਰ ਜਾਂਦਾ ਹੈ, ਉਸ ਦੇ ਸਾਹਮਣੇ ਸਿਰਫ਼ ਦੋ ਹੀ ਰਸਤੇ ਬਚਦੇ ਹਨ-ਗੋਡਿਆਂ ਦੀ ਬਦਲੀ ਜਾਂ ਫਿਰ ਰਹਿੰਦੀ ਉਮਰ ਦਰਦ-ਨਿਵਾਰਕ ਦਵਾਈਆਂ ਦੇ ਸਹਾਰੇ ਕੱਢੇ। ਜੇ ਅਸੀਂ ਅਤੀਤ ਵਿਚ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਉਦੋਂ ਉਹ ਮਨੁੱਖ ਹੀ ਗੋਡਿਆਂ ਦੇ ਦਰਦ ਤੋਂ ਪੀੜਤ ਸਨ ਜਿਨ੍ਹਾਂ ਦੀ ਉਮਰ 60 ਸਾਲ ਤੋਂ ਜ਼ਿਆਦਾ ਸੀ ਅਤੇ ਸਰੀਰਕ ਮਿਹਨਤ ਕਰਨਾ ਛੱਡ ਚੁੱਕੇ ਸਨ।



ਪਰ ਅੱਜ ਦੇ ਨੌਜਵਾਨ, ਬੁੱਢੇ ਮਨੁੱਖਾਂ ਨੂੰ (ਯੂਰਿਕ ਐਸਿਡ ਦੇ ਸਬੰਧ 'ਚ) ਪਿੱਛੇ ਛੱਡ ਗਏ ਹਨ। ਕਾਰਨ? ਸਰੀਰਕ ਮਿਹਨਤ ਲਗਭਗ ਬੰਦ ਹੋ ਗਈ ਹੈ ਅਤੇ ਕਸਰਤ ਲਈ ਸਮੇਂ ਦੀ ਘਾਟ ਹੈ।

ਯੂਰਿਕ ਐਸਿਡ ਵੀ ਉਨ੍ਹਾਂ ਲੋਕਾਂ ਨੂੰ ਹੀ ਲਪੇਟ ਵਿਚ ਲੈਂਦਾ ਹੈ ਜੋ ਖਾਣ-ਪੀਣ ਪ੍ਰਤੀ ਜਾਗਰੂਕ ਨਹੀਂ ਹਨ ਅਤੇ ਸਰੀਰਕ ਮਿਹਨਤ ਕਰਨਾ ਛੱਡ ਚੁੱਕੇ ਹਨ। ਸਮਾਜ ਵਿਚ ਅਜਿਹੇ ਵਿਅਕਤੀਆਂ ਦੀ ਵੀ ਘਾਟ ਨਹੀਂ ਹੈ ਜਿਨ੍ਹਾਂ ਦੀ ਉਮਰ 70 ਸਾਲ ਤੋਂ ਉਪਰ ਹੈ ਅਤੇ ਗੋਡਿਆਂ ਦੇ ਦਰਦ ਤੋਂ ਵੀ ਬਚੇ ਹੋਏ ਹਨ। ਕਾਰਨ? ਉਹ ਆਪਣੀ ਰੋਜ਼ਾਨਾ ਦੀ ਖ਼ੁਰਾਕ ਅਨੁਸਾਰ ਸਰੀਰਕ ਮਿਹਨਤ ਕਰਦੇ ਹਨ ਜਾਂ ਸਰੀਰਕ ਮਿਹਨਤ ਅਨੁਸਾਰ ਖ਼ੁਰਾਕ ਘੱਟ ਕਰ ਦਿੰਦੇ ਹਨ। ਜਿਸ ਕਰਕੇ ਯੂਰਿਕ ਐਸਿਡ ਉਮਰ ਦੇ ਅੰਤ ਤੱਕ ਕਾਬੂ ਹੇਠ ਰਹਿੰਦਾ ਹੈ। ਇਸ ਕਰਕੇ ਹੀ ਪਿੱਛੇ ਨਿਰੋਗ ਰਹਿਣ ਲਈ ਦੱਸੇ ਪ੍ਰਹੇਜ਼ ਵਿਚ ਮਨੁੱਖੀ ਸਰੀਰਕ ਮਿਹਨਤ ਅਨੁਸਾਰ ਦਾਲਾਂ, ਸਬਜ਼ੀਆਂ, ਫਰੂਟ ਅਤੇ ਹੋਰ ਵਸਤੂਆਂ ਦੀ ਸੂਚੀ ਦਿੱਤੀ ਗਈ ਹੈ ਤਾਂ ਜੋ ਭਵਿੱਖ ਗੋਡਿਆਂ ਸਮੇਤ ਸਾਰੇ ਜੋੜਾਂ ਦੇ ਦਰਦਾਂ ਤੋਂ ਮੁਕਤ ਰਹੇ।

ਇਲੈਕਟ੍ਰੋਪੈਥਿਕ ਇਲਾਜ ਸਬੰਧੀ: ਉਪਰੋਕਤ ਜਾਣਕਾਰੀ ਤੋਂ ਜ਼ਾਹਰ ਹੈ ਕਿ ਜੋੜਾਂ ਦੇ ਦਰਦਾਂ ਦਾ ਕਾਰਨ ਯੂਰਿਕ ਐਸਿਡ ਹੀ ਹੈ। ਜੇ ਚੰਗੀ ਸਮਝ ਅਤੇ ਨੈਤਿਕ ਸੁਭਾਅ ਵਾਲਾ ਇਲੈਕਟ੍ਰੋਪੈਥਿਕ ਇਲਾਜ ਕਰਤਾ ਅਤੇ ਮਰਿਆਦਾ ਵਿਚ ਰਹਿ ਕੇ ਸਹਿਯੋਗ ਦੇਣ ਵਾਲਾ ਮਰੀਜ਼ ਹੋਵੇ ਤਾਂ ਇਲੈਕਟ੍ਰੋਪੈਥਿਕ ਦਵਾਈਆਂ Scrofoloso-6+Lymphatico-2+Venerio-2+Canceroso-6+White electricity ਰਾਹੀਂ ਜੋੜਾਂ ਦਾ ਦਰਦ ਠੀਕ ਕੀਤਾ ਜਾ ਸਕਦਾ ਹੈ।

*ਬੀ.ਈ.ਐਮ.ਐਸ.
ਕਮਲ ਕਲੋਨੀ,
ਸਰਹਿੰਦ ਰੋਡ ਪਟਿਆਲਾ
ਫੋਨ:91-98149-22719
dr.j.s.jaggi@gmail.com

# ਬਹੁਤਾ ਵਧੀਆ ਨਹੀਂ ਰਿਹਾ ਕਲਾਕਾਰਾਂ ਦਾ ਸਿਆਸਤ ਨਾਲ ਰਿਸ਼ਤਾ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਕਲਾ ਤੇ ਸਿਆਸਤ ਦਾ ਭਾਵੇਂ ਨੇੜੇ ਦਾ ਰਿਸ਼ਤਾ ਨਹੀਂ ਪਰ ਲੋੜ ਪੈਣ 'ਤੇ ਸਿਆਸਤਦਾਨਾਂ ਵੱਲੋਂ ਕਲਾਕਾਰਾਂ ਨੂੰ ਆਪਣੇ ਮੋਹਰਿਆਂ ਵਜੋਂ ਵਰਤਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਏ। ਭਾਵੇਂ ਲੋਕਾਂ ਦਾ ਇਕੱਠ ਕਰਨ ਲਈ ਗਵਾਉਣਾ ਹੋਵੇ, ਵੋਟਾਂ ਮੰਗਣ ਵੇਲ਼ੇ ਨਾਲ ਤੋਰਨਾ ਹੋਵੇ, ਮੌਕਾ ਦੇਖ ਉਨ੍ਹਾਂ ਨੂੰ ਟਿਕਟ ਨਾਲ ਨਿਵਾਜਣਾ ਹੋਵੇ ਜਾਂ ਸ਼ਕਤੀ ਪ੍ਰਦਰਸ਼ਨ ਲਈ ਉਨ੍ਹਾਂ ਦਾ ਮੋਢਾ ਵਰਤਣਾ ਸ਼ਾਮਲ ਹੋਵੇ, ਕਲਾਕਾਰਾਂ ਨੂੰ ਬੜੇ ਢੰਗ ਨਾਲ ਵਰਤਿਆ ਜਾਂਦੈ।

ਕਲਾਕਾਰ ਸਭ ਵਰਗਾਂ ਦੇ ਸਾਂਝੇ ਹੋਣ ਕਰਕੇ ਬਹੁਤੀ ਵਾਰ ਸਿਆਸੀ ਮੋਹਰੇ ਬਣਨ ਤੋਂ ਗੁਰੇਜ਼ ਕਰਦੇ ਨੇ ਪਰ ਕਈ ਵਾਰ ਤਕੜੇ ਦਾ ਸੱਤੀਂ ਵੀਹੀਂ ਸੌ ਹੋ ਜਾਂਦਾ ਹੈ। ਇੱਕ ਵਾਰ ਤਾਂ ਇੰਜ ਵੀ ਹੋਇਆ ਕਿ ਇੱਕ ਰਿਐਲਟੀ ਸ਼ੋਅ ਵਿਚ ਜੇਤੂ ਰਹੇ ਕਲਾਕਾਰ ਨੂੰ ਪਹਿਲਾਂ ਪੰਜਾਬ ਦਾ ਮਾਣ ਵਧਾਉਣ ਲਈ 'ਸ਼ਾਬਾਸ਼' ਦਿੱਤੀ ਗਈ ਤੇ ਬਾਅਦ 'ਚ ਧੱਕੇ ਨਾਲ ਉਸ ਕੋਲੋਂ ਪਾਰਟੀ ਦੇ ਸੋਹਲਿਆਂ ਅਤੇ ਵਿਕਾਸ ਦੇ ਮੀਲ ਪੱਥਰ ਗੱਡਣ ਵਾਲੇ ਪੰਜ ਦਰਜਨ ਤੋਂ ਵੱਧ ਗੀਤ ਮੁਫ਼ਤ ਵਿਚ ਗੁਆ ਲਏ ਗਏ।

ਖ਼ੈਰ, ਇਸ ਪਾਸੇ ਵੱਲ ਆਮ ਲੋਕਾਂ ਦੀ ਨਜ਼ਰ ਇਸ ਕਰਕੇ ਨਹੀਂ ਜਾਂਦੀ ਕਿਉਂਕਿ ਇਹ ਪਰਦੇ ਪਿੱਛੇ ਲੁਕੀਆਂ ਗੱਲਾਂ ਨੇ। ਉਂਜ ਸਭ ਪਾਰਟੀਆਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਉਹ ਅਜਿਹੇ ਗਾਇਕਾਂ ਜਾਂ ਅਦਾਕਾਰਾਂ ਨੂੰ ਆਪਣੇ ਨਾਲ ਤੋਰਨ, ਜਿਨ੍ਹਾਂ ਪ੍ਰਤੀ ਲੋਕਾਂ ਵਿਚ ਖਾਸਾ ਉਤਸ਼ਾਹ ਹੋਵੇ। ਇਸ ਲੜੀ ਵਿਚ ਕਿਸੇ ਵੇਲ਼ੇ ਕੁਲਦੀਪ ਮਾਣਕ ਦਾ ਨਾਂ ਵੀ ਆਇਆ, ਉਸ ਤੋਂ ਬਾਅਦ ਹੰਸ ਰਾਜ ਹੰਸ ਦਾ ਨਾਂ ਵੀ ਆਇਆ ਤੇ ਆਉਂਦੇ ਸਮੇਂ ਵਿਚ ਇੱਕ-ਦੋ ਹੋਰ ਕਲਾਕਾਰ ਇਸ ਲੜੀ ਵਿਚ ਸ਼ਾਮਲ ਹੋ ਰਹੇ ਨੇ।



ਗਾਇਕ ਹੰਸ ਰਾਜ ਹੰਸ ਪ੍ਰਕਾਸ਼ ਸਿੰਘ ਬਾਦਲ ਅਤੇ ਹੋਰਨਾਂ ਨਾਲ

ਪਾਠਕਾਂ ਨੂੰ ਯਾਦ ਹੋਵੇਗਾ ਕਿ ਕਿਸੇ ਵੇਲ਼ੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੂੰ ਟਿਕਟ ਨਾਲ ਨਿਵਾਜ਼ਿਆ ਗਿਆ ਸੀ। ਮਾਣਕ ਦੇ ਗੀਤ ਬਹੁਤ ਮਕਬੂਲ ਸਨ, ਇਸ ਲਈ ਸੋਚਿਆ ਗਿਆ ਕਿ ਉਹ ਸਬੰਧਤ ਸੀਟ ਨੂੰ ਅਰਾਮ ਨਾਲ ਕੱਢ ਜਾਵੇਗਾ ਪਰ ਹੋ ਇਸ ਦੇ ਉਲਟ ਗਿਆ। ਉਹ ਜਿਥੇ ਪ੍ਰਚਾਰ ਲਈ ਜਾਂਦਾ, ਗਾਣੇ ਸੁਣਨ ਵਾਲਿਆਂ ਦੀ ਭੀੜ ਇਕੱਠੀ ਹੋ ਜਾਂਦੀ ਪਰ ਨਤੀਜੇ ਵੇਲ਼ੇ ਕੁੱਝ ਹੋਰ ਹੀ ਨਿਕਲਿਆ। ਉਦੋਂ ਕਈ ਰਾਜਸੀ ਪੰਡਤ ਇਸ ਸੋਚ ਵਿਚਾਰ ਵਿਚ ਡੁੱਬ ਗਏ ਸਨ ਕਿ ਜਿਹੜੇ ਬੰਦੇ ਪ੍ਰਤੀ ਲੋਕਾਂ ਦੀ ਏਨੀ ਖਿੱਚ ਹੋਵੇ, ਮੁਹੱਬਤ ਦਾ ਠਾਠਾਂ ਮਾਰਦਾ ਇਕੱਠ ਨਜ਼ਰੀਂ ਪੈਂਦਾ ਹੋਵੇ, ਉਹਦੇ ਚੋਣ ਨਿਸ਼ਾਨ 'ਤੇ ਮੋਹਰ ਲਾਉਣ ਵੇਲ਼ੇ ਲੋਕ ਪਿੱਠ ਕਿਉਂ ਦਿਖਾ ਜਾਂਦੇ ਨੇ? ਅੱਖੀਂ ਦੇਖਣ ਵਾਲੇ ਤਾਂ ਏਥੋਂ ਤੱਕ ਦੱਸਦੇ ਨੇ ਕਿ ਮਾਣਕ ਦੀ ਇੱਕ ਝਲਕ ਲਈ ਲੋਕ ਕੋਠਿਆਂ 'ਤੇ ਚੜ੍ਹ ਜਾਂਦੇ ਪਰ ਵੋਟਾਂ ਪਾਉਣ ਵੇਲ਼ੇ ਉਨ੍ਹਾਂ ਹੀ ਕੋਠਿਆਂ ਅੰਦਰ ਵੜ ਗਏ, ਸਿੱਟੇ ਵਜੋਂ ਅਕਾਲੀ ਉਮੀਦਵਾਰ ਭਾਰੀ ਫ਼ਰਕ ਨਾਲ ਜਿੱਤਣ ਵਿਚ ਕਾਮਯਾਬ ਹੋਇਆ ਸੀ।

ਉਸ ਤੋਂ ਲੰਮਾ ਸਮਾਂ ਬਾਅਦ ਕਿਸੇ ਕਲਾਕਾਰ ਨੇ ਸਿਆਸਤ ਵਿਚ ਨਿੱਤਰਨ ਦਾ ਹੌਸਲਾ ਨਾ ਦਿਖਾਇਆ ਕਿਉਂਕਿ ਉਨ੍ਹਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਲੋਕ ਤਾਂ ਲੋਕ, ਕਲਾਕਾਰ ਬਰਾਦਰੀ ਵੀ ਆਪਣੇ ਭਾਈਚਾਰੇ ਵਾਲੇ ਬੰਦੇ ਦੀਆਂ ਜੜ੍ਹਾਂ 'ਚ ਤੇਲ ਦੇਣ ਦੀ ਕੋਸ਼ਿਸ਼ 'ਚ ਲੱਗੀ ਰਹਿੰਦੀ ਏ। ਸੁਣੀਂਦਾ ਹੈ ਹਾਰਨ ਤੋਂ ਬਾਅਦ ਮਾਣਕ ਕਾਫ਼ੀ ਸਮਾਂ ਪ੍ਰੇਸ਼ਾਨੀ ਵਿਚ ਰਿਹਾ।

ਲੰਮੇ ਸਮੇਂ ਬਾਅਦ ਕਿਸੇ ਕਲਾਕਾਰ ਵੱਲੋਂ ਰਾਜਨੀਤੀ 'ਚ ਸਰਗਰਮੀ ਦਾ ਖੱਪਾ ਪਦਮਸ੍ਰੀ ਹੰਸ ਰਾਜ ਹੰਸ ਨੇ ਪੂਰਿਆ। ਅਕਾਲੀ-ਭਾਜਪਾ ਗਠਜੋੜ ਵੱਲੋਂ ਉਸ ਨੂੰ ਜਲੰਧਰ ਤੋਂ ਟਿਕਟ ਨਾਲ ਨਿਵਾਜ਼ਿਆ ਗਿਆ। ਕਾਫੀ ਮਗਰੋਂ ਜਾ ਕੇ ਮੁਕਾਬਲੇ ਵਿਚ ਕਾਂਗਰਸ ਵੱਲੋਂ ਮਹਿੰਦਰ ਸਿੰਘ ਕੇ.ਪੀ. ਨੂੰ ਉਤਾਰਿਆ ਗਿਆ। ਹੰਸ ਜਿੰਨੀਆਂ ਕੁ ਵੋਟਾਂ ਨਾਲ ਹਾਰਿਆ, ਉਸ ਤੋਂ ਰਾਜਸੀ ਮਾਹਿਰ ਸੋਚੀਂ ਪੈ ਗਏ ਕਿ ਕਲਾਕਾਰਾਂ ਨੂੰ ਸਿਆਸਤ ਵਿਚ ਪੱਕੇ ਪੈਰੀਂ ਹੋਣ ਲਈ ਹੋਰ ਕੀ-ਕੀ ਕਰਨਾ ਚਾਹੀਦੈ।

ਹੁਣ ਕਾਮੇਡੀਅਨ ਭਗਵੰਤ ਮਾਨ ਨੇ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਕਬੂਲਦਿਆਂ



ਭਗਵੰਤ ਮਾਨ

'ਪੀਪਲਜ਼ ਪਾਰਟੀ ਆਫ਼ ਪੰਜਾਬ' ਨਾਲ ਰਲ ਕੇ ਤੁਰਨ ਦਾ ਐਲਾਨ ਕੀਤਾ ਹੈ। ਜ਼ਾਹਰ ਹੈ ਕਿ ਪਾਰਟੀ ਨਵੀਂ ਹੋਣ ਕਰਕੇ ਉਸ ਨੂੰ ਵੀ ਨਾਮਣੇ ਵਾਲੇ ਬੰਦਿਆਂ ਦੀ ਲੋੜ ਹੈ, ਜ਼ਿਆਦਾ ਸੰਭਾਵਨਾ ਹੈ ਕਿ ਭਗਵੰਤ ਮਾਨ ਚੋਣ ਵੀ ਲੜੇ। ਖਟਕੜ ਕਲਾਂ ਵਿਚ ਉਸ ਦੀ ਤਕਰੀਰ ਨੇ ਵੀ ਪ੍ਰਭਾਵਤ ਕੀਤਾ ਕਿ ਭਗਤ ਸਿੰਘ ਨੂੰ ਅੰਗਰੇਜ਼ਾਂ ਨੇ ਇੱਕ ਵਾਰ ਫ਼ਾਂਸੀ ਲਾਇਆ ਪਰ ਸਾਡੇ ਲੀਡਰਾਂ ਨੇ ਲਗਾਤਾਰ 64 ਵਾਰ ਉਸ ਮਹਾਨ ਸ਼ਹੀਦ ਦੀ ਸੋਚ ਨੂੰ ਫ਼ਾਂਸੀ ਦੇ ਰੱਸੇ 'ਤੇ ਝੁਲਾਇਐ। ਉਸ ਕਿਹਾ ਕਿ ਮੇਰਾ ਸਿਆਸਤ ਵਿਚ ਆਉਣ ਦਾ ਨਿਸ਼ਾਨਾ ਨਿੱਜੀ ਲਾਹੇ ਦੀ ਥਾਂ ਸਮਾਜ ਸੇਵਾ ਹੈ।

ਕੋਈ ਵੇਲ਼ਾ ਸੀ ਜਦੋਂ ਅਕਾਲੀ ਦਲ ਵੱਲੋਂ ਉਘੇ ਢਾਡੀ ਸ. ਧੰਨਾ ਸਿੰਘ ਗੁਲਸ਼ਨ ਨੂੰ ਮੈਂਬਰ ਪਾਰਲੀਮੈਂਟ ਬਣਾਇਆ ਗਿਆ ਸੀ। ਕਲਾ ਜਗਤ ਦੀ ਖੁਸ਼ੀ ਦਾ ਟਿਕਾਣਾ ਨਹੀਂ ਸੀ ਰਿਹਾ ਕਿ ਉਨ੍ਹਾਂ ਦੀ ਨੁਮਾਇੰਦਗੀ ਕਰਨ ਵਾਲਾ ਕੋਈ ਸੱਜਣ ਇਸ ਰੁਤਬੇ 'ਤੇ ਪਹੁੰਚਿਐ। ਅੱਜ ਢਾਡੀ ਧੰਨਾ ਸਿੰਘ ਦੀ ਪੁੱਤਰੀ ਬੀਬੀ ਪਰਮਜੀਤ ਕੌਰ ਗੁਲਸ਼ਨ ਫ਼ਰੀਦਕੋਟ ਤੋਂ ਐਮ ਪੀ ਹੈ।

ਇਸੇ ਤਰ੍ਹਾਂ ਕਿਸੇ ਵੇਲ਼ੇ ਮਸ਼ਹੂਰ ਢਾਡੀ ਤੇ ਕਟਾਕਸ਼ ਕਰਨ ਵਾਲੀਆਂ ਗੱਲਾਂ ਦੇ ਧਨੀ ਢਾਡੀ ਬਲਵੰਤ ਸਿੰਘ ਰਾਮੂਵਾਲੀਆ ਨੂੰ ਸੰਸਦ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ ਸੀ। ਉਸ ਨੂੰ ਚੰਗਾ ਸਮਰਥਨ ਮਿਲਿਆ ਤੇ ਕਲਾ ਜਗਤ ਵਿਚ ਮੁੜ ਖੁਸ਼ੀ ਦੀ ਲਹਿਰ ਦੌੜ ਗਈ ਕਿ ਕਲਾ ਨੂੰ ਪ੍ਰਣਾਇਆ ਕੋਈ ਸੱਜਣ ਇਸ ਅਹੁਦੇ 'ਤੇ ਬਿਰਾਜਮਾਨ ਹੋਇਐ।

ਦੋ ਵਾਰ ਵਿਧਾਨ ਸਭਾ ਚੋਣ ਜਿੱਤਣ ਵਾਲੇ ਕਾਮਰੇਡ ਹਰਦੇਵ ਸਿੰਘ ਅਰਸ਼ੀ ਲੰਮਾ ਸਮਾਂ ਕਮਿਊਨਿਸਟ ਪਾਰਟੀ ਦੇ ਡਰਾਮਾ ਸਕੁਐਡ 'ਚ ਬਤੌਰ ਕਲਾਕਾਰ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਰਹੇ ਤੇ ਜਦੋਂ ਉਨ੍ਹਾਂ ਦਾ ਹੱਥ ਵਿਧਾਨ ਸਭਾ ਮੈਂਬਰੀ ਨੂੰ ਪਿਆ ਤਾਂ ਕਾਮਰੇਡਾਂ ਸਮੇਤ ਸਰਮਾਏਦਾਰੀ ਦੀ ਖਿਲਾਫ਼ਤ ਕਰਨ ਵਾਲੀਆਂ ਧਿਰਾਂ ਦੀ ਖੁਸ਼ੀ ਦੂਣੀ ਹੋ ਗਈ ਸੀ।

ਸਵਾਲ ਹੈ ਕਿ ਅੱਜ ਵੀ ਜਦੋਂ ਕਰਨਾਟਕ, ਤਾਮਿਲਨਾਡੂ ਤੇ ਹੋਰ ਸੂਬਿਆਂ ਵਿਚ ਕਲਾਕਾਰਾਂ ਦਾ ਹੱਥ ਸੰਸਦ ਤੱਕ ਅੱਪੜ ਜਾਂਦੈ ਤੇ ਕਿਸੇ ਵੇਲ਼ੇ ਪੰਜਾਬ ਵਿਚ ਇੰਜ ਹੁੰਦਾ ਰਿਹਾ ਹੈ ਤਾਂ ਅੱਜ ਕੀ ਭਾਣਾ ਵਾਪਰ ਗਿਆ? ਕਲਾਕਾਰ, ਜੋ ਹਰ ਵੇਲ਼ੇ ਲੋਕਾਂ ਦੇ ਚੇਤੇ ਵਿਚ ਵਸਦੇ ਨੇ, ਉਨ੍ਹਾਂ ਨੂੰ ਵੋਟਾਂ ਪਾਉਣ ਵੇਲ਼ੇ ਲੋਕ ਏਨੀ ਸੋਚ ਵਿਚਾਰ ਵਿਚ ਕਿਉਂ ਪੈ ਜਾਂਦੇ ਨੇ? ਜਿਨ੍ਹਾਂ ਦੀ ਇੱਕ ਖਿੱਚ ਲਈ ਭੀੜਾਂ ਲੱਗ ਜਾਂਦੀਆਂ ਨੇ, ਉਨ੍ਹਾਂ ਭੀੜਾਂ ਦਾ 60% ਹਿੱਸਾ ਵੀ ਵੋਟਾਂ ਦੇ ਰੂਪ ਵਿਚ ਬਕਸਿਆਂ 'ਚ ਬੰਦ ਕਿਉਂ ਨਹੀਂ ਹੁੰਦਾ?

ਥੋੜ੍ਹਾ ਸਮਾਂ ਪਹਿਲਾਂ ਬਲਵੰਤ ਸਿੰਘ ਰਾਮਵਾਲੀਆ ਨੇ ਉਘੇ ਅਦਾਕਾਰ ਤੇ ਗਾਇਕ ਹਰਭਜਨ ਮਾਨ ਨੂੰ 'ਲੋਕ ਭਲਾਈ ਪਾਰਟੀ' ਦੇ ਸੱਭਿਆਚਾਰਕ ਵਿੰਗ ਦਾ ਆਗੂ ਨਿਯੁਕਤ ਕੀਤਾ ਸੀ ਪਰ ਕਲਾਕਾਰੀ ਛੱਡ ਪੂਰੀ ਤਰ੍ਹਾਂ ਸਿਆਸਤ ਨਾਲ ਜੁੜਨ ਦੀ ਉਸ ਨੇ ਖਾਸ ਇੱਛਾ ਨਾ ਦਿਖਾਈ। ਅੱਜ ਵੀ ਗੱਲਾਂ ਉਠਦੀਆਂ ਨੇ ਕਿ ਕਈ ਵਾਰ ਦੋਗਾਣਾ ਗਾਇਕ ਮੁਹੰਮਦ ਸਦੀਕ ਨੂੰ ਕਾਂਗਰਸੀਆਂ ਨੇ ਟਿਕਟ ਦਾ ਵਾਅਦਾ ਕੀਤਾ ਪਰ ਜਦੋਂ ਉਹ ਵਫ਼ਾ ਨਾ ਹੋਇਆ ਤਾਂ ਸਦੀਕ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਉਘੇ ਗੀਤਕਾਰ ਬਾਬੂ ਸਿੰਘ ਮਾਨ ਨੂੰ ਅਕਸਰ ਹੀ ਵੋਟਾਂ ਮੌਕੇ ਕਾਂਗਰਸੀ ਸਟੇਜਾਂ 'ਤੇ ਦੇਖਿਆ ਜਾਂਦੈ ਪਰ ਚੋਣ ਲੜਨ ਦੀ ਜ਼ਿੰਮੇਵਾਰੀ ਉਨ੍ਹਾਂ ਆਪਣੇ ਮੋਢਿਆਂ 'ਤੇ ਨਾ ਚੁੱਕਣੀ ਹੀ ਠੀਕ ਸਮਝੀ।

ਵਕਤ-ਬੇਵਕਤ ਕਿਸੇ ਨਾ ਕਿਸੇ ਕਲਾਕਾਰ ਦੇ ਸਿਆਸਤ ਨਾਲ ਜੁੜਨ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਨੇ ਪਰ ਸਵਾਲ ਉਥੇ ਹੀ ਆ ਖੜ੍ਹਦੈ ਕਿ ਕੀ ਇਹ ਫ਼ੈਸਲੇ ਗ਼ਲਤ ਨੇ ਜਾਂ ਸਹੀ? ਜਦੋਂ ਭ੍ਰਿਸ਼ਟਾਚਾਰ ਸਿਖਰਾਂ ਛੋਹ ਚੁੱਕਾ ਹੋਵੇ ਤੇ ਲੀਡਰਾਂ ਦੀ ਥਾਂ-ਥਾਂ ਬੋਲੀ ਲੱਗਦੀ ਹੋਵੇ, ਉਸ ਹਾਲਾਤ ਵਿਚ ਕਲਾਕਾਰ ਆਪਣੀ ਜ਼ਮੀਰ ਹੰਢੇ-ਵਰਤੇ ਲੀਡਰਾਂ ਵਾਂਗ ਮਾਰ ਸਕਦੇ ਨੇ? ਮੇਰੀ ਜਾਚੇ ਇਨ੍ਹਾਂ ਸਵਾਲਾਂ ਦਾ ਜਵਾਬ ਨਾਂਹ ਵਿਚ ਹੀ ਹੋਵੇਗਾ।

ਬੜੇ ਗੁਲਾਮ ਅਲੀ ਖ਼ਾਨ ਕਿਹਾ ਕਰਦੇ ਸਨ ਕਿ ਮਹਾਨ ਹੋਣ ਤੇ ਮਸ਼ਹੂਰ ਹੋਣ ਵਿਚ ਬੜਾ ਅੰਤਰ ਹੈ। ਮਹਾਨ ਬਣਨ ਲਈ ਸਾਧਨਾ ਕਰਨੀ ਪੈਂਦੀ ਹੈ ਤੇ ਮਸ਼ਹੂਰ ਇੱਕ ਗੀਤ ਨਾਲ ਵੀ ਹੋਇਆ ਜਾ ਸਕਦੈ। ਬਿਲਕੁਲ ਇਵੇਂ ਸਿਆਸਤ ਦੇ ਪਿੜ ਵਿਚ ਅੱਜ ਤੱਕ ਜਿੰਨੇ ਕਲਾਕਾਰ ਨਿੱਤਰੇ ਹਨ, ਉਹ ਮਸ਼ਹੂਰ ਜ਼ਰੂਰ ਨੇ ਪਰ ਵੋਟ ਬੈਂਕ ਦਾ ਵੱਡਾ ਹਿੱਸਾ ਕਲਾਕਾਰ ਨੂੰ ਸਿਰਫ਼ ਨੱਚਦੇ-ਗਾਉਂਦੇ ਦੇਖਣਾ ਪਸੰਦ ਕਰਦੈ। ਸੋਚਣ ਲੱਗ ਜਾਂਦੇ ਹਨ, ਮਨੋਰੰਜਨ ਕਰਨ ਵਾਲਿਆਂ ਨੂੰ ਸਿਆਸਤ ਦੇ ਗੂੜ੍ਹ ਬਾਰੇ ਕੀ ਗਿਆਨ ਹੋ ਸਕਦੈ? ਇਹ ਵੱਖਰੀ ਗੱਲ ਹੈ ਕਿ ਉਹ ਪੰਜ ਸਾਲਾਂ ਬਾਅਦ ਜਿਹੜੇ ਵੀ ਗੂੜ੍ਹ ਗਿਆਨ ਵਾਲੇ ਨੂੰ ਚੁਣਦੇ ਨੇ, ਉਹੀ ਉਨ੍ਹਾਂ ਦਾ ਚੰਮ ਲਾਹੁਣ ਦਾ ਕੰਮ ਕਰਦਾ ਹੈ।

ਇਹ ਸੱਚ ਹੈ ਕਿ ਕਲਾ ਨੂੰ ਪ੍ਰਣਾਏ ਲੋਕ ਕੋਮਲ ਭਾਵੀ ਹੁੰਦੇ ਨੇ ਪਰ ਅੱਜ ਦੀ ਸਿਆਸਤ ਵਿਚ ਕਾਮਯਾਬ ਹੋਣ ਲਈ ਗੈਂਡੇ ਦੀ ਚਮੜੀ ਵਾਲੇ ਹੋਣਾ ਪੈਂਦਾ ਹੈ, ਜਿਨ੍ਹਾਂ 'ਤੇ ਕਿਸੇ ਗੱਲ ਦਾ ਕੋਈ ਅਸਰ ਨਾ ਹੋਵੇ। ਕਲਾਕਾਰ ਲੋਕਾਂ ਦੇ ਪਿਆਰ ਦਾ ਭੁੱਖਾ ਹੁੰਦਾ ਹੈ ਪਰ ਲੀਡਰ ਸੱਤਾ ਦਾ। ਕਲਾਕਾਰ ਤਾੜੀਆਂ 'ਚੋਂ ਮੁਹੱਬਤ ਦੇਖਦਾ ਹੈ ਪਰ ਲੀਡਰ ਸਿਰਫ਼ ਲੋਕਾਂ ਨੂੰ ਪੰਜ ਸਾਲ ਬਾਅਦ ਵਰਤਣ ਵਾਲੀ ਮੋਹਰ ਸਮਝਦੇ ਨੇ। ਪੰਜਾਬੀ ਕਲਾਕਾਰਾਂ ਵੱਲੋਂ ਸਿਆਸਤ ਵਿਚ ਬਹੁਤੇ ਕਾਮਯਾਬ ਨਾ ਹੋਣ ਦੀ ਗੱਲ ਛਿੜਦਿਆਂ ਹੀ ਭਾਵੇਂ ਨਵਜੋਤ ਸਿੰਘ ਸਿੱਧੂ ਦਾ ਨਾਂ ਲੈ ਲਿਆ ਜਾਂਦੈ ਪਰ ਉਸ ਦੀ ਕਾਮਯਾਬੀ ਤੋਂ ਪਹਿਲਾਂ ਉਸ ਦੀ ਪਿੱਠ ਪਿੱਛੇ ਖੜ੍ਹੇ ਲੋਕਾਂ ਵੱਲ ਵੀ ਧਿਆਨ ਮਾਰਨਾ ਚਾਹੀਦੈ। ਜਦਕਿ ਆਮ ਕਲਾਕਾਰ ਏਨੇ ਵੱਡੇ ਸਾਥ ਤੋਂ ਵਾਂਝਾ ਹੀ ਰਹਿ ਜਾਂਦਾ ਹੈ।

ਕਿੰਨੇ ਦੁੱਖ ਦੀ ਗੱਲ ਹੈ ਕਿ ਸਮਾਨਤਾ ਦੇ ਅਧਿਕਾਰ ਵਾਲੇ ਰਾਜ ਵਿਚ ਵੋਟਰਾਂ ਨੂੰ ਸਿਰਫ਼



ਕੁਲਦੀਪ ਮਾਣਕ

ਦਾਲ਼ਾਂ, ਆਟੇ ਤੇ ਚੌਲਾਂ ਦੇ ਨਾਂ 'ਤੇ ਪਿੱਛੇ ਲਾਇਆ ਜਾ ਰਿਹੈ। ਕਲਾਕਾਰ ਇਹ ਸਭ ਚਾਲਾਂ ਨਹੀਂ ਚੱਲ ਸਕਦਾ। ਉਨ੍ਹਾਂ ਸਾਰੀ ਉਮਰ ਸਟੇਜ 'ਤੇ ਕੱਢੀ ਹੁੰਦੀ ਏ, ਉਂਜ ਭਾਵੇਂ ਜਿੰਨੇ ਮਰਜ਼ੀ ਤਿਕੜਮਬਾਜ਼ ਹੋਣ ਪਰ ਹੰਢੇ-ਵਰਤੇ ਲੀਡਰਾਂ ਦੇ ਮੁਕਾਬਲੇ ਮਾਸਾ ਵੀ ਨਹੀਂ ਹੁੰਦੇ।

ਪੰਮੀ ਬਾਈ, ਜਿਸ ਦੇ ਪਿਤਾ ਸਵਰਗੀ ਪ੍ਰਤਾਪ ਸਿੰਘ ਬਾਗੀ ਹੁਰਾਂ ਦੋ ਵਾਰ ਚੋਣ ਲੜੀ ਸੀ, ਦਾ ਕਹਿਣਾ ਹੈ ਕਿ ਚਾਹੁੰਦਾ ਤਾਂ ਕਿਸੇ ਵੀ ਪਾਰਟੀ ਦੀ ਟਿਕਟ ਹਾਸਲ ਕਰ ਸਕਦਾ ਸੀ ਪਰ ਇਸ ਕਰਕੇ ਨਹੀਂ ਕੀਤੀ ਕਿ ਇਸ ਖੇਤਰ ਵਿਚ ਭਾਵਨਾਵਾਂ ਦੀ ਕਦਰ ਨਹੀਂ ਰਹੀ। ਲੋਕਾਂ ਦੀਆਂ ਮੁਸ਼ਕਲਾਂ ਨੂੰ ਮੋਹਰਾ ਬਣਾਇਆ ਜਾਂਦੈ, ਹੱਲ ਕੱਢਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਸੰਵਿਧਾਨ ਮੁਤਾਬਕ ਹਰ ਕਿਸੇ ਨੂੰ ਚੋਣ ਲੜਨ ਦਾ ਅਧਿਕਾਰ ਹੈ, ਵਿਚਾਰ ਬੋਲ ਕੇ ਪੇਸ਼ ਕਰਨ ਦਾ ਹੱਕ ਹੈ ਪਰ ਅੱਜ ਇਸ ਅਧਿਕਾਰ ਦੀ ਵਰਤੋਂ ਕਿੰਨੀ ਕੁ ਕਰਨ ਦਿੱਤੀ ਜਾਂਦੀ ਹੈ, ਆਪਾਂ ਸਾਰੇ ਜਾਣਦੇ ਹਾਂ। ਸੁਥਰਾ ਸਮਾਜ ਦੇਖਣ ਦੇ ਚਾਹਵਾਨ ਚਾਹੁੰਦੇ ਨੇ ਕਿ ਕੋਮਲ ਭਾਵੀ ਲੋਕ ਸਿਆਸਤ ਵਿਚ ਅੱਗੇ ਆਉਣ, ਲੋਕਾਂ ਦੇ ਸਹੀ ਹਮਦਰਦ ਬਣਨ, ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਆਪਣੀਆਂ ਸਮਝਣ ਪਰ ਅੱਜ ਦੇ ਸਮੇਂ ਵਿਚ ਇਹ ਸਭ ਧੁੱਪ ਵਿਚ ਤਾਰੇ ਦੇਖਣ ਵਾਲੀ ਗੱਲ ਹੈ। ਪ੍ਰਸਿੱਧ ਲੋਕਾਂ ਲਈ ਟਿਕਟ ਹਾਸਲ ਕਰਨੀ ਭਾਵੇਂ ਅਸਾਨ ਕੰਮ ਹੋਵੇ ਪਰ ਵਿਰੋਧੀਆਂ ਨੂੰ ਨਾਲ ਲੈ ਕੇ ਤੁਰਨਾ, ਲੋਕਾਂ ਦੀ ਨਬਜ਼ ਫੜਨਾ, ਨਸ਼ੇ ਵੰਡਣਾ, ਹਰ ਕਿਸਮ ਦੀ ਖਰੀਦੋ-ਫਰੋਖਤ ਕਰਨੀ ਤੇ ਭੰਨ-ਘੜ ਕਰਨੀ ਵੱਸ ਦੀ ਗੱਲ ਨਹੀਂ। ਇਹ ਹੋਣੀ ਵੀ ਨਹੀਂ ਚਾਹੀਦੀ ਕਿਉਂਕਿ ਕਲਾ ਨੂੰ ਪ੍ਰਣਾਏ ਲੋਕ ਆਮ ਲੋਕਾਂ ਦੀਆਂ ਭਾਵਨਾਵਾਂ ਉਸ ਢੰਗ ਨਾਲ ਨਹੀਂ ਮਧੋਲ ਸਕਦੇ, ਜਿਵੇਂ ਬੇਦਰਦ ਲੀਡਰ ਮਧੋਲਦੇ ਨੇ।

# ਸੰਪਾਦਕ ਦੀ ਡਾਕ

## ਕਬਜ਼ਾ ਖਾਲਸਾ ਕਾਲਜ 'ਤੇ

ਖਾਲਸਾ ਕਾਲਜ, ਅੰਮ੍ਰਿਤਸਰ ਕੋਈ ਆਮ ਕਾਲਜ ਨਹੀਂ, ਇਸ ਦਾ ਪ੍ਰਮੁਖ ਆਧਾਰ ਸਿੱਖੀ ਤੇ ਸਿਖਿਆ ਰਿਹਾ ਹੈ। ਇਹ ਪਹਿਲਾਂ ਖਾਲਸਾ ਸਕੂਲ ਸੀ ਤੇ ਬਾਅਦ ਵਿਚ ਇਸ ਨੂੰ ਕਾਲਜ ਬਣਾਇਆ ਗਿਆ। ਇਸ ਲਈ ਤਕਰੀਬਨ 700 ਏਕੜ ਜਮੀਨ ਕੋਟ ਖਾਲਸਾ ਤੇ ਚਾਰ ਹੋਰ ਪਿੰਡਾਂ ਨੇ ਦਿੱਤੀ (ਵੇਚੀ ਨਹੀਂ)। ਇਸ ਬਦਲੇ ਇਨ੍ਹਾਂ ਪਿੰਡਾਂ ਦੇ ਬੱਚੇ ਅੱਜ ਤੱਕ ਮੁੱਫਤ ਪੜ੍ਹਦੇ ਰਹੇ। 1970 'ਚ ਏਸੇ ਜਮੀਨ ਦੇ ਕੁਝ ਹਿੱਸੇ ਵਿਚ ਗੁਰੂ ਨਾਨਕ ਦੇਵ ਯੂਨੀਵਰਸਟੀ ਬਣੀ ਪਰ ਹੁਣ ਅਚਾਨਕ ਇਸ ਨੂੰ ਕਾਲਜ ਤੋਂ ਪ੍ਰਾਈਵੇਟ ਖਾਲਸਾ ਯੂਨੀਵਰਸਟੀ ਬਣਾਉਣ ਦੇ ਇਰਾਦੇ ਸਾਹਮਣੇ ਆਏ ਹਨ। ਨਵੇਂ ਲੋਟੂ ਟੋਲੇ (ਕਮੇਟੀ) ਨੇ ਕਿਹਾ ਹੈ ਕਿ ਇਹ ਜ਼ਮੀਨ ਦਿੱਤੀ ਨਹੀਂ, ਵੇਚੀ ਗਈ ਸੀ। ਇਨ੍ਹਾਂ ਪਿੰਡਾਂ ਦੇ ਮੁੰਡਿਆਂ ਦੀਆਂ ਫੀਸਾਂ ਉਨ੍ਹਾਂ ਦੀ ਗਰੀਬੀ ਕਰਕੇ ਮਾਫ ਹੁੰਦੀਆਂ ਸਨ, ਆਦਿ ਆਦਿ। ਕਿਸ ਕਿਸ ਨੇ ਵੇਚੀ, ਕੋਈ ਜੁਆਬ ਨਹੀਂ। ਰਾਜ ਜੋ ਹੋਇਆ ਰਣਜੀਤ ਸਿੰਘ ਦਾ...! ਹੋਰ ਕਿਸ ਦੀ ਮਿਲੀਭੁਗਤ ਨਾਲ ਰਾਤੋ ਰਾਤ ਇੰਨੀ ਜ਼ਮੀਨ ਅਤੇ ਏਨੀ ਵੱਡੀ ਇਮਾਰਤ 'ਤੇ ਇਸ ਤਰ੍ਹਾਂ ਕਬਜ਼ਾ ਕੋਈ ਕਰ ਜਾਂ ਕਰਵਾ ਸਕਦਾ ਹੈ? ਇਹ ਸਰਦਾਰ ਭਗਤ ਸਿੰਘ ਦੀ ਸੋਚ ਨੂੰ ਸ਼ਰਧਾਂਜਲੀ ਤਾਂ ਨਹੀਂ...? ਕਰਨਲ ਪਰਤਾਪ ਸਿੰਘ ਗਿੱਲ (ਲੈਫ. ਗਵਰਨਰ, ਗੋਆ), ਮਹਾਨ ਕਵੀ ਪ੍ਰੋ. ਮੋਹਨ ਸਿੰਘ, ਹਾਕੀ ਓਲੰਪੀਅਨ ਹਰਬਿੰਦਰ ਸਿੰਘ ਤੋਂ ਇਲਾਵਾ ਦਿੱਲੀ ਦੀ ਨੀਂਦ ਹਰਾਮ ਕਰਨ ਵਾਲਾ ਜਿੰਦਾ ਤੇ ਪੰਜਾਬ 'ਚੋਂ ਕੈਰੋਂਸ਼ਾਹੀ ਮੁਕਾਉਣ ਵਾਲਾ ਸੁੱਚਾ ਸਿੰਘ ਵੀ ਇਸੇ ਹੀ ਕਾਲਜ ਦੀ ਦੇਣ ਸਨ। ਹੁਣ ਇਸ ਕਾਲਜ ਨੂੰ ਤਥਾਕਥਿਤ ਕਾਰਪੋਰੇਟ ਬਿਜਨਸ ਪ੍ਰਣਾਲੀ ਦੇ ਪਸਾਰੇ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਸ਼ਾਇਦ ਇਸ ਕਾਲਜ ਦੇ ਨਾਂ ਚੋਖੀ ਸਾਰੀ ਜ਼ਮੀਨ ਕਰਕੇ? ਹੁਣ ਇਸ ਜ਼ਮੀਨ ਦੇ ਬਣਨਗੇ ਮਰਲੇ ਅਤੇ ਚੋਰਾਂ ਦੇ ਗਜ... ਜੇ ਅੱਜ ਅਸੀਂ ਆਪਣੇ ਇਸ ਵਿਰਸੇ ਨੂੰ ਨਾ ਬਚਾਇਆ ਤਾਂ ਸ਼ਾਇਦ ਕੱਲ੍ਹ ਨੂੰ ਸਾਡੇ ਗੁਰੂ ਘਰ ਵੀ ਏਸੇ ਘੇਰੇ ਵਿਚ ਹੋਣ!

*-ਸੁਰਿੰਦਰਜੀਤ ਸਿੰਘ ਮਾਹਲ*
*ਡੈਲਸ, ਟੈਕਸਸ।*

---

## ਬੇਗਮਪੁਰੇ ਦੇ ਬਾਸ਼ਿੰਦੇ

ਪੰਜਾਬ ਟਾਈਮਜ਼ ਦੇ 19 ਮਾਰਚ ਦੇ ਅੰਕ ਵਿਚ 'ਲਿਖਤੁਮ' ਕਾਲਮ ਹੇਠ ਛਪਿਆ ਸ. ਤਰਲੋਚਨ ਸਿੰਘ ਦੁਪਾਲਪੁਰ ਦਾ ਲਿਖਿਆ ਲੇਖ 'ਬੇਗਮਪੁਰੇ ਦੇ ਬਾਸ਼ਿੰਦੇ' ਬਹੁਤ ਹੀ ਚੰਗਾ ਲੱਗਿਆ। ਬੇਗਮਪੁਰੇ ਦੇ ਡੂੰਘੇ ਸੰਕਲਪ ਨੂੰ ਕੋਈ ਵਿਰਲਾ ਹੀ ਸਮਝ ਸਕਦਾ ਹੈ। ਮਹਾਰਾਜ ਰਵਿਦਾਸ ਦੇ ਇਸ ਸੁਨੇਹੇ ਨੂੰ ਕਿਸੇ ਵੀ ਇਕ ਫਿਰਕੇ ਨਾਲ ਨਹੀਂ ਜੋੜਿਆ ਜਾ ਸਕਦਾ। ਇਹ ਸਮੁੱਚੀ ਮਾਨਵਤਾ ਨੂੰ ਪੈਗਾਮ ਹੈ। ਗੁਰੂਆਂ, ਰਹਿਬਰਾਂ ਦੀ ਬਾਣੀ ਨੂੰ ਕਿਸੇ ਪਟਾਰੀ ਵਿਚ ਪਾ ਕੇ ਨਹੀਂ ਰੱਖਿਆ ਜਾ ਸਕਦਾ। ਇਸ ਬਾਣੀ ਦਾ ਤਾਂ ਘਰ ਘਰ ਪ੍ਰਸਾਰ ਹੋਣਾ ਚਾਹੀਦਾ ਹੈ। ਕੋਈ ਵੀ ਸੰਤ ਬਾਬਾ ਗੁਰੂਆਂ ਦੀ ਬਾਣੀ ਨੂੰ ਕਿਸੇ ਇਕ ਫਿਰਕੇ ਨਾਲ ਜੋੜੇ ਤਾਂ ਉਸ ਸੰਤ ਬਾਬੇ ਨੂੰ ਅਸਲੀ ਨਹੀਂ ਮੰਨਿਆ ਜਾ ਸਕਦਾ। ਕੋਈ ਪੈਰੋਕਾਰ ਰਹਿਬਰਾਂ ਦੀ ਬਾਣੀ ਨੂੰ ਕਿਸੇ ਫਿਰਕੇ ਵਿਸ਼ੇਸ਼ ਜਾਂ ਆਪਣੇ ਤੱਕ ਸੀਮਤ ਰੱਖਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਵੀ ਸੱਚਾ ਸ਼ਰਧਾਲੂ ਨਹੀਂ ਕਿਹਾ ਜਾ ਸਕਦਾ।

ਸੰਤ ਮਹਾਂਪੁਰਸ਼ ਤਾਂ ਸਭਨਾਂ ਦੇ ਸਾਂਝੇ ਹੁੰਦੇ ਹਨ। ਅੱਜ ਕੱਲ੍ਹ ਕਈ ਵਾਰ ਸਟੇਜਾਂ ਉਤੇ ਪਾੜ ਵਖਰੇਵਿਆਂ ਦਾ ਪ੍ਰਚਾਰ ਕਰਕੇ ਆਪਣੀ ਹਉਮੈ ਨੂੰ ਪੱਠੇ ਪਾਉਂਦੇ ਅਤੇ ਆਪਣੀਆਂ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰਦੇ ਪ੍ਰਚਾਰਕ, ਬੁਲਾਰੇ ਦੇਖੇ ਜਾ ਸਕਦੇ ਹਨ। ਇਹ ਲੋਕ ਲੋਕਾਂ ਤੋਂ, ਗੁਰੂ ਘਰਾਂ ਤੋਂ ਪੈਸੇ ਇਕੱਠੇ ਕਰਕੇ ਹੀ ਤੁਰਦੇ ਬਣਦੇ ਹਨ। ਗੁਰਬਾਣੀ ਦੀ ਗੱਲ ਘੱਟ ਕਰਦੇ ਹਨ। ਅਜਿਹੇ ਲੋਕਾਂ ਦੀ ਵੀ ਕਮੀ ਨਹੀਂ ਜੋ ਸਿਰਫ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਪੈਗੰਬਰਾਂ ਦੇ ਸੁਨੇਹੇ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਹਨ। ਬਾਬੂ ਕਾਸ਼ੀ ਰਾਮ ਗੁਰੂ ਗ੍ਰੰਥ ਸਾਹਿਬ ਨੂੰ ਸਰਬ ਉਚ ਮੰਨਦੇ ਸਨ। ਰਵਿਦਾਸ ਮਹਾਰਾਜ ਜੀ, ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਡਾ. ਭੀਮ ਰਾਓ ਅੰਬੇਦਕਰ, ਬਾਬੂ ਕਾਸ਼ੀ ਰਾਮ ਅਤੇ ਸ਼ਹੀਦ ਭਗਤ ਸਿੰਘ ਨੇ ਸਭ ਦੀ ਬਰਾਬਰੀ ਦਾ ਹੋਕਾ ਦਿੱਤਾ। ਸਭ ਲਈ ਬਰਾਬਰ ਦੇ ਹੱਕਾਂ ਲਈ ਗੱਲ ਕੀਤੀ। ਭਿੰਨ ਭੇਦ ਅਤੇ ਉਚ ਨੀਚ ਮਿਟਾਉਣ ਦੀ ਗੱਲ ਕੀਤੀ। ਇਸ ਸੁਨੇਹੇ ਰਾਹੀਂ ਬੇਗਮਪੁਰਾ ਸੰਭਵ ਹੈ-ਬੇਗਮਪੁਰਾ ਯਾਨਿ ਬੇ+ਗਮ, ਜਿਥੇ ਕੋਈ ਗਮ ਨਹੀਂ।

*-ਇਕਬਾਲ ਜੱਬੋਵਾਲੀਆ*

---

## ਅਜੇ ਤਨਵੀਰ ਦੇ ਲੇਖ

19 ਮਾਰਚ ਦੇ ਪੰਜਾਬ ਟਾਈਮਜ਼ ਵਿਚ ਅਜੇ ਤਨਵੀਰ ਦਾ ਲੇਖ 'ਰਾਖ ਉਡ ਗਈ ਵਰੋਲੇ ਬਣ ਕੇ' ਬਹੁਤ ਹੀ ਵਧੀਆ ਅਤੇ ਢੁਕਵਾਂ ਸੀ। ਅਜੇ ਤਨਵੀਰ ਦੁਨੀਆਂ ਭਰ ਵਿਚ ਇਕ ਗੀਤਕਾਰ ਨਾਤੇ ਪੀਟਾ ਚੰਦੇਲੀਵਾਲਾ ਕਰੇ ਜਾਣਿਆ ਜਾਂਦਾ ਹੈ। ਮੇਰੇ ਲਈ ਅਤੇ ਪੰਜਾਬ ਟਾਈਮਜ਼ ਦੇ ਹੋਰ ਪਾਠਕਾਂ ਲਈ ਬੜੀ ਖੁਸ਼ੀ ਦੀ ਗੱਲ ਹੈ ਕਿ ਪੀਟਾ ਚੰਦੇਲੀਵਾਲਾ ਨੇ ਪੰਜਾਬ ਟਾਈਮਜ਼ ਲਈ ਲਿਖਣਾ ਸ਼ੁਰੂ ਕੀਤਾ ਹੈ। ਹੁਣ ਤੱਕ ਉਸ ਦੇ ਬਹੁਤ ਸਾਰੇ ਗੀਤ ਮਾਰਕੀਟ ਵਿਚ ਆ ਚੁਕੇ ਹਨ ਅਤੇ ਸਾਰੇ ਹੀ ਗੀਤ ਪਰਿਵਾਰਕ ਹਨ। ਇਕ ਇਨਸਾਨ ਦੇ ਤੌਰ 'ਤੇ ਉਸ ਦੀ ਕੈਲੀਫੋਰਨੀਆ ਦੇ ਭਾਈਚਾਰੇ ਵਿਚ ਬੜੀ ਇੱਜ਼ਤ ਕੀਤੀ ਜਾਂਦੀ ਹੈ। ਉਸ ਦੇ ਗੀਤ, ਵਿਅੰਗ, ਕਵਿਤਾਵਾਂ ਅਤੇ ਲੇਖ ਪਾਠਕਾਂ ਨੂੰ ਨਰੋਈ ਸੇਧ ਦਿੰਦੇ ਹਨ।

*-ਭਿੰਦਾ ਗਿੱਲ, ਫਰਿਜ਼ਨੋ।*

# ਜਫ਼ਰ ਪਨਾਹੀ: ਜੇਲ੍ਹ ਵਿਚ ਬੰਦ ਸਿਨੇਮਾ


ਸ਼ਾਹਾਨਾ ਸਵਾਗਤ

*ਇਰਾਨ ਦੀ ਅਦਾਲਤ ਨੇ ਇਰਾਨ ਦੇ ਮਸ਼ਹੂਰ ਫ਼ਿਲਮਸਾਜ਼ ਜਫ਼ਰ ਪਨਾਹੀ ਨੂੰ 6 ਸਾਲ ਦੀ ਸਜ਼ਾ ਅਤੇ ਆਉਣ ਵਾਲੇ 20 ਸਾਲਾਂ ਤੱਕ ਫ਼ਿਲਮ ਨਾ ਬਣਾਉਣ ਅਤੇ ਮੀਡੀਆ ਨੂੰ ਕਿਸੇ ਵੀ ਤਰ੍ਹਾਂ ਦਾ ਇੰਵਰਵਿਊ ਨਾ ਦੇਣ ਦਾ ਹੁਕਮ ਸੁਣਾਇਆ ਸੀ। ਕਾਰਨ, ਉਹ ਇਰਾਨ ਦੇ ਸਮਾਜਿਕ ਹਾਲਾਤ ਨੂੰ ਬਿਆਨ ਕਰਦੀਆਂ ਫ਼ਿਲਮਾਂ ਬਣਾਉਂਦਾ ਹੈ। ਸੰਸਾਰ ਸਿਨੇਮਾ ਜਗਤ ਦੀ ਸ਼ੁਰੂਆਤ ਦੇ ਮੁਢਲੇ ਪੰਜ ਸਾਲਾਂ ਬਾਅਦ ਹੀ ਇਰਾਨੀ ਸਿਨੇਮਾ ਦਾ ਮੂੰਹ-ਮੱਥਾ ਬਣਨਾ ਸ਼ੁਰੂ ਹੋ ਗਿਆ ਸੀ ਜੋ ਅੱਬਾਸ ਕਿਆਰੁਸਤਮੀ ਵਰਗੇ ਮਹਾਨ ਨਿਰਦੇਸ਼ਕਾਂ ਨਾਲ ਹੁਣ ਕੌਮਾਂਤਰੀ ਸਿਨੇਮੇ ਦਾ ਸਿਖ਼ਰ ਛੂਹ ਗਿਆ ਹੈ। ਅੱਜ ਪੂਰੇ ਸੰਸਾਰ ਵਿਚ ਸਭ ਤੋਂ ਬਿਹਤਰੀਨ ਸਿਨੇਮਾ ਇਰਾਨੀ ਸਿਨੇਮੇ ਨੂੰ ਮੰਨਿਆ ਜਾਂਦਾ ਹੈ।*

*1979 ਵਿਚ ਜਦੋਂ ਇਰਾਨ ਵਿਚ ਇਸਲਾਮਿਕ ਕ੍ਰਾਂਤੀ ਹੋਈ ਸੀ ਤਾਂ ਉਤਰ-ਆਧੁਨਿਕਤਾਵਾਦੀਆਂ ਨੇ ਇਸ ਦੀ ਵੱਡੇ ਪੱਧਰ 'ਤੇ ਪ੍ਰਸ਼ੰਸਾ ਕਰਦਿਆਂ ਇਸ ਨੂੰ ਆਪਣੇ ਸਿਧਾਂਤੀਕਰਨ ਦੇ ਅਮਲੀ ਮਾਡਲ ਵਜੋਂ ਪੂਰੇ ਸੰਸਾਰ ਵਿਚ ਪ੍ਰਚਾਰਿਆ ਸੀ ਪਰ ਇਸਲਾਮਿਕ ਕ੍ਰਾਂਤੀ ਨੇ ਹੁਣ ਤੱਕ ਜੋ ਗੁੱਲ ਖਿਲਾਏ, ਉਹ ਇਤਿਹਾਸ ਦਾ ਕੌੜਾ ਸੱਚ ਹਨ। ਹੁਣ ਜਫ਼ਰ ਪਨਾਹੀ ਵਾਲੇ ਮਾਮਲੇ ਵਿਚ ਇਰਾਨ ਦੀ ਅਜਿਹੀ ਹਰ ਕਾਰਵਾਈ ਕਿਸੇ ਵੀ ਜਮਹੂਰੀ ਬੰਦੇ ਲਈ ਬਰਦਾਸ਼ਤ ਤੋਂ ਬਾਹਰ ਹੈ। ਇਰਾਨ ਵਿਚ ਸੱਭਿਆਚਾਰਕ ਕਾਮਿਆਂ ਦੀਆਂ ਹੋ ਰਹੀਆਂ ਲਗਾਤਾਰ ਗ੍ਰਿਫਤਾਰੀਆਂ ਅਤੇ ਸਜ਼ਾਵਾਂ ਨੇ ਸਿਆਸੀ ਅਤੇ ਸੱਭਿਆਚਾਰਕ ਕਾਮਿਆਂ ਦੇ ਸਮਾਜਿਕ ਰੋਲ ਨੂੰ ਬਰੀਕੀ ਨਾਲ ਸਮਝਣ ਲਈ ਨਵੀਂ ਜ਼ਮੀਨ ਦਿੱਤੀ ਹੈ। ਡਫ ਸਾਂਡਰਸ ਦੀ ਜਫ਼ਰ ਪਨਾਹੀ ਨਾਲ ਇਹ ਇੰਟਰਵਿਊ ਉਸ ਦੇ ਜੇਲ੍ਹ ਜਾਣ ਤੋਂ ਕੁਝ ਸਮਾਂ ਪਹਿਲਾਂ ਕੀਤੀ ਗਈ ਸੀ ਜੋ 'ਪੰਜਾਬ ਟਾਈਮਜ਼' ਦੇ ਪਾਠਕਾਂ ਦੀ ਨਜ਼ਰ ਕੀਤੀ ਜਾ ਰਹੀ ਹੈ। -ਸੰਪਾਦਕ*

**ਡਫ ਸਾਂਡਰਸ: ਕੀ ਤੁਹਾਡੇ ਫ਼ਿਲਮ ਨਿਰਮਾਣ ਦੇ ਕਰੀਅਰ ਨੂੰ ਹਮੇਸ਼ਾ ਹੀ ਸੈਂਸਰ ਦੀ ਮਾਰ ਪਈ, ਜਾਂ ਇਹ ਮਾਰ ਹੁਣ ਹੀ ਜ਼ਿਆਦਾ ਤਿੱਖੀ ਹੋਈ ਹੈ?**

**ਜਫ਼ਰ ਪਨਾਹੀ:** ਮੈਂ ਆਪਣੇ ਕਰੀਅਰ ਦੀ ਸ਼ੁਰੂਆਤ ਬਾਲ ਫ਼ਿਲਮਾਂ ਤੋਂ ਕੀਤੀ ਸੀ। ਉਦੋਂ ਸੈਂਸਰ ਦੀ ਸਮੱਸਿਆ ਨਹੀਂ ਆਉਂਦੀ ਸੀ। ਜਿਵੇਂ ਹੀ ਮੈਂ ਫੀਚਰ ਫ਼ਿਲਮਾਂ ਬਣਾਉਣੀਆਂ ਸ਼ੁਰੂ ਕੀਤੀਆਂ, ਸਮੱਸਿਆਵਾਂ ਆਉਣ ਲੱਗੀਆਂ। ਅਸਲ ਵਿਚ ਉਸ ਵਕਤ ਬਾਲ ਫ਼ਿਲਮਾਂ ਬਣਾਉਣਾ ਹੀ ਸਸਤਾ ਹੁੰਦਾ ਸੀ। ਜੋ ਕੁਝ ਅਸੀਂ ਕਰਮਸ਼ੀਅਲ ਫ਼ਿਲਮਾਂ ਦੇ ਜ਼ਰੀਏ ਕਹਿਣਾ ਚਾਹੁੰਦੇ ਸਾਂ, ਹਾਲਾਤ ਦੇ ਮੱਦੇਨਜ਼ਰ ਸਾਨੂੰ ਉਹ ਮਾਧਿਅਮ ਚੁਣਨਾ ਪਿਆ




ਕਿਉਂਕਿ ਉਸ ਸਮੇਂ ਉਨ੍ਹਾਂ ਵਿਚ ਸੈਂਸਰ ਦਾ ਖਤਰਾ ਘੱਟ ਸੀ। ਸਮੇਂ ਦੇ ਨਾਲ-ਨਾਲ ਵੱਡੀਆਂ ਫ਼ਿਲਮਾਂ ਬਣਾਉਣਾ ਬਦ ਤੋਂ ਬਦਤਰ ਹੁੰਦਾ ਗਿਆ। ਕਿਹਾ ਜਾ ਸਕਦਾ ਹੈ ਕਿ ਪਿਛਲਾ ਇਕ-ਡੇਢ ਸਾਲ ਇਰਾਨ ਵਿਚ ਫ਼ਿਲਮ ਨਿਰਮਾਣ ਦਾ ਸਭ ਤੋਂ ਕਾਲਾ ਸਮਾਂ ਸੀ। ਮੈਂ ਕਿਉਂਕਿ ਤਿੰਨ ਸਾਲਾਂ ਵਿਚ ਇਕ ਫ਼ਿਲਮ ਬਣਾਉਂਦਾ ਹਾਂ, ਇਸ ਲਈ ਮੈਨੂੰ ਵਰਤਮਾਨ ਸੱਤਾ ਦੀ ਉਹ ਮਾਰ ਨਹੀਂ ਪਈ ਪਰ ਮੇਰੇ ਨੇੜੇ-ਤੇੜੇ ਦੇ ਅਤੇ ਹੋਰ ਲੋਕਾਂ ਦਾ ਤਜਰਬਾ ਬਹੁਤ ਭਿਆਨਕ ਰਿਹਾ ਹੈ।

**ਡਫ ਸਾਂਡਰਸ: ਇਸ ਸੈਂਸਰਸ਼ਿੱਪ ਕਾਰਨ ਹੀ ਹੁਣ ਦਰਸ਼ਕ ਤੁਹਾਡੀਆਂ ਫ਼ਿਲਮਾਂ ਨਹੀਂ ਦੇਖ ਸਕਦੇ। ਤੁਹਾਡੀ ਕੋਈ ਫ਼ਿਲਮ ਇਰਾਨੀਆਂ ਨੇ ਨਹੀਂ ਦੇਖੀ...ਜਦੋਂ ਕਿ ਇਹ ਉਨ੍ਹਾਂ ਲਈ ਹੀ ਬਣਾਈਆਂ ਗਈਆਂ ਹਨ?**

**ਜਫ਼ਰ ਪਨਾਹੀ:** ਮੇਰੇ ਮਾਮਲੇ ਵਿਚ ਦੋ ਸਮੱਸਿਆਵਾਂ ਹਨ। ਇਕ, ਮੇਰੇ ਕੰਮ ਦਾ ਠੀਕ ਢੰਗ ਨਾਲ ਵਿਸ਼ਲੇਸ਼ਣ/ਅਧਿਐਨ ਨਹੀਂ ਹੁੰਦਾ। ਮੇਰਾ ਭਾਸ਼ਾਈ ਮਾਧਿਅਮ ਫਾਰਸੀ ਹੈ। ਇਸ ਲਈ ਸਿਰਫ ਇਰਾਨੀ ਜਨਤਾ ਹੀ ਠੀਕ ਢੰਗ ਨਾਲ ਇਸ 'ਤੇ ਟਿੱਪਣੀ ਕਰ ਸਕਦੀ ਹੈ ਜੋ ਅਜੇ ਮੇਰੇ ਤੱਕ ਨਹੀਂ ਪਹੁੰਚੀ, ਹਾਲਾਂਕਿ ਮੈਂ ਅਜਿਹਾ ਕੋਈ ਮੌਕਾ ਨਹੀਂ ਛੱਡਦਾ ਜਿਸ ਨਾਲ ਇਰਾਨੀ ਅਵਾਮ ਮੇਰੀ ਫ਼ਿਲਮ ਦੇਖਣ। ਇਹ ਭਾਵੇਂ ਦੂਰ-ਦੁਰਾਡੇ ਸੂਬਿਆਂ ਦੀਆਂ ਯੂਨੀਵਰਸਿਟੀ ਵਿਚੋਂ ਆਇਆ ਸੱਦਾ ਹੀ ਕਿਉਂ ਨਾ ਹੋਵੇ ਜਿੱਥੇ ਥੋੜ੍ਹੇ ਜਿਹੇ ਵਿਦਿਆਰਥੀਆਂ ਨੂੰ ਫ਼ਿਲਮ ਦਿਖਾਉਣ ਦਾ ਪ੍ਰਬੰਧ ਹੁੰਦਾ ਹੈ। ਅਜਿਹਾ ਹਰ ਮੌਕਾ ਮੈਂ ਸਵੀਕਾਰ ਕਰਦਾ ਹਾਂ। ਦੂਜੇ ਪਾਸੇ ਮੈਂ ਆਪਣੇ ਕੰਮ ਦੁਆਰਾ ਜਿਨ੍ਹਾਂ ਲੋਕਾਂ ਨੂੰ ਵੱਧ ਪ੍ਰਭਾਵਤ ਕਰ ਸਕਦਾ ਹਾਂ, ਉਨ੍ਹਾਂ ਤੱਕ ਮੇਰੀ ਰਸਾਈ (ਪਹੁੰਚ) ਹੀ ਨਹੀਂ ਹੋ ਰਹੀ ਕਿਉਂਕਿ ਮੈਂ ਸਮਾਜਿਕ ਸਮੱਸਿਆਵਾਂ 'ਤੇ ਫ਼ਿਲਮਾਂ ਬਣਾਉਂਦਾ ਹਾਂ। ਕਿਤੇ ਕੋਈ ਚਰਚਾ ਨਹੀਂ ਹੁੰਦੀ। ਦਰਸ਼ਕ ਨੂੰ ਪਤਾ ਹੀ ਨਹੀਂ ਕਿ ਮੈਂ ਵੀ ਕੁਝ ਬਣਾ ਰਿਹਾ ਹਾਂ, ਕੁਝ ਸਿਰਜ ਰਿਹਾ ਹਾਂ। ਉਹ ਵੀ ਸਿਰਫ਼ ਉਨ੍ਹਾਂ ਲਈ। ਇਸ ਤੋਂ ਇਲਾਵਾ ਮੁੱਖ ਨੌਕਰਸ਼ਾਹ ਜੋ ਇਸ ਹਾਲਾਤ ਲਈ ਜ਼ਿੰਮੇਵਾਰ ਹਨ, ਮੇਰੇ ਨਾਲ ਬਾਕੀ ਆਮ ਫ਼ਿਲਮ ਨਿਰਮਾਤਵਾਂ ਵਾਂਗ ਗੱਲ ਨਹੀਂ ਕਰਦੇ। ਇਸ ਦਾ ਨੁਕਸਾਨ ਵੀ ਮੈਨੂੰ ਹੀ ਉਠਾਉਣਾ ਪੈਂਦਾ ਹੈ। ਸਿਰਫ ਇਕ ਚੀਜ਼ ਮੇਰੇ ਕੋਲ ਬਚੀ ਹੈ, ਉਹ ਹੈ ਅਹਿਸਾਸ ਕਿ ਮੈਂ ਅਜਿਹਾ ਕੰਮ ਕਰ ਰਿਹਾ ਹਾਂ ਜੋ ਭਵਿੱਖ ਵਿਚ ਦਿਖਾਏਗਾ ਕਿ ਮੇਰੇ ਵੇਲਿਆਂ ਵਿਚ ਜੀਵਨ ਕਿਹੋ ਜਿਹਾ ਸੀ। ਸ਼ਾਇਦ ਕਦੇ ਸਮਾਂ ਬਦਲ ਜਾਵੇ ਤਾਂ ਉਨ੍ਹਾਂ ਕੋਲ ਮੇਰੇ ਦਸਤਾਵੇਜ਼ ਹੋਣਗੇ ਜੋ ਉਨ੍ਹਾਂ ਨੂੰ ਉਸ ਕਾਲੇ ਦੌਰ ਬਾਰੇ ਚੁਕੰਨਾ ਕਰਨਗੇ।

**ਜਫ਼ਰ ਪਨਾਹੀ ਦਾ ਜਨਮ 11 ਜਨਵਰੀ 1960 ਨੂੰ ਇਰਾਨ ਦੇ ਕਸਬੇ ਮਾਨੇਹ ਵਿਚ ਹੋਇਆ। ਦਸ ਸਾਲ ਦੀ ਉਮਰ ਵਿਚ ਉਸ ਨੇ ਪਹਿਲੀ ਕਿਤਾਬ ਲਿਖ ਦਿੱਤੀ ਸੀ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਹੀ ਉਸ ਨੇ 8 ਐਮ.ਐਮ ਦੀ ਫ਼ਿਲਮ ਬਣਾਈ। 1980 ਤੋਂ 1988 ਤੱਕ ਚੱਲੇ ਇਰਾਨ-ਇਰਾਨ ਯੁੱਧ ਵਿਚ ਹਿੱਸਾ ਲਿਆ। ਇਸੇ ਦੌਰਾਨ ਯੁੱਧ ਬਾਰੇ ਦਸਤਾਵੇਜ਼ੀ ਬਣਾਈ।**

**ਡਫ ਸਾਂਡਰਸ: ਇਰਾਨੀ ਫ਼ਿਲਮ ਨਿਰਮਾਤਵਾਂ ਸਾਹਮਣੇ ਦੋ ਰਾਸਤੇ ਹਨ। ਜਾਂ ਤਾਂ ਆਪਣੇ ਅਸੂਲਾਂ ਮੁਤਾਬਕ ਫ਼ਿਲਮ ਬਣਾਓ, ਉਸ ਨੂੰ ਸੈਂਸਰ ਕਰਵਾਓ ਤੇ ਉਹ ਕਦੇ ਵੀ ਰਿਲੀਜ਼ ਨਾ ਹੋਵੇ।...ਜਾਂ ਫਿਰ ਸੈਂਸਰ ਮੁਤਾਬਕ ਕੰਮ ਕਰੋ ਅਤੇ ਆਪਣੇ ਆਦਰਸ਼ ਨਾਲ ਸਮਝੌਤਾ ਕਰੋ। ਦੋਨਾਂ ਹੀ ਹਾਲਾਤ ਵਿਚ ਸੈਂਸਰ ਬਾਰੇ ਤੁਹਾਡਾ ਕੀ ਨਜ਼ਰੀਆ ਬਣਦਾ ਹੈ ਅਤੇ ਤੁਸੀਂ ਕਿਵੇਂ ਕੰਮ ਕਰਦੇ ਹੋ?**


**ਜਫ਼ਰ ਪਨਾਹੀ:** ਇਸ ਦੇ ਦੋ ਹਿੱਸੇ ਹਨ। ਪਹਿਲਾ, ਜਦੋਂ ਮੈਂ ਫ਼ਿਲਮ ਬਣਾਉਂਦਾ ਹਾਂ। ਦੂਜਾ, ਜਦੋਂ ਇਸ ਨੂੰ ਪੇਸ਼ ਕਰਦਾ ਹਾਂ। ਪਹਿਲੇ ਹਿੱਸੇ ਵਿਚ ਮੈਂ ਇਹ ਨਹੀਂ ਸੋਚਦਾ ਕਿ ਇਹ ਸੈਂਸਰ ਹੋਵੇਗੀ। ਮੈਂ ਬੱਸ ਉਹੀ ਕਰਦਾ ਹਾਂ ਜੋ ਮੈਨੂੰ ਠੀਕ ਲਗਦਾ ਹੈ। ਆਪਣੀ ਫ਼ਿਲਮ ਸੈਂਸਰ ਸਾਹਮਣੇ ਪੇਸ਼ ਤੱਕ ਮੈਨੂੰ ਕੋਈ ਦੋਚਿਤੀ ਨਹੀਂ ਹੁੰਦੀ। ਸੱਚ ਤਾਂ ਇਹ ਹੈ ਕਿ ਜੇ ਤੁਸੀਂ ਫ਼ਿਲਮ ਬਣਾਉਂਦੇ ਸਮੇਂ ਸੈਂਸਰ ਬਾਰੇ ਸੋਚੋਂਗੇ ਤਾਂ ਤੁਹਾਨੂੰ ਬਹੁਤ ਸਾਰੀਆਂ ਗੱਲਾਂ ਨਜ਼ਰਅੰਦਾਜ਼ ਕਰਨੀਆਂ ਪੈਣਗੀਆਂ। ਮੈਨੂੰ ਡਰ ਹੈ ਕਿ ਫਿਰ ਤੁਹਾਡੇ ਕੋਲ ਕੁਝ ਨਹੀਂ ਬਚੇਗਾ। ਇਸ ਹਿਸਾਬ ਨਾਲ ਪਹਿਲੀ ਪੁਲਾਂਘ ਪੁੱਟਣ ਦਾ ਮਤਲਬ ਆਖਰੀ ਪੁਲਾਂਘ ਪੁੱਟਣਾ ਅਤੇ ਸੈਂਸਰ ਦੇ ਟੋਏ ਵਿਚ ਡਿੱਗ ਜਾਣਾ ਬਣ ਜਾਂਦਾ ਹੈ। ਇਸ ਲਈ ਮੈਂ ਪਹਿਲੀ ਪੁਲਾਂਘ ਨਹੀਂ ਪੁੱਟਦਾ। ਅਸਲੀ ਦੋਚਿਤੀ ਉਦੋਂ ਸ਼ੁਰੂ ਹੁੰਦੀ ਹੈ ਜਦ ਫ਼ਿਲਮ ਬਣ ਕੇ ਪੇਸ਼ ਕਰਨ ਲਈ ਤਿਆਰ ਹੋ ਜਾਂਦੀ ਹੈ। ਉਦੋਂ ਤੁਹਾਨੂੰ ਲਾਲਚ ਹੁੰਦਾ ਹੈ ਕਿ ਕੁਝ ਦ੍ਰਿਸ਼ ਭਾਵੇਂ ਕੱਟ ਲੈਣ ਤੇ ਸੈਂਸਰ ਕਰ ਲੈਣ। ਇਸ ਨਾਲ ਤੁਹਾਨੂੰ ਫ਼ਿਲਮ ਪਰਦੇ 'ਤੇ ਦਿਖਾਉਣ ਦਾ ਮੌਕਾ ਤਾਂ ਮਿਲ ਸਕਦਾ ਹੈ ਪਰ ਅਮੂਮਨ ਮੈਂ ਅਜਿਹਾ ਕਰਨ ਤੋਂ ਵੀ ਇਨਕਾਰ ਕਰ ਦਿੰਦਾ ਹਾਂ। ਮੈਨੂੰ ਡਰ ਹੈ ਕਿ ਇਸ ਸਭ ਕਾਸੇ ਲਈ ਮੈਨੂੰ ਬਹੁਤ ਜ਼ਿਆਦਾ ਸਮਝੌਤਾ ਕਰਨਾ ਪਵੇਗਾ।

**ਡਫ ਸਾਂਡਰਸ: ਕੁਝ ਲੋਕ ਤੁਹਾਡੇ 'ਤੇ ਇਲਜ਼ਾਮ ਲਗਾਉਂਦੇ ਹਨ ਕਿ ਤੁਸੀਂ ਸੈਂਸਰ ਨੂੰ ਧਿਆਨ ਵਿਚ ਰਖ ਕੇ ਹੀ ਫ਼ਿਲਮ ਬਣਾਉਂਦੇ ਹੋ ਤਾਂ ਕਿ ਫ਼ਿਲਮ ਨੂੰ ਲੈ ਕੇ ਸੈਂਸਰ ਨਾਲ ਟਕਰਾਅ ਹੋਵੇ ਅਤੇ ਫ਼ਿਲਮ ਚਰਚਾ ਵਿਚ ਆਵੇ?**

**ਜਫ਼ਰ ਪਨਾਹੀ:** ਹੁਣ ਮੈਂ ਅਜਿਹਾ ਬੰਦਾ ਬਣ ਗਿਆ ਹਾਂ ਜੋ ਸਮਝੌਤਾ ਕਰਨ ਤੋਂ ਇਨਕਾਰ ਕਰਦਾ ਹੈ। ਸੈਂਸਰ ਅਤੇ ਸੱਤਾ ਖਿਲਾਫ ਬਗਾਵਤ ਕਰਨ ਵਾਲੇ ਬੰਦੇ ਦੇ ਰੂਪ ਵਿਚ ਮੇਰੀ ਪਛਾਣ ਬਣ ਗਈ ਹੈ। ਧਾਰਾ ਦੇ ਖਿਲਾਫ ਚੱਲਣ ਵਾਲੇ ਬੰਦੇ ਵਜੋਂ ਜਿਉਣਾ ਮੈਨੂੰ ਚੰਗਾ ਲਗਦਾ ਹੈ। ਉਂਜ ਵੀ ਜੇ ਮੈਂ ਸਮਝੌਤਾ ਕਰਦਾ ਹਾਂ ਤਾਂ ਮੈਂ ਉਹ ਫ਼ਿਲਮ ਬਣਾ ਹੀ ਨਹੀਂ ਸਕਾਂਗਾ ਜੋ ਬਣਨੀ ਚਾਹੀਦੀ ਹੈ।

**ਡਫ ਸਾਂਡਰਸ: ਤੁਹਾਡੀ ਫ਼ਿਲਮ "ਆਫਸਾਈਡ" ਨੇ ਕੌਮਾਂਤਰੀ ਪੱਧਰ 'ਤੇ ਕਾਫੀ ਵਾਹ-ਵਾਹ ਖੱਟੀ ਪਰ ਇਰਾਨ ਵਿਚ ਇਸ ਨੂੰ ਕਿਸੇ ਨੇ ਨਹੀਂ ਵੇਖਿਆ। ਕੀ ਵਿਦੇਸ਼ੀ ਹੀ ਤੁਹਾਡੇ ਹਮਾਇਤੀ ਨੇ?**

**ਜਫ਼ਰ ਪਨਾਹੀ:** ਕੋਈ ਸਮਾਂ ਸੀ ਜਦੋਂ ਮੇਰੇ ਹਮਾਇਤੀ ਸਿਰਫ਼ ਵਿਦੇਸ਼ੀ ਸਨ। ਉਦੋਂ ਮੇਰੇ 'ਤੇ ਮੁੱਖ ਇਲਜ਼ਾਮ ਇਹ ਸੀ ਕਿ ਵਿਦੇਸ਼ੀ ਮੈਨੂੰ ਪੈਸਾ ਦਿੰਦੇ ਹਨ, ਜਿਵੇਂ ਮੈਂ ਕੋਈ ਧੋਖਾ ਦੇ ਰਿਹਾ ਹੋਵਾਂ। "ਆਫਸਾਈਡ" ਲਈ ਸਾਰਾ ਪੈਸਾ ਅੰਦਰੂਨੀ ਸ੍ਰੋਤਾਂ ਤੋਂ ਆਇਆ ਸੀ। ਮੈਨੂੰ ਫ਼ਿਲਮ ਲਈ ਇਰਾਨੀ ਨਿਰਮਾਤਾਵਾਂ ਦੀ ਕਦੇ ਤੋਟ ਨਹੀਂ ਆਈ। "ਆਫਸਾਈਡ" ਤੋਂ ਬਾਅਦ ਬਹੁਤ ਸਾਰੇ ਡਿਸਟਰੀਬਿਊਟਰ ਮੇਰੇ ਕੋਲ ਆਏ ਜਿਨ੍ਹਾਂ ਨੇ ਫ਼ਿਲਮ ਇਰਾਨ ਵਿਚ ਦਿਖਾਉਣ ਦੀ ਇੱਛਾ ਜ਼ਾਹਰ ਕੀਤੀ। ਇਥੋਂ ਤੱਕ ਕਿ ਵੱਡੇ ਕਮਰਸ਼ੀਅਲ ਨਿਰਮਾਤਾਵਾਂ ਨੇ ਵੀ ਮੇਰੇ ਨਾਲ ਸੰਪਰਕ ਕੀਤਾ ਅਤੇ ਸੁਝਾਅ ਦਿੱਤਾ ਕਿ ਮੈਂ ਉਨ੍ਹਾਂ ਨਾਲ ਕੰਮ ਕਰਾਂ। ਉਨ੍ਹਾਂ ਨੂੰ ਉਹ ਅਕਸ ਚਾਹੀਦਾ ਸੀ ਜੋ ਕਲਾ ਫ਼ਿਲਮਾਂ ਵਿਚ ਕੰਮ ਕਰਨ ਨਾਲ ਹੀ ਉਭਰਦਾ ਹੈ। ਮੈਂ ਉਨ੍ਹਾਂ ਦੀ ਹਾਲਤ ਸਮਝਦਾ ਹਾਂ ਪਰ ਸਮੱਸਿਆ ਪੈਸੇ ਦੀ ਨਹੀਂ ਹੈ। ਪਤਾ ਲੱਗਿਆ ਹੈ ਕਿ ਸਾਰੀਆਂ ਹਾਲੀਆ ਫ਼ਿਲਮਾਂ ਬਹੁਤ ਸਫਲ ਰਹੀਆਂ ਹਨ। ਨਿਰਮਾਤਾ ਮੇਰੇ ਨਾਲ ਖੁਸ਼ੀ ਨਾਲ ਸੰਪਰਕ ਕਰਦੇ ਹਨ ਪਰ ਉਨ੍ਹਾਂ ਵਿਚੋਂ ਕੋਈ ਵੀ


*ਜਫ਼ਰ ਪਨਾਹੀ*

ਮੈਨੂੰ ਅਜਿਹਾ ਮਾਹੌਲ ਦੇਣ ਤੋਂ ਅਸਮਰੱਥ ਹੈ ਜਿਸ ਵਿਚ ਮੈਂ ਕੰਮ ਕਰ ਸਕਾਂ।

**ਡਫ ਸਾਂਡਰਸ: ਕੁਝ ਇਰਾਨੀ ਨਿਰਦੇਸ਼ਕ ਸਦਾ ਆਪਣੇ ਆਦਰਸ਼ਾਂ ਨਾਲ ਜੁੜੇ ਰਹਿੰਦੇ ਹਨ; ਕੁਝ ਆਪਣਾ ਸੁਨੇਹਾ ਪਹੁੰਚਾਉਣ ਲਈ ਹਰ ਸੰਭਵ ਯਤਨ ਕਰਦੇ ਰਹਿੰਦੇ ਹਨ; ਤੇ ਇਕ ਤੀਜਾ ਸਮੂਹ ਹੈ ਜਿਹੜਾ ਦੇਸ਼ ਛੱਡਣ ਦਾ ਰਾਹ ਚੁਣਦਾ ਹੈ। ਇਨ੍ਹਾਂ ਬਾਰੇ ਤੁਹਾਡੀ ਕੀ ਰਾਏ ਹੈ?**

**ਜਫ਼ਰ ਪਨਾਹੀ:** ਸਾਰੇ ਨਿਰਦੇਸ਼ਕ ਖੁਦ ਫੈਸਲਾ ਕਰਦੇ ਹਨ ਕਿ ਉਨ੍ਹਾਂ ਨੇ ਕਿਹੋ ਜਿਹੀ ਫ਼ਿਲਮ ਬਣਾਉਣੀ ਹੈ। ਉਨ੍ਹਾਂ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ। ਹਰ ਬੰਦਾ ਆਪਣੀ ਸ਼ਖ਼ਸੀਅਤ ਅਤੇ ਸਮਝਦਾਰੀ ਦੇ ਹਿਸਾਬ ਨਾਲ ਫ਼ਿਲਮ ਬਣਾਉਂਦਾ ਹੈ। ਮੈਨੂੰ ਲਗਦਾ ਕਿ ਜਦ ਤੱਕ ਤੁਹਾਨੂੰ ਆਪਣੀ ਆਸ ਵਿਚ ਦਮ ਲਗਦਾ ਹੈ ਜਾਂ ਆਪਣੇ-ਆਪ 'ਤੇ ਭਰੋਸਾ ਹੈ, ਤੁਹਾਨੂੰ ਸਮਝੌਤਾ ਕਰਨਾ ਤਾਂ ਇਕ ਪਾਸੇ, ਇਸ ਬਾਰੇ ਸੋਚਣਾ ਵੀ ਨਹੀਂ ਚਾਹੀਦਾ। ਮੈਨੂੰ ਲਗਦਾ ਹੈ ਕਿ ਇਥੇ ਰਹਿ ਕੇ ਹੀ ਆਪਣੇ ਹਥਿਆਰ ਸਿੰਨ੍ਹੀ ਰੱਖਣੇ ਚਾਹੀਦੇ ਹਨ। ਸੈਂਸਰ ਤਾਂ ਚਾਹੁੰਦਾ ਹੀ ਹੈ ਕਿ ਅਸੀਂ ਦੇਸ਼ ਛੱਡ ਜਾਈਏ। ਇਹ ਸਾਨੂੰ ਦੇਸ਼ ਛੱਡਣ ਲਈ ਹੀ ਤਾਂ ਉਕਸਾਉਂਦਾ ਹੈ। 2006 ਵਿਚ ਸੂਚਨਾ ਮਹਿਕਮੇ ਨੇ ਮੈਨੂੰ ਗ੍ਰਿਫਤਾਰ ਕਰ ਲਿਆ ਸੀ। ਚਾਰ ਘੰਟੇ ਬਿਠਾ ਕੇ ਪੁੱਛਗਿੱਛ ਕੀਤੀ ਗਈ। ਆਖ਼ੀਰ ਵਿਚ ਉਨ੍ਹਾਂ ਦਾ ਸਵਾਲ ਸੀ ਕਿ ਤੂੰ ਇਹ ਦੇਸ਼ ਛੱਡ ਕੇ ਇਰਾਨ ਤੋਂ ਬਾਹਰ ਫ਼ਿਲਮਾਂ ਕਿਉਂ ਨਹੀਂ ਬਣਾ ਲੈਂਦਾ; ਤੇਰੇ ਹਮਾਇਤੀ ਵੀ ਓਥੇ ਰਹਿੰਦੇ ਹਨ! ਇਹ ਹਾਲਾਤ ਸਿਰਫ ਸਿਨੇਮੇ ਤੱਕ ਸੀਮਤ ਨਹੀਂ ਹਨ। ਸਮੁੱਚੇ ਸੱਭਿਆਚਾਰਕ ਅਤੇ ਸਿਆਸੀ ਖੇਤਰ ਦਾ ਵੀ ਇਹੀ ਹਾਲ ਹੈ। ਸਰਕਾਰ ਇਨ੍ਹਾਂ ਸਾਰਿਆਂ ਨੂੰ ਇਰਾਨ ਛੱਡ ਕੇ ਜਾਣ ਲਈ ਕਹਿੰਦੀ ਰਹਿੰਦੀ ਹੈ।



## ਜਫ਼ਰ ਪਨਾਹੀ ਦੀ ਫਿਲਮਾਂ

**ਯਰਾਲੀ ਬਸ਼ਲਾਰ (ਦਿ ਵੂੰਡਡ ਹੈਡਸ,1988)**
**ਕਿਸ਼ (1991), ਦੋਸਤ (1992)**
**ਆਖਰੀ ਇਮਤਿਹਾਨ (1992)**
**ਸਫੈਦ ਗੁਬਾਰਾ (1995),ਅਰਧਕੌਲ (1997)**
**ਆਈਨਾ (1997), ਦਾਇਰੇ (2000)**
**ਤਲਾਏ ਸੁਰਖ਼ (ਕ੍ਰਿਮਸਨ ਗੋਲਡ, 2003)**
**ਆਫਸਾਈਡ (2006)**

## ਇਨਾਮ-ਸਨਮਾਨ

**ਐਚ.ਆਈ.ਵੀ.ਓ.ਐਸ. ਸਿਨੇਮਾ ਅਨਲਿਮਿਟਡ ਐਵਾਰਡ (2007)**
**ਵਲਦੀਵੀਆ ਇੰਟਰਨੈਸ਼ਨਲ ਫਿਲਮ ਫੈਸਟੀਵਲ (2007) ਦਾ ਪੁਡੂ ਪੁਰਸਕਾਰ**
**ਸਿਲਵਰ ਬੀਅਰ, ਬਰਲਿਨ ਫਿਲਮ ਫੈਸਟੀਵਲ (2006)**
**ਪ੍ਰੀ-ਦੂ-ਜਿਊਰੀ - ਅਨ ਸਰਟੇਨ ਰਿਗਾਰਡ, ਕਾਂਜ ਫਿਲਮ ਫੈਸਟੀਵਲ (2003)**
**ਗੋਲਡਨ ਲਾਇਨ, ਵੈਨਿਸ ਫਿਲਮ ਫੈਸਟੀਵਲ (2000)**
**ਗੋਲਡਨ ਲਿਓਪਰਡ, ਲੋਕੈਰਨੋ ਇੰਟਰਨੈਸ਼ਨਲ ਫਿਲਮ ਫੈਸਟੀਵਲ (1997)**
**ਪ੍ਰੀ-ਡੀ-ਲਾ-ਕੈਮਰਾ, ਕਾਂਜ ਫਿਲਮ ਫੈਸਟੀਵਲ (2003)**


HOT
New Generation CCTV Solution
SONY Effio-E DSP @700 TVL
ULTRA HIGH RESOLUTION
·Sony Ex-View HAD CCD II
·Built-in Vari-focal Lens
·Indoor/Outdoor Applications
BuyOnlineNow
www.EzChase.com
5%OFF Spring Promotion
ADVANCED PACKAGE 8 Cameras + 8CH DVR
PRO PACKAGE 4 Cameras + 4CH DVR
CCTV
BEST DEAL!
ONE STOP SHOP FOR CCTV EQUIPMENTS TO PROTECT YOUR HOME & BUSINESS
·We sell less price but make your security priceless.
·We only provide high quality at economy price.
·Two year Warranty on our products.
Customer Service: 1-800-235-1391


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# Imperial Truck & Trailer Repair

**2142 W. Yosemite Ave., Manteca, CA 95337**

## ਖਾਲਸਾ ਜੀ ਦੇ ਸਿਰਜਣਾ ਦਿਵਸ ਦੀ ਸਭਨਾਂ ਨੂੰ

## ਲੱਖ ਲੱਖ ਵਧਾਈ

# Grand Opening



All Kinds of Welding Work & General Repair.

Oil Change $189.99 Only

Brake $89.00 With Labor

Wheel Seal $89.00 With Labor

Labor Rate $50.00 Hourly Rate

Alignment

Wheel Balancing

24 Hours Road Service & Towing

- *Transmission
- *Clutch
- *Brakes
- *Suspension
- *Oil Change
- *Rear End
- *Wet Kit & PTO Pumps
- *Alternators
- *Starters
- *Cement Blower
- *AC Work
- *Rediator Flush

**Tire Service**

We carry all major brand tires-new and used at very attractive prices.

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ
ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

Call-Jasvir Singh, Ph:209-239-8111
Cell:916-470-5520, Fax: 209-239-4969

ਦੇਗ ਤੇਗ ਫਤਿਹ

ੴ ਸਤਿਗੁਰ ਪ੍ਰਸਾਦਿ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਨਵੀਂ ਇਮਾਰਤ ਮੁਕੰਮਲ
## ਗੁਰੂ ਅਰਪਣ ਸਮਾਗਮ 10 ਅਪਰੈਲ ਨੂੰ


ਮੁੱਖ ਸੇਵਾਦਾਰ
ਹਰਦੇਵ ਸਿੰਘ ਤਖਰ


ਹੈਡ ਗ੍ਰੰਥੀ
ਮਹਿੰਦਰ ਸਿੰਘ ਬਾਜਵਾ


ਜਨਰਲ ਸੈਕਟਰੀ
ਭੁਪਿੰਦਰ ਸਿੰਘ ਢਿੱਲੋਂ


ਪ੍ਰੀਤਮ ਸਿੰਘ ਗਰੇਵਾਲ


ਸੁਰਿੰਦਰ ਸਿੰਘ ਪੁਰੇਵਾਲ

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸੈਨ ਹੋਜ਼ੇ ਗੁਰੂ ਘਰ ਦੀ ਸੰਗਤ ਨੂੰ ਨਵਾਂ ਗੁਰੂ ਘਰ ਮੁਕੰਮਲ ਹੋਣ ਦੀਆਂ ਲੱਖ ਲੱਖ ਵਧਾਈਆਂ। ਅਕਾਲ ਪੁਰਖ ਨੇ ਗੁਰੂ ਘਰ ਦੀ ਸੰਗਤ 'ਤੇ ਮਹਾਨ ਕਿਰਪਾ ਕੀਤੀ ਜਿਸ ਸਦਕਾ ਸੰਗਤ ਨੇ ਪ੍ਰਬੰਧਕ ਕਮੇਟੀ ਨੂੰ ਸੰਪੂਰਨ ਸਹਿਯੋਗ ਦਿੱਤਾ ਅਤੇ ਤਨ, ਮਨ, ਧਨ ਨਾਲ ਗੁਰੂ ਘਰ ਦੀ ਨਵੀਂ ਇਮਾਰਤ ਤਿਆਰ ਕਰਨ 'ਚ ਆਪਣਾ ਯੋਗਦਾਨ ਪਾਇਆ। 10 ਅਪਰੈਲ ਦਿਨ ਐਤਵਾਰ ਨੂੰ ਪੂਰੇ ਉਤਸ਼ਾਹ ਅਤੇ ਜਾਹੋ-ਜਲਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਵੇਂ ਬਣੇ ਖੂਬਸੂਰਤ ਦਰਬਾਰ ਹਾਲ ਵਿਚ ਨਗਰ ਕੀਰਤਨ ਦੇ ਰੂਪ 'ਚ ਲਿਜਾਇਆ ਜਾਵੇਗਾ। ਆਸਾ ਜੀ ਦੀ ਵਾਰ ਦੇ ਭੋਗ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਸੰਗਤ ਵਲੋਂ ਨਗਰ ਕੀਰਤਨ ਹੋਵੇਗਾ ਜੋ ਨਿਸ਼ਾਨ ਸਾਹਿਬ ਤੋਂ ਸ਼ੁਰੂ ਹੋ ਕੇ ਨਵੀਂ ਬਿਲਡਿੰਗ ਦੀ ਪਰਿਕਰਮਾ ਕਰਦਾ ਹੋਇਆ ਵਾਪਿਸ ਨਿਸ਼ਾਨ ਸਾਹਿਬ ਤੋਂ ਦਰਸ਼ਨੀ ਡਿਉੜੀ ਰਾਹੀਂ ਹੁੰਦਾ ਹੋਇਆ ਨਵੇਂ ਦਰਬਾਰ ਹਾਲ 'ਚ ਪ੍ਰਵੇਸ਼ ਕਰੇਗਾ। ਨਗਰ ਕੀਰਤਨ ਦੇ ਨਾਲ ਖਾਲਸਾ ਸਕੂਲ ਦੇ ਬੱਚਿਆਂ ਅਤੇ ਬੁਆਏ ਸਕਾਟ ਵਲੋਂ ਵਿਸ਼ੇਸ਼ ਪੁਸ਼ਾਕਾਂ ਪਹਿਨ ਕੇ ਪਰੇਡ ਕੀਤੀ ਜਾਵੇਗੀ। ਸੈਨ ਹੋਜ਼ੇ ਮੈਟਰੋ ਟੈਕਸੀ ਦੇ ਮਾਲਕ ਜਸਵੀਰ ਸਿੰਘ ਪਵਾਰ (ਰਾਜੂ) ਅਤੇ ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਜੈਨਕੋ ਦੇ ਉਦਮ ਨਾਲ ਨਗਰ ਕੀਰਤਨ ਸਮੇਂ ਹਵਾਈ ਜਹਾਜ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। ਸੈਨ ਹੋਜ਼ੇ ਦੇ ਸੋਹਲ ਬ੍ਰਦਰਜ਼ ਨੇ ਖਾਲਸਾ ਸਕੂਲ ਦਾ ਇਕ ਕਮਰਾ ਬਣਾਉਣ ਲਈ 51 ਹਜ਼ਾਰ ਡਾਲਰ ਦੇਣ ਦਾ ਵਾਅਦਾ ਕੀਤਾ ਹੈ। ਸਮੂਹ ਸੰਗਤ ਨੂੰ ਇਸ ਸ਼ੁਭ ਅਵਸਰ ਤੇ ਸਮੇਂ ਸਿਰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

### ਪ੍ਰੋਗਰਾਮ

9 ਅਪਰੈਲ ਸਨਿਚਰਵਾਰ ਸ਼ਾਮ ਨੂੰ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਭਾਈ ਕਿਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਬਲਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਗੁਰਮੇਲ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸ਼ਿਦਰਪਾਲ ਸਿੰਘ ਪਟਿਆਲੇ ਵਾਲੇ, ਭਾਈ ਗੁਰਮੁੱਖ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ, ਭਾਈ ਅਤਰ ਸਿੰਘ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

9 ਅਪਰੈਲ ਤੋਂ 14 ਅਪਰੈਲ ਤੱਕ ਬਾਬਾ ਬਲਵਿੰਦਰ ਸਿੰਘ ਕੁਰਾਲੀ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ।

10 ਅਪਰੈਲ ਐਤਵਾਰ ਦੀ ਰਾਤ ਨੂੰ ਭਾਈ ਬਲਦੇਵ ਸਿੰਘ ਬਡਾਲਾ ਕੀਰਤਨ ਕਰਨਗੇ।

12 ਅਪਰੈਲ ਤੋਂ ਲੈ ਕੇ 17 ਅਪਰੈਲ ਤੱਕ ਬਾਬਾ ਦਇਆ ਸਿੰਘ ਕਥਾ ਕਰਨਗੇ। ਇਸ ਦੇ ਨਾਲ ਹੀ ਭਾਈ ਅੰਗਰੇਜ਼ ਸਿੰਘ ਮੁਕਤਸਰ ਵਾਲੇ ਪੂਰਾ ਮਹੀਨਾ ਲਗਾਤਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਵਾਰ ਪਾਠ ਅਤੇ ਵਿਆਖਿਆ ਕਰ ਰਹੇ ਹਨ।

14 ਅਪਰੈਲ ਸ਼ਾਮ ਨੂੰ ਖਾਲਸੇ ਦਾ ਸਾਜਨਾ ਦਿਵਸ ਮਨਾਇਆ ਜਾਵੇਗਾ।

16 ਅਪਰੈਲ - ਅੰਮ੍ਰਿਤ ਸੰਚਾਰ ਹੋਵੇਗਾ ਅਤੇ ਖਾਲਸਾ ਸਕੂਲ, ਸੈਨ ਹੋਜ਼ੇ ਦੇ ਬੱਚਿਆਂ ਵਲੋਂ ਵਿਸ਼ੇਸ਼ ਪ੍ਰੋਗਰਾਮ ਹੋਣਗੇ।

17 ਅਪਰੈਲ ਐਤਵਾਰ ਨੂੰ ਵੀ ਖਾਲਸੇ ਦੇ ਸਾਜਨਾ ਦਿਵਸ (ਵਿਸਾਖੀ) ਦੇ ਸਬੰਧ 'ਚ ਵੀ ਵਿਸ਼ੇਸ਼ ਸਮਾਗਮ ਹੋਣਗੇ।

18 ਅਪਰੈਲ ਤੋਂ ਲੈ ਕੇ 27 ਅਪਰੈਲ ਤੱਕ ਪੰਥ ਦੇ ਮਹਾਨ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਗੁਰਬਾਣੀ ਦੀ ਕਥਾ ਕਰਨਗੇ।

23 ਅਪਰੈਲ ਸ਼ਾਮ ਨੂੰ ਢਾਡੀ ਦਰਬਾਰ ਹੋਵੇਗਾ ਜਿਸ ਵਿਚ ਪੰਥ ਦੇ ਮਹਾਨ ਢਾਡੀ ਜਥੇ ਹਿੱਸਾ ਲੈਣਗੇ।

30 ਅਪਰੈਲ ਨੂੰ ਅਖੰਡ ਕੀਰਤਨੀ ਜਥੇ ਵਲੋਂ ਰੈਣ ਸੁਬਾਈ ਕੀਰਤਨ ਹੋਵੇਗਾ।

**11, 12 ਅਪਰੈਲ ਨੂੰ ਦਸਮ ਪਾਤਸ਼ਾਹ ਸ੍ਰੀ ਗੁਰ ਗੋਬਿੰਦ ਸਿੰਘ ਜੀ ਦੀ ਕਿਰਪਾਨ, ਕੰਘਾ ਅਤੇ ਦਸਤਾਰ ਪੀਰ ਬੁਧੂ ਸ਼ਾਹ ਦੇ ਪਰਿਵਾਰ ਵਲੋਂ ਉਚੇਚੇ ਤੌਰ 'ਤੇ ਸੰਗਤਾਂ ਦੇ ਦਰਸ਼ਨਾਂ ਲਈ ਲਿਆਂਦੇ ਜਾਣਗੇ।**

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com